ਚਾਰ ਕ੍ਰਾਂਤੀਕਾਰੀ ਵਿਰਾਂਗਣਾਂ

ਗ਼ਦਰੀ ਗੁਲਾਬ ਕੌਰ, ਮੈਡਮ ਕਾਮਾ, ਕ੍ਰਾਂਤੀਕਾਰੀ ਦੁਰਗਾ ਭਾਬੀ ਅਤੇ ਕੈਪਟਨ ਲਕਸ਼ਮੀ ਸਹਿਗਲ ਦੀਆਂ ਜੀਵਨੀਆਂ






ਤਾਰਾ ਸ਼ਰਮਾ

ਸੰਪਾਦਕ: ਪ੍ਰੋ. ਕੇ. ਸੀ. ਸ਼ਰਮਾ

ਚਾਰ ਕ੍ਰਾਂਤੀਕਾਰੀ ਵਿਰਾਂਗਣਾਂ

(ਗਦਰੀ ਗੁਲਾਬ ਕੌਰ, ਮੈਡਮ ਕਾਮਾ, ਕ੍ਰਾਂਤੀਕਾਰੀ ਦੁਰਗਾ ਭਾਬੀ ਅਤੇ ਕੈਪਟਨ ਲਕਸ਼ਮੀ ਸਹਿਗਲ ਦੀਆਂ ਜੀਵਨੀਆਂ)

ਤਾਰਾ ਸ਼ਰਮਾ
ਫ਼ੋਨ: 94178-65202
Email:tarakrishan@gmail.com

ਸੰਪਾਦਕ : ਪ੍ਰੋ. ਕੇ. ਸੀ. ਸ਼ਰਮਾ
ਮਕਾਨ ਨੰਬਰ 28, ਬਲਾਕ ਏ,
ਡੀਫੈਂਸ ਇਨਕਲੇਵ, ਪਟਿਆਲਾ ਰੋਡ, ਜ਼ੀਰਕਪੁਰ, ਪੰਜਾਬ।
ਫ਼ੋਨ: 94178-65202

ਪਹਿਲੀ ਵਾਰ : 2013

© ਲੇਖਕ

ਪ੍ਰਕਾਸ਼ਕ : ਤਰਕਭਾਰਤੀ ਪ੍ਰਕਾਸ਼ਨ
ਪੁਰਾਣੀ ਸਬਜ਼ੀ ਮੰਡੀ, ਕੱਚਾ ਕਾਲਜ ਰੋਡ, ਬਰਨਾਲਾ।
ਫੋਨ : 01679-241744, 233244 ਫੈਕਸ : 241744
Email: tarksheel@gmail.com
www.thepunjabi.com

ਛਾਪਕ : ਸ਼ਿਵ ਸ਼ਕਤੀ ਪ੍ਰਿੰਟਰਜ਼, ਨਵੀਂ ਦਿੱਲੀ।

ਕੀਮਤ : 50/-

© 2013 All rights reserved
This book is sold subject to the condition that it shall not, by way of trade or otherwise, be lent, resold, hired out, or otherwise circulated without publisher's prior written consent on any form of binding or cover other then that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means (electronic, mechanical, photocopying, recording or otherwise), without the prior written permission of both the copyright owner and the above-mentioned publisher of this book

ਸਮਰਪਣ

ਗਦਰੀ ਅਤੇ ਕ੍ਰਾਂਤੀਕਾਰੀ ਲਹਿਰ ਦੀਆਂ ਵੀਰਾਂਗਣਾਂ ਨੂੰ ਸਮਰਪਿਤ

ਸੰਪਾਦਕੀ

ਚਾਰ ਕ੍ਰਾਂਤੀਕਾਰੀ ਵੀਰਾਂਗਣਾ ਦੀ ਲੇਖਕਾ ਤਾਰਾ ਸ਼ਰਮਾ ਨੂੰ 'ਕੁਲ ਹਿੰਦ ਜਨਵਾਦੀ ਇਸਤਰੀ ਸਭਾ' ਪੰਜਾਬ ਦੀਆਂ ਸੰਸਥਾਪਕ ਆਗੂਆਂ ਵਿੱਚੋਂ ਇੱਕ ਹੋਣ ਕਾਰਨ ਲੰਮੇ ਸਮੇਂ ਤੱਕ ਨਾਰੀਮੁਕਤੀ ਅੰਦੋਲਨਾਂ ਦੀ ਅਗਵਾਈ ਵਿੱਚ ਆਗੂ ਰੋਲ ਅਦਾ ਕਰਦੇ ਰਹਿਣ ਦਾ ਮਾਣ ਪ੍ਰਾਪਤ ਹੈ। ਆਪਣੇ ਇਸ ਸੰਘਰਸ਼ਮਈ ਜੀਵਨ ਵਿੱਚ ਇਨ੍ਹਾਂ ਦਾ ਵਾਹ ਕੌਮੀ ਅਤੇ ਕੌਮਾਂਤਰੀ ਪੱਧਰ 'ਤੇ ਮਹਿਲਾ ਵਰਗ ਦੇ ਸ਼ੋਸ਼ਣ, ਗੁਲਾਮੀ ਅਤੇ ਨਿਆਇਕ ਬਰਾਬਰੀ ਦੇ ਹੱਕਾਂ ਦੀ ਪ੍ਰਾਪਤੀ ਲਈ ਵਿੱਢੇ ਸੰਗਠਨਾਂਤਮਕ ਅੰਦੋਲਨਾਂ, ਸਰੋਕਾਰਾਂ, ਮੁਜਾਹਰਿਆਂ ਅਤੇ ਪ੍ਰਦਰਸ਼ਨਾਂ ਨਾਲ ਰਿਹਾ ਹੈ। ਇਸ ਦੌਰਾਨ ਪਈਆਂ ਮਾਰਾਂ, ਜੇਲ੍ਹ-ਯਾਤਰਾਵਾਂ, ਗ੍ਰਿਫਤਾਰੀਆਂ ਅਤੇ ਪੁਲਸ ਤਸ਼ੱਦਦਾ ਰਾਹੀਂ ਕੁੰਦਨ ਹੋਈ ਤਾਰਾ ਸ਼ਰਮਾ ਸਦਾ ਆਪਣੇ ਵਰਗ ਦਾ ਸਤਾਰਾ ਬਣਕੇ ਸਭਾ ਦੀਆਂ ਚੋਟੀ ਦੀਆਂ ਆਗੂਆਂ ਦੀ ਕਤਾਰ ਵਿੱਚ ਚਮਕਦੀ ਰਹੀ। ਆਪਣੇ ਇਨ੍ਹਾਂ ਵਡਮੁੱਲੇ ਅਨੁਭਵਾਂ, ਭਾਵਨਾਵਾਂ ਅਤੇ ਜੀਵਨ ਦੀਆਂ ਕੜਵੀਆਂ ਅਤੇ ਕਠੋਰ ਸਚਾਈਆਂ ਨੇ ਲੇਖਕਾ ਨੂੰ ਇਹ ਪੁਸਤਕ ਲਿਖਣ ਲਈ ਉਤਸਾਹਤ ਹੀ ਨਹੀਂ ਕੀਤਾ ਸਗੋਂ ਪ੍ਰੇਰਣਾ ਵੀ ਦਿੱਤੀ ਹੈ। ਆਪਣੇ ਇਸ ਸਾਰੇ ਸਫਰ ਸਮੇਂ ਇਨ੍ਹਾਂ ਨੇ ਕ੍ਰਾਂਤੀਕਾਰੀ ਨਾਰੀ ਮੁਕਤੀ ਅੰਦੋਲਨਾਂ ਦੀਆਂ ਆਧੁਨਿਕ ਆਗੂਆਂ-ਕਾਮਰੇਡ ਸੁਸ਼ੀਲਾ ਗੁਪਾਲਨ, ਅਹੱਲਿਆ ਰੰਗਨੇਕਰ, ਬਿਮਲ ਰੰਧੀਵੇ, ਕਨਕ ਮੁਕਰਜੀ, ਕੈਪਟਨ ਲਕਸ਼ਮੀ ਸਹਿਗਲ, ਮੱਲੂ ਸਵਰਾਜਿਅਮ ਜਿਹੀਆਂ ਵੀਰਾਂਗਣਾਂ ਦੇ ਕੰਧੇ ਨਾਲ ਕੰਧਾ ਜੋੜਕੇ ਕੰਮ ਕਰਨ ਦਾ ਤਜ਼ਰਬਾ ਵੀ ਗ੍ਰਹਿਣ ਕੀਤਾ। ਇਸ ਤੋਂ ਇਲਾਵਾ ਆਪਣੇ ਦੌਰ ਦੀਆ ਪੰਜਾਬ ਇਸਤਰੀ ਸਭਾ ਦੀਆਂ ਕੌਮੀ ਆਗੂਆਂ-ਕਾਮਰੇਡ ਬਿਮਲਾ ਡਾਂਗ, ਸ਼ੀਲਾ ਦੀਦੀ ਅਤੇ ਸ਼ੀਲਾ ਚੈਨ ਆਦਿ ਦੀ ਨੇੜਤਾ ਦਾ ਵੀ ਨਿੱਘ ਮਾਣਿਆ ਹੈ।

ਇਸ ਸਾਰੇ ਵਰਤਾਰੇ ਨੇ ਤਾਰਾ ਸ਼ਰਮਾ ਨੂੰ ਨਾਰੀ ਮੁਕਤੀ ਅੰਦੋਲਨ ਦੀਆਂ ਨਾਇਕਾਵਾਂ ਦੀਆਂ ਰਾਜਨੀਤਕ, ਸਮਾਜਿਕ, ਆਰਥਿਕ ਅਤੇ ਸੱਭਿਆਚਾਰਕ ਦਿਸ਼ਾਵਾਂ ਦੀ ਘੋਖ ਕਰਨ ਦੇ ਮੌਕੇ ਵੀ ਪ੍ਰਦਾਨ ਕੀਤੇ। ਇਸ ਦੇ ਨਾਲ ਹੀ ਜਦੋਂ ਕੌਮਾਂਤਰੀ ਨਾਰੀ ਜਗਤ ਦੀਆਂ 'ਡੋਲੋਰਸ ਇਬਾਰੂਰਾ, ਮੈਡਮ ਕਾਮਾ ਅਤੇ ਕੁੱਝ ਹੋਰ ਇਤਿਹਾਸਕ ਕ੍ਰਾਂਤੀਕਾਰੀ ਵੀਰਾਂਗਣਾਂ ਦੀਆਂ ਜੀਵਨੀਆਂ ਪੜ੍ਹੀਆਂ ਤਾਂ ਇਨ੍ਹਾਂ ਦੇ ਮਨ ਵਿੱਚ ਵੀ ਆਪਣੇ ਦੇਸ਼ ਦੀਆਂ ਕੁੱਝ ਕ੍ਰਾਂਤੀਕਾਰੀ ਵੀਰਾਂਗਣਾਂ ਦੀਆਂ ਕੁਰਬਾਨੀਆਂ, ਭਾਵਨਾਵਾਂ ਅਤੇ ਸੰਘਰਸ਼ਾਂ ਦੀਆਂ ਦਾਸਤਾਨਾਂ ਵੀ ਮੂਰਤੀਮਾਨ ਹੋਣ ਲੱਗ ਪਈਆਂ। ਗਦਰੀ ਸ਼ਤਾਵਦੀ ਦੇ ਵਰ੍ਹੇ ਨੂੰ ਯਾਦ ਕਰਦਿਆਂ ਤਾਰਾ ਸ਼ਰਮਾ ਨੇ ਇਸ ਪੁਸਤਕ ਨੂੰ ਲਿਖਣ ਦਾ ਆਪਣਾ ਮੁੱਖ ਉਦੇਸ਼ ਬਣਾ ਕੇ ਉਪਰਾਲਾ ਵਿੱਢ ਲਿਆ। ਆਪਣੀ ਇਸ ਇੱਛਾ

ਨੂੰ ਅਮਲੀ ਜਾਮਾ ਪਹਿਨਾਉਣ ਲਈ ਜਿੱਥੇ ਇਨ੍ਹਾਂ ਨੇ ਇਨ੍ਹਾਂ ਚਾਰਾ ਦੇ ਵਿਚਾਰ, ਵਿਸਥਾਰ, ਤੱਥ ਅਤੇ ਪ੍ਰਮਾਣ ਇਕੱਠੇ ਕਰਨ ਵਿੱਚ ਕਰੜੀ ਮਿਹਨਤ ਕੀਤੀ ਅਤੇ ਲਿਖਿਆ ਉਥੇ ਮੈ ਵੀ ਇਸ ਮਹਾਨ ਕਾਰਜ ਵਿੱਚ ਆਪਣਾ ਨਿਗੂਣਾ ਜਿਹਾ ਸਹਿਯੋਗ ਦੇਣ ਦੀ ਸੋਚੀ। ਇਸੇ-ਉਦੇਸ਼ ਅਧੀਨ ਇਨ੍ਹਾਂ ਦੀ ਲਿਖਤਾਂ ਦਾ ਸੰਪਾਦਨ ਕਰਨ ਦਾ ਜਿੰਮਾਂ ਸਿਰੇ ਚਾੜ੍ਹਨ ਮਗਰੋਂ ਮੈ ਇਹ ਪੁਸਤਕ ਪਾਠਕਾਂ ਦੇ ਹੱਥਾਂ ਤੱਕ ਪਹੁੰਚਾਉਣ ਦੀ ਖੁਸ਼ੀ ਪ੍ਰਾਪਤ ਕਰ ਰਿਹਾ ਹਾਂ। ਆਸ ਹੈ ਲੇਖਕਾ ਤਾਰਾ ਸ਼ਰਮਾ ਦੀ ਇਹ ਰਚਨਾ ਮਿਹਨਤੀ ਵਰਗ ਅਤੇ ਭਾਰਤੀ ਲੋਕਾਂ ਲਈ ਰਾਹ-ਦਸੇਰੇ ਦਾ ਕੰਮ ਵੀ ਕਰੇਗੀ।

- ਪ੍ਰੋਫੈਸਰ ਕੇ. ਸੀ. ਸ਼ਰਮਾ

ਭਾਰਤ ਦੀਆਂ ਮਹਾਨ ਔਰਤਾਂ ਦੇ ਦਰਸ਼ਨ ਕਰਵਾਉਂਦੀ ਪੁਸਤਕ

ਤਾਰਾ ਸ਼ਰਮਾਂ ਸਮਾਜਕ ਕਾਰਕੁਨ ਵਜੋਂ ਵੱਖ ਵੱਖ ਹਲਕਿਆਂ ਵਿਚ ਜਾਣਿਆ ਜਾਣ ਵਾਲਾ ਨਾਮ ਹੈ। ਇਹ ਨਾਮ ਜੇ ਇਹ ਕਹਿ ਲਿਆ ਜਾਵੇ ਤਾਂ ਪੰਜਾਬ ਵਿਚ ਕਿਸੇ ਵੀ ਜਾਣਕਾਰੀ ਦਾ ਮੁਥਾਜ ਨਹੀਂ ਹੈ। ਉਸ ਨੇ ਹੁਣ ਤਕ ਸਮਾਜ ਵਿਚ ਆਪਣੀ ਪਹਿਚਾਣ ਇਕ ਖੱਬੇ ਪੱਖੀ ਵਿਚਾਰਾਂ ਵਾਲੀ ਦਲੇਰ ਔਰਤ ਵਜੋਂ ਬਣਾਈ ਹੈ। ਇਸ ਲਈ ਉਸ ਨੇ ਲੰਮੇਂ ਸੰਘਰਸ਼ ਕੀਤੇ ਤੇ ਸ਼ਾਨਾਂਮੱਤੀਆਂ ਪ੍ਰਾਪਤੀਆਂ ਵੀ ਕੀਤੀਆਂ। ਸਮਾਜ ਦੇ ਵੱਖ ਵੱਖ ਵਰਗਾਂ ਵਿਚ ਕੀਤਾ ਉਨ੍ਹਾਂ ਦਾ ਕੰਮ ਉਨਾਂ ਦੇ ਨਾਮ ਨੂੰ ਵੱਖਰਤਾ ਪ੍ਰਦਾਨ ਕਰਦਾ ਹੈ। ਮੇਰੇ ਲਈ ਉਹ ਇਸ ਮਹਾਨ ਤੇ ਕਠਨ ਕਾਰਜ ਕਰਕੇ ਸਦਾ ਹੀ ਪੂਜਨੀਕ ਤੇ ਰਾਹ ਦਿਖਾਵੇ ਰਹੇ ਹਨ। 1992 ਵਿਚ ਮੈਂ ਜਦੋਂ ਉਨ੍ਹਾਂ ਨੂੰ ਪਹਿਲੀ ਵਾਰ ਮੁਲਾਜ਼ਮ ਲਹਿਰ ਦੇ ਦਫਤਰ ਵਿਚ ਮਿਲਿਆ ਸੀ ਤਾਂ ਉਨ੍ਹਾਂ ਦਾ ਜਿਹੜਾ ਪ੍ਰਭਾਵ ਮੇਰੀ ਸ਼ਕਸ਼ੀਅਤ ਉਪਰ ਪਿਆ ਸੀ ਉਹ ਅਜੇ ਤੱਕ ਕਾਇਮ ਹੈ। ਇਹ ਬਹੁਤ ਘੱਟ ਲੋਕਾਂ ਨੂੰ ਹੀ ਨਸ਼ੀਬ ਹੁੰਦਾ ਹੈ ਕਿ ਉਹ ਲੋਕ ਘੋਲਾਂ ਵਿਚ ਨਾਇਕ ਵਾਂਗ ਆਉਣ ਤੇ ਆਪਣੇ ਦਰਿੜ ਇਰਾਦੇ ਤੇ ਸਿਰੜ ਨਾਲ ਜ਼ਿੰਦਗੀ ਦਾ ਲੰਮਾਂ ਸਮਾਂ ਤਹਿ ਕਰਨ। ਤਾਰਾ ਸ਼ਰਮਾਂ ਨੇ ਇਹ ਸਭ ਕੁਝ ਕਰ ਦਿਖਾਇਆ ਹੈ ਤੇ ਇਸ ਤੋਂ ਵੀ ਵਧਕੇ ਹੁਣ ਇਸ ਕਿਤਾਬ ਰਾਹੀ ਉਨ੍ਹਾਂ ਨੇ ਆਪਣੀ ਸਖਸ਼ੀਅਤ ਦਾ ਦੂਸਰਾ ਤੇ ਅਹਿਮ ਪੱਖ ਪੇਸ਼ ਕੀਤਾ ਹੈ ਕਿ ਉਹ ਵਧੀਆ ਲੇਖਕਾ ਵਜੋਂ ਵੀ ਲੋਕਾਂ ਦੀ ਕਚਿਹਰੀ ਵਿਚ ਆਪਣੀ ਹਥਲੀ ਪੁਸਤਕ ਲੈ ਕੇ ਹਾਜ਼ਰ ਹੋਣ ਵਾਲੇ ਹਨ। ਹਥਲੇ ਖੋਜ ਕਾਰਜ ਵਿਚ ਉਸ ਨੇ ਇਨਕਲਾਬੀ ਲੋਕਾਂ ਦੀਆਂ ਜੀਵਨ ਗਾਥਾਂ ਲਿਖਣ ਦਾ ਕਠਨ ਕਾਰਜ਼ ਆਰੰਭਿਆ ਹੈ। ਜਿਹੜਾ ਕਾਰਜ ਸਮਾਜਕ ਕਾਰਜ ਵਾਂਗ ਹੀ ਜਟਿਲ ਤੇ ਉਸ ਤੋਂ ਵੀ ਵਧੇਰੇ ਜ਼ਿੰਮੇਵਾਰੀ ਦੀ ਮੰਗ ਕਰਦਾ ਹੈ।

ਮੈਂ! ਜਦੋਂ ਭੂਮਿਕਾ ਦੇ ਚੰਦ ਲਫਜ਼ ਲਿਖਣ ਲਈ ਕਾਮਰੇਡ ਤਾਰਾ ਸ਼ਰਮਾਂ ਦੇ ਹਥਲੇ ਖਰੜੇ ਨੂੰ ਪੜ੍ਹ ਰਿਹਾ ਸਾਂ ਤਾਂ ਮੇਰੀ ਅਜੀਬ ਕਿਸਮ ਦੀ ਮਾਨਸਿਕਤਾ ਬਣ ਗਈ ਕਿ ਸਾਡੇ ਨਾਲ ਜ਼ਿੰਦਗੀ ਦੇ ਹਰ ਪੱਖ 'ਚ ਮੋਢੇ ਨਾਲ ਮੋਢਾ ਲਾ ਕੇ ਚੱਲਣ ਵਾਲੀਆਂ ਔਰਤਾਂ ਜ਼ਿੰਦਗੀ ਦੇ ਹਰ ਪੱਖ ਵਿਚ ਹੀ ਸਾਡੇ ਨਾਲੋਂ ਵਧ ਮਿਹਨਤ ਕਰਕੇ ਵੀ ਸਾਡੇ ਮਰਦਾਂ ਦੇ ਮੁਕਾਬਲੇ ਬਹੁਤ ਹੀ ਪਿੱਛੇ ਰਹਿ ਜਾਂਦੀਆਂ ਹਨ। ਭਾਂਵੇ ਉਹ ਮੈਡਮ ਕਾਮਾਂ ਹੋਣ ਜਾਂ ਬੀਬੀ ਗੁਲਾਬ ਕੌਰ,ਦੁਰਗਾ ਭਾਬੀ ਜਾਂ ਕੋਈ ਹੋਰ। ਇਨਕਲਾਬ ਵਰਗੇ ਕਠਨ ਕਾਰਜ ਵਿਚ ਔਰਤਾਂ ਦੀ ਕੁਰਬਾਨੀ ਦਾ ਜ਼ਿਕਰ ਜੇ ਘੱਟ ਹੋਇਆ ਹੈ ਤਾਂ ਸ਼ਾਇਦ ਇਸ ਦਾ ਇਕ ਕਾਰਨ ਇਹ ਵੀ ਹੈ ਕਿ ਅਸੀ ਅਜੇ ਔਰਤ ਨੂੰ ਉਹ ਸਥਾਨ ਦੇ ਹੀ ਨਹੀਂ ਰਹੇ ਜਿਹੜਾ ਮਿਲਣਾ ਚਾਹੀਦਾ ਹੈ। ਸਾਡੇ ਦੇਸ਼ ਦੀਆਂ ਮਹਾਨ ਔਰਤਾਂ ਦਾ ਇਹ ਹੀ ਦੁਖਾਂਤ ਰਿਹਾ ਹੈ ਕਿ ਉਹ ਸਮਾਜ ਵਿਚ ਸਾਹਿਤ ਰਾਹੀ ਜੀਉਂਦੀਆਂ ਨਹੀਂ ਰਹੀਆਂ। ਅੱਜ ਜੇ ਸਮਾਜ ਪ੍ਰਬੰਧ ਨਿਘਾਰ ਵੱਲ ਜਾ ਰਿਹਾ ਹੈ ਤਾਂ ਇਸ ਦਾ

ਇਕ ਕਾਰਨ ਇਹ ਵੀ ਹੈ ਕਿ ਅਸੀਂ ਆਪਣੇ ਮਹਾਨ ਤੇ ਅਸਲੀ ਨਾਇਕਾਂ ਨੂੰ ਛੱਡ ਕੇ ਜਾਅਲੀ ਨਾਇਕਾਂ ਦੇ ਮਗਰ ਲੱਗ ਗਏ ਹਾਂ। ਅਜ਼ਾਦੀ ਦੇ ਪ੍ਰਵਾਨਿਆਂ ਨੂੰ ਭੁੱਲ ਕੇ ਘਟੀਆ ਕਿਸਮ ਦੇ ਮੁਨਾਫਾਖੋਰ ਰਾਜਸੀ ਲੀਡਰਾਂ ਦੇ ਮਗਰ ਝੋਲੀ ਚੁੱਕ ਬਣ ਕੇ ਤੁਰ ਪਏ ਹਾਂ। ਇਸ ਸਾਰੇ ਕੂਹਜ ਦੇ ਖਿਲਾਫ ਤਾਰਾ ਸ਼ਰਮਾ ਜੀ ਨੇ ਲੰਮਾਂ ਸੰਘਰਸ਼ ਕੀਤਾ ਹੈ ਤੇ ਹੁਣ ਉਹ ਇਸ ਸੰਘਰਸ਼ ਨੂੰ ਭਵਿੱਖ ਵਿਚ ਅਮਰ ਕਰਨ ਲਈ ਮਹਾਨ ਦੇਸ਼ ਭਗਤ ਔਰਤਾਂ ਦੇ ਜੀਵਨੀ ਮੂਲਕ ਲੇਖ ਲਿਖਣ ਵੱਲ ਰੁਚਿਤ ਹੋਏ ਹਨ।

ਜਦੋਂ ਕਾਮਰੇਡ ਮਾਓ ਨੇ ਲੰਮੇਂ ਮਾਰਚ ਨੂੰ ਤਿੱਖੇ ਤੇ ਲਹੂ ਵੀਟਵੇਂ ਸੰਘਰਸ਼ ਨਾਲ ਸਫਲ ਇਨਕਲਾਬ ਵਿਚ ਤਬਦੀਲ ਕਰ ਲਿਆ ਸੀ ਤਾਂ ਉਸ ਨੇ ਜਿਹੜਾ ਕੰਮ ਸਭ ਤੋਂ ਪਹਿਲਾਂ ਕੀਤਾ ਉਹ ਸੀ ਕਿ ਇਸ ਲੰਮੇਂ ਮਾਰਚ ਦੇ ਸ਼ਹੀਦਾਂ ਨੂੰ ਯਾਦ ਰੱਖਣ ਲਈ ਉਨ੍ਹਾਂ ਦੀਆਂ ਜੀਵਨੀਆਂ ਲਿਖਵਾਈਆਂ ਜਿਨ੍ਹਾਂ ਬਾਰੇ ਬਹੁਤ ਘੱਟ ਜਾਣਕਾਰੀ ਸੀ ਉਨ੍ਹਾਂ ਬਾਰੇ ਜੋ ਕੁਝ ਸੰਭਵ ਸੀ ਉਹ ਵੀ ਕੀਤਾ ਗਿਆ। ਕਾਮਰੇਡ ਮਾਓ ਦਾ ਤਰਕ ਇਹ ਸੀ ਕਿ ਇਸ ਇਨਕਲਾਬ ਦੀ ਨੀਂਹ ਦੇ ਉਹ ਪੱਥਰ ਅਮਰ ਹੋਣੇ ਚਾਹੀਦੇ ਹਨ। ਸਾਡੇ ਦੇਸ਼ ਵਿਚ 1857 ਦੇ ਗ਼ਦਰ ਤੋਂ ਬਾਦ ਬਰਤਾਨਵੀ ਹਕੂਮਤ ਦਾ ਰਾਜ ਸਿੱਧੇ ਰੂਪ ਵਿਚ ਜਦੋਂ ਸਥਾਪਿਤ ਹੋ ਗਿਆ ਉਦੋਂ ਤੋਂ ਭਾਰਤ ਦੇ ਮਹਾਨ ਕ੍ਰਾਂਤੀਕਾਰੀਆਂ ਬਾਰੇ ਕੰਮ ਕਰਨਾ ਆਪਣੀ ਮੌਤ ਨੂੰ ਸਹੇੜਨ ਦੇ ਬਰਾਬਰ ਸੀ। ਇਸ ਲਈ ਇਸ ਕਠਨ ਕਾਰਜ ਨੂੰ ਕੇਵਲ ਉਨ੍ਹਾਂ ਲੋਕਾਂ ਨੇ ਹੀ ਹੱਥ ਪਾਇਆ ਜਿਨ੍ਹਾਂ ਨੇ ਆਪ ਵੀ ਇਤਿਹਾਸ ਸਿਰਜਿਆ ਸੀ। ਸ਼ਹੀਦੇ ਆਜ਼ਮ ਭਗਤ ਸਿੰਘ ਵਰਗਿਆਂ ਨੂੰ ਗ਼ਦਰੀ ਬਾਬਿਆਂ ਦੀਆਂ ਜੀਵਨੀਆਂ ਇਸੇ ਲਈ ਹੀ ਲਿਖਣੀਆਂ ਪਈਆਂ ਕਿਉਂਕਿ ਉਹ ਇਹ ਸਮਝਦੇ ਸਨ ਕਿ ਇਹ ਮਹਾਨ ਕ੍ਰਾਂਤੀਕਾਰੀ ਲੋਕਾਂ ਦੇ ਨਾਇਕ ਬਣਨੇ ਚਾਹੀਦੇ ਹਨ। ਜਦੋਂ ਕੋਈ ਕ੍ਰਾਂਤੀ ਅਸਫਲ ਹੁੰਦੀ ਹੈ ਉਦੋਂ ਤਾਂ ਇਹ ਜ਼ਿੰਮੇਵਾਰੀ ਹੋਰ ਵੀ ਅਹਿਮ ਬਣ ਜਾਂਦੀ ਹੈ ਪਰ ਭਾਰਤ ਦਾ ਦੁਖਾਂਤ ਹੀ ਰਿਹਾ ਹੈ ਕਿ ਭਾਰਤ ਦੀ ਆਜ਼ਾਦੀ ਤੋਂ ਬਾਦ ਵੀ ਇਸ ਜਟਲ ਕੰਮ ਨੂੰ ਕਿਸੇ ਨੇ ਹੱਥ ਨਹੀਂ ਪਾਇਆ।

ਅੱਜ ਜਦੋਂ ਸਾਰੇ ਸੰਸਾਰ ਉਪਰ ਗ਼ਦਰੀ ਬਾਬਿਆਂ ਨੂੰ ਯਾਦ ਕੀਤਾ ਜਾ ਰਿਹੈ, ਉਨ੍ਹਾਂ ਦੇ ਕਾਰਜ਼ ਦੀ ਸ਼ਤਾਬਦੀ ਮਨਾਈ ਜਾ ਰਹੀ ਹੈ, ਉਦੋਂ ਤੱਕ ਵੀ ਇਹ ਗ਼ਦਰੀ ਕੌਣ ਸਨ? ਇਕ ਸਵਾਲ ਖੜਾ ਹੁੰਦਾ ਹੈ। ਇਨ੍ਹਾਂ ਗ਼ਦਰੀਆਂ ਬਾਰੇ ਕਈ ਤਰ੍ਹਾਂ ਦੇ ਭਰਮ ਭੁਲੇਖੇ ਸੁਚੇਤ ਤੌਰ ਉੱਪਰ ਪਾਏ ਜਾ ਰਹੇ ਹਨ। ਇਨ੍ਹਾਂ ਭਰਮ ਭੁਲੇਖਿਆ ਨੂੰ ਦੂਰ ਕਰਨ ਦੇ ਇਸ ਦੌਰ ਵਿਚ ਮੈਡਮ ਤਾਰਾ ਸ਼ਰਮਾ ਇਕ ਇਨਕਲਾਬੀ ਵਾਂਗ ਇਸ ਅਹਿਮ ਖੇਤਰ ਵਿਚ ਪ੍ਰਵੇਸ਼ ਹੁੰਦੀ ਹੈ ਤੇ ਇਨ੍ਹਾਂ ਭੁਲੇਖਿਆ ਨੂੰ ਦੂਰ ਕਰਨ ਲਈ ਕਲਮ ਚਲਾਉਂਦੀ ਹੈ। ਉਸ ਦੀ ਖਾਸੀਅਤ ਇਹ ਹੈ ਕਿ ਉਹ ਇਤਿਹਾਸ ਦੇ ਇਸ ਕਾਰਜ ਨੂੰ ਨੀਰਸ ਤੇ ਰੁੱਖਾ ਨਹੀਂ ਹੋਣ ਦਿੰਦੀ। ਉਸ ਦੀ ਸੈਲੀ ਕਮਾਲ ਦੀ ਹੈ। ਉਹ ਭਾਸ਼ਾਈ ਜੁਗਤਾਂ ਦਾ ਪ੍ਰਯੋਗ ਕਰਨਾ ਬਾਖੂਬੀ ਜਾਣਦੀ ਹੈ। ਉਸ ਕੋਲ ਸ਼ਬਦਾਂ ਦੀ ਮਹਾਰਤ ਹੈ ਇਸ ਦੇ ਨਾਲ ਹੀ ਨਾਲ ਉਹ ਇਤਿਹਾਸ ਬਾਰੇ ਤੇ ਇਸ ਦੇ ਪ੍ਰਕਾਰਜ਼ ਬਾਰੇ ਵੀ ਬਾਖੂਬੀ ਜਾਣਦੀ ਹੈ। ਇਹੋ ਹੀ ਕਾਰਨ ਹੈ ਕਿ ਉਸ ਦਾ ਹਰ ਇਕ ਲੇਖ ਪੜ੍ਹਨ ਤੋਂ ਬਾਦ ਪਾਠਕ ਇਹ ਸੋਚਣ ਨੂੰ ਮਜਬੂਰ ਹੋ ਜਾਂਦਾ ਹੈ ਕਿ ਇਸ ਤਰ੍ਹਾਂ ਹੋਇਆ ਸੀ, ਇਹ ਲੋਕ ਕਿੰਨੇ ਮਹਾਨ ਹਨ? ਤੇ ਪਾਠਕ ਇਸ ਗਿਆਨ-ਵਰਧਕ ਜਾਣਕਾਰੀ ਲੈਣ ਤੋਂ ਬਾਦ ਉਦੋਂ ਹੋਰ ਵੀ ਆਚੰਭਤ ਹੁੰਦਾ ਹੈ ਜਦੋਂ ਉਹ ਇਸ ਮਹਾਨ ਕਾਰਜ ਨੂੰ ਕਾਲ ਦੀ ਸੀਮਾਂ

ਤੋਂ ਮੁਕਤ ਕਰਕੇ ਪੇਸ਼ ਕਰਦੀ ਹੈ। ਉਸ ਦੀ ਨਾਇਕਾ ਭਾਂਵੇਂ ਬੀਬੀ ਗੁਲਾਬ ਕੌਰ ਹੋਵੇ ਜਾਂ ਮੈਡਮ ਕਾਮਾ ਜਾਂ ਦੁਰਗਾ ਭਾਬੀ ਉਹ ਸਭ ਮਹਾਨ ਆਤਮਾਵਾਂ ਸਰਬ ਕਾਲੀ ਬਣਕੇ ਹੀ ਵਿਚਰਦੀਆਂ ਪ੍ਰਤੀਤ ਹੁੰਦੀਆਂ ਹਨ। ਉਸ ਦੀ ਸੈਲੀ ਦਾ ਕਮਾਲ ਇਸ ਗੱਲ ਵਿਚ ਹੈ ਕਿ ਪਾਠਕ ਇਹ ਕਿਤਾਬ ਪੜ੍ਹ ਲੈਣ ਤੋਂ ਬਾਦ ਇਹ ਸੋਚਣ ਲਈ ਮਜਬੂਰ ਹੁੰਦਾ ਹੈ ਕਿ ਇਹ ਆਜ਼ਾਦੀ ਕਿੰਨੀ ਕੀਮਤੀ ਹੈ ਤੇ ਇਹ ਹੁਣ ਕਿਸ ਪਾਸੇ ਨੂੰ ਜਾ ਰਹੀ ਹੈ? ਲੇਖਕਾ ਦੀ ਕਮਾਲ ਇਸ ਗੱਲ ਵਿਚ ਹੈ ਕਿ ਉਹ ਆਪ ਨਹੀਂ ਬੋਲਦੀ ਉਸ ਦਾ ਸਟਾਇਲ ਬੋਲਦਾ ਹੈ। ਉਹ ਲਿਖਦੀ ਹੈ–" ਜਦੋਂ 1896 ਵਿੱਚ ਬੰਬਈ ਦੀਆਂ ਗਰੀਬ ਬਸਤੀਆਂ ਵਿੱਚ ਪਲੇਗ ਫੈਲ ਗਈ ਤੇ ਪ੍ਰਭਾਵਤ ਲੋਕ ਧੜਾ-ਧੜ ਮਰਨ ਲੱਗੇ ਤਾਂ ਮੈਡਮ ਕਾਮਾ ਆਪਣੇ ਅਮੀਰ ਪਤੀ ਦੇ ਘਰ ਦੀ ਅਰਾਮਦਾਇਕ ਜ਼ਿੰਦਗੀ ਨੂੰ ਛੱਡ ਕੇ ਬੰਬਈ ਦੀਆਂ ਝੁੱਗੀਆਂ ਵਿੱਚ ਪੀੜ੍ਹਤ ਗਰੀਬ ਲੋਕਾਂ ਦੀ ਸੇਵਾ ਵਿੱਚ ਜੁੱਟ ਗਈ ਸੀ। ਉਨ੍ਹਾਂ ਦਿਨਾਂ ਵਿੱਚ ਪਲੇਗ ਵਰਗੀ ਨਾਮੁਰਾਦ ਬਿਮਾਰੀ ਦੀ ਹਾਲੇ ਕੋਈ ਦਵਾਈ ਵੀ ਤਿਆਰ ਨਹੀਂ ਹੋਈ ਸੀ ਅਤੇ ਇਸ ਬਿਮਾਰੀ ਦੀ ਲਾਗ ਵੀ ਛੇਤੀ ਹੀ ਇੱਕ ਤੋਂ ਦੂਜੇ ਵਿਅਕਤੀ ਨੂੰ ਲੱਗ ਜਾਂਦੀ ਸੀ। ਮੈਡਮ ਕਾਮਾ ਆਪਣੀ ਸਿਹਤ ਦੀ ਪਰਵਾਹ ਕੀਤੇ ਬਿਨਾਂ ਹੀ ਪੂਰੀ ਤਨਦੇਹੀ ਨਾਲ ਉਨ੍ਹਾਂ ਬਿਮਾਰ ਲੋਕਾਂ ਨੂੰ ਠੀਕ ਕਰਨ ਲਈ ਦਿਨ-ਰਾਤ ਸੇਵਾ ਵਿੱਚ ਲੱਗ ਗਈ ਸੀ। ਇਸ ਤਰ੍ਹਾਂ ਦੀ ਜ਼ਿੰਦਗੀ ਬਸਰ ਕਰਦਿਆਂ ਉਨ੍ਹਾਂ ਨੂੰ ਵੀ ਪਲੇਗ ਦੀ ਲਾਗ (ਇਨਫੈਕਸ਼ਨ) ਲੱਗ ਜਾਣੀ ਸੁਭਾਵਿਕ ਸੀ ਜਿਸ ਕਾਰਨ ਉਨ੍ਹਾਂ ਦੀ ਸਿਹਤ ਦਿਨੋਂ-ਦਿਨ ਡਿਗਦੀ ਹੀ ਜਾ ਰਹੀ ਸੀ। ਉਸ ਨੇ ਆਪਣੇ ਆਪ ਨੂੰ ਖਤਰੇ ਵਿੱਚ ਪਾ ਕੇ ਫਲੋਰੈਂਸ ਨਾਈਟਿੰਗੇਲ ਦੀ ਤਰ੍ਹਾਂ ਕੰਮ ਕੀਤਾ ਸੀ। ਉਸਦਾ ਇਸ ਤਰ੍ਹਾਂ ਕੰਮ ਕਰਨਾ, ਉਸਦੇ ਪਤੀ ਅਤੇ ਸਹੁਰਾ ਪਰਿਵਾਰ ਦੀਆਂ ਕਦਰਾਂ-ਕੀਮਤਾਂ ਦੇ ਉਲਟ ਹੋਣ ਕਾਰਨ ਉਨ੍ਹਾਂ ਨੂੰ ਸਹਿਣ ਨਹੀਂ ਹੋ ਰਿਹਾ ਸੀ। ਪਤੀ ਅਤੇ ਬਾਕੀ ਦੇ ਪਰਿਵਾਰਕ ਮੈਂਬਰਾਂ ਨੂੰ ਮੈਡਮ ਕਾਮਾ ਦੇ ਵਿਚਾਰ ਅਤੇ ਵਿਵਹਾਰ ਦੇ ਚੰਗਾ ਨਾ ਲੱਗਣ ਕਾਰਨ ਉਸਦੀ ਜਿੰਦਗੀ ਨੇ ਇੱਕ ਬਹੁਤ ਵੱਡਾ ਮੋੜ ਲੈ ਲਿਆ। ਆਖਰ ਪਰਿਵਾਰਕ ਹਾਲਤਾਂ ਤੋਂ ਤੰਗ ਆ ਕੇ ਉਸਨੇ ਆਪਣੇ ਪਤੀ ਦਾ ਘਰ ਛੱਡ ਦਿੱਤਾ ਸੀ ਅਤੇ ਦੇਸ਼ ਨੂੰ ਆਜ਼ਾਦ ਕਰਵਾਉਣ ਦੀ ਜੰਗ ਵਿੱਚ ਕੁੱਦਣ ਦਾ ਫੈਸਲਾ ਕਰ ਲਿਆ ਸੀ। " ਇਸ ਰਚਨਾ ਨੂੰ ਪੜ੍ਹਦਿਆਂ ਪਾਠਕ ਭੂਤ, ਵਰਤਮਾਨ ਤੇ ਭਵਿੱਖ ਤਿੰਨਾਂ ਕਾਲਾ ਵਿਚ ਦੀ ਲੰਘਦਾ ਆਪਣੇ ਆਪ ਨੂੰ ਮਹਿਸੂਸ ਕਰਦਾ ਹੈ। ਮੈਂ ਇਸ ਮਹਾਨ ਰਚਨਾ ਨੂੰ ਪਾਠਕਾਂ ਦੇ ਰੂ ਬ ਰੂ ਕਰਦਾ ਹੋਇਆ ਖੁਸ਼ੀ ਮਹਿਸੂਸ ਕਰ ਰਿਹਾ ਹਾਂ।

-ਡਾ. ਤੇਜਿੰਦਰ ਵਿਰਲੀ

ਉਪਰਾਲਾ

ਲੰਬਾ ਸਮਾਂ ਜਨਵਾਦੀ ਇਸਤਰੀ ਸਭਾ ਵਿੱਚ ਵਿਚਰਦੇ ਹੋਏ ਜਿੱਥੇ ਲੋਕਾਂ ਤੋਂ ਸਿੱਖਣ ਲਈ ਬਹੁਤ ਕੁੱਝ ਮਿਲਿਆ ਉਥੇ ਕੇਂਦਰ ਵਿੱਚ ਸਭਾ ਦੀਆਂ ਸੰਸਥਾਪਕ, ਸੰਚਾਲਕ ਉਹ ਆਗੂਆਂ ਜਿਨ੍ਹਾਂ ਨੇ ਭਾਰਤ ਦੀ ਆਜ਼ਾਦੀ ਲਈ ਲੜਦਿਆਂ ਅਨੇਕਾਂ ਵਾਰ ਬਰਤਾਨਵੀ ਸਰਕਾਰ ਦਾ ਸਾਹਮਣਾ ਕੀਤਾ, ਉਨ੍ਹਾਂ ਦੀ ਜ਼ਿੰਦਗੀ ਨੂੰ ਬਹੁਤ ਹੀ ਨੇੜੇ ਤੋਂ ਦੇਖਿਆ ਅਤੇ ਸੁਣਿਆ। ਇਸ ਦੇ ਨਾਲ ਹੀ ਇਹ ਜਾਨਣ ਦਾ ਮੌਕਾ ਵੀ ਮਿਲਿਆ ਕਿ ਸਾਡੀਆਂ ਇਨ੍ਹਾਂ ਮਹਾਨ ਵੀਰਾਂਗਣਾਂ ਨੇ ਲੁਕਦੇ-ਛਿਪਦੇ ਹੋਏ ਆਪਣੇ ਦੇਸ਼ ਦੀ ਆਜ਼ਾਦੀ ਲਈ ਕੰਮ ਕਰਦੇ ਸਮੇਂ ਕਿੰਨੀਆਂ ਹੀ ਕਠਿਨਾਈਆਂ ਦਾ ਸਾਹਮਣਾ ਕੀਤਾ। ਮੈਂ ਉਨ੍ਹਾਂ ਦੇ ਵਡਮੁੱਲੇ ਵਿਚਾਰਾਂ, ਤਜ਼ਰਬਿਆਂ ਅਤੇ ਪ੍ਰਭਾਵਸ਼ੀਲ ਵਿਅਕਤਿੱਤਵਾਂ ਤੋਂ ਬਹੁਤ ਹੀ ਪ੍ਰਭਾਵਤ ਹੋਈ। ਵਾਰ ਵਾਰ ਅਜਿਹੀਆਂ ਵੀਰਾਂਗਣਾਂ ਦੀਆਂ ਜੀਵਨੀਆਂ ਨੂੰ ਲਿਖਤ ਰੂਪ ਵਿੱਚ ਆਪਣੇ ਪਾਸ ਸੰਭਾਲ ਕੇ ਰੱਖਣ ਨੂੰ ਮਨ ਕੀਤਾ। ਉਨ੍ਹਾਂ ਦੇ ਦ੍ਰਿੜ ਇਰਾਦੇ, ਸੰਘਰਸ਼ ਕਰਨ ਦੇ ਸੰਕਲਪ ਅਤੇ ਹੌਸਲੇ ਨੇ ਅਨੇਕਾ ਹੀ ਕਮਜ਼ੋਰ ਮਨਾਂ ਨੂੰ, ਅੱਜ ਆਜ਼ਾਦ ਭਾਰਤ ਦੇ ਹਾਲਤਾਂ ਵਿੱਚ ਲੋਕਾਂ ਨੂੰ ਦਰਪੇਸ਼ ਹੋ ਰਹੀਆਂ ਉਸ ਸਮੇਂ ਤੋਂ ਵੀ ਭਿਆਨਕ ਮੁਸ਼ਕਲਾਂ ਲਈ ਸੰਘਰਸ਼ ਕਰਨ ਲਈ ਜਾਗ੍ਰਿਤ ਕੀਤਾ।

"ਦੇਸ਼ ਭਗਤੀ ਉਹ ਲਗਨ ਤੇ ਇਸ਼ਕ ਹੈ, ਜਿਸਨੂੰ ਲੱਗ ਜਾਵੇ ਉਹ ਆਪਣੇ ਨਿਜੀ ਸੁੱਖ ਅਤੇ ਅਭਿਮਾਨ ਨੂੰ ਭੁੱਲ ਜਾਂਦਾ ਹੈ ਅਤੇ ਸੱਚੇ ਆਸ਼ਕ ਦੀ ਤਰ੍ਹਾਂ ਅਪਣੇ ਆਪ ਨੂੰ ਮਾਸ਼ੂਕ ਦੇਸ਼ ਉਪਰ ਕੁਰਬਾਨ ਕਰਨ ਲਈ ਹਰ ਵੇਲੇ ਤਿਆਰ ਰਹਿੰਦਾ ਹੈ। ਉਹ ਲਾਲਚ, ਸ਼ੁਹਰਤ ਅਤੇ ਮੌਤ ਦੇ ਡਰ ਤੋਂ ਵੀ ਬੇਪਰਵਾਹ ਹੁੰਦਾ ਹੈ।" ਨੌਜਵਾਨਾਂ ਦੇ ਨਾਂ ਬਾਬਾ ਭਕਨਾ ਜੀ ਦਾ ਦਿੱਤਾ ਇਹ ਸੁਨੇਹਾ, ਮਈ 1964 ਦੇ "ਦੇਸ਼ ਭਗਤ ਯਾਦਾਂ" ਵਿੱਚ ਛਪਿਆ ਸੀ।

ਸਾਮਰਾਜਵਾਦੀ ਗੁਲਾਮੀ ਨੂੰ ਨੱਕੋ-ਨੱਕ ਨਫਰਤ ਕਰਦੇ ਹੋਏ, ਆਜ਼ਾਦੀ ਪ੍ਰਾਪਤੀ ਲਈ ਹਰ ਤਰ੍ਹਾਂ ਦੀਆਂ ਕੁਰਬਾਨੀਆਂ ਕਰਨ ਵਾਲੇ ਲੱਖਾਂ ਹੀ ਦੇਸ਼ ਪ੍ਰੇਮੀਆਂ ਨੇ ਆਪਣੇ ਦੇਸ਼ ਨੂੰ ਅੰਗਰੇਜਾਂ ਦੇ ਪੰਜੇ ਤੋਂ ਮੁਕਤ ਕਰਵਾਉਣ ਲਈ ਲਾ-ਮਿਸਾਲ ਕੁਰਬਾਨੀਆਂ ਦਿੱਤੀਆਂ। ਉਂਝ ਤਾਂ ਆਜ਼ਾਦੀ ਦੀ ਲਹਿਰ ਵਿੱਚ ਪੂਰੇ ਦੇਸ਼ ਵਿੱਚੋਂ ਅਣਗਿਣਤ ਇਸਤਰੀਆਂ ਨੇ ਅੱਗੇ ਹੋ ਕੇ ਲੜਾਈ ਦਿੱਤੀ, ਮੁਸੀਬਤਾਂ ਸਹੀਆਂ, ਜੇਲਾਂ ਵਿੱਚ ਬੰਦ ਰਹੀਆਂ ਅਤੇ ਅਣਮਨੁੱਖੀ ਤਸੀਹੇ ਵੀ ਝੱਲੇ ਪ੍ਰੰਤੂ ਇਥੇ ਅਜਿਹੇ ਹੀ ਦੇਸ਼ ਭਗਤੀ ਦੇ ਜਜ਼ਬੇ ਨਾਲ ਭਰਪੂਰ ਚਾਰ ਕ੍ਰਾਂਤੀਕਾਰੀ ਵੀਰਾਂਗਣਾ ਦਾ ਜ਼ਿਕਰ ਕੀਤਾ

ਜਾ ਰਿਹਾ ਹੈ। ਇਨ੍ਹਾਂ ਚਾਰਾਂ ਵੀਰਾਂਗਣਾਂ ਨੇ ਆਪਣੇ ਦੇਸ਼ ਦੀ ਆਜ਼ਾਦੀ ਪ੍ਰਾਪਤੀ ਲਈ ਲਾ-ਮਿਸਾਲ ਕੁਰਬਾਨੀਆਂ ਕਰਕੇ ਆਪਣਾ ਇਤਿਹਾਸ ਸਿਰਜਿਆ ਹੈ। ਕਹਿਣ ਨੂੰ ਇਹ ਭਾਵੇਂ ਅਲੱਗ ਅਲੱਗ ਪ੍ਰਾਂਤਾਂ ਵਿੱਚ ਜਨਮੀਆਂ, ਪਲੀਆਂ ਅਤੇ ਵੱਡੀਆਂ ਹੋਈਆਂ ਸਨ। ਉਨ੍ਹਾਂ ਦੀ ਸਿੱਖਿਆ ਅਤੇ ਪਰਿਵਾਰਕ ਹਾਲਾਤ ਵੀ ਵੱਖਰੇ-ਵੱਖਰੇ ਸਨ ਪ੍ਰੰਤੂ ਇਨ੍ਹਾਂ ਚਾਰਾਂ ਦਾ ਮਕਸਦ ਇੱਕ ਹੀ ਸੀ, ਸੁਪਨਾ ਵੀ ਇੱਕ ਹੀ ਸੀ 'ਆਪਣੇ ਪਿਆਰੇ ਭਾਰਤ ਦੇਸ਼ ਨੂੰ ਬਰਤਾਨਵੀ ਸਾਮਰਾਜਵਾਦ ਤੋਂ ਆਜ਼ਾਦ ਕਰਵਾਉਣ ਦਾ'। ਉਨ੍ਹਾਂ ਦੀ ਚਾਹਤ ਇਹੋ ਹੀ ਸੀ 'ਆਜ਼ਾਦ ਭਾਰਤ ਦੀ ਸੱਤਾ ਉਥੋਂ ਦੇ ਆਮ ਲੋਕਾਂ ਦੇ ਹੱਥਾਂ ਵਿੱਚ ਹੋਵੇ।' ਉਨ੍ਹਾਂ ਦਾ ਸਕੰਲਪ ਸੀ 'ਆਜ਼ਾਦ ਭਾਰਤ ਦੇ ਹਰ ਨਾਗਰਿਕ ਭਾਵੇਂ ਔਰਤ ਹੋਵੇ ਜਾਂ ਮਰਦ ਸਭ ਨੂੰ ਸਮਾਨਤਾ ਅਤੇ ਬਰਾਬਰਤਾ ਦੇ ਅਧਿਕਾਰ ਹੋਣ। ਇੱਕ ਅਜਿਹਾ ਭਾਰਤ ਸਿਰਜਣ ਦਾ ਜਿੱਥੇ ਮਨੁੱਖ ਹੱਥੋਂ ਮਨੁੱਖ ਦੀ ਲੁੱਟ ਨੂੰ ਕੋਈ ਜਗ੍ਹਾ ਨਾ ਹੋਵੇ, ਇੱਕ ਖੁਸ਼ਹਾਲ ਅਤੇ ਤਾਕਤਵਰ ਭਾਰਤ ਹੋਵੇ' ਅਰਥਾਤ ਉਹ ਸਮਾਜ ਵਿੱਚ ਬੁਨਿਆਦੀ ਤਬਦੀਲੀ ਲਿਆਉਣਾ ਚਾਹੁੰਦੀਆਂ ਸਨ।' ਇਸ ਲਈ ਉਨ੍ਹਾਂ ਸਭਨਾ ਦਾ "ਇਨਕਲਾਬ-ਜ਼ਿੰਦਾਬਾਦ' ਦਾ ਸਾਂਝਾ ਨਾਅਰਾ ਸੀ।

ਆਜ਼ਾਦ ਭਾਰਤ ਦੀ ਰਾਜਸੱਤਾ ਤੇ ਕਾਬਜ ਪੂੰਜੀਵਾਦੀ ਲੋਕਾਂ ਨੇ, ਜਿਨ੍ਹਾਂ ਦੇਸ਼ ਭਗਤਾਂ ਨੇ ਮੁਲਕ ਦੀ ਆਜ਼ਾਦੀ ਪ੍ਰਾਪਤੀ ਲਈ ਅੱਕ ਤਸੀਹੇ ਝੱਲੇ, ਕਾਲ ਕੋਠੜੀਆਂ ਵਿੱਚ ਬੰਦ ਰਹੇ, ਮਰਨ-ਵਰਤ ਰੱਖੇ, ਅਣਮਨੁੱਖੀ ਤਸ਼ੱਦਦ ਸਹਾਰੇ ਪ੍ਰੰਤੂ ਉਫ ਤੱਕ ਨਾ ਕੀਤੀ, ਗੋਲੀਆਂ ਨਾਲ ਆਪਣੇ ਸੀਨੇ ਛਲਣੀ ਕਰਵਾਏ ਅਤੇ ਫਾਂਸੀ ਦੇ ਰੱਸਿਆਂ ਨੂੰ ਚੁੰਮ ਕੇ ਬਿਨਾ ਕਿਸੇ ਸ਼ਿਕਨ ਦੇ ਆਪਣੇ ਗਲਿਆਂ ਵਿੱਚ ਪਾਇਆ, ਆਪਣੇਂ ਖੂਨ ਨਾਲ ਭਾਰਤ ਦੀ ਮਿੱਟੀ ਨੂੰ ਸੂਹਾ ਬਣਾਇਆ, ਉਨ੍ਹਾਂ ਦੀਆਂ ਰੌਂਗਟੇ ਖੜੇ ਕਰ ਦੇਣ ਵਾਲੀਆਂ ਅਜਿਹੀਆਂ ਕੁਰਬਾਨੀਆਂ ਨਾਲ ਮਿਲੀ ਆਜ਼ਾਦੀ ਨੂੰ, ਆਪਣੀ ਹੀ ਜਗੀਰ ਬਣਾ ਲਿਆ ਹੈ। ਇਨ੍ਹਾਂ ਸੱਤਾਧਾਰੀ ਲੋਕਾਂ ਨੇ ਉਨ੍ਹਾਂ ਮਹਾਨ ਦੇਸ਼ ਭਗਤਾਂ ਦੇ ਸੁਪਨਿਆਂ ਦੇ ਆਜ਼ਾਦ ਭਾਰਤ ਨੂੰ ਬਰਬਾਦ ਕਰਨ ਦੀ ਕੋਈ ਕਸਰ ਬਾਕੀ ਨਹੀਂ ਛੱਡੀ ਹੋਈ। ਇਨ੍ਹਾਂ ਨੇ ਆਪਣੇ-ਆਪ ਨੂੰ ਹੀ ਆਜ਼ਾਦੀ ਦੇ ਵਾਰਸ ਅਤੇ ਰਖਵਾਲੇ ਮੰਨ ਕੇ ਉਸਨੂੰ ਪਰਿਵਾਰਵਾਦ, ਗੁੰਡਾਗਰਦੀ ਅਤੇ ਭ੍ਰਿਸ਼ਟਾਚਾਰ ਵਰਗੀਆਂ ਲਾਹਨਤਾਂ ਵਿੱਚ ਲਿਪਤ ਕਰ ਦਿੱਤਾ ਹੈ। ਇਨਾਂ ਧਿਰਾਂ ਨੇ ਹੀ ਘਿਨੌਣੇ ਹੱਥਕੰਡੇ ਵਰਤ ਕੇ ਸਧਾਰਨ ਜਨਤਾ ਦੀ ਆਵਾਜ਼ ਨੂੰ ਹਮੇਸ਼ਾ ਅਣਗੌਲਿਆ ਕੀਤਾ ਅਤੇ ਜਿਹੜਾ ਅੱਜ ਵੀ ਜਾਰੀ ਹੈ।

ਹਥਲੀ ਪੁਸਤਕ ਵਿੱਚ ਅਜਿਹੀਆਂ ਹੀ ਚਾਰ ਵੀਰਾਂਗਣਾਂ-ਗਦਰੀ ਬੀਬੀ ਗੁਲਾਬ ਕੌਰ, ਮੈਡਮ ਕਾਮਾ, ਕ੍ਰਾਂਤੀਕਾਰੀ ਦੁਰਗਾ ਭਾਬੀ ਅਤੇ ਭਾਰਤ ਦੀ 'ਆਜ਼ਾਦ ਹਿੰਦ ਫੌਜ' ਦੀ 'ਰਾਣੀ ਝਾਂਸੀ ਰੈਜ਼ੀਮੈਂਟ ਦੀ ' ਪਹਿਲੀ ਅਫਸਰ ਇਸਤਰੀ ਕੈਪਟਨ ਡਾਕਟਰ ਲਕਸ਼ਮੀ ਸਹਿਗਲ- ਦੀਆਂ ਜੁਝਾਰੂ ਜੀਵਨੀਆਂ ਵਾਰੇ ਲਿਖਣ ਦੀ ਕੇਵਲ ਮਾਤਰ ਕੋਸ਼ਿਸ਼ ਕੀਤੀ ਗਈ ਹੈ। ਪੰਜਾਬ ਦੀ ਧਰਤੀ, ਜਿਲ੍ਹਾ ਸੰਗਰੂਰ ਦੇ ਪਿੰਡ ਬਖਸ਼ੀਵਾਲਾ ਦੇ ਇੱਕ ਸਧਾਰਨ ਪਰਿਵਾਰ ਵਿੱਚ ਜਨਮੀ 'ਗੁਲਾਬੋ' ਵਾਰੇ ਉਸ ਸਮੇਂ ਇਹ ਕੋਈ ਵੀ ਨਹੀਂ ਸੀ ਜਾਣਦਾ ਕਿ ਇੱਕ ਸਧਾਰਨ ਪਰਿਵਾਰ ਦੀ ਅਨਪੜ੍ਹ ਧੀ ਕਿਸੇ ਦਿਨ ਆਜ਼ਾਦੀ ਸੰਗਰਾਮ ਵਿੱਚ ਕੁੱਦ ਕੇ ਆਉਣ ਵਾਲੀਆਂ ਪੀੜ੍ਹੀਆਂ ਲਈ ਪ੍ਰੇਰਨਾ-ਸ੍ਰੋਤ ਵੀ ਬਣੇਗੀ? ਕੀ ਪਤਾ ਸੀ ਉਸਦੇ ਸਹੁਰੇ ਪਰਿਵਾਰ ਵਾਲਿਆਂ ਨੂੰ ਕਿ

ਪਰਦਿਆਂ ਵਿੱਚ ਰਹਿਣ ਵਾਲੀ ਉਨ੍ਹਾਂ ਦੀ ਸਧਾਰਨ ਜਿਹੀ ਨੂੰਹ ਆਪਣੇ ਦੇਸ਼ ਦੀ ਆਜ਼ਾਦੀ ਦੇ ਮਹਾਂ-ਸੰਗਰਾਮ ਵਿੱਚ ਸ਼ਾਮਲ ਹੋ ਕੇ ਅਨੇਕਾ ਘਾਲਣਾਵਾਂ ਘਾਲਦੀ ਹੋਈ ਅੰਤ ਨੂੰ ਗਦਰੀਆਂ ਵਿੱਚ ਸ਼ਾਮਲ ਹੋ ਕੇ ਸ਼ਹੀਦੀ ਦਾ ਜਾਮ ਵੀ ਪੀ ਲਵੇਗੀ? ਭਾਰਤ ਦੇ ਲੋਕ ਉਸਨੂੰ "ਪੰਜਾਬ ਦੀ ਸੀਹਣੀ, ਗੁਲਾਬ ਦਈ ਅਤੇ ਬੀਬੀ ਗੁਲਾਬ ਕੌਰ" ਨਾਮੀ ਵੀਰਾਂਗਣਾ ਦੇ ਤੌਰ ਤੇ ਸਦਾ ਹੀ ਯਾਦ ਕਰਨਗੇ। ਕਿੱਡੀ ਹੈਰਾਨੀ ਵਾਲੀ ਗੱਲ ਹੈ ਕਿ ਆਪਣੇ ਘਰ ਦੀ ਮਾਇਕ ਹਾਲਤ ਨੂੰ ਸੁਧਾਰਨ ਲਈ ਮਨੀਲਾ ਦੀ ਧਰਤੀ 'ਤੇ ਪਤੀ ਨਾਲ ਪੈਸੇ ਕਮਾਉਣ ਗਈ ਗੁਲਾਬ ਕੌਰ ਨੂੰ ਜੀਵਨ ਸਿੰਘ ਦੌਲਾ ਸਿੰਘ ਵਾਲਾ ਅਤੇ ਹਫਜਲ ਅਬਦੁੱਲਾ ਜਿਹੇ ਗਦਰੀਆਂ ਦੇ ਦੇਸ਼ ਪ੍ਰੇਮ ਵਿੱਚ ਦੀ ਅਜਿਹੀ ਛੁਹ ਲੱਗੀ ਕਿ ਉਹ ਹਰ ਕਿਸਮ ਦੇ ਘਰੇਲੂ ਸੁਖ, ਇਥੋਂ ਤੱਕ ਕਿ ਆਪਣੇ ਪਤੀ ਨੂੰ ਵੀ ਤਿਆਗ ਕੇ ਆਪਣੇ ਦੇਸ਼ ਨੂੰ ਅੰਗਰੇਜਾਂ ਤੋਂ ਮੁਕਤ ਕਰਵਾਉਣ ਲਈ ਇਕੱਲੀ ਹੀ ਗਦਰੀਆਂ ਦੇ ਭਰੇ ਜਹਾਜ ਵਿੱਚ ਆ ਸ਼ਾਮਲ ਹੋ ਗਈ ਸੀ। ਉਸਦੇ ਇਸ ਹੌਸਲੇ ਸਦਕਾ ਹੀ ਉਸ ਨੂੰ ਸਾਰੇ ਗਦਰੀਆਂ ਦੀ 'ਭੈਣ' ਹੋਣ ਦਾ ਮਾਣ ਮਿਲਿਆ। ਉਸਦਾ ਆਪਣੇ ਦੇਸ਼ ਨੂੰ ਆਜ਼ਾਦ ਕਰਵਾਉਣ ਦਾ ਸੰਕਲਪ ਇਨਾ ਦ੍ਰਿੜ ਤੇ ਪਰਿਪੱਕ ਸੀ ਕਿ ਜੇਲ੍ਹ ਅੰਦਰ ਅਣਮਨੁੱਖੀ ਤਸੀਹੇ ਝੱਲਦੇ ਸਮੇ ਵੀ ਵਿਦੇਸ਼ੀ ਸਰਕਾਰ ਦਾ ਕੋਈ ਵੀ ਜਾਨਲੇਵਾ ਤਸੀਹਾ ਉਸਦੇ ਮਜ਼ਬੂਤ ਇਰਾਦੇ ਨੂੰ ਕਮਜੋਰ ਨਹੀਂ ਸੀ ਕਰ ਸਕਿਆ।

ਦੂਸਰੀ ਮੈਡਮ ਕਾਮਾ, 'ਭੀਖਾ ਜੀ ਰੁਸਤਮ ਜੀ ਕਾਮਾ' ਬੰਬਈ ਦੇ ਅਮੀਰ ਪਾਰਸੀ ਵਪਾਰੀ ਪਰਿਵਾਰ ਵਿੱਚ ਜਨਮੀ ਹੋਣ ਦੇ ਬਾਵਜੂਦ ਬਚਪਨ ਤੋਂ ਹੀ ਗਰੀਬਾਂ ਦੀ ਮਦਦਗਾਰ ਸੀ। ਜਿਉਂ ਜਿਉਂ ਵੱਡੀ ਹੁੰਦੀ ਗਈ ਉਸਦੀ ਰੁਚੀ ਦੇਸ਼ ਵਿੱਚ ਚੱਲ ਰਹੀਆਂ ਆਜ਼ਾਦੀ ਦੀਆਂ ਲਹਿਰਾਂ ਵੱਲ ਵਧਦੀ ਚਲੀ ਗਈ। ਦਿਮਾਗ ਇਨਾ ਤੇਜ਼ ਸੀ ਕਿ ਸਕੂਲ ਦਾ ਕੰਮ ਕੀਤੇ ਬਿਨਾ ਨਾ ਤਾਂ ਉਹ ਖਾਣਾ ਖਾਂਦੀ ਅਤੇ ਨਾ ਹੀ ਸੌਂਦੀ ਸੀ। ਆਪਣੀ ਜਮਾਤ ਵਿੱਚ ਹਰ ਸਾਲ ਹਰ ਮਜ਼ਮੂਨ ਵਿੱਚੋਂ ਫਸਟ ਆਉਣ ਵਾਲੀ ਕਾਮਾ ਨੂੰ ਵਿਦੇਸ਼ੀ ਭਾਸ਼ਵਾਂ ਸਿੱਖਣ ਦਾ ਵੀ ਬਹੁਤ ਸ਼ੌਕ ਸੀ। ਬੰਬਈ ਦੀ ਗਰੀਬ ਬਸਤੀ ਵਿੱਚ ਫੈਲੀ ਭਿਆਨਕ ਪਲੇਗ ਦੀ ਬਿਮਾਰੀ ਨੇ ਤਾਂ ਉਸਦੀ ਜ਼ਿੰਦਗੀ ਦਾ ਰੁਖ ਹੀ ਬਦਲ ਦਿੱਤਾ ਸੀ। ਵਿਆਹੁਤਾ ਜੀਵਨ ਮਗਰੋਂ ਉਹ ਪਤੀ ਅਤੇ ਸਹੁਰੇ ਪਰਿਵਾਰ ਦੀ ਆਗਿਆ ਦੇ ਵਿਰੁੱਧ ਅਮੀਰ ਘਰਾਣੇ ਦੇ ਬੰਦ ਪਿੰਜਰੇ ਦੀ ਜਿੰਦਗੀ ਤੋਂ ਬਾਹਰ ਜਾ ਕੇ ਗਰੀਬ ਬਿਮਾਰਾਂ ਦੀ ਸੇਵਾ ਕਰਨ ਲਈ ਉਨ੍ਹਾਂ ਦੀਆਂ ਝੁੱਗੀਆਂ-ਝੌਂਪੜੀਆਂ ਵਿੱਚ ਚਲੀ ਗਈ ਸੀ। ਬਿਮਾਰਾਂ ਦੀ ਦਿਨ-ਰਾਤ ਦੇਖ-ਭਾਲ ਕਰਨ ਕਾਰਨ ਭਾਵੇਂ ਉਸਨੂੰ ਆਪ ਵੀ ਪਲੇਗ ਦੀ ਇਨਫੈਕਸ਼ਨ ਹੋ ਗਈ ਪ੍ਰੰਤੂ ਉਹ ਆਪਣੀ ਸਿਹਤ ਦੀ ਪਰਵਾਹ ਨਾ ਕਰਦੇ ਹੋਏ ਫਲੋਰੈਂਸ ਨਾਈਟਿੰਗੇਲ ਦੀ ਤਰ੍ਹਾਂ ਬਿਮਾਰਾਂ ਦੀ ਸੇਵਾ ਹੀ ਕਰਦੀ ਰਹੀ। ਬਿਮਾਰੀ ਦੀ ਹਾਲਤ ਵਿੱਚ ਮਰੀਜਾਂ ਪ੍ਰਤੀ ਨਿਰੰਤਰ ਸੇਵਾ ਨੂੰ ਦੇਖਦਿਆਂ ਡਾਕਟਰਾਂ ਨੂੰ ਉਸ ਦੀ ਸਿਹਤ ਦੀ ਚਿੰਤਾ ਸਤਾਉਣ ਲੱਗੀ ਪਰ ਉਸ ਮਜ਼ਬੂਤ ਔਰਤ ਦੇ ਦ੍ਰਿੜ ਇਰਾਦੇ ਅਤੇ ਲੋਹੇ ਦੀ ਤਰ੍ਹਾਂ ਮਜ਼ਬੂਤ ਮਨੋਬਲ ਕਾਰਨ ਮੌਤ ਵੀ ਉਸ ਤੱਕ ਆਉਣ ਤੋਂ ਡਰਦੀ ਸੀ। ਪਲੇਗ ਵਰਗੀ ਘਾਤਕ ਬਿਮਾਰੀ 'ਤੇ ਉਸਨੇ ਜਿੱਤ ਤਾਂ ਪਾ ਲਈ ਪ੍ਰੰਤੂ ਸਿਹਤ ਤੌਰ ਤੇ ਉਹ ਪਹਿਲਾਂ ਵਰਗੀ ਤੰਦਰੁਸਤ ਨਾ ਹੋ ਸਕੀ। ਡਾਕਟਰਾਂ ਨੇ ਉਸਨੂੰ ਵਿਦੇਸ਼ ਜਾਣ ਦੀ ਸਲਾਹ ਦਿੱਤੀ। ਪਤੀ ਅਤੇ ਬਾਕੀ ਦੇ ਪਰਿਵਾਰਕ ਮੈਂਬਰਾਂ ਨੂੰ ਮੈਡਮ ਕਾਮਾ ਦੇ ਵਿਚਾਰ ਅਤੇ ਵਿਵਹਾਰ ਦੇ ਚੰਗਾ ਨਾ ਲੱਗਣ ਕਾਰਨ ਉਸਦੀ

ਜ਼ਿੰਦਗੀ ਨੇ ਇੱਕ ਬਹੁਤ ਵੱਡਾ ਮੋੜ ਲੈ ਲਿਆ। ਆਖਰ ਪਰਿਵਾਰਕ ਹਾਲਤਾਂ ਤੋਂ ਤੰਗ ਆ ਕੇ ਉਸਨੇ ਆਪਣੇ ਪਤੀ ਦਾ ਘਰ ਛੱਡਣ ਅਤੇ ਦੇਸ਼ ਨੂੰ ਆਜ਼ਾਦ ਕਰਵਾਉਣ ਦੀ ਜੰਗ ਵਿੱਚ ਕੁੱਦਣ ਦਾ ਫੈਸਲਾ ਕਰ ਲਿਆ ਸੀ।

ਇੱਕ ਵਾਰੀ ਘਰੋਂ ਬਾਹਰ ਨਿਕਲੀ ਤਾਂ ਮੁੜ ਕੇ ਘਰ ਨਹੀਂ ਆਈ। ਇੰਗਲੈਂਡ ਪਹੁੰਚਣ ਤੋਂ ਪਹਿਲਾਂ ਉਹ ਜਰਮਨ, ਸਕਾਟਲੈਂਡ ਅਤੇ ਫਰਾਂਸ ਵਿੱਚ ਠਹਿਰੀ ਸੀ। ਜਰਮਨ ਵਿੱਚ ਉਸਦਾ ਓਪਰੇਸ਼ਨ ਕੀਤਾ ਗਿਆ ਜਿਸ ਪਿੱਛੋਂ ਉਹ ਪਹਿਲਾਂ ਵਰਗੀ ਹੀ ਸਿਹਤਮੰਦ ਅਤੇ ਤਾਕਤਵਰ ਹੋ ਗਈ ਸੀ। ਇੰਗਲੈਂਡ ਪਹੁੰਚ ਕੇ ਉਹ ਭਾਰਤੀ ਕ੍ਰਾਂਤੀਕਾਰੀਆਂ ਨਾਲ ਮਿਲ ਗਈ ਅਤੇ ਭਾਰਤ ਨੂੰ ਆਜ਼ਾਦ ਕਰਵਾਉਣ ਲਈ ਆਪਣਾ ਤਨ, ਮਨ, ਧਨ ਅਤੇ ਸਾਰਾ ਜੀਵਨ ਹੀ ਲਗਾ ਦਿੱਤਾ। ਆਪਣੀ ਉਥੇ ਠਹਿਰ ਸਮੇਂ ਉਹ ਬਹੁਤ ਛੇਤੀ ਸਮਝ ਗਈ ਸੀ ਕਿ ਭਾਰਤ ਵਿੱਚ 'ਆਜ਼ਾਦੀ ਦੀ ਜੰਗ' ਬਿਨਾ ਹਥਿਆਰਬੰਦ ਘੋਲਾਂ ਤੋਂ ਜਿੱਤੀ ਨਹੀਂ ਜਾ ਸਕਦੀ। ਇਸੇ ਕਾਰਨ ਉਸਦੇ ਦੇਸ਼ ਦੀ ਆਜ਼ਾਦੀ ਲਈ ਕੀਤੇ ਜਾਂਦੇ ਹਰ ਪ੍ਰਕਾਰ ਦੇ ਯਤਨਾਂ ਤੋਂ ਬਰਤਾਨਵੀ ਸਰਕਾਰ ਹਿਲ ਗਈ ਸੀ। ਸਨ 1907 ਵਿੱਚ ਜਰਮਨ ਦੇ ਸ਼ਹਿਰ ਸਟੁੱਟਗਾਰਟ ਵਿੱਚ ਹੋਈ ਕੌਮਾਂਤਰੀ ਸੋਸ਼ਲਿਸਟ ਕਾਨਫਰੰਸ ਵਿੱਚ ਉਸਨੇ ਆਜ਼ਾਦ ਭਾਰਤ ਦਾ ਤਿਰੰਗਾ ਝੰਡਾ ਲਹਿਰਾ ਦਿੱਤਾ ਅਤੇ ਆਪਣੀ ਗੂੰਜਦੀ ਆਵਾਜ਼ ਨਾਲ ਕਾਨਫਰੰਸ ਵਿੱਚ ਹਾਜਰ ਡੈਲੀਗੇਟਾਂ ਨੂੰ ਆਜ਼ਾਦ ਭਾਰਤ ਦੇ ਝੰਡੇ ਨੂੰ ਮਾਨਤਾ ਦੇਣ ਅਤੇ ਸਲਾਮ ਕਰਨ ਲਈ ਮਜਬੂਰ ਕਰ ਦਿੱਤਾ ਸੀ। ਇਸ ਤਰ੍ਹਾਂ ਉਹ ਪਹਿਲੀ ਭਾਰਤੀ ਇਸਤਰੀ ਸੀ ਜਿਸ ਨੇ ਵਿਦੇਸਾਂ ਵਿੱਚ ਆਜ਼ਾਦ ਭਾਰਤ ਦਾ ਤਿਰੰਗਾ ਝੰਡਾ ਲਹਿਰਾਇਆ ਸੀ। ਉਸਦੀ ਲੋਕਾਂ ਅੰਦਰ ਵੱਧ ਰਹੀ ਹਰਮਨ ਪਿਆਰਤਾ ਤੋਂ ਘਬਰਾ ਕੇ ਅੰਗਰੇਜ ਸਰਕਾਰ ਉਸਦੀ ਜਾਨ ਦੀ ਪਿਆਸੀ ਹੋ ਗਈ ਸੀ ਜਿਸ ਕਾਰਨ ਬਰਤਾਨਵੀ ਸਰਕਾਰ ਵਲੋਂ ਅੰਦਰ ਹੀ ਅੰਦਰ ਉਸ ਨੂੰ ਗ੍ਰਿਫਤਾਰ ਕਰਨ ਦੀਆਂ ਸਕੀਮਾਂ ਵੀ ਬਣਾਈਆਂ ਗਈਆਂ ਸਨ। ਆਪਣੀ ਗ੍ਰਿਫਤਾਰੀ ਦੀ ਸੂਹ ਮਿਲਣ 'ਤੇ ਉਹ ਆਪਣੇ ਬਚਾਓ ਲਈ ਲੰਡਨ ਛੱਡ ਕੇ ਪਹਿਲਾਂ ਅਮਰੀਕਾ ਫਿਰ ਫਰਾਂਸ ਵਿੱਚ ਚਲੀ ਗਈ ਸੀ। ਅਮਰੀਕਾ ਵਿੱਚ ਰਹਿੰਦਿਆਂ ਉਸਨੇ ਆਪਣੇ ਭਰਵੇ ਇਕੱਠਾਂ ਵਿੱਚ ਲੋਕਾਂ ਨੂੰ ਸੰਬੋਧਨ ਕਰਦਿਆਂ ਭਾਰਤ ਵਿੱਚ ਬਰਤਾਨਵੀ ਸਰਕਾਰ ਵਲੋਂ ਲੋਕਾਂ ਉਪਰ ਕੀਤੇ ਜਾਂਦੇ ਅਣਮਨੁੱਖੀ ਤਸ਼ੱਦਦ ਵਾਰੇ ਉਨ੍ਹਾਂ ਦੇ ਭਿਆਨਕ ਚਿਹਰਿਆਂ ਨੂੰ ਨੰਗਾ ਵੀ ਕੀਤਾ ਸੀ। ਉਸਨੇ ਆਪਣੇ ਦੇਸ਼ ਦੀ ਆਜ਼ਾਦੀ ਪ੍ਰਾਪਤੀ ਲਈ ਫਰਾਂਸ ਅਤੇ ਰੂਸ ਦੀ ਕ੍ਰਾਂਤੀ ਨੂੰ ਨੇੜੇ ਤੋਂ ਦੇਖਿਆ ਅਤੇ ਸਮਝਿਆ ਸੀ। ਉਥੇ ਹੀ ਰਹਿੰਦੇ ਹੋਏ ਰੂਸ ਦੇ ਮਹਾਨ ਇਨਕਲਾਬੀ ਲੀਡਰਾਂ- ਵੀ. ਆਈ. ਲੈਨਿਨ ਅਤੇ ਮੈਕਸਿਮ ਗੋਰਕੀ ਨਾਲ ਸੰਪਰਕ ਵੀ ਕੀਤੇ ਅਤੇ ਇਹ ਵੀ ਜਾਣ ਲਿਆ ਸੀ ਕਿ ਭਾਰਤ ਦੀ ਆਜ਼ਾਦੀ ਦੀ ਜੰਗ ਲਈ ਵੀ ਹਥਿਆਰਬੰਦ ਜੰਗ ਦੀ ਹੀ ਜਰੂਰਤ ਹੈ। ਉਸਨੇ ਉਥੇ ਰਹਿੰਦੇ ਹੀ ਭਾਰਤੀ ਗਦਰੀਆਂ ਨਾਲ ਸੰਪਰਕ ਕੀਤਾ ਅਤੇ ਉਨ੍ਹਾਂ ਰਾਹੀਂ ਭਾਰਤੀ ਗਦਰੀਆਂ ਵਾਸਤੇ ਸਾਹਿਤ ਅਤੇ ਹਥਿਆਰ ਪਹੁੰਚਾਉਣ ਦਾ ਕੰਮ ਵੀ ਕੀਤਾ।

ਤੀਸਰੀ ਵੀਰਾਂਗਣਾ-ਮਹਾਨ ਕ੍ਰਾਂਤੀਕਾਰੀ ਦੁਰਗਾ ਭਾਬੀ, ਇੱਕ ਸ਼ਰਮੀਲੀ, ਭੋਲੀ-ਭਾਲੀ ਲੜਕੀ ਸੀ ਜਿਸਦਾ ਵਿਆਹ ਛੋਟੀ ਉਮਰ ਵਿੱਚ ਹੀ ਭਗਵਤੀਚਰਨ ਵੋਹਰਾ ਨਾਲ ਹੋ ਗਿਆ। ਭਗਵਤੀ ਚਰਨ ਵੋਹਰਾ ਜੋ ਖੁਦ ਬਚਪਨ ਤੋਂ ਹੀ ਦੇਸ਼-

ਪ੍ਰੇਮ ਵਿੱਚ ਰੰਗਿਆ ਹੋਇਆ ਸੀ ਦੇ ਨਾਲ ਵਿਆਹ ਹੋ ਜਾਣ ਕਾਰਨ ਦੁਰਗਾ ਨੂੰ ਪਤਾ ਹੀ ਨਹੀਂ ਲੱਗਿਆ ਕਿ ਕਦੋਂ ਉਹ ਇੱਕ ਆਗਿਆਕਾਰੀ ਬਹੂ ਤੋਂ ਇੱਕ ਕ੍ਰਾਂਤੀਕਾਰੀ ਸਾਥੀ ਵਿੱਚ ਬਦਲ ਗਈ ਸੀ। ਉਸਨੇ ਭਗਵਤੀ ਦੇ ਸਾਥ ਨਾਲ ਆਪਣੀ ਅੱਧਵਾਟੇ ਰਹਿ ਗਈ ਪੜ੍ਹਾਈ ਵੀ ਪੂਰੀ ਕੀਤੀ ਅਤੇ ਕ੍ਰਾਂਤੀਕਾਰੀ ਲਹਿਰ ਨੂੰ ਵੀ ਅੱਗੇ ਵਧਾਉਣ ਵਿੱਚ ਹਰ ਤਰ੍ਹਾਂ ਨਾਲ ਮਦਦ ਹੀ ਨਹੀਂ ਕੀਤੀ ਬਲਕਿ ਆਪ ਉਸ ਲਹਿਰ ਪ੍ਰਤੀ ਸਮੱਰਪਤ ਹੋ ਗਈ। ਹਰ ਕਦਮ ਤੇ ਪਤੀ ਦਾ ਸਾਥ ਨਿਭਾਉਂਦੇ ਹੋਏ ਉਸਨੇ ਆਪਣੇ ਘਰ ਨੂੰ ਕ੍ਰਾਂਤੀਕਾਰੀਆਂ ਦੀ ਠਹਿਰ ਹੀ ਬਣਾ ਦਿੱਤਾ ਸੀ। ਇਸ ਦੇ ਨਾਲ ਹੀ ਉਨ੍ਹਾਂ ਦੀਆਂ ਕ੍ਰਾਂਤੀਕਾਰੀ ਲੋੜਾਂ ਅਤੇ ਜ਼ਿੰਮੇਵਾਰੀਆਂ ਦੀ ਸਾਂਭ-ਸੰਭਾਲ ਦਾ ਭਾਰ ਵੀ ਉਠਾਉਣ ਲੱਗ ਪਈ। ਇਸ ਅਪਣੱਤਵ ਅਤੇ ਕੁਰਬਾਨੀਆਂ ਨੇ ਦੁਰਗਾ ਦੇਵੀ ਨੂੰ ਭਗਤ ਸਿੰਘ ਅਤੇ ਉਸਦੇ ਸਾਥੀ ਕ੍ਰਾਂਤੀਕਾਰੀਆਂ ਦੀ ਦੁਰਗਾ ਭਾਬੀ ਬਣਾ ਦਿੱਤਾ। ਇਹ ਉਹੋ ਦੁਰਗਾ ਭਾਬੀ ਸੀ ਜਿਸ ਨੇ ਲੋੜ ਪੈਣ ਤੇ ਸ਼ਹੀਦੇ-ਆਜ਼ਮ ਭਗਤ ਸਿੰਘ ਦੀ ਪਤਨੀ ਬਣ ਕੇ ਉਸਨੂੰ ਪੁਲਿਸ ਤੋਂ ਬਚਾਉਣ ਲਈ ਲਹੌਰ ਤੋਂ ਕਲਕੱਤੇ ਪਹੁੰਚਾਇਆ ਸੀ। ਇਹ ਦੁਰਗਾ ਭਾਬੀ ਹੀ ਸੀ ਜਿਸਨੇ ਸਰਦਾਰ ਭਗਤ ਸਿੰਘ ਨੂੰ ਜੇਲ੍ਹ ਵਿੱਚੋਂ ਛੁਡਵਾਉਣ ਲਈ ਸ਼ਹੀਦ ਭਗਵਤੀਚਰਨ ਦੀ ਅਧੂਰੀ ਰਹਿ ਗਈ ਜ਼ਿੰਮੇਵਾਰੀ ਨੂੰ ਵੀ ਪੂਰੀ ਕਰਨ ਲਈ ਪਤੀ ਦੀ ਮੌਤ ਦੇ ਅਸਿਹ ਗਮ ਨੂੰ ਆਪਣੇ ਅੰਦਰ ਦਫਨ ਕਰਕੇ ਆਪ ਅੱਗੇ ਆਈ ਸੀ। ਇਸ ਤੋਂ ਪਹਿਲਾਂ ਦੁਰਗਾ ਭਾਬੀ ਨੇ ਦੇਸ਼ ਦੀ ਆਜ਼ਾਦੀ ਲਈ ਮਰ-ਮਿਟਣ ਦੇ ਜਜ਼ਬੇ ਦੀ ਬੁਲੰਦੀਆਂ ਛੂੰਹਦੀ ਹੋਈ ਨੇ ਉਦੋਂ ਇੱਕ ਮਿਸਾਲ ਕਾਇਮ ਕਰ ਦਿੱਤੀ ਸੀ ਜਦੋਂ ਉਸਨੇ ਭਗਵਤੀਚਰਨ ਵੋਹਰਾ ਦੀ ਰਾਵੀ ਦੇ ਕਿਨਾਰੇ ਬੰਬ ਟੈਸਟ ਕਰਨ ਗਏ ਦੀ ਹੋਈ ਅਚਾਨਕ ਮੌਤ ਪਿੱਛੋਂ ਆਪਣੇ ਕ੍ਰਾਂਤੀਕਾਰੀ ਸਾਥੀਆਂ ਨੂੰ ਹਰਲ ਹਰਲ ਫਿਰਦੀ ਪੁਲਿਸ ਦੇ ਹੱਥ ਆਉਣ ਤੋਂ ਬਚਾਉਣ ਲਈ ਆਪਣੇ ਹੰਝੂਆਂ ਨੂੰ ਵੀ ਵਹਿਣ ਤੋਂ ਰੋਕ ਲਿਆ ਸੀ।

ਚੌਥੀ ਵੀਰਾਂਗਣਾ ਕੈਪਟਨ ਲਕਸ਼ਮੀ ਸਹਿਗਲ--ਇੱਕ ਅਮੀਰ ਘਰਾਣੇ ਵਿੱਚ ਜੰਮੀ ਪਲੀ ਲਕਸ਼ਮੀ ਸਵਾਮੀਨਾਥਨ ਆਪਣੇ ਸਕੂਲ ਦੇ ਸਮੇਂ ਤੋਂ ਹੀ ਜਿੱਥੇ ਦੂਸਰਿਆਂ ਦੀ ਮਦਦ ਕਰਨ ਦਾ ਜਜ਼ਬਾ ਰੱਖਦੀ ਸੀ ਉਥੇ ਉਸ ਸਮੇਂ ਚੱਲ ਰਹੀਆਂ ਦੇਸ਼ ਦੀ ਆਜ਼ਾਦੀ ਸਬੰਧੀ ਲਹਿਰਾਂ ਵਿੱਚ ਵੀ ਸਰਗਰਮੀਆਂ ਕਰਦੀ ਆ ਰਹੀ ਸੀ। ਉਸ ਦੀ ਰਾਜਨੀਤਕ ਵਿਚਾਰਧਾਰਾ ਬਿਲਕੁਲ ਸਾਫ, ਪਰਿਪੱਕ ਅਤੇ ਅਗਾਂਹਵਧੂ ਸੀ। ਮੈਡੀਕਲ ਕਾਲਜ ਵਿੱਚ ਆਪਣੀ ਡਾਕਟਰੀ ਦੀ ਪੜ੍ਹਾਈ ਦੇ ਅਖੀਰਲੇ ਸਾਲ ਲਕਸ਼ਮੀ ਨੇ ਇੱਕ ਪਾਇਲਟ ਨਾਲ ਵਿਆਹ ਕਰਵਾ ਲਿਆ ਜਿਹੜਾ 'ਟਾਟਾ ਏਅਰਵੇਜ' ਵਿੱਚ ਨੌਕਰੀ ਕਰਦਾ ਸੀ। ਉਸਦਾ ਉਹ ਵਿਆਹ ਦੋ ਸਾਲ 1938 ਤੋਂ 1940 ਤੱਕ ਬਣਿਆ ਰਿਹਾ। ਲਕਸ਼ਮੀ ਅਨੁਸਾਰ " ਉਹ ਇੱਕ ਬਹੁਤ ਹੀ 'ਤਾਨਾਸ਼ਾਹ ' ਪਤੀ ਸੀ ਅਤੇ ਇਸਦੇ ਇਲਾਵਾ ਮੇਰੇ ਕਿਸੇ ਵੀ ਵਿਚਾਰ ਨਾਲ ਸਹਿਮਤ ਨਹੀਂ ਸੀ।" ਉਸ ਨੇ ਆਪਣਾ ਰਾਜਨੀਤਕ ਜੀਵਨ ਨਾਂ-ਮਿਲਵਰਤਨ ਅੰਦੋਲਨ ਵਿੱਚ ਆਪਣੀ ਸਕੂਲ ਦੀ ਸਹਿਪਾਠੀਆਂ ਦੀ ਅਗਵਾਈ ਕਰਦੇ ਹੋਏ ਵਿਦੇਸ਼ੀ ਵਸਤਾਂ ਦਾ ਬਾਈਕਾਟ ਕਰਨ ਨਾਲ ਸ਼ੁਰੂ ਕੀਤਾ ਸੀ। ਇਸ ਦੇ ਨਾਲ ਹੀ ਉਸਨੇ ਇਹ ਸਮਝਦੇ ਹੋਏ ਕਿ ਆਜ਼ਾਦ ਭਾਰਤ ਦੇ ਨਿਰਮਾਣ ਲਈ ਪੜ੍ਹੇ ਲਿਖੇ, ਕਿੱਤਾ ਮਹਾਰਤ ਪ੍ਰਾਪਤ ਨੌਜਵਾਨਾਂ ਦੀ ਲੋੜ ਪਵੇਗੀ, ਇਸ ਲਈ ਉਸਨੇ ਮਹਾਤਮਾ ਗਾਂਧੀ ਦੇ ਨਾ-ਮਿਲਵਰਤਨ ਅੰਦੋਲਨ ਸਮੇਂ

ਵਿਦਿਆਰਥੀਆਂ ਨੂੰ ਸਕੂਲ, ਕਾਲਜ ਛੱਡਣ ਦੇ ਦ੍ਰਿਸ਼ਟੀਕੋਣ ਦਾ ਵਿਰੋਧ ਵੀ ਕੀਤਾ ਸੀ।

ਕੈਪਟਨ ਲਕਸ਼ਮੀ ਸਹਿਗਲ ਨੇ ਆਪਣੀ ਚੜ੍ਹਦੀ ਜਵਾਨੀ ਸਮੇਂ ਹੀ ਈਗਰ ਸਨੋ ਦੀ ਪੁਸਤਕ " ਰੈਡ ਸਟਾਰ ਓਵਰ ਚਾਈਨਾ" ਨੂੰ ਪੜ੍ਹਨ ਕਾਰਨ ਸਮਾਜਵਾਦ ਦੇ ਅਸਲ ਅਰਥਾਂ ਨੂੰ ਵੀ ਸਮਝ ਲਿਆ ਸੀ। ਇਸ ਤੋਂ ਇਲਾਵਾ ਹੋਰ ਜਿਨ੍ਹਾਂ ਲੋਕਾਂ ਨੇ ਉਸਨੂੰ ਪ੍ਰਭਾਵਤ ਕੀਤਾ ਉਨ੍ਹਾਂ ਵਿੱਚ ਇਕ " ਸਰੋਜਨੀ ਨਾਈਡੋ" ਦੀ ਛੋਟੀ ਭੈਣ "ਕਾਮਰੇਡ ਸੁਹਾਸ਼ਨੀ ਚਟੋਪਾਧਿਆਏ" ਵੀ ਸੀ। ਮਾਨਵਤਾਵਾਦੀ ਵੀਰਾਂਗਣਾ ਕੈਪਟਨ ਲਕਸ਼ਮੀ ਸਹਿਗਲ ਆਪਣਾ ਪੂਰਾ ਜੀਵਨ ਮਾਨਵਤਾ ਦੀ ਸੇਵਾ ਕਰਦੇ, ਦੇਸ਼ ਦੀ ਆਜ਼ਾਦੀ ਲਈ ਲੜਦੇ, ਦੇਸ਼ ਉਤੇ ਆਈ ਹਰ ਕਿਸਮ ਦੀ ਭੀੜ ਸਮੇਂ ਸਭ ਤੋਂ ਅੱਗੇ ਹੋ ਕੇ ਸੇਵਾ ਕਰਦੇ ਨਜ਼ਰ ਆਉਂਦੀ ਰਹੀ। ਉਨ੍ਹਾਂ ਦੀ ਇਹ ਬਹੁਤ ਵੱਡੀ ਖਾਸੀਅਤ ਸੀ ਕਿ ਜਿਸ ਕੰਮ ਨੂੰ ਕਰਨ ਲਈ ਠਾਣ ਲੈਂਦੀ ਉਹ ਕੰਮ ਕਿੰਨਾ ਹੀ ਮੁਸ਼ਕਲ ਕਿਉਂ ਨਾ ਹੁੰਦਾ ਉਹ ਉਸਨੂੰ ਕਰ ਕੇ ਹੀ ਹਟਦੀ ਸੀ। ਉਸ ਦਾ ਆਪਣੇ ਉਪਰ ਅਥਾਹ ਵਿਸ਼ਵਾਸ, ਬੇਸ਼ੁਮਾਰ ਹੌਸਲਾ ਅਤੇ ਔਕੜਾਂ ਨਾਲ ਟਕਰਾਉਣ ਦਾ ਜਜ਼ਬਾ ਕੁੱਟ ਕੁੱਟ ਕੇ ਭਰਿਆ ਹੋਇਆ ਸੀ। ਦੇਸ਼ ਦੀ ਵੰਡ ਸਮੇ ਸ਼ਰਨਾਰਥੀਆਂ ਦੇ ਪੁਨਰਵਾਸ ਲਈ, ਬੰਗਲਾ ਦੇਸ਼ ਤੋਂ ਉਜੜ ਕੇ ਆਏ ਸ਼ਰਨਾਰਥੀਆਂ ਦੇ ਰਾਹਤ ਕੈਂਪ ਵਿੱਚ ਉਨ੍ਹਾਂ ਦੀ ਸੇਵਾ ਲਈ, ਭੁਪਾਲ ਗੈਸ ਕਾਂਡ ਦੇ ਪੀੜਤਾਂ ਦੀ ਹਰ ਤਰ੍ਹਾਂ ਦੀ ਮਦਦ ਕਰਨ ਲਈ, ਗੱਲ ਕੀ ਦੇਸ਼ ਦੇ ਕਿਸੇ ਕੋਨੇ ਵਿੱਚ ਜਦੋਂ ਵੀ ਪੀੜ੍ਹਤ ਮਾਨਵਤਾ ਦੀ ਸਹਾਇਤਾ ਲਈ ਜ਼ਰੂਰਤ ਹੋਈ ਕੈਪਟਨ ਲਕਸ਼ਮੀ ਸਹਿਗਲ ਨੇ ਦਵਾਈਆਂ, ਕੱਪੜੇ ਅਤੇ ਖਾਧ-ਸਮੱਗਰੀ ਨਾਲ ਅੱਗੇ ਹੋ ਕੇ ਸਭ ਦੀ ਸੇਵਾ ਕੀਤੀ। ਅਖਿਲ ਭਾਰਤੀ ਜਨਵਾਦੀ ਇਸਤਰੀ ਸਭਾ-ਐਡਵਾ- ਦੀ ਸੰਸਥਾਪਕ ਮੈਂਬਰ ਅਤੇ ਖੱਬੇ, ਜਮਹੂਰੀ ਅਤੇ ਧਰਮ-ਨਿਰਪੱਖ ਸਾਂਝੇ ਮੋਰਚੇ ਵਲੋਂ ਕਮਿਊਨਿਸਟ ਪਾਰਟੀ ਮਾਰਕਸਵਾਦੀ ਦੀ ਭਾਰਤੀ ਰਾਸ਼ਟਰਪਤੀ ਲਈ ਪਹਿਲੀ ਇਸਤਰੀ ਉਮੀਦਵਾਰ ਹੋਣ ਦਾ ਸਨਮਾਨ ਪ੍ਰਾਪਤ ਕੈਪਟਨ ਲਕਸ਼ਮੀ ਸਹਿਗਲ ਸਦਾ ਯਾਦ ਕੀਤੀ ਜਾਵੇਗੀ।

ਗਦਰ ਪਾਰਟੀ ਦੀ 'ਸਥਾਪਨਾ ਸ਼ਤਾਵਦੀ' ਦੇ ਇਤਿਹਾਸਕ ਵਰ੍ਹੇ ਸਮੇਂ ਇਨ੍ਹਾਂ ਚਾਰ ਦੇਸ਼ ਭਗਤ, ਆਜ਼ਾਦੀ ਦੀ ਦਿਵਾਨੀਆਂ ਅਤੇ ਲਾ-ਮਿਸਾਲ ਕੁਰਬਾਨੀਆਂ, ਆਦਰਸ਼ਾਂ ਅਤੇ ਜਜ਼ਬਿਆਂ ਭਰਪੂਰ ਕ੍ਰਾਂਤੀਕਾਰੀ ਵੀਰਾਂਗਣਾਂ ਦੀਆਂ ਜੀਵਨੀਆਂ ਨੂੰ ਯਾਦ ਕਰਨ ਲਈ ਇਹ ਪੁਸਤਕ ਪਾਠਕਾਂ ਦੇ ਦ੍ਰਿਸ਼ਟੀ-ਗੋਚਰ ਕੀਤੀ ਜਾ ਰਹੀ ਹੈ।

ਮੇਰੀ ਇਸ ਘਾਲਣਾ ਵਿੱਚ ਮਦਦ ਕਰਨ ਲਈ ਧਨਵਾਦ ਕਰਦੀ ਹਾਂ 'ਗਦਰੀਆਂ ਦੇ ਮੁਨਸ਼ੀ' ਪ੍ਰੋਫੈਸਰ ਮਾਲਵਿੰਦਰਜੀਤ ਸਿੰਘ ਵੜੈਚ ਦਾ ਜਿਨ੍ਹਾਂ ਨੇ ਆਪਣੇ ਕੀਮਤੀ ਸਮੇਂ ਵਿੱਚੋ ਕੁੱਝ ਵਕਤ ਕੱਢ ਕੇ ਮੈਨੂੰ ਗਦਰੀ ਗੁਲਾਬ ਕੌਰ ਸਬੰਧੀ ਕਾਫੀ ਜਾਣਕਾਰੀ ਦਿੱਤੀ।

ਲਿਖਣ ਤੋਂ ਪਿੱਛੋਂ ਇਕ ਤਾਂਘ ਮੇਰੇ ਮਨ ਵਿੱਚ ਕੰਡੇ ਦੀ ਤਰ੍ਹਾਂ ਚੁਭਣ ਲੱਗੀ, ਉਹ ਇਹ ਕਿ ਕਿਸੇ ਵੀ ਤਰ੍ਹਾਂ ਇਸ ' ਪੰਜਾਬ ਦੀ ਸ਼ੇਰਨੀ' ਵਾਰੇ ਵਧੀਕ ਜਾਣਕਾਰੀ ਲੈਣ ਵਾਰੇ 'ਪਿੰਡ ਨੌਧ ਸਿੰਘ ਵਾਲਾ' ਜਿੱਥੇ ਰਹਿ ਕੇ ਉਸਨੇ ਆਪਣੀਆਂ ਸਾਰੀਆਂ ਗਤੀਵਿਧੀਆਂ ਨੂੰ ਅੰਜਾਮ ਦਿੱਤਾ ਅਤੇ ਅੰਤਮ ਸਵਾਸ ਵੀ ਪੂਰੇ ਕੀਤੇ ਸਨ, ਜਾ ਕੇ ਦੇਖਿਆ ਜਾਵੇ। ਮੈਂ ਧਨਵਾਦ ਕਰਦੀ ਹਾਂ ਜਗਜੀਤ ਸਿੰਘ ਮੁਕੇਰੀਆਂ, ਸੀਨੀਅਰ

ਪੱਤਰਕਾਰ ਦਾ ਜਿਸ ਨੇ ਆਪਣਾ ਕੀਮਤੀ ਸਮਾ ਮੇਰੇ ਨਾਲ ਪਿੰਡ ਕੋਟਲਾ ਨੌਧ ਸਿੰਘ ਜਾਣ ਲਈ ਦਿੱਤਾ।

ਧਨਵਾਦ ਕਰਦੀ ਹਾਂ ਕਾਮਰੇਡ ਜਰਨੈਲ ਸਿੰਘ ਦਾ ਜਿਹੜਾ ਗਦਰੀ ਬਾਬਾ ਸ਼ਿਵ ਸਿੰਘ ਦਾ ਪੋਤਾ ਹੈ, ਜਿਸ ਨੇ ਬਾਬਾ ਸਿਵ ਸਿੰਘ, ਭਾਈ ਅਮਰ ਸਿੰਘ, ਹਰਨਾਮ ਸਿੰਘ ਟੁੰਡੀਲਾਟ ਆਦਿ ਤੋਂ ਸੁਣ ਕੇ ਅਤੇ ਲਿਖ ਕੇ ਆਪਣੇ ਪਾਸ ਰੱਖੀਆਂ ਹੋਈਆ ਕੁੱਝ 'ਬੀਬੀ ਗੁਲਾਬ ਕੌਰ ਸਬੰਧੀ ਯਾਦਾਂ' ਮੇਰੇ ਨਾਲ ਸਾਂਝੀਆਂ ਕੀਤੀਆਂ। ਅਤੇ ਪੂਰੇ ਦਾਅਵੇ ਨਾਲ ਬੀਬੀ ਗੁਲਾਬ ਕੌਰ ਦੀ ਮਰਨ ਦੀ ਸਹੀ ਤਾਰੀਖ ਵਾਰੇ ਜਾਣਕਾਰੀ ਵੀ ਦਿੱਤੀ।

-ਤਾਰਾ ਸ਼ਰਮਾ

ਤਤਕਰਾ

ਗਦਰੀ ਬੀਬੀ ਗੁਲਾਬ ਕੌਰ



ਬੀਬੀ ਗੁਲਾਬ ਕੌਰ ਦਾ ਜਨਮ ਇੱਕ ਕਿਸਾਨ ਪਰਿਵਾਰ ਵਿੱਚ ਲੱਗਭਗ 1890 ਵਿੱਚ ਰਿਆਸਤ ਪਟਿਆਲਾ ਦੇ ਪਿੰਡ ਬਖਸ਼ੀਵਾਲਾ, ਹੁਣ ਦੇ ਜਿਲ੍ਹਾ ਸੰਗਰੂਰ ਵਿਖੇ ਹੋਇਆ ਸੀ। ਇਹ ਇਲਾਕਾ ਰਿਆਸਤੀ ਹੋਣ ਕਾਰਨ ਇੱਥੇ ਜਗੀਰੂ-ਲੁੱਟ ਬਹੁਤ ਹੁੰਦੀ ਸੀ। ਗੁਲਾਬ ਕੌਰ ਆਪਣੇ ਪਰਿਵਾਰ ਵਿੱਚ ਇਕੱਲੀ ਹੀ ਲੜਕੀ ਸੀ। ਅੰਗਰੇਜ਼ ਸਰਕਾਰ ਦੀਆਂ ਪੂੰਜੀਵਾਦੀ ਨੀਤੀਆਂ ਦੇ ਚੱਲਦੇ ਬਾਕੀ ਕਿਸਾਨ ਪਰਿਵਾਰਾਂ ਦੀ ਤਰ੍ਹਾਂ ਇਹ ਪਰਿਵਾਰ ਵੀ ਬੜੀਆਂ ਹੀ ਆਰਥਿਕ ਥੁੜਾਂ ਵਾਲਾ ਪਰਿਵਾਰ ਸੀ। ਕਿਸਾਨ ਦਿਨੋ ਦਿਨ ਵੱਧ ਰਹੀ ਮੰਦਹਾਲੀ ਵਿੱਚ ਫਸਦਾ ਹੀ ਜਾ ਰਿਹਾ ਸੀ। ਉਨ੍ਹਾਂ ਵੇਲਿਆਂ ਵਿੱਚ ਘਰ ਦੇ ਜੀਆਂ ਨੂੰ ਖਾਣ ਲਈ ਰੋਟੀ ਦੀ ਚਿੰਤਾ ਘੁਣ ਦੀ ਤਰ੍ਹਾਂ ਖਾਈ ਜਾ ਰਹੀ ਸੀ। ਗਰੀਬੀ, ਅਨਪੜ੍ਹਤਾ ਅਤੇ ਅਗਿਆਨਤਾ ਕਾਰਨ ਬੱਚਿਆਂ ਨੂੰ ਬਚਪਨ ਵਿੱਚ ਹੀ ਘਰ ਦੇ ਕੰਮਾਂ-ਲੜਕਿਆਂ ਨੂੰ ਬਾਪ ਦੇ ਨਾਲ ਕੰਮ ਵਿੱਚ ਅਤੇ ਲੜਕੀਆਂ ਨੂੰ ਮਾਂ ਦੇ ਨਾਲ ਘਰ ਦੇ ਕੰਮਾਂ-ਕਾਰਾਂ ਵਿੱਚ ਹੀ ਲਗਾ ਲਿਆ ਜਾਂਦਾ ਸੀ। ਘਰ ਹੀ ਉਨ੍ਹਾਂ ਦੀ ਸਿੱਖਿਆ ਦਾ ਕੇਂਦਰ ਹੁੰਦੇ ਸਨ ਅਤੇ ਇਸੇ ਤਰ੍ਹਾਂ ਲੜਕੇ ਖੇਤੀ ਜਾਂ ਦੂਸਰਾ ਹੱਥੀਂ ਕੰਮ ਕਰਨ ਦਾ ਜੱਦੀ ਧੰਦਾ ਅਪਣਾਉਂਦੇ ਵੱਡੇ ਹੁੰਦੇ ਤੇ ਲੜਕੀਆਂ ਘਰ ਦੇ ਕੰਮਾਂ ਵਿੱਚ ਹੱਥ ਵਟਾਉਂਦੀਆਂ ਹੀ ਜਵਾਨ ਹੋ ਜਾਂਦੀਆਂ ਤੇ ਫਿਰ ਉਹ ਪੂਰਾ ਘਰ ਹੀ ਸੰਭਾਲਣ ਲਗ ਜਾਂਦੀਆਂ ਸਨ।

ਆਜ਼ਾਦੀ ਪ੍ਰਾਪਤੀ ਤੋਂ ਪਹਿਲਾਂ ਆਮ ਤੌਰ ਤੇ ਪਿੰਡਾਂ ਵਿੱਚ ਪੜ੍ਹਾਈ ਦਾ ਕੋਈ ਪੱਕਾ-ਠੱਕਾ ਪ੍ਰਬੰਧ ਨਹੀਂ ਸੀ ਹੁੰਦਾ ਹੀ। ਇਲਾਕੇ ਵਿੱਚ ਅੱਠ-ਦਸ ਕੋਹਾਂ ਦੇ ਫਾਸਲੇ ਤੇ ਕਿਸੇ ਦੂਰ-ਦੁਰਾਡੇ ਦੇ ਪਿੰਡ ਵਿੱਚ ਪ੍ਰਾਇਮਰੀ ਸਕੂਲ ਹੋਣੇ। ਕਿਤੇ ਕਿਤੇ ਮਿਡਲ ਸਕੂਲ ਵੀ ਹੋਣੇ ਉਹ ਵੀ ਲੜਕਿਆਂ ਲਈ ਹੀ ਹੁੰਦੇ ਸਨ। ਲੜਕੀਆਂ ਦੇ ਅਲੱਗ ਸਕੂਲਾਂ ਦੀ ਤਾਂ ਬਹੁਤ ਅਣਹੋਂਦ ਹੀ ਸੀ ਅਤੇ ਮਾਪੇ ਵੀ ਆਪਣੀਆਂ ਧੀਆਂ ਨੂੰ ਪੜ੍ਹਨ

ਲਈ ਲੜਕਿਆਂ ਵਾਲੇ ਸਕੂਲਾਂ ਵਿੱਚ ਨਹੀਂ ਸਨ ਭੇਜਦੇ ਅਤੇ ਨਾ ਹੀ ਉਨ੍ਹਾਂ ਨੂੰ ਕੋਈ ਸਕੂਲੀ ਸਿਖਿਆ ਦਵਾਉਣੀ ਜਰੂਰੀ ਸਮਝਿਆ ਜਾਂਦਾ ਸੀ। ਵੱਡੇ ਸ਼ਹਿਰਾਂ ਵਿੱਚ ਵੀ ਇੱਕਾ-ਦੁੱਕਾ ਸਕੂਲ ਹੁੰਦੇ ਤਾਂ ਸਨ ਪ੍ਰੰਤੂ ਉਨ੍ਹਾਂ ਤੱਕ ਪਹੁੰਚ ਕਰਨੀ ਆਮ ਬੰਦੇ ਦੇ ਵਸ ਦੀ ਗੱਲ ਨਹੀਂ ਸੀ ਹੁੰਦੀ। ਉਥੇ ਵੀ ਲੜਕਿਆਂ ਨੂੰ ਤਾਂ ਅੱਗੇ ਕੋਈ ਖਾਂਦਾ ਪੀਂਦਾ ਘਰ ਪੜ੍ਹਾ ਵੀ ਲੈਂਦਾ ਸੀ ਪ੍ਰੰਤੂ ਆਮ ਘਰਾਂ ਦੇ ਲੜਕੇ ਵੀ ਪੜ੍ਹਾਈ ਪੱਖੋਂ ਸੱਖਣੇ ਹੀ ਰਹਿੰਦੇ ਸਨ। ਸਮਾਜ ਵਿੱਚ ਅਨਪੜ੍ਹਤਾ ਅਤੇ ਅਗਿਆਨਤਾ ਪੂਰੀ ਤਰ੍ਹਾਂ ਆਪਣਾ ਜਾਲ ਫੈਲਾਏ ਹੋਈ ਸੀ ਜਿਸ ਦੇ ਚੱਲਦੇ ਅੰਧ-ਵਿਸ਼ਵਾਸ਼, ਵਹਿਮਾਂ-ਭਰਮਾਂ, ਜਾਤ-ਪਾਤ, ਛੂਆ-ਛੂਤ ਦਾ ਕੋਹੜ ਸਮਾਜ ਵਿੱਚ ਭਿਆਨਕ ਬਿਮਾਰੀ ਦੀ ਤਰ੍ਹਾਂ ਉਸਨੂੰ ਖੋਖਲਾ ਕਰ ਰਿਹਾ ਸੀ। ਕੋਈ ਕੋਈ ਸੁਚੇਤ ਮਾਪੇ ਆਪਣੇ ਬੱਚਿਆਂ ਨੂੰ ਖਾਸ ਕਰ ਲੜਕੀਆਂ ਨੂੰ ਸੰਤਾਂ-ਮਹੰਤਾਂ ਕੋਲੋਂ ਥੋੜੀ ਬਹੁਤ ਸਿੱਖਿਆ ਦਵਾ ਲੈਂਦੇ ਸਨ। ਗੁਲਾਬ ਕੌਰ ਨੇ ਵੀ ਪਿੰਡ ਦੇ ਡੇਰੇ ਦੇ ਮਹੰਤ ਪਾਸੋਂ ਥੋੜੀ ਬਹੁਤ ਗੁਰਮੁੱਖੀ ਸਿੱਖ ਲਈ ਸੀ ਤਾਂ ਕਿ ਅਗਲੇਰੀ ਉਮਰ ਵਿੱਚ ਪਾਠ ਕਰ ਸਕਿਆ ਕਰੇਗੀ। ਸਮਾਜ ਵਿੱਚ ਬੱਚਿਆਂ ਦੇ ਬਾਲ-ਵਿਆਹ ਕਰਨ ਦਾ ਰਿਵਾਜ ਵੀ ਸੀ। ਇਸੇ ਤਰ੍ਹਾਂ ਗੁਲਾਬ ਕੌਰ ਦਾ ਵਿਆਹ ਵੀ ਛੋਟੀ ਉਮਰ ਵਿੱਚ ਹੀ ਨੇੜੇ ਦੇ ਪਿੰਡ ਜਖੇਪਲ ਦੇ ਛੋਟੀ ਕਿਸਾਨੀ ਦੇ ਪਰਿਵਾਰ ਵਿੱਚ ਮਾਨ ਸਿੰਘ ਨਾਲ ਕਰ ਦਿੱਤਾ ਗਿਆ ਸੀ।

1857 ਦੀ ਭਾਰਤ ਦੀ ਪਹਿਲੀ ਜੰਗੇਆਜ਼ਾਦੀ ਪਿੱਛੋਂ ਗੋਰੀ ਸਰਕਾਰ ਬਹੁਤ ਡਰ ਗਈ ਸੀ। ਉਹ ਹਰ ਹੱਥਕੰਡਾ ਵਰਤ ਕੇ ਭਾਰਤੀਆਂ ਦੇ ਦਿਲਾਂ ਵਿੱਚ ਆਪਣੀ ਦਹਿਸ਼ਤ ਵਸਾਉਣਾ ਚਾਹੁੰਦੀ ਸੀ ਤਾਂ ਕਿ ਅੱਗੇ ਨੂੰ ਭਾਰਤੀ ਲੋਕ ਆਪਣੇ ਦੇਸ਼ ਨੂੰ ਆਜ਼ਾਦ ਕਰਵਾਉਣ ਦਾ ਸੁਪਨਾ ਵੀ ਨਾ ਦੇਖ ਸਕਣ। ਅੰਗਰੇਜ਼ਾਂ ਨੇ ਭਾਰਤ ਨੂੰ ਹਰ ਪੱਖ ਤੋਂ ਬਰਬਾਦ ਕਰਨਾ ਸ਼ੁਰੂ ਕਰ ਦਿੱਤਾ ਸੀ। ਆਪਣੇ ਮਨਸੂਬਿਆਂ ਨੂੰ ਪੂਰੇ ਕਰਨ ਲਈ ਉਨ੍ਹਾਂ ਨੇ ਸਭ ਤੋਂ ਪਹਿਲਾਂ ਦੇਸ਼ ਨੂੰ ਆਰਥਿਕ ਤੌਰ ਤੇ ਲਤਾੜਨਾ ਸ਼ੁਰੂ ਕੀਤਾ। ਉਨ੍ਹਾਂ ਨੇ ਦੇਸ਼ ਦਾ ਪੁਰਾਣਾ ਆਰਥਿਕ ਸਵੈ-ਨਿਰਭਰਤਾ ਵਾਲਾ ਭਾਈਚਾਰਕ ਢਾਂਚਾ ਤੋੜ ਕੇ ਆਪਣੇ ਬਸਤੀਵਾਦੀ ਰਾਜ ਪ੍ਰਬੰਧ ਨੂੰ ਸਰਮਾਏਦਾਰੀ ਦੀ ਤਰੱਕੀ ਲਈ ਵਰਤਣਾ ਸ਼ੁਰੂ ਕਰ ਦਿੱਤਾ ਸੀ। ਜਗੀਰਦਾਰੀ ਪ੍ਰਬੰਧ ਵਿੱਚ ਜ਼ਮੀਨ ਦੀ ਸ਼ਾਹੀ ਅਤੇ ਸਾਂਝੇ ਪਰਿਵਾਰਾਂ ਦੀ ਮਾਲਕੀ ਹੁੰਦੀ ਸੀ ਅਰਥਾਤ ਜ਼ਮੀਨ ਦਾ ਮਾਲਕ ਘਰ ਦਾ ਮੁਖੀਆ ਹੁੰਦਾ ਸੀ ਅਤੇ ਮਾਲੀਏ ਦੀ ਉਗਰਾਹੀ ਜਿਣਸ ਦੇ ਰੂਪ ਵਿੱਚ ਪਿੰਡ ਦੇ ਨੰਬਰਦਾਰ, ਸਫੈਦਪੋਸ਼ ਜਾਂ ਜ਼ੈਲਦਾਰ ਰਾਹੀਂ ਹੁੰਦੀ ਸੀ। ਅੰਗਰੇਜ਼ ਸਰਕਾਰ ਨੇ ਜ਼ਮੀਨ ਦੀ ਸ਼ਾਹੀ ਅਤੇ ਸਾਂਝੇ ਪਰਿਵਾਰਾਂ ਦੀ ਮਾਲਕੀ ਨੂੰ ਤੋੜ ਕੇ ਨਿੱਜੀ ਮਾਲਕੀ ਵਿੱਚ ਬਦਲ ਦਿੱਤਾ। ਜਦੋਂ ਜ਼ਮੀਨ ਦੀ ਨਿਜੀ ਮਾਲਕੀ ਦਾ ਕਾਨੂੰਨ ਲਾਗੂ ਕੀਤਾ ਗਿਆ ਤਾਂ ਉਸ ਦੇ ਨਾਲ ਹੀ ਮਾਲੀਆ ਵੀ ਜਿਣਸ ਦੀ ਥਾਂ ਨਕਦੀ ਦੇ ਰੂਪ ਵਿੱਚ ਅਤੇ ਵੱਧ ਵਸੂਲਣਾ ਸ਼ੁਰੂ ਕਰ ਦਿੱਤਾ ਗਿਆ ਤਾਂ ਕਿ ਆਪਣੇ ਰਾਜ ਦੇ ਸਾਰੇ ਖਰਚੇ ਅਤੇ ਸਰਕਾਰੀ ਰੱਖਿਆ ਅਤੇ ਦੂਜੇ ਪ੍ਰਬੰਧਕੀ ਮਸ਼ੀਨਰੀ ਲਈ ਮਜ਼ਦੂਰ ਦੀ ਬੇਹਲੜ ਫੌਜ ਭਰਤੀ ਕੀਤੀ ਜਾ ਸਕੇ। ਇਸ ਕਰਕੇ ਮਾਲੀਏ ਦੀ ਉਗਰਾਹੀ ਲਈ ਵੀ ਹਰ ਤਰ੍ਹਾਂ ਦੀ ਸਖਤੀ ਵਰਤਣੀ ਸ਼ੁਰੂ ਕਰ ਦਿੱਤੀ ਗਈ ਸੀ।

ਉਨ੍ਹਾਂ ਦੀ ਇਸ ਨੀਤੀ ਨੇ ਪਿੰਡਾਂ ਦੇ ਇਕਮੁੱਠ ਤੇ ਸਾਂਝੇ ਪਰਿਵਾਰਕ ਜੀਵਨ ਨੂੰ ਜਿਹੜਾ ਸਦੀਆਂ ਤੋਂ ਚਲਿਆ ਆ ਰਿਹਾ ਸੀ ਖਤਮ ਕਰ ਦਿੱਤਾ। ਪਿੰਡਾਂ ਵਿੱਚਲੇ

ਛੋਟੇ ਕਿਸਾਨ, ਬੇਜ਼ਮੀਨੇ ਲੋਕ-ਮਜ਼ਦੂਰ, ਦਸਤਕਾਰ- ਆਦਿ ਦਾ ਗੁਜਾਰਾ ਹੋਣਾ ਮੁਸ਼ਕਲ ਹੋ ਗਿਆ। ਮਾਲੀਏ ਦੀ ਨਕਦੀ ਵਸੂਲੀ ਨੇ ਕਿਸਾਨਾ ਨੂੰ ਅਨਾਜ ਵੇਚਣ ਲਈ ਮਜ਼ਬੂਰ ਕਰ ਦਿੱਤਾ ਤੇ ਸਾਰਾ ਅਨਾਜ ਮੰਡੀਆਂ ਵਿੱਚ ਧੂਹਿਆ ਜਾਣ ਲੱਗ ਗਿਆ। ਜਿਣਸ ਕਿਸਾਨ ਦੀ ਕੀਤੀ ਪੈਦਾਵਾਰ ਹੁੰਦੀ ਹੈ ਕਿਸੇ ਉਦਯੋਗਪਤੀ ਜਾਂ ਸ਼ਰਮਾਏਦਾਰ ਦੀ ਨਹੀਂ। ਇਸ ਪੈਦਾਵਾਰ ਦਾ ਮਾਲਕ ਕਿਸਾਨ ਆਪਣੀ ਪੈਦਾਵਾਰ ਦਾ ਭਾਅ ਆਪ ਨਿਸ਼ਚਤ ਨਹੀਂ ਸੀ ਕਰਦਾ ਸਗੋਂ ਵਪਾਰੀ ਵਰਗ ਆਪਣੇ ਮੁਨਾਫੇ ਖਾਤਰ ਤੈਅ ਕਰਦਾ ਸੀ। ਉਹ ਆਪਣੀ ਵੇਚਣ ਵਾਲੀਆਂ ਵਸਤਾਂ ਦੀ ਕੀਮਤ ਵੱਧ ਰੱਖਦਾ ਅਤੇ ਮਹਿਗੀਆਂ ਵੇਚਦਾ ਸੀ ਤੇ ਖਰੀਦਣ ਵਾਲੀ ਜਿਣਸ ਜਾਂ ਕੱਚੇ ਮਾਲ ਦੀ ਕੀਮਤ ਘੱਟ ਰੱਖਦਾ ਜਿਸ ਨਾਲ ਉਹ ਸਸਤੀ ਖਰੀਦੀ ਜਾਂਦੀ ਸੀ। ਕਿਸਾਨ ਦੀ ਜਿਣਸ ਵਪਾਰੀ ਵਲੋਂ ਖਰੀਦੀ ਜਾਣੀ ਹੁੰਦੀ ਸੀ ਉਹ ਘੱਟ ਕੀਮਤ ਤੇ ਅਰਥਾਤ ਸਸਤੀ ਖਰੀਦੀ ਜਾਂਦੀ ਸੀ, ਜਿਸ ਦੇ ਬਹੁਤ ਹੀ ਭੈੜੇ ਸਿੱਟੇ ਨਿਕਲਣ ਲੱਗ ਪਏ ਸਨ।

ਕਿਸਾਨ ਆਪਣੇ ਉਪਰ ਲੱਗੇ ਮਾਲੀਏ ਦੀ ਭਾਰੀ ਕੀਮਤ ਅਨਾਜ਼ ਵੇਚ ਕੇ ਵੀ ਪੂਰੀ ਨਾ ਹੋਣ ਦੀ ਸੂਰਤ ਵਿੱਚ ਕਰਜਾ ਲੈਣ ਲਈ ਸ਼ਾਹੂਕਾਰਾਂ ਦਾ ਮੁਥਾਜ ਹੋਣ ਲੱਗ ਗਿਆ ਸੀ। ਉਨ੍ਹਾਂ ਨੂੰ ਬਹੁਤ ਮੁਸ਼ਕਲਾਂ ਆਉਣ ਲੱਗੀਆਂ ਅਤੇ ਖੁਦ ਹੀ ਪੈਦਾਵਾਰ ਕਰਨ ਵਾਲੇ ਕਿਸਾਨ ਮਾਲੀਏ ਦੀ ਅਦਾਇਗੀ ਮਗਰੋਂ ਅਨਾਜ਼ ਤੋਂ ਵਿਰਵੇ ਹੋਣ ਲੱਗੇ। ਆਪਣੀਆਂ ਲੋੜਾਂ ਦੀ ਪੂਰਤੀ ਲਈ ਉਹ ਸ਼ਾਹੂਕਾਰ ਤੋਂ ਹੋਰ ਵੱਧ ਕਰਜਾ ਲੈਣ ਲਈ ਮਜ਼ਬੂਰ ਹੋ ਗਿਆ ਜਿਸ ਦੇ ਚੱਲਦੇ ਉਸਨੂੰ ਸ਼ਾਹੂਕਾਰ ਤੋਂ ਕਰਜਾ ਉਠਾਉਣ ਲਈ ਉਸ ਦੀਆਂ ਮਨ ਮਰਜੀ ਦੀਆਂ ਸ਼ਰਤਾਂ ਵੀ ਮੰਨਣੀਆਂ ਪੈਂਦੀਆਂ ਸਨ। ਹਰ ਦਿਨ ਵੱਧ ਰਹੀ ਮਂਹਿਗਾਈ ਕਾਰਨ ਘਰਾਂ ਦੇ ਗੁਜਾਰੇ ਹੋਣੇ ਵੀ ਬਹੁਤ ਮੁਸ਼ਕਲ ਹੋ ਗਏ ਸਨ। ਇੱਕ ਪਾਸੇ ਸ਼ਾਹੂਕਾਰ ਦਾ ਕਰਜਾ ਅਤੇ ਦੂਜੇ ਪਾਸੇ ਸਰਕਾਰ ਦਾ ਮਾਲੀਆ ਨਾ ਮੁੜਨ ਦੀ ਹਾਲਤ ਵਿੱਚ ਉਹ ਸ਼ਾਹੂਕਾਰ ਅਤੇ ਅੰਗਰੇਜ ਸਰਕਾਰ ਦੇ ਜ਼ੁਲਮ ਤੋਂ ਬਚਣ ਲਈ ਆਪਣੀਆਂ ਜ਼ਮੀਨਾਂ ਸ਼ਾਹੂਕਾਰ ਕੋਲ ਗਹਿਣੇ ਰੱਖਣ ਲਈ ਬੇਬਸ ਸੀ। ਇਸ ਸਭ ਤੋਂ ਵੱਧ ਕੁਦਰਤੀ ਆਫਤਾਂ-ਸੋਕੇ, ਡੋਬੇ ਅਤੇ ਅਕਾਲਾਂ ਕਾਰਨ ਉਤਪਨ ਹੋਣ ਵਾਲੀ ਮੰਦਹਾਲੀ ਨੇ ਲੋਕਾਂ ਦਾ ਲੱਕ ਹੀ ਤੋੜ ਦਿੱਤਾ ਸੀ। ਉਹ ਆਪਣੀ ਜ਼ਮੀਨ, ਮਾਲ, ਡੰਗਰ ਆਦਿ ਸ਼ਾਹੂਕਾਰ ਕੋਲ ਗਹਿਣੇ ਰੱਖੇ ਹੋਏ ਵੀ ਨਹੀਂ ਸਨ ਛੁਡਾ ਸਕਦੇ। ਇਸ ਕਾਰਨ ਮਜਬੂਰੀ ਬਸ ਉਨ੍ਹਾਂ ਨੂੰ ਆਪਣੀਆਂ ਜਮੀਨਾਂ ਵੀ ਉਨ੍ਹਾਂ ਹੀ ਸ਼ਾਹੂਕਾਰਾਂ ਨੂੰ ਉਨ੍ਹਾਂ ਦੇ ਮਨ ਮਰਜੀ ਦੇ ਭਾਵਾਂ ਤੇ ਹੀ ਵੇਚਣੀਆਂ ਪੈਂਦੀਆਂ ਸਨ। ਜਿਸ ਕਾਰਨ ਉਹ ਆਪਣੀਆਂ ਜ਼ਮੀਨਾਂ ਤੋਂ ਵੀ ਵਾਂਝੇ ਹੋਣ ਲੱਗ ਗਏ ਸਨ। ਇਸ ਤਰ੍ਹਾਂ ਕਰਨ ਨਾਲ ਛੋਟੀ ਕਿਸਾਨੀ ਦੀ ਆਰਥਿਕ ਹਾਲਤ ਬਦ ਤੋਂ ਬਦਤਰ ਹੁੰਦੀ ਚਲੀ ਗਈ ਤੇ ਜ਼ਮੀਨ ਸ਼ਾਹੂਕਾਰਾਂ ਦੇ ਹੱਥਾਂ ਵਿੱਚ ਇਕੱਠੀ ਹੋਣ ਲੱਗ ਪਈ ਸੀ ਜਿਸ ਨਾਲ ਇੱਕ ਹੋਰ ਜਮਾਤ 'ਸ਼ਾਹੂਕਾਰ ਜਮਾਤ' ਪੈਦਾ ਹੋ ਗਈ। ਅੰਗਰੇਜ਼ ਸਰਕਾਰ ਦੇ ਅੱਤਿਆਚਾਰ ਤੋਂ ਡਰਦੇ ਕਿਸਾਨ ਆਪਣੀ ਸੋਨੇ ਦੇ ਭਾਅ ਦੀ ਜ਼ਮੀਨ ਕੌਡੀਆਂ ਦੇ ਭਾਅ ਸ਼ਾਹੂਕਾਰ ਕੋਲ ਸੁੱਟਣ ਲੱਗੇ। ਇਨ੍ਹਾਂ ਤੰਗੀਆਂ ਕਾਰਨ ਛੋਟੀ ਕਿਸਾਨੀ ਤੇ ਬੇਜ਼ਮੀਨੇ ਲੋਕਾਂ ਵਿੱਚ ਗੁਰਬਤ, ਭੁਖਮਰੀ ਅਤੇ ਪਲੇਗ ਵਰਗੀਆਂ ਘਾਤਕ ਬਿਮਾਰੀਆਂ ਫੈਲਣ ਲੱਗੀਆਂ ਸਨ।

ਇੱਕ ਪਾਸੇ ਅੰਤਾਂ ਦੀ ਗੁਰਬਤ ਤੇ ਦੂਜੇ ਪਾਸੇ ਇਨ੍ਹਾਂ ਹੀ ਸਮਿਆਂ ਵਿੱਚ ਕੁਦਰਤੀ ਆਫਤਾਂ ਨੇ ਵੀ ਲੋਕਾਂ ਲਈ ਢਿੱਲ ਨਾ ਗੁਜਾਰੀ। ਸੋਕਾ, ਅਕਾਲ ਅਤੇ ਮਾਨਵ-

ਮਾਰੂ-ਪਲੇਗ ਆਦਿ ਬਿਮਾਰੀਆਂ ਦੀ ਭਰਮਾਰ ਹੋਣ ਲੱਗੀ। ਪਿੰਡਾਂ ਦੇ ਪਿੰਡ ਇਨ੍ਹਾਂ ਦੀ ਲਪੇਟ ਵਿੱਚ ਆ ਗਏ ਸਨ। ਕਾਲ ਅਤੇ ਬਿਮਾਰੀਆਂ ਨੇ ਲੋਕਾਂ ਦਾ ਕਚੂਮਰ ਕੱਢ ਦਿੱਤਾ ਤੇ ਪ੍ਰਭਾਵਤ ਇਲਾਕੇ ਉਠਣ ਜੋਗੇ ਨਾ ਰਹੇ। ਤੰਗ ਆਏ ਲੋਕਾ ਨੇ ਘਰ, ਪਿੰਡ ਛੱਡਣੇ ਸ਼ੁਰੂ ਕਰ ਦਿੱਤੇ। ਜਿੱਥੇ ਵੀ ਕਿਸੇ ਨੂੰ ਥੋੜਾ ਬਹੁਤ ਕੰਮ ਕਰਨ ਲਈ ਮਿਲਦਾ ਉਹ ਉਥੇ ਹੀ ਚਲਿਆ ਜਾਂਦਾ। ਪਿੰਡਾਂ ਦੀ ਇਸ ਮੰਦੀ ਦੀ ਹਾਲਤ ਤੋਂ ਕਪਟੀ ਅੰਗਰੇਜ਼ ਸਰਕਾਰ ਨੇ ਇੱਕ ਹੋਰ ਚਾਲ ਚੱਲੀ। ਅੰਗਰੇਜ਼ ਸਰਕਾਰ ਭਾਰਤੀ ਜਵਾਨਾਂ ਨੂੰ ਫੌਜ਼ ਵਿੱਚ ਜ਼ਬਰਦਸਤੀ ਭਰਤੀ ਕਰਨ ਲੱਗੀ ਤੇ ਉਨ੍ਹਾਂ ਨੂੰ ਅਮਰੀਕਾ, ਚੀਨ, ਇਰਾਨ, ਬਰ੍ਹਮਾ, ਮਿਸਰ, ਪੂਰਬੀ ਅਫਰੀਕਾ ਅਤੇ ਭਾਰਤ ਦੀ ਪੱਛਮੀ ਸਰਹੱਦ ਉਤੇ ਮਰਨ-ਖਪਣ ਲਈ ਭੇਜਣ ਲੱਗ ਪਈ। ਇਨ੍ਹਾਂ ਦੇਸ਼ਾਂ ਉਤੇ ਆਪਣਾ ਦਬਦਬਾ ਜਮ੍ਹਾਉਣ ਲਈ ਉਨ੍ਹਾਂ ਨੂੰ ਉਥੋਂ ਦੀਆਂ ਛਾਉਣੀਆਂ ਵਿੱਚ ਭਰ ਛੱਡਿਆ। ਘਰਾਂ ਦੀਆਂ ਤੰਗੀਆਂ-ਤੁਰਸੀਆਂ ਦੇ ਮਾਰੇ ਲੋਕ ਭੁੱਖੇ ਬਟੇਰਿਆਂ ਵਾਂਗ ਆਪਣੀਆਂ ਜਾਨਾਂ ਤਲੀਆਂ ਤੇ ਰੱਖ ਕੇ ਲੜਦੇ ਅਤੇ ਛੌਣੀਆਂ ਵਿੱਚ ਪਹਿਰਾ ਦਿੰਦੇ। ਅੰਗਰੇਜ਼ ਇਸੇ ਥੁੜੋਂ ਦਾ ਫਾਇਦਾ ਉਠਾਉਂਦੇ ਹੋਏ ਭਾਰਤੀ ਨੌਜ਼ਵਾਨਾਂ ਨੂੰ ਬਰ੍ਹਮਾ, ਮਲਾਇਆ, ਚੀਨ ਤੇ ਸ਼ੰਘਈ ਦੇ ਘਾਟਾਂ ਉਤੇ ਹਿੰਦ ਤੋਂ ਬਾਹਰ ਆਪਣੀਆਂ ਗੁਲਾਮ ਬਸਤੀਆਂ 'ਤੇ ਕਬਜਾ ਜਮਾਈ ਰੱਖਣ ਖਾਤਰ ਪੁਲਸੀਏ, ਚੌਕੀਦਾਰ ਅਤੇ ਦਰਬਾਨ ਬਣਾ ਕੇ ਵੀ ਲਿਜਾਣ ਲੱਗੇ।

ਹੋਰ ਲੋਕਾਂ ਦੀ ਤਰ੍ਹਾਂ ਗੁਲਾਬ ਕੌਰ ਦੇ ਸਹੁਰੇ ਪਰਿਵਾਰ ਦੀ ਆਰਥਿਕ ਹਾਲਤ ਵੀ ਮੰਦੀ ਹੀ ਚੱਲ ਰਹੀ ਸੀ। ਖੇਤੀ ਵਿੱਚ ਵਾਰ ਵਾਰ ਹੋਣ ਵਾਲੇ ਘਾਟਿਆਂ ਨੇ ਹੋਰ ਲੋਕਾਂ ਦੀ ਤਰ੍ਹਾਂ ਉਸ ਪਰਿਵਾਰ ਦੇ ਜੀਆਂ ਦਾ ਜਿਉਣਾ ਵੀ ਦੁੱਭਰ ਹੀ ਕਰ ਦਿੱਤਾ ਸੀ। ਘਰ ਦੀ ਅਜਿਹੀ ਮਾੜੀ ਹਾਲਤ ਤੋਂ ਤੰਗ ਆ ਕੇ ਕਈ ਵਾਰ ਗੁਲਾਬ ਕੌਰ ਨੇ ਆਪਣੇ ਪਤੀ ਸਰਦਾਰ ਮਾਨ ਸਿੰਘ ਨੂੰ ਕਿਹਾ ਕਿ ਉਹ ਵੀ ਘਰ ਦਾ ਗੁਜਾਰਾ ਚਲਾਉਣ ਲਈ ਕੋਈ ਹੋਰ ਧੰਦਾ ਸ਼ੁਰੂ ਕਰ ਲਵੇ ਤਾਂ ਕਿ ਉਨ੍ਹਾਂ ਦੇ ਘਰ ਦੀ ਮੰਦੀ ਹਾਲਤ ਵੀ ਸੁਧਰ ਜਾਏ। ਓਧਰ ਦੇਸ਼ ਵਿੱਚੋਂ ਬਹੁਤ ਸਾਰੇ ਨੌਜਵਾਨ ਸਿੰਘਾਪੁਰ, ਮਨੀਲਾ, ਇੰਗਲੈਂਡ ਅਤੇ ਅਮਰੀਕਾ ਵਿੱਚ ਪੈਸਾ ਕਮਾਉਣ ਵਾਸਤੇ ਜਾ ਰਹੇ ਸਨ। ਉਹ ਲੋਕ ਅਮਰੀਕਾ, ਕਨੇਡਾ ਅਤੇ ਇੰਗਲੈਂਡ ਵਿੱਚ ਜੰਗਲਾਂ ਵਿੱਚ ਲੱਕੜੀ ਕੱਟਣ, ਖੇਤੀ ਦਾ ਕੰਮ ਕਰਨ ਜਾਂ ਫਿਰ ਕਾਰਖਾਨਿਆਂ ਵਿੱਚ ਮਜ਼ਦੂਰੀ ਕਰਕੇ ਪੈਸੇ ਕਮਾਉਣ ਲਈ ਜਾਂਦੇ ਸਨ। ਸਰਦਾਰ ਮਾਨ ਸਿੰਘ ਅਤੇ ਬੀਬੀ ਗੁਲਾਬ ਕੌਰ ਨੇ ਵੀ ਆਪਣੇ ਘਰ ਦੀ ਮੰਦੀ ਆਰਥਿਕ ਹਾਲਤ ਨੂੰ ਸੁਧਾਰਨ ਲਈ ਹੋਰ ਲੋਕਾਂ ਦੀ ਤਰ੍ਹਾਂ ਪੈਸੇ ਕਮਾਉਣ ਵਾਸਤੇ ਵਿਦੇਸ਼ ਜਾਣ ਦੀ ਸਲਾਹ ਕੀਤੀ। ਉਸ ਸਮੇਂ ਵਿਦੇਸ਼ ਜਾਣ ਖਾਤਰ ਕਿਸੇ ਪਾਸ-ਪੋਰਟ ਜਾਂ ਵੀਜ਼ੇ ਦੀ ਲੋੜ ਨਹੀਂ ਹੁੰਦੀ ਸੀ। ਸਭ ਲੋਕ ਕਲਕੱਤੇ ਦੀ ਬੰਦਰਗਾਹ ਤੋਂ ਸਮੁੰਦਰੀ ਜਹਾਜ ਰਾਹੀਂ ਸਿੰਘਾਪੁਰ, ਬਰ੍ਹਮਾ, ਹਾਂਗਕਾਂਗ, ਚੀਨ, ਜਪਾਨ, ਅਮਰੀਕਾ, ਕਨੇਡਾ ਅਤੇ ਇੰਗਲੈਂਡ ਜਾਂਦੇ ਸਨ।

ਐਧਰ ਭਾਰਤ ਵਿੱਚ ਵੀ ਹਾਲਤਾਂ ਦੇ ਬਿਗਾੜ ਕਾਰਨ ਲੋਕਾਂ ਅੰਦਰ ਅੰਗਰੇਜ਼ ਸਰਕਾਰ ਵਿਰੋਧੀ ਗੁੱਸੇ ਦਾ ਲਾਵਾ ਫੁੱਟਣ ਲੱਗ ਪਿਆ ਸੀ। ਸਾਰੇ ਦੇਸ਼ ਅੰਦਰ ਵੱਖ ਵੱਖ ਆਜ਼ਾਦੀ ਦੀਆਂ ਲਹਿਰਾਂ ਸਰਗਰਮ ਹੋਣ ਲੱਗੀਆਂ ਤੇ ਇੱਕ ਦੂਜੇ ਨਾਲ ਤਾਲਮੇਲ ਕਰਨ ਲੱਗੀਆਂ। ਦੇਸ਼ ਦੇ ਅੰਦਰ ਤੇ ਵਿਦੇਸ਼ਾਂ ਵਿੱਚ ਹੋਣ ਵਾਲੀਆਂ ਸਰਗਰਮੀਆਂ ਤੋਂ ਘਬਰਾ ਕੇ ਬਰਤਾਨਵੀ ਸਰਕਾਰ ਦੇ ਕਹਿਣ ਤੇ ਅਮਰੀਕਾ ਤੇ ਕਨੇਡਾ ਦੀਆਂ

ਸਰਕਾਰਾਂ ਨੇ ਆਪਣੇ ਦੇਸ਼ਾਂ ਅੰਦਰ ਭਾਰਤੀਆਂ ਦੇ ਸਿੱਧੇ ਦਾਖਲੇ ਤੇ ਪਾਬੰਦੀ ਲਗਾ ਦਿੱਤੀ ਸੀ। ਗੁਲਾਬ ਕੌਰ ਤੇ ਮਾਨ ਸਿੰਘ ਵੀ ਵਿਦੇਸ਼ ਲਈ ਰਵਾਨਾ ਹੋ ਗਏ। ਭਾਵੇਂ ਮਾਨ ਸਿੰਘ ਆਪਣੀ ਪਤਨੀ ਨੂੰ ਆਪਣੇ ਨਾਲ ਅਮਰੀਕਾ ਲਿਜਾਣਾ ਨਹੀਂ ਸੀ ਚਾਹੁੰਦਾ ਪ੍ਰੰਤੂ ਗੁਲਾਬ ਕੌਰ ਦੀ ਆਪਣੇ ਪਤੀ ਨਾਲ ਜਾਣ ਦੀ ਜਿੱਦ ਕਾਰਨ ਹੀ ਉਹ ਉਸ ਦੇ ਨਾਲ ਗਈ ਸੀ।

ਉਸ ਸਮੇਂ ਅਮਰੀਕਾ, ਕਨੇਡਾ ਅਤੇ ਇੰਗਲੈਂਡ ਵਿਚ ਭਾਰਤੀ ਲੋਕਾਂ ਤੇ ਵੱਧਦੇ ਜਾ ਰਹੇ ਅੰਗਰੇਜ਼ਾਂ ਦੇ ਜ਼ੁਲਮਾਂ ਅਤੇ ਗੁਲਾਮ ਹੋਣ ਦੇ ਤਾਹਨਿਆਂ ਨੇ ਉਨ੍ਹਾਂ ਨੂੰ ਹਲੂਣ ਕੇ ਰੱਖ ਦਿੱਤਾ ਸੀ। ਆਪਣੇ ਨਾਲ ਹੁੰਦੇ ਦੁਰਵਿਵਹਾਰ ਅਤੇ ਪੱਖਪਾਤੀ ਵਤੀਰੇ ਕਾਰਨ ਉਨ੍ਹਾਂ ਦੇ ਅੰਦਰ ਦਿਨੋਂ-ਦਿਨ ਅੰਗਰੇਜ਼ਾਂ ਲਈ ਨਫਰਤ ਵਧਣ ਲੱਗੀ ਤੇ ਮਨ ਬਾਗੀ ਹੋਣ ਲੱਗੇ ਸਨ। ਉਥੇ ਰਹਿੰਦੇ ਪ੍ਰਵਾਸੀ ਭਾਰਤੀਆਂ ਨੂੰ ਇਹ ਮਹਿਸੂਸ ਹੋਣ ਲੱਗਿਆ ਕਿ ਕਿਵੇਂ ਮੁੱਠੀ ਭਰ ਗੋਰੇ ਲੋਕਾਂ ਨੇ ਆਪਣੀਆਂ ਕੋਝੀਆਂ ਚਾਲਾਂ ਚੱਲ ਕੇ 'ਸੋਨੇ ਦੀ ਚਿੜੀ' ਅਖਵਾਉਣ ਵਾਲੇ ਭਾਰਤ ਨੂੰ ਗੁਲਾਮੀ ਦੀਆਂ ਜੰਜ਼ੀਰਾਂ ਵਿੱਚ ਜਕੜ ਕੇ ਰੱਖਿਆ ਹੋਇਆ ਸੀ। ਕਿਵੇਂ ਉਨ੍ਹਾਂ ਨੇ ਦੇਸ਼ ਦੇ ਅਸਲੀ ਮਾਲਕਾਂ ਅਰਥਾਤ ਭਾਰਤੀਆਂ ਨੂੰ ਘਰ ਤੋਂ ਬੇਘਰ ਕਰੀ ਰੱਖਿਆ ਸੀ? ਇਸ ਦੁਖਾਂਤ ਦੇ ਖਾਤਮੇ ਲਈ ਉਹ ਹਰ ਕੀਮਤ ਤੇ ਆਪਣੀ ਭਾਰਤ ਮਾਤਾ ਨੂੰ ਗੁਲਾਮੀ ਦੀਆਂ ਬੇੜੀਆਂ ਤੋਂ ਸਦਾ ਸਦਾ ਲਈ ਆਜ਼ਾਦ ਕਰਵਾਉਣਾ ਚਾਹੁੰਦੇ ਸਨ।

ਉਸ ਸਮੇਂ ਅੰਗਰੇਜ਼ ਸਰਕਾਰ ਦੇ ਲੋਕਾਂ ਉਪਰ ਢਾਹੇ ਜਾ ਰਹੇ ਬੇਥਹਾ ਜ਼ੁਲਮਾਂ ਕਾਰਨ ਦੇਸ਼ ਅੰਦਰ ਲੋਕਾਂ ਵਿੱਚ ਗੁਸੇ ਦੀ ਇੱਕ ਜਬਰਦਸਤ ਲਹਿਰ ਦੌੜ ਰਹੀ ਸੀ। ਬੀਹਵੀਂ ਸਦੀ ਦੇ ਆਰੰਭ ਵਿੱਚ ਅੰਗਰੇਜ਼ ਸਾਮਰਾਜੀ ਪ੍ਰਬੰਧ ਤੋਂ ਤੰਗ ਆ ਕੇ ਦੇਸ਼ ਦੇ ਹਰ ਕੋਨੇ ਵਿੱਚ ਬਗਾਵਤਾਂ ਉਠ ਰਹੀਆਂ ਸਨ। ਕਾਂਗਰਸ ਦਾ ਨਾ-ਮਿਲਵਰਤਨ ਅੰਦੋਲਨ, ਕਿਰਤੀਆਂ ਦੇ, ਕ੍ਰਾਂਤੀਕਾਰੀ ਗਰੁੱਪ, ਲਾਲਾ ਲਾਜਪਤ ਰਾਏ ਅਤੇ ਅਜੀਤ ਸਿੰਘ ਦਾ 'ਪਗੜੀ ਸੰਭਾਲ ਓ' ਜੱਟਾ, ਕੂਕਾ ਲਹਿਰ, ਗੁਰਦੁਆਰਾ ਲਹਿਰ, ਜੈਤੋਂ ਦਾ ਮੋਰਚਾ ਆਦਿ ਵੱਖ ਵੱਖ ਲਹਿਰਾਂ ਹੇਠ ਲੋਕ ਇਕੱਠੇ ਹੋ ਕੇ ਅੰਗਰੇਜ਼ ਸਰਕਾਰ ਵਿਰੁੱਧ ਸੰਘਰਸ਼ ਦਾ ਬਿਗਲ ਵਜਾ ਚੁੱਕੇ ਸਨ। ਨਿੱਤ ਦਿਹਾੜੇ ਲੋਕਾਂ ਅੰਦਰ ਉਠ ਰਹੇ ਰੋਹ ਕਾਰਨ ਜਲਸੇ, ਮੀਟਿੰਗਾਂ, ਅਫਸਰਸ਼ਾਹੀ ਵਿਰੁੱਧ ਵਿਦਰੋਹਾਂ ਵਿੱਚ ਹੋਣ ਵਾਲੇ ਜੋਸ਼ੀਲੇ ਭਾਸ਼ਨਾਂ ਨੇ ਸਰਕਾਰ ਦੀ ਨੀਂਦ ਹਰਾਮ ਕਰ ਰੱਖੀ ਸੀ। ਅੰਗਰੇਜ਼ ਸਰਕਾਰ ਅੰਦਰ ਵੱਧ ਰਹੀ ਪ੍ਰੇਸ਼ਾਨੀ ਕਾਰਨ ਬ੍ਰਤਾਨਵੀ ਸਾਮਰਾਜ ਨੇ ਭਾਰਤੀਆਂ ਨੂੰ ਅਮਰੀਕਾ, ਕਨੇਡਾ ਅੰਦਰ ਸਿੱਧੇ ਦਾਖਲ ਹੋਣ ਤੋਂ ਰੋਕਣ ਲਈ ਉਥੋਂ ਦੀਆਂ ਸਰਕਾਰਾਂ 'ਤੇ ਦਬਾ ਪਾ ਕੇ ਰੋਕ ਲਗਵਾ ਦਿੱਤੀ। ਇਸ ਲਈ ਉਸ ਸਮੇਂ ਅਮਰੀਕਾ, ਕਨੇਡਾ ਵਿੱਚ ਸਿੱਧਾ ਦਾਖਲ ਹੋਣਾ ਅਸੰਭਵ ਹੋ ਗਿਆ ਸੀ। ਉਥੇ ਪਹੁੰਚਣ ਲਈ ਪਹਿਲਾਂ ਮਨੀਲਾ, ਸੰਘਈ, ਹਾਂਗਕਾਂਗ ਤੇ ਸਿੰਘਾਪੁਰ ਵਿੱਚ ਕੁੱਝ ਸਮਾਂ ਠਹਿਰਨਾ ਹੁੰਦਾ ਸੀ ਫੇਰ ਅੱਗੇ ਜਾਣ ਲਈ ਆਗਿਆ ਮਿਲਦੀ ਸੀ।

ਇਸੇ ਕਾਰਨ ਸਰਦਾਰ ਮਾਨ ਸਿੰਘ ਤੇ ਬੀਬੀ ਗੁਲਾਬ ਕੌਰ ਵੀ ਆਪਣੀ ਅਗਲੀ ਰਾਹਦਾਰੀ ਲਈ ਫਿਲਪਾਇਨ ਦੀ ਰਾਜਧਾਨੀ ਮਨੀਲਾ ਵਿੱਚ ਰਹਿਣ ਲਈ ਚਲੇ ਗਏ ਸਨ। ਹੋਰ ਪ੍ਰਵਾਸੀਆਂ ਦੀ ਤਰ੍ਹਾਂ ਹੀ ਉਹ ਵੀ ਉਥੇ ਰਹਿ ਕੇ ਆਪਣਾ ਗੁਜ਼ਾਰਾ ਕਰਨ ਲਈ ਛੋਟਾ-ਮੋਟਾ ਕੰਮ ਲੱਭ ਕੇ ਰਹਿਣ ਲੱਗ ਪਏ ਸਨ। ਉਹ ਜਿਹੜੀ ਵੀ ਕਮਾਈ

ਕਰਦੇ ਸਨ ਦੋਵਾਂ ਜੀਆਂ ਦਾ ਉਸ ਵਿਚ ਬੜੀ ਮੁਸ਼ਕਲ ਨਾਲ ਗੁਜਾਰਾ ਹੁੰਦਾ ਸੀ ਇਸ ਲਈ ਉਥੇ ਰਹਿੰਦੇ ਹੋਏ ਉਹ ਆਪਣੇ ਘਰ ਨੂੰ ਕੋਈ ਮਾਇਕ ਸਹਾਇਤਾ ਵੀ ਨਹੀਂ ਭੇਜ ਸਕਦੇ ਸਨ। ਉਥੇ ਗੁਲਾਬ ਕੌਰ ਹਰ ਰੋਜ ਗੁਰਦੁਆਰੇ ਪਾਠ ਸੁਣਨ ਜਰੂਰ ਜਾਂਦੀ ਸੀ। ਗੁਰਦੁਆਰੇ ਜਾਣ ਨਾਲ ਉਸਦਾ ਮੇਲ ਉਥੇ ਰਹਿੰਦੇ ਭਾਰਤੀ ਲੋਕਾਂ ਨਾਲ ਹੋ ਗਿਆ ਸੀ। ਉਨ੍ਹਾਂ ਵਿਚ ਕੁੱਝ ਅਜਿਹੇ ਸਾਥੀ ਜਿਵੇਂ ਜੀਵਨ ਸਿੰਘ ਦੌਲਾ ਸਿੰਘ ਵਾਲਾ ਜਿਹੜਾ ਮਾਨ ਸਿੰਘ ਦੇ ਪਿੰਡ ਦੇ ਨੇੜੇ ਦਾ ਹੀ ਸੀ ਤੇ ਉਹ ਮਾਨ ਸਿੰਘ ਨੂੰ ਪਹਿਲਾਂ ਤੋਂ ਹੀ ਜਾਣਦਾ ਵੀ ਸੀ ਅਤੇ ਹਾਫਜ਼ ਅਬਦੁੱਲਾ ਜਿਹੜਾ ਮਨੀਲਾ ਦੀ ਗਦਰੀ ਕਮੇਟੀ ਦਾ ਪ੍ਰਧਾਨ ਆਦਿ ਵੀ ਪਹਿਲਾਂ ਹੀ ਉਥੇ ਰਹਿੰਦੇ ਸਨ। ਉਹ ਪ੍ਰਵਾਸੀ ਭਾਰਤੀਆਂ ਨੂੰ ਆਪਣੇ ਦੇਸ਼ ਨੂੰ ਅੰਗਰੇਜੀ ਰਾਜ ਦੀ ਗੁਲਾਮੀ ਤੋਂ ਸਦਾ ਸਦਾ ਲਈ ਮੁੱਕਤ ਕਰਵਾਉਣ ਲਈ ਪਰੇਰਨ ਤੇ ਤਿਆਰ ਕਰਨ ਲਈ ਇਥੇ ਆਉਂਦੇ ਜਾਂਦੇ ਸਨ।

ਵਿਦੇਸ਼ਾਂ ਵਿੱਚ ਵਸਦੇ ਭਾਰਤੀਆਂ ਨਾਲ ਹੋਣ ਵਾਲੇ ਅੰਗਰੇਜ਼ ਸਰਕਾਰਾਂ ਦੇ ਅਤਿ ਦੇ ਘਟੀਆ ਰਵੱਈਏ ਕਾਰਨ 20ਵੀਂ ਸਦੀ ਦੇ ਆਰੰਭ ਵਿੱਚ ਹਿੰਦੋਸਤਾਨ ਨੂੰ ਅੰਗਰੇਜਾਂ ਤੋਂ ਅਜ਼ਾਦ ਕਰਵਾਉਣ ਲਈ ਅਮਰੀਕਾ, ਕੈਨੇਡਾ ਅਤੇ ਇੰਗਲੈਂਡ ਗਏ ਭਾਰਤੀਆਂ ਨੇ ਗਦਰ ਕਰਨ ਲਈ ਵੱਖ-ਵੱਖ ਸੰਗਠਨਾਂ ਦੇ ਗਠਨ ਕਰਨੇ ਆਰੰਭ ਕਰ ਦਿੱਤੇ ਸਨ। ਉਨ੍ਹਾਂ ਦਾ ਇੱਕੋ ਇੱਕ ਮੁੱਖ ਨਾਅਰਾ ਆਪਣੇ ਦੇਸ਼ ਨੂੰ ਬ੍ਰਤਾਨਵੀ ਸਾਮਰਾਜ ਦੇ ਪੰਜੇ ਵਿੱਚੋਂ ਅਜ਼ਾਦ ਕਰਵਾਉਣਾ ਅਤੇ ਅੰਗਰੇਜ਼ਾਂ ਨੂੰ ਭਾਰਤ ਵਿੱਚੋਂ ਬਾਹਰ ਕੱਢਣਾ ਸੀ। ਇਸ ਉਦੇਸ਼ ਦੀ ਪੂਰਤੀ ਲਈ ਸਭ ਤੋਂ ਪਹਿਲਾਂ ਉਨ੍ਹਾਂ ਅਨੇਕਾਂ ਦੇਸ਼ ਪ੍ਰੇਮੀਆਂ ਨੇ ਇਸ ਕੰਮ ਲਈ ਆਪਣੇ ਸੀਮਤ ਸਾਧਨਾਂ ਨਾਲ ਹੀ ਪ੍ਰਵਾਸੀ ਭਾਰਤੀਆਂ ਨੂੰ ਜਾਗ੍ਰਿਤ ਕਰਨਾ ਸ਼ੁਰੂ ਕਰ ਦਿੱਤਾ ਸੀ। ਇਸ ਸਬੰਧ ਵਿੱਚ ਉਨ੍ਹਾਂ ਨੇ ਮੀਟਿੰਗਾਂ ਕਰਨੀਆਂ, ਉਥੇ ਇਕੱਠੇ ਹੋਏ ਲੋਕਾਂ ਨੂੰ ਆਪਣੇ ਭਾਸ਼ਨਾਂ, ਉਸਾਰੂ ਬਹਿਸਾਂ ਰਾਹੀਂ ਉਨ੍ਹਾਂ ਅੰਦਰ ਜੋਸ਼ ਭਰਦੇ ਸਨ। ਫੇਰ ਹੌਲੀ ਹੌਲੀ ਦੂਰ-ਦੁਰਾਡੇ ਰਹਿੰਦੇ ਪ੍ਰਵਾਸੀ ਭਾਰਤੀਆਂ ਨੂੰ ਚੋਣਵੀਆਂ ਥਾਵਾਂ ਤੇ ਵੱਡੀ ਗਿਣਤੀ ਵਿੱਚ ਇਕੱਠਿਆਂ ਕਰਕੇ ਆਜ਼ਾਦੀ ਦਾ ਅਰਥ ਸਮਝਾਉਂਦੇ ਹੋਏ ਕੁਰਬਾਨੀਆਂ ਕਰਨ ਦਾ ਜਜ਼ਬਾ ਭਰਨਾ ਸ਼ੁਰੂ ਕਰ ਦਿੱਤਾ ਸੀ। ਉਨ੍ਹਾਂ ਨੂੰ ਅੰਗਰੇਜ਼ ਸਰਕਾਰ ਦੇ ਵਿਰੁੱਧ ਆਪਣੇ ਅਧਿਕਾਰਾਂ ਪ੍ਰਤੀ ਸੁਚੇਤ ਕਰਕੇ ਸੰਘਰਸ਼ਾਂ ਵਿੱਚ ਅੱਗੇ ਹੋਣ ਲਈ ਵੀ ਪ੍ਰੇਰਿਆ ਕਰਦੇ ਸਨ। ਦੇਸ਼ ਨੂੰ ਆਜ਼ਾਦ ਕਰਵਾਉਣ ਦੇ ਮਕਸਦ ਨੂੰ ਪੂਰਾ ਕਰਨ ਲਈ ਫੇਰ ਇੱਕ ਬਹੁਤ ਵੱਡੀ ਪਾਰਟੀ ਜੱਥੇਬੰਦ ਕਰਨ ਦੇ ਮਨਸੂਬੇ ਲਈ ਅਲੱਗ ਅਲੱਗ ਥਾਵਾਂ ਤੇ ਰਹਿੰਦੇ ਪ੍ਰਵਾਸੀ ਭਾਰਤੀਆਂ ਨੂੰ ਸੰਗਠਿਤ ਕਰਨ ਲੱਗੇ ਤੇ ਕਮੇਟੀਆਂ ਬਨਾਉਣੀਆਂ ਵੀ ਸ਼ੁਰੂ ਕਰ ਦਿੱਤੀਆਂ ਸਨ।

ਇਸੇ ਘਟਨਾਕ੍ਰਮ ਦੇ ਸਿੱਟੇ ਵਜੋਂ ਗਦਰ ਪਾਰਟੀ ਦਾ ਗਠਨ ਪਹਿਲੀ ਨਵੰਬਰ 1913 ਨੂੰ ਅਮਰੀਕਾ ਦੇ ਸ਼ਹਿਰ ਸਨਫਰਾਂਸਿਸਕੋ ਵਿੱਚ ਹੋਇਆ। ਇਸ ਪਾਰਟੀ ਦੇ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ, ਸੈਕਟਰੀ ਲਾਲਾ ਹਰਦਿਆਲ ਅਤੇ ਖਜ਼ਾਨਚੀ ਪੰਡਤ ਕਾਸ਼ੀ ਰਾਮ ਮੜੌਲੀ ਸਨ। ਇਸੇ ਦਿਨ 'ਯੁਗਾਂਤਰ' ਆਸ਼ਰਮ ਤੋਂ 'ਗਦਰ' ਅਖਬਾਰ ਦਾ ਪਹਿਲਾ ਪਰਚਾ ਕੱਢਿਆ ਗਿਆ ਸੀ। ਇਥੋਂ ਹੀ ਫੇਰ ਉਨ੍ਹਾਂ ਨੇ ਸਾਹਿਤ ਅਤੇ ਪਰਚਿਆਂ ਰਾਹੀਂ ਗਦਰ ਪਾਰਟੀ ਵਾਰੇ ਆਪਣੀ ਵਿਚਾਰਧਾਰਾ ਲੋਕਾਂ ਤੱਕ ਪਹੁੰਚਦੀ ਕੀਤੀ ਅਤੇ ਆਪਣੇ ਮਨਸੂਬਿਆਂ ਨੂੰ ਪੂਰੇ ਕਰਨ ਲਈ ਵੱਧ ਤੋਂ ਵੱਧ ਲੋਕਾਂ ਨੂੰ ਗਦਰ ਪਾਰਟੀ ਵਿੱਚ ਭਰਤੀ ਹੋਣ ਲਈ ਪ੍ਰੇਰਨਾ ਸ਼ੁਰੂ ਕਰ ਦਿੱਤਾ ਸੀ। ਹੌਲੀ ਹੌਲੀ ਉਨ੍ਹਾਂ ਦਾ ਸੰਪਰਕ

ਭਾਰਤ ਅਤੇ ਪੂਰਬੀ-ਏਸ਼ੀਆਈ ਦੇਸ਼ਾਂ ਵਿੱਚ ਰਹਿੰਦੇ ਗਦਰੀਆਂ ਨਾਲ ਵੀ ਹੋ ਗਿਆ ਤੇ ਗਦਰ ਸਬੰਧੀ ਸਾਹਿਤ-ਅਖਬਾਰ, ਕਵਿਤਾਵਾਂ ਦੀ 'ਗਦਰ ਗੂੰਜ' ਤੇ ਹੋਰ ਹੱਥ-ਪਰਚੇ ਅਤੇ ਹੱਥਿਆਰ ਭਾਰਤ ਵਿਚ ਪਹੁੰਚਣ ਲੱਗ ਗਏ। ਦੇਖਦੇ ਹੀ ਦੇਖਦੇ ਦੇਸ਼-ਵਿਦੇਸ਼ ਵਿੱਚ ਇਸ ਗਦਰੀ ਸਾਹਿਤ ਦੀ ਮੰਗ ਵੀ ਬਹੁਤ ਵਧਣ ਲੱਗੀ ਸੀ। ਇਸ ਤਰ੍ਹਾਂ ਦਿਨਾਂ ਵਿੱਚ ਹੀ ਇਸ ਲਹਿਰ ਨੇ ਸਾਮਰਾਜ ਦੇ ਥੰਮ ਹਿਲਾ ਕੇ ਧਰ ਦਿੱਤੇ ਸਨ।

1914 ਵਿੱਚ ਕੌਮ ਤੇ ਮਰ-ਮਿਟਣ ਲਈ ਤਿਆਰ ਹੋ ਕੇ ਅਨੇਕਾਂ ਭਾਰਤੀ ਦੇਸ਼ ਪ੍ਰੇਮੀ ਬਹਾਦਰ ਗਦਰੀਆਂ ਨੇ ਭਾਰਤ ਮਾਤਾ ਦੇ ਪੈਰਾਂ ਵਿੱਚੋਂ ਗੁਲਾਮੀ ਦੀਆਂ ਜ਼ੰਜੀਰਾਂ ਨੂੰ ਤੋੜ ਕੇ ਆਜ਼ਾਦ ਕਰਵਾਉਣ ਲਈ ਅਤੇ ਭਾਰਤ ਵਿੱਚ ਆਪਣਾ ਰਾਜ ਕਾਇਮ ਕਰਨ ਦੇ ਸੁਪਨੇ ਸੰਜੋ ਕੇ ਵਾਪਸ ਦੇਸ਼ ਮੁੜਨਾ ਸ਼ੁਰੂ ਕਰ ਦਿੱਤਾ ਸੀ। ਉਦੋਂ ਤੱਕ ਇਸ ਲਹਿਰ ਦਾ ਪ੍ਰਭਾਵ ਭਾਰਤ ਵਿੱਚ ਵੀ ਬਹੁਤ ਵੱਧ ਗਿਆ ਸੀ। ਇਸ ਗੱਲ ਦੀ ਸੂਹ ਅੰਗਰੇਜ਼ ਸਰਕਾਰ ਨੂੰ ਵੀ ਲੱਗ ਗਈ ਸੀ ਜਿਸ ਤੋਂ ਖਫਾ ਹੋ ਕੇ ਉਨ੍ਹਾਂ ਨੇ ਵਿਦੇਸਾਂ ਤੋਂ ਭਾਰਤ ਆਉਣ ਵਾਲੇ ਨੌਜਵਾਨਾਂ ਉਤੇ ਕਰੜੀ ਨਜ਼ਰ ਰੱਖਣੀ ਸ਼ੁਰੂ ਕਰ ਦਿੱਤੀ ਸੀ। ਹਾਂਗਕਾਂਗ ਰਾਹੀਂ ਆਉਣ ਵਾਲੇ ਹਰ ਜਹਾਜ ਨੂੰ ਰੋਕ ਲਿਆ ਜਾਣ ਲੱਗਾ ਅਤੇ ਉਸ ਵਿੱਚ ਸਵਾਰ ਯਾਤਰੀਆਂ ਨੂੰ ਕਲਕੱਤੇ ਦੀ ਬੰਦਰਗਾਹ ਉਤੇ ਰੋਕ ਕੇ, ਪਕੜ ਕੇ ਹਰ ਤਰ੍ਹਾਂ ਦੀ ਤਲਾਸ਼ੀ ਕੀਤੀ ਜਾਂਦੀ ਅਤੇ ਮਗਰੋਂ ਗ੍ਰਿਫਤਾਰ ਕਰਕੇ ਦੇਸ਼ ਦੀਆਂ ਜੇਲ੍ਹਾਂ ਅਤੇ ਕਾਲੇ ਪਾਣੀ ਦੇ ਟਾਪੂਆਂ ਦੀਆਂ ਜਾਂਗਲੀ ਜੇਲ੍ਹਾਂ ਵਿੱਚ ਡੱਕ ਦਿੱਤਾ ਜਾਂਦਾ ਸੀ। ਕਾਲੇ ਪਾਣੀ ਦੀ ਜੇਲ੍ਹ ਵਿੱਚ ਉਨ੍ਹਾਂ ਆਜ਼ਾਦੀ ਦੇ ਪਰਵਾਨਿਆਂ ਨੂੰ ਅਣਮਨੁੱਖੀ ਤਸੀਹੇ ਜਿਵੇ ਕੋਹਲੂ ਚਲਾਉਣੇ, ਗੰਦਗੀ ਵਿੱਚ ਰਹਿਣਾ, ਅਸਿਹ ਕੁੱਟਪੇ ਚਾੜਨੇ ਆਦਿ ਸਜਾਵਾਂ ਦਿੱਤੀਆਂ ਜਾਂਦੀਆਂ ਸਨ। ਸੈਂਕੜੇ ਹੀ ਗਦਰੀ ਪਰਵਾਨੇ ਕਾਲੇ ਪਾਣੀ ਦੀ ਜੇਲ੍ਹ ਦੇ ਅਣਮਨੁੱਖੀ ਤਸੀਹਿਆਂ ਕਾਰਨ ਉਥੋਂ ਦੀਆਂ ਹਨ੍ਹੇਰੀ ਕੋਠੜੀਆਂ ਵਿੱਚ ਨਰਕਭਰੀ ਜ਼ਿੰਦਗੀ ਭੋਗਦੇ ਅੰਤ ਨੂੰ ਸ਼ਹੀਦ ਹੋ ਗਏ ਸਨ।

ਹਾਫਿਜ਼ ਅਬਦੁਲਾ ਵੀ ਮਨੀਲਾ ਦੀ ਗਦਰ ਪਾਰਟੀ ਦਾ ਪ੍ਰਧਾਨ ਸੀ। ਕਿਉਂਕਿ ਗੁਰਦੁਆਰਿਆਂ ਵਿੱਚ ਹੀ ਬਾਹਰ ਤੋਂ ਆਕੇ ਲੋਕ ਠਹਿਰਦੇ ਸਨ ਅਤੇ ਉਥੇ ਹੀ ਮੀਟਿੰਗਾ ਦਾ ਪ੍ਰਬੰਧ ਕੀਤਾ ਜਾਂਦਾ ਸੀ। ਉਥੇ ਆਗੂ ਲੋਕ ਆਪਣੀਆਂ ਤਕਰੀਰਾਂ ਰਾਹੀਂ ਇਕੱਠੇ ਹੋਏ ਲੋਕਾਂ ਵਿੱਚ ਜੋਸ਼ ਭਰਦੇ ਅਤੇ ਉਨ੍ਹਾਂ ਨੂੰ ਭਾਰਤ ਵਿੱਚ ਗਦਰ ਕਰਨ ਲਈ ਪ੍ਰੇਰਦੇ ਸਨ। ਗੁਰਦੁਆਰਿਆਂ ਵਿੱਚ ਹਰ ਆਉਣ ਵਾਲੇ ਮੁਸਾਫਰਾਂ ਲਈ ਅਰਾਮ ਕਰਨ ਲਈ ਜਗ੍ਹਾ ਤੇ ਖਾਣ ਲਈ ਲੰਗਰ ਹਰ ਵਕਤ ਤਿਆਰ ਮਿਲਦਾ ਸੀ। ਅਮਰੀਕਾ ਕੈਨੇਡਾ ਤੋਂ ਤੁਰ ਕੇ ਗਦਰੀ ਨੌਜਵਾਨ ਮਨੀਲਾ ਦੇ ਗੁਰਦੁਆਰੇ ਆ ਕੇ ਹੀ ਠਹਿਰਦੇ ਤੇ ਉਥੇ ਆਪਣੇ ਜਲਸੇ ਕਰਕੇ ਲੋਕਾਂ ਨੂੰ ਆਪਣੇ ਦੇਸ਼ ਨੂੰ ਅਜ਼ਾਦ ਕਰਵਾਉਣ ਲਈ ਉਤਸ਼ਾਹਤ ਕਰਕੇ ਭਾਰਤ ਨਾਲ ਚੱਲਣ ਲਈ ਤਿਆਰ ਕਰਦੇ ਸਨ। ਇਸੇ ਸਿਲਸਿਲੇ ਵਿੱਚ ਐਸ. ਐਸ. ਕੋਰੀਆ ਜਹਾਜ 29 ਅਗਸਤ, 1914 ਨੂੰ ਅਮਰੀਕਾ ਤੋਂ ਤੁਰਿਆ ਸੀ। ਜਹਾਜ ਦਾ ਸਫਰ ਕਰਦੇ ਰਸਤੇ ਵਿੱਚ ਕਈ ਕਈ ਦਿਨ ਲਗਦੇ ਸਨ। ਸਮੁੰਦਰੀ ਘਾਟਾਂ ਤੇ ਵੀ ਭਾਰਤ ਆਉਣ ਵਾਲੇ ਜਹਾਜਾਂ ਨੂੰ ਜਾਣਬੁੱਝ ਕੇ ਲੇਟ ਕੀਤਾ ਜਾਂਦਾ ਸੀ। ਜਦੋਂ ਐਸ. ਐਸ. ਕੋਰੀਆ ਜਹਾਜ ਮਨੀਲਾ ਦੀ ਬੰਦਰਗਾਹ 'ਤੇ ਆ ਕੇ ਲੱਗਿਆ ਤਾਂ ਉਸ ਵਿੱਚ ਸਵਾਰ ਲੱਗਭਗ 70 ਗਦਰੀਆਂ ਦਾ ਇੱਕ ਜੱਥਾ ਮਨੀਲਾ ਦੇ ਗੁਰਦੁਆਰੇ ਵਿੱਚ ਆ ਕੇ ਠਹਿਰਿਆ ਸੀ। ਪਹਿਲਾਂ ਹੀ ਹਾਫਿਜ਼ ਅਬਦੁਲਾ ਨੇ ਮਨੀਲਾ ਦੇ ਗੁਰਦੁਆਰ

ਵਿੱਚ ਉਨ੍ਹਾਂ ਦੇ ਠਹਿਰਨ ਤੇ ਜਲਸਾ ਕਰਨ ਦਾ ਪ੍ਰਬੰਧ ਕਰ ਰੱਖਿਆ ਸੀ। ਉਥੇ ਉਨ੍ਹਾਂ ਨੇ ਆਪਣਾ ਜਲਸਾ ਕੀਤਾ ਜਿਸ ਵਿੱਚ ਮਨੀਲਾ ਰਹਿੰਦੇ ਪ੍ਰਵਾਸੀ ਭਾਰਤੀ ਵੀ ਆ ਕੇ ਸ਼ਾਮਲ ਹੋਏ। ਮਿਲਣ ਵਾਲੇ ਲੋਕਾਂ ਵਿੱਚ ਜੀਵਨ ਸਿੰਘ ਦੌਲਾ ਸਿੰਘ ਵਾਲਾ, ਬੀਬੀ ਗੁਲਾਬ ਕੌਰ ਤੇ ਉਸਦੇ ਪਤੀ ਸਰਦਾਰ ਮਾਨ ਸਿੰਘ ਵੀ ਹੋਰ ਭਾਰਤੀਆਂ ਨਾਲ ਸ਼ਾਮਲ ਹੋਏ ਸਨ। ਉਥੇ ਆਪਣੇ ਦੇਸ਼ ਨੂੰ ਅੰਗਰੇਜ਼ਾਂ ਦੇ ਚੁੰਗਲ ਵਿੱਚੋਂ ਅਜ਼ਾਦ ਕਰਵਾਉਣ ਲਈ ਲੀਡਰਾਂ ਦੀਆਂ ਬਹੁਤ ਹੀ ਜੋਸ਼ੀਲੀਆਂ ਤਕਰੀਰਾਂ ਹੋਈਆਂ ਅਤੇ ਗਦਰ ਗੂੰਜਾ ਵੀ ਪੜ੍ਹੀਆਂ ਗਈਆਂ---

ਬੇਗੈਰਤੋ ਹਿੰਦੀ ਸੰਸਾਰ ਆਖੇ, ਚੜ੍ਹ ਕੇ ਸੂਲੀਆਂ ਸਿਦਕ ਵਖਾਈਏ ਰਲਕੇ।
ਦੁਰੇ ਦੁਰੇ ਹੁੰਦੀ ਜਿਧਰ ਜਾਣ ਹਿੰਦੀ, ਠੁੱਡੇ ਖਾਣ ਨਾਲੋਂ ਮਰ ਜਾਈਏ ਰਲਕੇ।
ਸ਼ਾਂਤਮਈ ਨੇ ਸਾਨੂੰ ਨਾਮਰਦ ਕੀਤਾ, ਹਰਕਤ ਖ਼ੂਨ ਦੇ ਵਿੱਚ ਲਿਆਈਏ ਰਲਕੇ।
ਭੇਡਾਂ ਵਾਂਗ ਸਹਿਮੇਂ ਅਸੀਂ ਹੋਏ ਅੱਗੇ, ਜਿਵੇਂ ਹੱਕਦੇ ਉਹ ਤੁਰੇ ਜਾਈਏ ਰਲਕੇ।
ਬੜੇ ਹੱਡ ਕੁਟਾਏ ਏਹ ਸ਼ਾਂਤੀ ਨੇ, ਹੁਣ ਅਸ਼ਾਂਤ ਹੋ ਜਰਾ ਦਿਖਾਈਏ ਰਲਕੇ।
ਮੰਗੀ ਕਦੇ ਆਜ਼ਾਦੀ ਨਹੀਂ ਹੱਥ ਆਉਣੀ, ਤੇਗ ਵਿੱਚ ਮੈਦਾਨ ਚਮਕਾਈਏ ਰਲਕੇ।
ਸੋਹਣੀ ਹੀਰ ਆਜ਼ਾਦੀ ਦੇ ਦੀਦ ਬਦਲੇ, ਜਾਨ ਆਪਣੀ ਤੇ ਖੇਲ ਜਾਈਏ ਰਲਕੇ।
ਕੇਵਲ ਗਦਰ ਕਰਸੀ ਦੂਰ ਦੁਖੜੇ, ਝੰਡਾ ਗਦਰ ਦਾ ਸਾਰੇ ਝੁਲਾਈਏ ਰਲਕੇ।

ਉਨ੍ਹਾਂ ਦੇ ਵਿਚਾਰਾਂ ਤੋਂ ਜਿੱਥੇ ਹੋਰ ਭਾਰਤੀ ਪ੍ਰਭਾਵਤ ਹੋਏ ਉਥੇ ਬੀਬੀ ਗੁਲਾਬ ਕੌਰ ਤੇ ਉਸਦੇ ਪਤੀ ਮਾਨ ਸਿੰਘ ਉੱਤੇ ਵੀ ਇਨ੍ਹਾਂ ਦਾ ਗਹਿਰਾ ਪ੍ਰਭਾਵ ਪਿਆ ਸੀ। ਜਲਸਾ ਖਤਮ ਹੋਣ ਪਿੱਛੋਂ ਭਰੇ ਇਕੱਠ ਵਿੱਚ ਹੱਥ ਖੜੇ ਕਰਕੇ ਜੰਗੇ ਅਜ਼ਾਦੀ ਵਿੱਚ ਸ਼ਾਮਲ ਹੋਣ ਲਈ ਪ੍ਰਣ ਲਏ ਗਏ ਤੇ ਲਿਸਟਾਂ ਤਿਆਰ ਕੀਤੀਆਂ ਗਈਆਂ ਸਨ। ਦੇਸ਼ ਪਰਤ ਕੇ ਜੰਗੇ ਅਜ਼ਾਦੀ ਵਿੱਚ ਸ਼ਾਮਲ ਹੋਣ ਲਈ ਜਿਵੇਂ ਹੋਰ ਥਾਵਾਂ ਤੇ ਹੱਥ ਖੜੇ ਕਰਵਾ ਕੇ ਲਿਸਟਾਂ ਤਿਆਰ ਕੀਤੀਆਂ ਜਾਂਦੀਆਂ ਸਨ। ਮਨੀਲਾ ਦੇ ਗੁਰਦੁਆਰੇ ਵਿੱਚ ਵੀ ਅਜਿਹਾ ਹੀ ਕੀਤਾ ਗਿਆ ਸੀ। ਗੁਲਾਬ ਕੌਰ ਤੇ ਉਸਦੇ ਪਤੀ ਨੇ ਵੀ ਆਪਣੇ ਨਾਂ ਗਦਰ ਪਾਰਟੀ ਦੀ ਲਿਸਟ ਵਿੱਚ ਦਰਜ ਕਰਵਾ ਦਿੱਤੇ ਅਤੇ ਵਾਅਦਾ ਵੀ ਕੀਤਾ ਕਿ ਅਗਲੇ ਦਿਨ ਉਹ ਵੀ ਵਕਤ ਰਹਿੰਦੇ ਬਾਕੀ ਸਾਥੀਆਂ ਨਾਲ ਜਹਾਜ਼ ਉੱਤੇ ਪਹੁੰਚ ਜਾਣਗੇ।

ਵਕਤ ਬਹੁਤ ਥੋੜ੍ਹਾ ਸੀ, ਵਾਪਸ ਆਉਣ ਦੀ ਤਿਆਰੀ ਵੀ ਕਰਨੀ ਸੀ। ਜਲਸਾ ਖਤਮ ਹੋਣ ਤੇ ਸਭ ਆਪੋ ਆਪਣੇ ਠਿਕਾਣਿਆਂ ਤੇ ਅੱਪੜ ਗਏ ਤਾਂ ਕਿ ਆਪਣਾ ਸਮਾਨ ਇਕੱਠਾ ਕਰ ਸਕਣ। ਗੁਲਾਬ ਕੌਰ ਦੇ ਦਿਲ ਵਿੱਚ ਆਪਣੇ ਪਿਆਰੇ ਦੇਸ਼ ਨੂੰ ਬਰਤਾਨਵੀ ਸਾਮਰਾਜ ਤੋਂ ਆਜ਼ਾਦ ਕਰਵਾਉਣ ਲਈ ਬਹੁਤ ਜੋਸ਼ ਭਰਿਆ ਹੋਇਆ ਸੀ। ਉਹ ਇਸ ਗੱਲ ਦੀ ਖੁਸ਼ੀ ਵਿੱਚ ਆਪਣੇ ਮਨੀਲਾ ਆਉਣ ਦੇ ਮਕਸਦ ਅਰਥਾਤ ਆਪਣੇ ਘਰ ਦੀ ਮਾੜੀ ਆਰਥਿਕ ਹਾਲਤ ਨੂੰ ਸੁਧਾਰਨ ਲਈ ਧਨ ਇਕੱਠਾ ਕਰਕੇ ਭੇਜਣ ਨੂੰ ਭੁੱਲ ਗਈ ਸੀ। ਹੁਣ ਤਾਂ ਉਹ ਆਜ਼ਾਦੀ ਲੈਣ ਦੇ ਸੁਪਨੇ ਦੇਖਣ ਲੱਗੀ ਸੀ ਜਿਸ ਨੂੰ ਲਿਆਉਣ ਲਈ ਉਹ ਵੱਡੀ ਤੋਂ ਵੱਡੀ ਮੁਸ਼ਕਲ ਨਾਲ ਟਕਰਾਉਣ ਲਈ ਵੀ ਤਿਆਰ ਸੀ। ਅਗਲੇ ਦਿਨ ਆਪਣੇ ਵਤਨ ਵਾਪਸ ਆਉਣ ਲਈ ਗੁਲਾਬ ਕੌਰ ਨੇ ਵੀ ਸਾਰਾ ਸਮਾਨ ਇਕੱਠਾ ਕੀਤਾ ਅਤੇ ਪੂਰੇ ਹੌਸਲੇ ਨਾਲ ਤਿਆਰ ਬਰ ਤਿਆਰ ਹੋ ਗਈ ਸੀ। ਬਸ ਕਸਰ ਟਰੰਕ ਦੀ ਸੀ, ਜਿਸਦੀ ਟੁੱਟਣ ਕਰਕੇ ਮੁਰੰਮਤ ਕਰਵਾਉਣ

ਵਾਲੀ ਸੀ। ਸਵੇਰੇ ਉਠ ਕੇ ਸਭ ਤੋਂ ਪਹਿਲਾਂ ਮਾਨ ਸਿੰਘ ਆਪਣਾ ਟਰੰਕ ਠੀਕ ਕਰਵਾਉਣ ਲਈ, ਗੁਲਾਬ ਕੌਰ ਨਾਲ ਛੇਤੀ ਮੁੜ ਆਉਣ ਦਾ ਵਾਅਦਾ ਕਰ ਕੇ, ਬਜ਼ਾਰ ਚਲਾ ਗਿਆ ਸੀ। ਉਸਨੇ ਬਾਕੀ ਲੋਕਾਂ ਦੀ ਦੇਖਾ-ਦੇਖੀ ਆਪਣਾ ਹੱਥ ਖੜਾ ਕਰਕੇ ਲਿਸਟ ਵਿੱਚ ਨਾਂ ਵੀ ਲਿਖਵਾ ਦਿੱਤਾ ਸੀ ਪ੍ਰੰਤੂ ਘਰ ਪਹੁੰਚਦੇ ਹੀ ਉਸਦੇ ਮਨ ਵਿੱਚ ਘੋਟ ਆ ਗਈ ਜਿਸ ਨੂੰ ਉਸਨੇ ਗੁਲਾਬ ਕੌਰ ਤੋਂ ਵੀ ਛੁਪਾ ਕੇ ਰੱਖਿਆ ਸੀ। ਉਸ ਨੇ ਜਾਣ-ਬੁੱਝ ਕੇ ਬਜ਼ਾਰੋਂ ਘਰ ਮੁੜਨ ਵਿੱਚ ਦੇਰ ਕਰ ਦਿੱਤੀ ਜਿਸ ਦੀ ਚਿੰਤਾ ਗੁਲਾਬ ਕੌਰ ਨੂੰ ਬਹੁਤ ਹੋਣ ਲੱਗੀ ਸੀ। ਜਹਾਜ ਚੱਲਣ ਦੇ ਥੋੜਾ ਸਮਾਂ ਪਹਿਲਾਂ ਉਹ ਘਰ ਮੁੜਿਆ ਸੀ। ਉਹ ਜਾਣਦਾ ਸੀ ਕਿ ਦੇਸ਼-ਸੇਵਾ ਦਾ ਰਸਤਾ ਕੰਡਿਆਂ ਭਰਿਆ ਹੈ ਤੇ ਇਸ ਰਸਤੇ ਤੇ ਚੱਲ ਕੇ ਮੁਸੀਬਤਾਂ ਤੋਂ ਬਿਨਾ ਹੋਰ ਕੁੱਝ ਵੀ ਨਹੀਂ ਮਿਲਣ ਵਾਲਾ। ਕਿਉਂਕਿ ਉਹ ਤਾਂ ਧਨ ਕਮਾਉਣ ਦੀ ਮਨਸ਼ਾ ਨਾਲ ਗਿਆ ਸੀ। ਆਪਣੇ ਬਚਨਾਂ ਤੋਂ ਫਿਰਨ ਲਈ ਅਤੇ ਆਪਣੀ ਇੱਛਾ ਦੀ ਪੂਰਤੀ ਲਈ ਉਸਨੇ ਬਹੁਤ ਸ਼ਰਾਬ ਵੀ ਪੀ ਲਈ ਸੀ ਤਾਂ ਕਿ ਉਹ ਆਪਣੀ ਪਤਨੀ ਗੁਲਾਬ ਕੌਰ ਦਾ ਸਾਹਮਣਾ ਕਰ ਸਕੇ। ਉਹ ਉਸ ਨੂੰ ਵੀ ਇਸ ਦੇਸ਼-ਪ੍ਰੇਮ ਦੇ ਰਸਤੇ ਤੇ ਚੱਲਣ ਤੋਂ ਰੋਕ ਸਕੇ।

ਉਹ ਘਰ ਵਾਪਸ ਪਹੁੰਚਣ ਵਿੱਚ ਭਾਵੇਂ ਲੇਟ ਤਾਂ ਹੋਇਆ ਹੀ ਸੀ ਪਰ ਉਸ ਨੇ ਆਉਂਦੇ ਹੀ ਆਪਣੀ ਮਰਦਾਨਗੀ ਦਿਖਾਉਂਦੇ ਹੋਏ ਨੇ ਪਤਨੀ ਗੁਲਾਬ ਕੌਰ ਨੂੰ ਦੇਸ਼ ਪਰਤਣ ਤੋਂ ਇਨਕਾਰ ਹੀ ਨਹੀਂ ਕੀਤਾ ਸਗੋਂ ਨਾਲ ਹੀ ਉਸ ਨੂੰ ਵੀ ਕਹਿ ਦਿੱਤਾ ਕਿ ਤੂੰ ਵੀ ਨਹੀਂ ਜਾਣਾ। ਪਤੀ ਮਾਨ ਸਿੰਘ ਦੇ ਮੂੰਹੋਂ ਕੀਤੇ ਵਾਅਦੇ ਤੋਂ ਮੁਕਰਨ ਦੀ ਗੱਲ ਸੁਣ ਕੇ ਗੁਲਾਬ ਕੌਰ ਨੇ ਭਰੇ ਮਨ ਨਾਲ ਆਪਣੇ ਸਭ ਗਦਰੀਆਂ ਦੇ ਸਾਹਮਣੇ ਕਹੇ ਸ਼ਬਦਾਂ 'ਤੇ ਦ੍ਰਿੜਤਾ ਪ੍ਰਗਟਾਉਂਦੇ ਹੋਏ ਕਿਹਾ ਕਿ ਉਹ ਤਾਂ ਆਪਣੇ ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਜਰੂਰ ਜਾਵੇਗੀ ਭਾਵੇਂ ਇਸ ਕੰਮ ਵਿੱਚ ਉਸਦੀ ਜਾਨ ਹੀ ਕਿਉਂ ਨਾ ਚਲੀ ਜਾਵੇ। ਗੁਲਾਬ ਕੌਰ ਦੇ ਜਵਾਬ ਨਾਲ ਮਾਨ ਸਿੰਘ ਦਾ ਸਾਰਾ ਨਸ਼ਾ ਉਤਰ ਗਿਆ ਸੀ। ਉਸ ਨੂੰ ਆਪਣੀ ਫੋਕੀ ਮਰਦਾਨਗੀ ਦਾ ਅਹਿਸਾਸ ਵੀ ਹੋਇਆ। ਫਿਰ ਵੀ ਉਹ ਆਪਣੀ ਪਤਨੀ ਤੋਂ ਆਪਣੇ ਅੱਗੇ 'ਨਾਂਹ' ਸ਼ਬਦ ਸੁਣ ਕੇ ਅੱਗ-ਬਬੂਲਾ ਹੋਇਆ ਕਹਿਣ ਲੱਗਾ " ਮੇਰੇ ਤੋਂ ਬਿਨਾਂ ਤੂੰ ਵੀ ਨਹੀਂ ਜਾ ਸਕਦੀ ਕਿਉਂਕਿ ਤੂੰ ਮੇਰੀ ਪਤਨੀ ਹੈਂ।" ਮਾਨ ਸਿੰਘ ਤਾਂ ਆਪਣੇ ਪਤੀ ਹੋਣ ਦੇ ਰੋਹਬ ਵਿੱਚ ਕਹਿ ਰਿਹਾ ਸੀ ਕਿ ਉਸਨੂੰ ਤਾਂ ਆਪਣੇ ਪਤੀ ਦਾ ਹੁਕਮ ਮੰਨਣਾ ਹੀ ਪੈਣਾ ਹੈ ਪਰ ਉਹ ਕੀ ਜਾਣੇ ਕਿ ਗੁਲਾਬ ਕੌਰ ਜਿਹੜੀ ਉਸਦੀ ਪਤਨੀ ਸੀ ਉਹ ਹੁਣ ਤਾਂ ਕਿਸੇ ਹੋਰ ਹੀ ਖਾਸ ਰੰਗ ਵਿੱਚ ਰੰਗੀ ਜਾ ਚੁੱਕੀ ਸੀ? ਇਹ ਰੰਗ ਸਭ ਰੰਗਾਂ ਤੇ ਰਿਸ਼ਤਿਆਂ ਤੋਂ ਉਪਰ ਸੀ-ਦੇਸ਼-ਭਗਤੀ ਦਾ ਰੰਗ। ਆਪਣਾ-ਪਰਾਇਆ ਸਭ ਖਤਮ ਹੋ ਚੁੱਕਿਆ ਸੀ। ਬਸ ਉਹ ਤਾਂ ਇੱਕੋ ਰੰਗ ਵਿੱਚ ਗਲਤਾਨ ਸੀ, ਉਹ ਸੀ ਆਪਣੇ ਭਾਰਤ ਨੂੰ ਅੰਗਰੇਜਾਂ ਤੋਂ ਆਜ਼ਾਦ ਕਰਵਾਉਣ ਦਾ ਹੌਸਲਾ।

ਦੇਸ਼ ਪਿਆਰ ਦੇ ਰੰਗ ਵਿੱਚ ਰੰਗੀ ਬੀਬੀ ਗੁਲਾਬ ਕੌਰ ਭਲਾ ਪਿੱਛੇ ਮੁੜਨ ਵਾਲੀ ਕਿੱਥੇ ਸੀ? ਉਸ ਨੇ ਤਾਂ ਆਪਣੇ ਦੇਸ਼ ਲਈ ਮਰ-ਮਿਟ ਜਾਣ ਦਾ ਰਸਤਾ ਚੁਣ ਲਿਆ ਸੀ। ਉਸ ਉਤੇ ਪਤੀ ਮਾਨ ਸਿੰਘ ਦੀਆਂ ਕਹੀਆਂ ਗੱਲਾਂ ਦਾ ਕੋਈ ਅਸਰ ਨਹੀਂ ਸੀ ਹੋ ਰਿਹਾ। ਉਸਨੂੰ ਤਾਂ ਮਾਨ ਸਿੰਘ ਦੀ ਸੋਚ ਤੇ ਗੁੱਸਾ ਆ ਰਿਹਾ ਸੀ। ਉਹ ਉਸ ਨਾਲ ਹੋਰ ਬਹੁਤਾ ਉਲਝ ਕੇ ਆਪਣਾ ਵਕਤ ਬਰਬਾਦ ਕਰਨਾ ਨਹੀਂ ਸੀ ਚਾਹੁੰਦੀ।

ਜਦੋਂ ਮਾਨ ਸਿੰਘ ਉਸਨੂੰ ਰੋਕਣ ਤੋਂ ਨਾ ਹਟਿਆ ਤਾਂ ਗੁੱਸੇ ਵਿੱਚ ਲਾਲੋ-ਲਾਲ ਹੋਈ ਉਹ ਕੜਕ ਕੇ ਬੋਲੀ, " ਤੂੰ ਤਾਂ ਡਰਪੋਕ ਹੈਂ! ਤੇਰੀ ਡਰ ਦੇ ਮਾਰੇ ਨੀਅਤ ਬਦਨੀਅਤ ਹੋ ਗਈ!! ਤੂੰ ਕਿਸੇ ਵੀ ਕੰਮ ਦਾ ਨਹੀਂ!!! ਜਿਹੜਾ ਆਦਮੀ ਆਪਣੇ ਦੇਸ਼ ਦੀ ਰਖਵਾਲੀ ਨਹੀਂ ਕਰ ਸਕਦਾ, ਉਹ ਆਪਣੀ ਪਤਨੀ ਦੀ ਰਖਵਾਲੀ ਕਿਵੇਂ ਕਰੂਗਾ? ਤੇਰੇ ਵਰਗੇ ਬੁਜ਼ਦਿਲਾਂ ਕਾਰਨ ਹੀ ਤਾਂ ਅੰਗਰੇਜ ਰਾਜ ਕਰਦੇ ਆ ਰਹੇ ਆ। ਜਾਹ, ਤੂੰ ਵੀ ਦੂਜੇ ਦੇਸ਼-ਧਰੋਹੀਆਂ ਵਾਂਗ ਹੀ ਗਲੇ ਵਿੱਚ ਗੁਲਾਮੀ ਦਾ ਜੂਲਾ ਪਾਈ ਰੱਖ। ਅੱਜ ਤੋਂ ਤੇਰੇ ਨਾਲ ਮੇਰਾ ਰਿਸ਼ਤਾ ਖਤਮ ਹੋ ਗਿਐ। ਹੁਣ ਤੇਰਾ-ਮੇਰਾ ਕੋਈ ਰਿਸ਼ਤਾ ਨਹੀਂ। ਤੂੰ ਆਪਣੇ ਖਾਨਦਾਨ ਨੂੰ ਲਾਜ ਲੁਆ ਦਿੱਤੀ ਆ। ਮੈਂ ਗਦਰੀਆਂ ਨਾਲ ਜਾ ਰਹੀ ਹਾਂ।" ਸ਼ੇਰਨੀ ਦੀ ਤਰ੍ਹਾਂ ਗਰਜਦੀ ਉਹ ਉਠੀ, ਆਪਣੇ ਕੱਪੜੇ-ਲੀੜਿਆਂ ਵਾਲੀ ਪੋਟਲੀ ਅਤੇ ਇਕ ਦਰੀ ਉਠਾਈ ਤੇ ਚੱਲ ਪਈ ਆਪਣੀ ਮੰਜ਼ਲ ਵੱਲ ਜਿੱਥੇ ਉਨ੍ਹਾਂ ਦਾ ਇੰਤਜਾਰ ਹੋ ਰਿਹਾ ਸੀ।

ਗੁਲਾਬ ਕੌਰ ਜ਼ਬਾਨ ਦੀ ਪੱਕੀ ਸੀ, ਉਸ ਨੇ ਆਪਣੇ ਪਤੀ ਮਾਨ ਸਿੰਘ ਦਾ ਸਾਥ ਛੱਡ ਕੇ ਗਦਰੀਆਂ ਨਾਲ ਦੇਸ਼ ਪਰਤਣਾਂ ਚੰਗਾ ਸਮਝਿਆ ਸੀ। ਉਹ ਗਦਰ ਪਾਰਟੀ ਅਤੇ ਉਸ ਦੇ ਦੇਸ਼ ਨੂੰ ਅਜ਼ਾਦ ਕਰਵਾਉਣ ਦੇ ਵਿਚਾਰਾਂ ਤੋਂ ਬਹੁਤ ਪ੍ਰਭਾਵਤ ਹੋਈ ਸੀ। ਜਾਂਦੇ ਜਾਂਦੇ ਉਸਨੇ ਆਪਣੇ ਪਤੀ ਵੱਲ ਇਹ ਕਹਿੰਦੇ ਹੋਏ ਆਪਣੀਆਂ ਪਹਿਨੀਆਂ ਚੂੜੀਆਂ ਉਤਾਰ ਕੇ ਇਹ ਕਹਿੰਦੇ ਹੋਏ ਮਾਨ ਸਿੰਘ ਅੱਗੇ ਸੁੱਟ ਦਿੱਤੀਆਂ " ਲੈ! ਤੂੰ ਹੁਣ ਇਨ੍ਹਾਂ ਨੂੰ ਪਹਿਨ ਕੇ ਅੰਦਰ ਬੈਠ ਜਾਈਂ, ਪਰ ਮੈਂ ਨਹੀਂ ਰੁਕਣ ਵਾਲੀ।" ਆਪਣੇ ਵਤਨ ਦੀ ਮਿੱਟੀ ਦੇ ਮੋਹ ਵਿੱਚ ਗੜੁੱਚ ਹੋਈ ਉਹ ਤੁਰ ਪਈ। ਉਸ ਨੇ ਪਿੱਛੇ ਮੁੜ ਕੇ ਨਹੀਂ ਦੇਖਿਆ। ਗੁਰਦੁਆਰੇ ਪਹੁੰਚ ਕੇ ਹੀ ਸਭ ਨੇ ਜਹਾਜ ਵੱਲ ਤੁਰਨਾ ਸੀ। 'ਐਸ. ਐਸ਼. ਕੋਰੀਆ ਜਹਾਜ' ਸਮੁੰਦਰ ਕੰਢੇ ਲੱਗਿਆ ਹੋਇਆ ਸੀ। ਜਹਾਜ ਵੱਲ ਤੁਰਦੇ ਵਕਤ ਬੀਬੀ ਸਭ ਤੋਂ ਅੱਗੇ ਹੋ ਕੇ ਚੱਲਣ ਲੱਗੀ ਤੇ ਪਿੱਛੇ ਬਾਕੀ ਸਭ ਲੋਕ ਤੁਰ ਪਏ। ਚਾਰੇ ਪਾਸੇ ਘੁੱਪ ਹਨੇਰਾ ਫੈਲਿਆ ਹੋਇਆ ਸੀ, ਇੱਕ ਖਾਸ ਕਿਸਮ ਦੀ ਖਾਮੋਸ਼ੀ ਛਾਈ ਹੋਈ ਸੀ ਪਰ ਉਹ ਸ਼ੇਰਨੀ ਅੱਗੇ ਹੀ ਵਧਦੀ ਜਾ ਰਹੀ ਸੀ।

ਉਹ ਜਹਾਜ ਵਿੱਚ ਚੜ੍ਹ ਕੇ ਡੈਕ ਦੀ ਨੁੱਕਰ ਵਿੱਚ ਦਰੀ ਵਿਛਾ ਕੇ ਲੇਟ ਗਈ। ਉਹ ਨਿਢਾਲ ਹੋ ਚੁੱਕੀ ਸੀ। ਮਨ ਵਿੱਚ ਤਰ੍ਹਾਂ ਤਰ੍ਹਾਂ ਦੇ ਸਵਾਲ ਉਠ ਰਹੇ ਸਨ। ' ਕਿਸ ਤਰ੍ਹਾਂ ਆਪਣੇ ਗਦਰੀ ਵੀਰਾਂ ਨੂੰ ਦੱਸੇਗੀ ਕਿ ਮਾਨ ਸਿੰਘ ਬਦਲ ਗਿਆ ਹੈ? ਆਪਣੇ ਸਹੁਰਿਆਂ ਤੇ ਮਾਪਿਆਂ ਨੂੰ ਕੀ ਜਵਾਬ ਦੇਵੇਗੀ ਉਹ? ਸਮਾਜ ਮੇਰੇ ਬਾਰੇ ਕੀ ਸੋਚੂਗਾ? ਮੈਂ ਇਕੱਲੀ ਔਰਤ ਦੇਸ਼ ਪਹੁੰਚ ਕੇ ਕਿੱਧਰ ਜਾਵਾਂਗੀ?' ਜਹਾਜ ਦੇ ਤੁਰਨ ਦਾ ਵਕਤ ਹੋ ਗਿਆ ਸੀ। ਉਹ ਸਾਰੇ ਜਹਾਜ ਵਿੱਚ ਗਦਰੀਆਂ ਨਾਲ ਇਕੱਲੀ ਹੀ ਗਦਰੀ ਔਰਤ ਆਈ ਸੀ। ਹੋਰ ਗਦਰੀਆਂ ਨੂੰ ਚੜ੍ਹਦੇ ਦੇਖਣ ਲਈ ਉਹ ਉਠ ਕੇ ਜਹਾਜ ਦੀ ਇੱਕ ਪਾਸੇ ਬਾਹੀ ਨਾਲ ਲੱਗ ਕੇ ਖੜੀ ਹੋ ਗਈ ਸੀ। ਉਹ ਚੜ੍ਹ ਰਹੇ ਲੋਕਾਂ ਵੱਲ ਦੇਖਣ ਲੱਗੀ ਕਿ ਸ਼ਾਇਦ ਮਾਨ ਸਿੰਘ ਵੀ ਉਨ੍ਹਾਂ ਦੇ ਮਗਰ ਆਉਂਦਾ ਹੋਵੇ, ਸ਼ਾਇਦ ਉਹ ਬਦਲ ਹੀ ਗਿਆ ਹੋਵੇ ਪ੍ਰੰਤੂ ਇਹ ਸੋਚਣਾ ਤਾਂ ਉਸਦਾ ਭਰਮ ਹੀ ਸੀ ਜਿਹੜਾ ਟੁੱਟ ਵੀ ਚੁੱਕਾ ਸੀ। ਉਹ ਅਜਿਹਾ ਇਨਸਾਨ ਤਾਂ ਹੈ ਹੀ ਨਹੀਂ ਸੀ। ਉਸ ਨੇ ਆਪਣੇ ਆਪ ਨੂੰ ਸੰਭਾਲਿਆ। ਹੁਣ ਉਹ ਦੂਰ ਤੱਕ ਸਮੁੰਦਰ ਦੇ ਪਾਣੀ ਦੀ ਗਹਿਰਾਈ ਨੂੰ ਦੇਖਣ ਲੱਗੀ, ਉਹ ਉਸ ਵਿੱਚੋਂ ਉਠ ਰਹੀਆਂ ਲਹਿਰਾਂ ਨੂੰ ਭਾਂਪਣ ਲੱਗੀ।

ਇੱਕ ਤੂਫਾਨ ਉਸ ਦੇ ਅੰਦਰ ਵੀ ਉਠ ਰਿਹਾ ਸੀ ਜਿਸ ਦੀਆਂ ਲਹਿਰਾਂ ਨੇ ਉਸ ਦੇ ਮਨ ਵਿੱਚ ਬਹੁਤ ਉਥਲ-ਪੁਥਲ ਮਚਾ ਰੱਖੀ ਸੀ। ਕਈ ਤਰ੍ਹਾਂ ਦੇ ਸਵਾਲ ਉਠ ਰਹੇ ਸਨ, " ਕੀ ਕਰੇ ਕੀ ਨਾ ਕਰੇ? ਅੱਜ ਮਾਨ ਸਿੰਘ ਨੇ ਉਸ ਨੂੰ ਬਹੁਤ ਬੜਾ ਧੋਖਾ ਦਿੱਤਾ ਸੀ।" ਉਸ ਦਾ ਦਿਲ ਜੋਰ-ਜੋਰ ਦੀ ਧੜਕ ਰਿਹਾ ਸੀ। ਉਹ ਡੂੰਘੀ ਚਿੰਤਾ ਵਿੱਚ ਦਿਖਾਈ ਦੇ ਰਹੀ ਸੀ। ਉਸ ਦੇ ਚਿਹਰੇ ਤੇ ਉਸਦਾ ਦੁੱਖ ਸਾਫ-ਸਾਫ ਝਲਕ ਰਿਹਾ ਸੀ। ਉਹ ਡਰ ਰਹੀ ਸੀ। ਕਿਵੇਂ ਉਹ ਆਪਣੇ ਸਾਥੀਆਂ- ਜੀਵਨ ਸਿੰਘ, ਜਗਤ ਰਾਮ, ਅਮਰ ਸਿੰਘ, ਸੁਰਜਨ ਸਿੰਘ ਤੇ ਹਾਫਜ ਅਬਦੁਲਾ ਨੂੰ ਮਾਨ ਸਿੰਘ ਦੀ ਕਰਤੂਤ ਬਾਰੇ ਦੱਸੇਗੀ? ਕਿਵੇਂ ਉਨ੍ਹਾਂ ਨਾਲ ਸਾਹਮਣਾ ਕਰੇਗੀ?

ਬੜੀ ਮੁਸ਼ਕਲ ਨਾਲ ਗੁਲਾਬ ਕੌਰ ਨੇ ਆਪਣਾ ਮਨ ਪੱਕਾ ਕੀਤਾ ਤੇ ਜਹਾਜ ਦੀ ਡੈਕ ਤੇ ਖੜੇ ਹਾਫਜ ਅਬਦੁਲਾ ਕੋਲ ਚਲੀ ਗਈ। ਜਾ ਕੇ ਉਸ ਨੂੰ ਕਹਿਣ ਲੱਗੀ, " ਵੀਰਾ, ਮਾਨ ਸਿਉਂ ਤਾਂ ਬੇਈਮਾਨ ਹੋ ਗਿਆ। ਘਟੀਆ ਲੋਕਾਂ ਦੇ ਟੇਟੇ ਚੜ੍ਹ ਗਿਆ ਉਹ। ਸ਼ਰਾਬ ਪੀ ਕੇ ਬੇਹੋਸ਼ ਪਿਆ। ਓਹਦੀ ਥਾਂ ਮੈਂ ਪੂਰੀ ਕਰੂੰਗੀ। ਮੈਂ ਲੜੂੰਗੀ ਅੰਗਰੇਜ਼ਾਂ ਨਾਲ। ਥੋਨੂੰ ਕਦੇ ਕੋਈ ਆਂਚ ਨਹੀਂ ਲੱਗਣ ਦਊਂਗੀ।" ਉਹ ਚੁੱਪ-ਚਾਪ ਤੇ ਹੈਰਾਨ-ਪ੍ਰੇਸ਼ਾਨ ਹੋਇਆ ਖੜਾ ਬੀਬੀ ਨੂੰ ਦੇਖਦਾ ਰਿਹਾ। ਪਹਿਲਾਂ ਤਾਂ ਉਸ ਨੂੰ ਕੁੱਝ ਨਾ ਸੁਝਿਆ ਫਿਰ ਅਚਾਨਕ ਕਹਿਣ ਲੱਗਿਆ, " ਵਾਹ ! ਮੇਰੀ ਭੈਣ!! ਵਾਹ!!! ਤੂੰ ਬਹੁਤ ਦਲੇਰ ਹੈਂ। ਸਾਰੇ ਜਹਾਜ ਵਿੱਚ ਨਜ਼ਰ ਮਾਰ, ਕੋਈ ਹੋਰ ਔਰਤ ਨਹੀਂ, ਬੱਸ ਤੂੰ ਹੀ ਹੈਂ। ਅੱਜ ਤੋਂ ਤੂੰ ਤਾਂ ਸਾਡੀ ਸਭ ਦੀ ਭੈਣ ਹੈਂ। ਸਾਰੇ ਗਦਰੀਆਂ ਦੀ ਭੈਣ ਹੈਂ। ਜਿਸ ਦੀ ਤੇਰੇ ਵਰਗੀ ਭੈਣ ਹੋ ਭਲਾ, ਉਸਨੂੰ ਕੀ ਡਰ ਤੇ ਕੀ ਭੈਅ? ਤੂੰ ਤਾਂ ਭਾਰਤ ਮਾਂ ਦੀ ਸੱਚੀ ਤੇ ਬਹਾਦਰ ਧੀ ਹੈਂ।"

ਹਾਫਜ ਅਬਦੁਲਾ ਗੁਲਾਬ ਕੌਰ ਦੀਆਂ ਗੱਲਾਂ ਸੁਣਦਾ ਬਹੁਤ ਹੀ ਭਾਵੁਕ ਹੋ ਗਿਆ ਸੀ। ਉਸਨੇ ਆਪਣੇ ਦੋਵੇਂ ਹੱਥ ਉਸ ਦੇ ਮੋਢਿਆਂ ਤੇ ਰੱਖ ਕੇ ਕਿਹਾ, " ਭੈਣ ਗੁਲਾਬੋ, ਮੈਂ ਦੇਸ ਪਹੁੰਚ ਕੇ ਤੇਰੇ ਕੋਲੋਂ ਰੱਖੜੀ ਬਨ੍ਹਾਊਂਗਾ, ਬੰਨ੍ਹੇਗੀ ਨਾ?" " ਜਰੂਰ ਬੰਨ੍ਹੂੰ! ਆਪਣੇ ਵੀਰ ਅਬਦੁੱਲੇ ਦੇ ਜਰੂਰ ਬੰਨ੍ਹੂੰ !!" ਅੱਗੋਂ ਗੁਲਾਬ ਕੌਰ ਵੀ ਉਸੇ ਤਰ੍ਹਾਂ ਭਾਵੁਕਤਾ ਭਰਪੂਰ ਹੋਈ ਆਪਣੀਆਂ ਛਲਕਦੀਆਂ ਅੱਖਾਂ ਨਾਲ ਕਹਿ ਰਹੀ ਸੀ। ਦੂਰ ਖੜਾ ਜਗਤ ਰਾਮ ਵੀ ਇਹ ਸਾਰਾ ਦ੍ਰਿਸ਼ ਦੇਖ-ਸੁਣ ਰਿਹਾ ਸੀ। ਉਸ ਦੀਆਂ ਅੱਖਾਂ ਵਿੱਚ ਵੀ ਭਾਵੁਕਤਾ ਵਸ ਹੰਝੂ ਆ ਗਏ ਸਨ। ਉਹ ਵੀ ਉਨ੍ਹਾਂ ਦੇ ਕੋਲ ਆ ਗਿਆ ਅਤੇ ਤਿਨੇ ਜਣੇ ਆਪਣੇ ਆਪਣੇ ਹੰਝੂਆਂ ਨੂੰ ਇੱਕ ਦੂਜੇ ਤੋਂ ਛੁਪਾਉਂਦੇ ਹੋਏ ਅਲੱਗ ਅਲੱਗ ਪਾਸੇ ਚਲੇ ਗਏ। ਜਹਾਜ ਵਿੱਚ ਭਾਵੇਂ ਗੁਲਾਬ ਕੌਰ ਨੂੰ ਦੇਸ਼ ਪਿਆਰ ਵਿੱਚ ਰੰਗੇ ਹਰ ਤਰ੍ਹਾਂ ਦੀ ਕੁਰਬਾਨੀਆਂ ਦੇਣ ਵਾਲੇ ਲੋਕਾਂ ਦਾ ਸਾਥ ਮਿਲ ਗਿਆ ਸੀ ਪ੍ਰੰਤੂ ਉਸ ਨੂੰ ਆਪਣੇ ਪਤੀ ਸਰਦਾਰ ਮਾਨ ਸਿੰਘ ਦੇ ਨਾਲ ਨਾ ਆਉਣ ਦੀ ਘਾਟ ਰਹਿ ਰਹਿ ਕੇ ਖਲ ਰਹੀ ਸੀ।

ਉਸ ਰਾਤ ਉਸ ਨੇ ਖਾਣਾ ਵੀ ਨਾ ਖਾਇਆ। ਮੀਟਿੰਗ ਦਾ ਸਮਾਂ ਹੋਣ ਲਗਿਆ, ਇੱਕ ਗਦਰੀ ਸਾਥੀ ਪਹਿਲਾਂ ਹੀ ਝੰਡਾ ਲੈ ਕੇ ਮੀਟਿੰਗ ਵਾਲੀ ਜਗ੍ਹਾ ਤੇ ਜਾ ਬੈਠਿਆ ਸੀ। ਲਾਲ ਸਿੰਘ ਨੇ ਉਚੀ ਅਵਾਜ ਵਿੱਚ ਗਦਰੀਆਂ ਨੂੰ ਮੀਟਿੰਗ ਵਿੱਚ ਪਹੁੰਚਣ ਲਈ ਸੱਦਾ ਦਿੱਤਾ। ਦੇਖਦੇ ਹੀ ਦੇਖਦੇ ਸਭ ਗਦਰੀ ਇਕੱਠੇ ਹੋਣ ਲੱਗੇ। ਉਹ ਝੰਡੇ ਦੁਆਲੇ ਘੇਰੇ ਵਿੱਚ ਇਕੱਠੇ ਹੋ ਕੇ ਬੈਠ ਗਏ ਪ੍ਰੰਤੂ ਬੀਬੀ ਉਥੇ ਕਿਸੇ ਨੂੰ ਨਾ ਦਿਖੀ। ਜਦੋਂ ਬੀਬੀ

ਗੁਲਾਬ ਕੌਰ ਕਿਧਰੇ ਨਜ਼ਰ ਨਹੀਂ ਆਈ ਤਾਂ ਪੰਡਤ ਜਗਤ ਰਾਮ ਨੇ ਸਭ ਪਾਸੇ ਦੇਖ ਕੇ ਕਿਹਾ, " ਬੀਬੀ ਨਹੀਂ ਆਈ, ਕੀ ਗੱਲ ਐ?।" ਜੀਵਨ ਸਿੰਘ ਦੌਲਾ ਸਿੰਘ ਵਾਲਾ ਜਿਹੜਾ ਪਾਸ ਹੀ ਬੈਠਿਆ ਸੀ, ਕਹਿਣ ਲੱਗਿਆ, " ਪੰਡਤ ਜੀ ਅੱਜ ਬੀਬੀ ਨੇ ਰੋਟੀ ਵੀ ਨਹੀਂ ਖਾਈ। ਲਗਦੈ, ਉਹ ਅੱਜ ਮਾਨੇ ਦੇ ਨਾ ਆਉਣ ਕਾਰਨ ਬਹੁਤ ਦੁਖੀ ਆ।" ਵਿੱਚੋਂ ਹੀ ਇਕ ਹੋਰ ਸਾਥੀ ਬੋਲ ਪਿਆ "ਚੰਗਾ ਹੋਇਆ ਮਾਨ ਸਿੰਘ ਨਹੀਂ ਆਇਆ। ਏਹੋ ਜਿਹੇ ਦਾ ਕੀ ਆ, ਫੇਰ ਧੋਖਾ ਦੇ ਦਿੰਦਾ। ਜਿਹੜਾ ਹੁਣੇ ਹੀ ਡਰ ਗਿਆ ਫੇਰ ਤਾਂ ਉਸ ਨੇ ਬਣਿਆ ਕੰਮ ਹੀ ਬਿਗਾੜ ਦੇਣਾ ਸੀ।" ਬੀਬੀ ਗੁਲਾਬ ਕੌਰ ਬੁਲਾਉਣ ਤੇ ਆਈ ਤਾਂ ਸੀ ਪ੍ਰੰਤੂ ਉਹ ਇਕੱਲੀ ਹੀ ਇੱਕ ਪਾਸੇ ਥੋੜੇ ਫਰਕ ਨਾਲ ਬੈਠ ਗਈ ਸੀ। ਹਾਫਿਜ਼ ਅਬਦੁੱਲਾ ਨੇ ਉਸਨੂੰ ਬੈਠਿਆਂ ਦੇਖ ਲਿਆ ਸੀ, ਉਸ ਨੇ ਆਪਣੀ ਉਚੀ ਅਵਾਜ਼ ਵਿੱਚ ਕਿਹਾ " ਸਾਡੀ ਇੱਕੋ-ਇੱਕ ਭੈਣ, ਬਹੁਤ ਬਹਾਦਰ ਹੈ, ਕਮਜ਼ੋਰ ਨਹੀਂ, ਭਲਾ ਕਿਉਂ ਨਹੀਂ ਆਊਗੀ? ਉਸ ਵੱਲ ਹੱਥ ਦਾ ਇਸ਼ਾਰਾ ਕਰਕੇ ਕਿਹਾ "ਔਹ। ਸਾਡੇ ਸਾਹਮਣੇ ਤਾਂ ਬੈਠੀ ਹੈ।"

ਇੱਕ ਦਿਨ ਗੁੰਥੀ ਬਾਬੇ ਨੇ ਗੁਲਾਬ ਕੌਰ ਨੂੰ ਦੱਸਿਆ ਕਿ "ਭਾਈ ਭਗਵਾਨ ਸਿੰਘ ਬੜਾ ਵੱਡਾ ਕਵੀਸ਼ਰ ਸੀ। ਉਸਨੇ ਬਹੁਤੀਆਂ ਗਦਰ ਗੂੰਜਾਂ ਲਿਖੀਆਂ ਨੇ। ਉਹ ਸ਼ੁਰੂ ਤੋਂ ਹੀ ਬਾਗੀ ਸੀ। ਅੰਗਰੇਜਾਂ ਦੇ ਉਲਟ ਕਵੀਸ਼ਰੀ ਪੜ੍ਹਦਾ ਹੋਇਆ ਮੇਰੇ ਦਿਲ ਨੂੰ ਕੀਲ ਲੈਂਦਾ ਸੀ।" ਇਹ ਕਹਿ ਕੇ ਗੁੰਥੀ ਬਾਬੇ ਨੇ ਗੁਲਾਬ ਕੌਰ ਨੂੰ ਆਪਣੇ ਕੋਲੋਂ ਕੁੱਝ ਕਾਗਜ਼ ਪੜਨ ਲਈ ਦਿੱਤੇ। ਗੁਲਾਬ ਕੌਰ ਨੇ ਗੁੰਥੀ ਬਾਬੇ ਤੋਂ ਗਦਰ ਅਖਬਾਰ ਦੇ ਵਰਕੇ ਫੜ ਕੇ ਉਨ੍ਹਾਂ ਨੂੰ ਬੜੇ ਹੀ ਗਹੁ ਨਾਲ ਦੇਖਿਆ। ਉਨ੍ਹਾਂ ਵਿੱਚੋ ਜਿਹੜਾ ਸਮਝ ਆਇਆ ਉਸਨੂੰ ਪੜ੍ਹਨ ਲੱਗ ਪਈ। ਉਹ ਪੜ੍ਹਦੀ ਪੜ੍ਹਦੀ ਜੋਸ਼ ਵਿੱਚ ਆ ਗਈ। ਗੁੰਥੀ ਬਾਬਾ ਤਾਰੂ ਵੀ ਉਸਨੂੰ ਪੜ੍ਹਦੀ ਦੇਖ ਕੇ ਬਹੁਤ ਖੁਸ਼ ਹੋਇਆ ਸੀ। ਇਸ ਪਿੱਛੋਂ ਫੇਰ ਉਹ ਜਦੋਂ ਵੀ ਗੁੰਥੀ ਬਾਬੇ ਕੋਲ ਬੈਠਦੀ ਬੱਸ ਗਦਰੀਆਂ ਬਾਰੇ ਹੀ ਗੱਲਾਂ ਕਰਦੀ ਰਹਿੰਦੀ ਸੀ। ਉਸਨੇ ਵੀ ਬੀਬੀ ਨੂੰ ਕਨੇਡਾ, ਅਮਰੀਕਾ ਵਿੱਚ ਵਸਦੇ ਭਾਰਤੀਆਂ 'ਤੇ ਹੋਣ ਵਾਲੇ ਅਤਿਆਚਾਰਾਂ ਬਾਰੇ ਦੱਸਿਆ। ਕਿਵੇ ਭਾਰਤੀ ਮਜ਼ਦੂਰਾਂ ਨੂੰ ਮਜ਼ਦੂਰੀ ਦੇਣ ਸਮੇ ਗੋਰੇ ਜਲੀਲ ਕਰਦੇ ਨੇ। ਪੈਰਾਂ ਨਾਲ ਠੁੱਡੇ ਮਾਰਦੇ ਨੇ। ਭਾਰਤੀਆਂ ਨੂੰ ਨਫਰਤ ਨਾਲ 'ਡੋਗ' ਬੋਲਦੇ ਸਨ। ਉਨ੍ਹਾਂ ਥਾਵਾਂ ਤੇ ਵੀ ਗੋਰਿਆਂ ਦਾ ਹੀ ਰਾਜ ਸੀ ਅਤੇ ਉਹ ਲੋਕ ਭਾਰਤੀਆਂ ਨਾਲ ਅਤੇ ਗੋਰੇ ਲੋਕਾਂ ਵਿਚਕਾਰ ਹਰ ਪੱਖ ਤੇ ਬਹੁਤ ਭੇਦ-ਭਾਵ ਕਰਦੇ ਸਨ। ਇਸ ਤਰ੍ਹਾਂ ਬੀਬੀ ਨੇ ਹੌਲੀ ਹੌਲੀ ਗੁੰਥੀ ਬਾਬੇ ਤੋਂ ਦੇਸ਼ ਦੀ ਗੁਲਾਮੀ ਅਤੇ ਇਸ ਨੂੰ ਆਜ਼ਾਦ ਕਰਵਾਉਣ ਦੀ ਲੋੜ ਵਾਰੇ ਵੀ ਬਹੁਤ ਸਾਰੀ ਜਾਣਕਾਰੀ ਲੈ ਲਈ ਸੀ।

ਜਹਾਜ ਵਿੱਚ ਹਰ ਰੋਜ ਮਿਥੇ ਸਮੇਂ ਤੇ ਗਦਰੀ ਇਕੱਠੇ ਹੁੰਦੇ। ਮੀਟਿੰਗ ਕਰਦੇ ਅਤੇ ਸਭ ਨੂੰ ਆਪਣੇ ਵਿਚਾਰ ਰੱਖਣ ਦਾ ਬਰਾਬਰ ਮੌਕਾ ਮਿਲਦਾ ਸੀ। ਇਸ ਤਰ੍ਹਾਂ ਸਾਰੇ ਰਸਤੇ ਵਿੱਚ ਗਰਮਾਂ ਗਰਮ ਭਾਸ਼ਨ ਹੁੰਦੇ ਰਹਿੰਦੇ ਸਨ। ਗੁਲਾਬ ਕੌਰ ਨੇ ਭਾਵੇਂ ਕਦੇ ਸਕੂਲ ਜਾ ਕੇ ਨਹੀਂ ਦੇਖਿਆ ਸੀ ਪ੍ਰੰਤੂ ਉਸਦੀ ਸੋਚ, ਵਿਚਾਰ ਸ਼ੁਰੂ ਤੋਂ ਹੀ ਅੱਗੇ ਵਧੂ ਸਨ। ਤਾਹੀਓਂ ਤਾਂ ਉਸਨੇ ਆਪਣੇ ਘਰ ਦੀ ਹਰ ਰੋਜ਼ ਹੁੰਦੀ ਜਾ ਰਹੀ ਮਾੜੀ ਹਾਲਤ ਨੂੰ ਦੇਖਦੇ ਹੋਏ ਸਰਦਾਰ ਮਾਨ ਸਿੰਘ ਨੂੰ ਕਈ ਵਾਰ ਜਮੀਨ ਵੇਚ ਕੇ ਕੋਈ ਹੋਰ ਧੰਦਾ ਸ਼ੁਰੂ ਕਰਨ ਲਈ ਕਿਹਾ ਸੀ ਤਾਂ ਕਿ ਘਰ ਦੀ ਮਾੜੀ ਆਰਥਿਕ ਹਾਲਤ

ਸੁਧਾਰੀ ਜਾ ਸਕੇ। ਫੇਰ ਜਦੋਂ ਨਾਲ ਦੇ ਪਿੰਡਾਂ ਦੇ ਵੀ ਕਿਸਾਨ ਨੌਜਵਾਨ ਘਰ ਦੀਆਂ ਤੰਗੀਆਂ ਤੋਂ ਪ੍ਰੇਸ਼ਾਨ ਹੋ ਕੇ ਅਮਰੀਕਾ, ਕਨੇਡਾ ਕੰਮ ਕਰਨ ਲਈ ਜਾਣ ਲੱਗੇ ਤਾਂ ਉਸਨੇ ਵੀ ਮਾਨ ਸਿੰਘ ਨੂੰ ਵਿਦੇਸ਼ ਜਾ ਕੇ ਪੈਸੇ ਕਮਾਉਣ ਲਈ ਤਿਆਰ ਕੀਤਾ ਸੀ। ਮਾਨ ਸਿੰਘ ਤਾਂ ਬੀਬੀ ਨੂੰ ਆਪਣੇ ਨਾਲ ਲਿਆਉਣਾ ਵੀ ਨਹੀਂ ਚਾਹੁੰਦਾ ਸੀ ਉਹ ਆਪ ਹੀ ਜਿੱਦ ਕਰਕੇ ਆਈ ਸੀ। ਬੀਬੀ ਗਦਰੀ ਵੀਰਾਂ ਨਾਲ ਖੁੱਲ ਕੇ ਵਿਚਾਰ ਵਟਾਂਦਰਾ ਕਰਦੀ ਰਹੀ। ਕਈ ਵਾਰ ਬੀਬੀ ਨੂੰ ਵੀ ਮੀਟਿੰਗ ਸ਼ੁਰੂ ਕਰਵਾਉਣ ਲਈ ਕਿਹਾ ਜਾਂਦਾ ਤਾਂ ਗੁਲਾਬ ਕੌਰ ਖੁਸ਼ੀ ਖੁਸ਼ੀ ਪਹਿਲਾਂ ਦੂਸਰਿਆਂ ਦੇ ਵਿਚਾਰ ਸੁਣਦੀ ਫੇਰ ਉਨ੍ਹਾਂ ਦੀਆਂ ਸ਼ੰਕਾਵਾਂ ਨੂੰ ਵੀ ਦੂਰ ਕਰਨ ਦੀ ਕੋਸ਼ਿਸ਼ ਕਰਦੀ ਸੀ। ਇਸ ਤਰ੍ਹਾਂ ਹਰ ਰੋਜ ਦੀਆਂ ਬਹਿਸਾਂ ਵਿੱਚ ਸ਼ਾਮਲ ਹੋਣ ਨਾਲ ਬੀਬੀ ਦਾ ਹੌਸਲਾ ਹੋਰ ਵੀ ਬੁਲੰਦ ਹੁੰਦਾ ਗਿਆ। ਉਹ ਜਾਤ-ਪਾਤ, ਛੂਤ-ਛਾਤ, ਧਰਮਾਂ-ਕਰਮਾਂ, ਵਹਿਮਾਂ-ਭਰਮਾਂ ਤੇ ਹੱਕ-ਸੱਚ ਬਾਰੇ ਇਨਸਾਫ ਦੀਆਂ ਉਸਾਰੂ ਕਦਰਾਂ ਕੀਮਤਾਂ ਬਾਰੇ ਬਹਿਸ ਛੇੜ ਬਹਿੰਦੀ ਸੀ। ਇਸ ਤਰ੍ਹਾਂ ਗੁਲਾਬ ਕੌਰ ਦੀ ਸੋਚ ਵਿਦਵਾਨ ਗਦਰੀ ਆਗੂਆਂ ਦੇ ਵਿਚਾਰ ਸੁਣ ਕੇ ਹੋਰ ਵੀ ਪ੍ਰਚੰਡ ਹੁੰਦੀ ਚਲੀ ਗਈ।

ਸਫਰ ਵਿੱਚ ਗੁਲਾਬ ਕੌਰ ਵੀ ਭਾਸ਼ਨ ਕਰਨਾ ਸਿੱਖ ਗਈ ਸੀ ਅਤੇ ਆਪਣੇ ਜੋਸ਼ੀਲੇ ਸ਼ਬਦਾਂ ਨਾਲ, ਨਾਲ ਦੇ ਸਾਥੀਆਂ ਦੀ ਅਣਖ ਨੂੰ ਵੰਗਾਰਨ ਵੀ ਲੱਗੀ ਸੀ। ਉਸ ਦਾ ਦੇਸ਼ ਪ੍ਰੇਮ ਦਾ ਜਜ਼ਬਾ ਦੇਖ ਸਭ ਉਸਨੂੰ 'ਪੰਜਾਬ ਦੀ ਸ਼ੇਰਨੀ' ਕਹਿਣ ਲੱਗ ਗਏ ਸਨ। ਭਾਵੇਂ ਉਹ ਸਭ ਗਦਰੀਆਂ ਦੀ ਭੈਣ ਬਣ ਗਈ ਸੀ ਪ੍ਰੰਤੂ ਜੀਵਨ ਸਿੰਘ ਦੌਲਾ ਸਿੰਘ ਵਾਲਾ ਉਸਦੀ 'ਮਾਨ ਸਿੰਘ ਨੂੰ' ਪਿੱਛੇ ਛੱਡ ਕੇ ਲਹਿਰ ਵਿੱਚ ਸ਼ਾਮਲ ਹੋਣ ਦੀ ਐਨੀ ਵੱਡੀ ਕੁਰਬਾਨੀ ਦੀ ਬਹੁਤ ਇੱਜ਼ਤ ਕਰਦਾ ਸੀ। ਉਹ ਉਸਦੇ ਦੇਸ਼-ਪ੍ਰੇਮ ਨਾਲ ਭਰੇ ਜਜ਼ਬਾਤਾਂ ਨੂੰ ਸਮਝਦਾ ਸੀ। ਸੋ ਸਫਰ ਦੌਰਾਨ ਉਨ੍ਹਾਂ ਦਾ ਭੈਣ-ਭਾਈ ਵਾਲਾ ਪਿਆਰ ਹੋਰ ਵੀ ਗੂੜਾ ਹੋ ਗਿਆ ਸੀ। ਜਦੋਂ ਵੀ ਕਿਸੇ ਘਾਟ 'ਤੇ ਜਹਾਜ ਰੁਕਦਾ, ਬਾਹਰ ਘੁੰਮਣ ਲਈ ਜਾਣ ਲੱਗੇ ਵੀ ਤਿੰਨੇ-ਜੀਵਨ ਸਿੰਘ, ਅਮਰ ਸਿੰਘ ਕੋਟਲਾ ਨੌਧ ਸਿੰਘ ਵਾਲਾ ਅਤੇ ਬੀਬੀ ਗੁਲਾਬ ਕੌਰ ਇਕੱਠੇ ਹੀ ਜਾਂਦੇ ਸਨ। ਜਦੋਂ ਇਕੱਲੀ ਆਪਣੀ ਕੋਠੜੀ ਵਿੱਚ ਹੁੰਦੀ ਤਾਂ ਗਦਰ-ਗੂੰਜ ਵਿੱਚ ਛਪੀਆਂ ਕਵਿਤਾਵਾਂ ਨੂੰ ਯਾਦ ਕਰਦੀ। ਇਸ ਤਰ੍ਹਾਂ ਉਸ ਨੇ ਆਪਣੇ ਆਪ ਨੂੰ ਪੂਰਾ ਦੇਸ ਭਗਤੀ ਦੇ ਰੰਗ ਵਿੱਚ ਰੰਗ ਲਿਆ ਸੀ। ਰਸਤੇ ਵਿੱਚ ਜਹਾਜ ਦੇ ਗਦਰੀ ਸਾਰੀਆਂ ਥਾਵਾਂ ਤੇ ਜਿਵੇਂ ਕਿ ਸਿੰਘਾਪੁਰ, ਪੀਨਾਂਗ, ਰੰਗੂਨ ਦੇ ਗੁਰਦੁਆਰਿਆਂ ਵਿੱਚ ਠਹਿਰਦੇ ਆਏ ਅਤੇ ਜਦੋਂ ਅਰਾਮ ਕਰਕੇ ਮੀਟਿੰਗ ਕਰਨ ਲਈ ਇਕੱਠੇ ਹੁੰਦੇ ਤਾਂ ਬੀਬੀ ਗੁਲਾਬ ਕੌਰ ਆਪਣੇ ਜੋਸ਼ ਭਰਪੂਰ ਜਜ਼ਬਾਤੀ ਭਾਸ਼ਨਾਂ ਨਾਲ ਨਾਲਦੇ ਗਦਰੀ ਸਾਥੀਆ ਨੂੰ ਹਲੂਣ ਕੇ ਰੱਖ ਦਿੰਦੀ ਸੀ।

ਸਫਰ ਦੌਰਾਨ ਬੀਬੀ ਦਾ ਬੋਲਣ ਦਾ ਹੌਸਲਾ ਹੋਰ ਵੀ ਵੱਧ ਗਿਆ ਅਤੇ ਉਹ ਗਦਰੀ ਸਾਥੀਆਂ ਵਿਚ ਆਪਣੇ ਆਪ ਨੂੰ ਇਕ ਕਮਜੋਰ ਔਰਤ ਨਹੀਂ ਬਲਕਿ ਉਨ੍ਹਾਂ ਵਰਗੀ ਹੀ ਬਹਾਦਰ ਅਤੇ ਤਾਕਤਵਰ ਸਮਝਣ ਲੱਗੀ ਸੀ। ਉਹ ਹਰ ਵਕਤ ਉਨ੍ਹਾਂ ਨਾਲ ਗਦਰ ਸਬੰਧੀ ਵਿਚਾਰ ਚਰਚਾ ਕਰਨ ਲਈ ਤਿਆਰ ਰਹਿੰਦੀ ਸੀ। ਜਦੋਂ ਵੀ ਵਿਹਲੇ ਸਮੇਂ ਦੋ ਦੋ- ਚਾਰ ਚਾਰ ਗਦਰੀ ਗਰੁੱਪ ਬਣਾ ਕੇ ਬੈਠੇ ਨਜ਼ਰ ਆਉਂਦੇ ਉਹ ਝੱਟ ਉਨ੍ਹਾਂ ਵਿੱਚ ਜਾ ਕੇ ਉਨ੍ਹਾਂ ਨਾਲ ਗਦਰ ਸਬੰਧੀ ਗੱਲਾਂ ਛੇੜਦੀ ਤੇ ਸਵਾਲ ਜਵਾਬ ਵੀ ਕਰਦੀ ਸੀ। ਵਿਚਾਰ ਚਰਚਾ ਵਿੱਚ ਕਈ ਵਾਰ ਉਹ ਅਜਿਹੀਆਂ ਗੱਲਾਂ ਕਹਿ

ਜਾਂਦੀ ਕਿ ਨਾਲ ਵਾਲੇ ਸਾਥੀ ਵੀ ਹੈਰਾਨ ਰਹਿ ਜਾਂਦੇ। ਇੱਕ ਗੱਲ ਉਹ ਹਮੇਸ਼ਾ ਕਹਿੰਦੀ ਹੁੰਦੀ ਸੀ " ਜਿਸ ਦੇਸ਼ ਦੇ ਲੋਕ ਇਕੱਲੇ ਇਕੱਲੇ ਆਪਣੇ ਮਨ ਆਈ ਕਰਦੇ ਹਨ ਉਹ ਗੁਲਾਮ ਰਹਿੰਦੇ ਹਨ। ਜਿੱਥੇ ਲੋਕ ਆਪਣੀ ਨਿਜੀ ਆਜ਼ਾਦੀ ਦਾ ਕੁੱਝ ਹਿੱਸਾ ਕੁਰਬਾਨ ਕਰਕੇ ਜੱਥੇਬੰਦ ਹੋ ਸਕਦੇ ਹਨ ਉਹ ਆਜ਼ਾਦ ਵੀ ਹੋ ਸਕਦੇ ਹਨ ਤੇ ਆਜ਼ਾਦੀ ਕਾਇਮ ਵੀ ਰੱਖ ਸਕਦੇ ਹਨ। ਮਿਲਕੇ ਕਰਨ ਵਾਲੇ ਕੰਮ ਜੱਥੇਬੰਦੀ ਤੋਂ ਬਿਨਾ ਨਹੀਂ ਹੋ ਸਕਦੇ। ਜਿਹੜੇ ਲੋਕ ਨਿਜੀ ਆਜ਼ਾਦੀ ਲਈ ਕੌਮ ਦੀ ਆਜ਼ਾਦੀ ਕੁਰਬਾਨ ਕਰ ਦਿੰਦੇ ਹਨ ਉਹ ਨਿਜੀ ਆਜ਼ਾਦੀ ਵੀ ਕਾਇਮ ਨਹੀਂ ਰੱਖ ਸਕਦੇ ਤੇ ਕੌਮੀ ਆਜ਼ਾਦੀ ਵੀ ਗੁਆ ਲੈਂਦੇ ਹਨ।" ਜਿਵੇਂ ਜਿਵੇਂ ਜਹਾਜ਼ ਦਾ ਕਲਕੱਤੇ ਦੀ ਬੰਦਰਗਾਹ ਤੇ ਪਹੁੰਚਣ ਦਾ ਵਕਤ ਨੇੜੇ ਆ ਰਿਹਾ ਸੀ ਤਰ੍ਹਾਂ ਤਰ੍ਹਾਂ ਦੇ ਸਵਾਲਾਂ-ਜਵਾਬਾਂ ਵਿੱਚ ਘਿਰੀ ਗੁਲਾਬ ਕੌਰ ਆਪਣੇ ਦੇਸ਼, ਕੌਮ ਅਤੇ ਪੰਜਾਬ ਵਾਰੇ ਗਹਿਰੀਆਂ ਸੋਚਾਂ ਵਿੱਚ ਡੁੱਬ ਜਾਂਦੀ ਸੀ।

ਕਲਕੱਤੇ ਪਹੁੰਚਣ ਤੋਂ ਪਹਿਲਾਂ ਇੱਕ ਦਿਨ ਗੰਥੀ ਬਾਬੇ ਤਾਰੂ ਨੇ ਉਸਨੂੰ ਬੁਲਾ ਕੇ ਆਪਣੇ ਹੱਥ ਨਾਲ ਉਸ ਦੇ ਹੱਥ ਵਿੱਚ ਇੱਕ ਕੜਾ ਪਾਇਆ ਤੇ ਕਹਿਣ ਲੱਗਾ, " ਬੀਬੀ ਲੈ ਇਹ ਕੜਾ ਤੇਰੀ ਔਖੀ ਘੜੀ ਵਿੱਚ ਤੇਰਾ ਸੁਰੱਖਿਆ ਕਵਚ ਬਣੂਗਾ"। ਬੀਬੀ ਨੇ ਝੱਟ ਦੂਜਾ ਹੱਥ ਵੀ ਬਾਬੇ ਅੱਗੇ ਕਰਕੇ ਕਿਹਾ " ਬਾਬਾ ਜੀ, ਇੱਕ ਕੜਾ ਇਸ ਹੱਥ ਵਿੱਚ ਵੀ ਪਾ ਦੇਵੋ"।

ਗੰਥੀ ਹੱਸ ਪਿਆ ਤੇ ਉਸਨੇ ਦੂਸਰਾ ਕੜਾ ਵੀ ਪਾ ਦਿੱਤਾ। ਗੰਥੀ ਬਾਬੇ ਤੋਂ ਅਤੇ ਪੰਡਤ ਜਗਤ ਰਾਮ ਤੋਂ ਬੀਬੀ ਗੁਲਾਬ ਕੌਰ ਨੇ ਹੋਰ ਗਦਰੀ ਗੂੰਜਾਂ ਵੀ ਲੈ ਕੇ ਪੜ੍ਹੀਆਂ ਅਤੇ ਉਨ੍ਹਾਂ ਨੂੰ ਯਾਦ ਕਰਦੀ ਰਹੀ। ਜਦੋਂ ਕਦੇ ਮੀਟਿੰਗ ਵਿੱਚ ਗਦਰੀ ਗੂੰਜਾਂ ਪੜ੍ਹਨ ਲਈ ਸਾਥੀਆਂ ਨੂੰ ਕਿਹਾ ਜਾਂਦਾ ਤਾਂ ਉਹ ਵੀ ਬੜੀ ਹੀ ਜੋਸ਼ ਭਰਪੂਰ ਆਵਾਜ਼ ਵਿੱਚ ਆਪਣੀ ਯਾਦ ਕੀਤੀ ਕੋਈ ਕਵਿਤਾ ਸੁਣਾਉਂਦੀ।

ਮਿਲਖਾ ਸਿੰਘ ਸਨੇਹੀ ਆਪਣੀ ਰਚਨਾ " ਗਦਰੀ ਬੀਬੀ ਗੁਲਾਬ ਕੌਰ ਬਖਸ਼ੀਵਾਲਾ" ਵਿੱਚ ਲਿਖਦੇ ਹਨ ਕਿ ਗਦਰ ਗੂੰਜ ਵਿੱਚੋਂ ਕੁੱਝ ਲਾਇਨਾਂ ਯਾਦ ਕਰਕੇ ਹਾਂਗਕਾਂਗ ਦੇ ਗੁਰਦੁਆਰਾ ਸਾਹਿਬ ਵਿੱਚ ਬੀਬੀ ਨੇ ਵੀ ਗਾਈਆਂ ਸਨ------

"ਹਿੰਮਤ ਕਰੋ ਸ਼ਰਮਾਉਣ ਦੀ ਲੋੜ ਕੀ ਏ, ਚਲੋ ਮੁਲਕ ਅੰਦਰ ਗਦਰ ਕਰੀਏ।
ਉਠੋ ਨਾਲ ਤਲਵਾਰ ਦੇ ਹੱਕ ਲਈਏ,ਬੁਰੇ ਹਾਲ ਕਰਵਾਉਣ ਦੀ ਲੋੜ ਕੀ ਏ।
ਜੋ ਕੁੱਝ ਪਾਸ ਹੈ ਮੁਲਕ ਤੋਂ ਵਾਰ ਚੱਲੀਏ, ਪਿੱਛੇ ਰੱਖ ਰਖੌਣ ਦੀ ਲੋੜ ਕੀ ਏ।
ਗਦਰ ਸ਼ੁਰੂ ਹੈ ਵੀਰਨੋ ਚਲੋ ਚੱਲੀਏ,ਬੈਠੇ ਤੱਕਾਂ ਤਕਾਉਣ ਦੀ ਲੋੜ ਕੀ ਏ।
ਜੇਕਰ ਜੀਵੀਏ ਜੀਵੀਏ ਮਰਦ ਹੋ ਕੇ, ਐਵੇਂ ਡੰਗ ਟਪਾਉਣ ਦੀ ਲੋੜ ਕੀ ਏ।"

"ਅਸੀਂ ਲੜਾਂਗੇ ਕਰਾਂਗੇ ਗਦਰ ਜਲਦੀ, ਖਬਰਦਾਰ ਜੋ ਚਿੱਤ ਡੁਲਾਵਣਾ ਕੀ।
ਕਿਲਾ ਦੇਸ਼ ਪ੍ਰੇਮ ਦਾ ਬਹੁਤ ਪੱਕਾ, ਨਹੀਂ ਟੁੱਟਣਾ ਦਿਲ ਦਹਿਲਾਵਣਾ ਕੀ।
ਪਿੱਛੋਂ ਗਦਰ ਦੇ ਮਾਮਲਾ ਮਾਫ ਸਭ ਨੂੰ, ਖੇਤੀ ਕਰਾਂਗੇ ਮੌਜ ਬਹਾਰ ਵਾਲੀ।
ਵਿਦਿਆ ਬਥੇਰੀ ਵੱਧ ਜਾਏਗੀ ਅਜ਼ਾਦੀ ਹੋਇਆਂ, ਕਿਸੇ ਦੀ ਕੀ ਮਜਾਲ ਫੇਰ ਸਾਨੂੰ ਅਟਕਾਨ ਦੀ।

ਬਸੇ, ਰਸੇ, ਹਸੇਗਾ ਤਾਂ ਸਾਰਾ ਹੀ ਅਜ਼ਾਦ ਹਿੰਦ, ਹੌਲੀ ਜਦੋਂ ਹੋਈ ਪੰਡ ਟੈਕਸ ਲਗਾਨ ਦੀ।"

ਹਾਂਗਕਾਂਗ ਪਹੁੰਚਣ ਤੋਂ ਪਹਿਲਾਂ ਹੀ ਬਾਬਾ ਨਿਧਾਨ ਸਿੰਘ ਚੁੱਘਾ, ਜਿਹੜਾ ਕਿ ਆਪਣੇ ਦੋ ਹੋਰ ਗਦਰੀ ਸਾਥੀਆਂ-ਇੰਦਰ ਸਿੰਘ ਸੁਰ ਸਿੰਘ ਅਤੇ ਪਿਆਰਾ ਸਿੰਘ ਲੰਗੇਰੀ ਨਾਲ ਸੰਘਈ ਤੋਂ ਹੋਰ ਬੰਦੇ ਲਿਆਉਣ ਲਈ ਚਲੇ ਗਏ ਸਨ, ਨੇ ਗਦਰੀ ਵੀਰਾਂ ਨੂੰ ਸਿੰਘਾਪੁਈ ਤੋਂ 'ਟੈਲੀਗਰਾਮ' ਭੇਜ ਕੇ ਸਾਵਧਾਨ ਕਰ ਦਿੱਤਾ ਸੀ ਕਿ ਹਾਂਗਕਾਂਗ ਵਿਖੇ ਜਹਾਜ ਦੀ ਤਲਾਸ਼ੀ ਕੀਤੀ ਜਾਵੇਗੀ। ਕਿਉਂਕਿ ਇਸ ਤੋਂ ਪਹਿਲਾਂ 'ਕਾਮਾਗਾਟਾ ਮਾਰੂ' ਜਹਾਜ਼ ਦੇ ਮੁਸਾਫਰਾਂ ਨਾਲ ਜੋ ਅੰਗਰੇਜ਼ ਸਰਕਾਰ ਨੇ ਵਿਵਹਾਰ ਕੀਤਾ ਸੀ ਉਸ ਨਾਲ ਚਾਰੇ ਪਾਸੇ ਦਹਿਸ਼ਤ ਫੈਲ ਰਹੀ ਸੀ। ਇਸ ਵਿੱਚ ਕਿਹਾ ਗਿਆ ਸੀ ਕਿ "ਪਾਰਟੀ ਦਾ ਕਾਗਜ਼ ਪੱਤਰ ਤੇ ਅਸਲਾ ਅਰਥਾਤ ਜੋ ਵੀ ਇਤਰਾਜ ਯੋਗ ਸਮਾਨ ਸਾਥੀਆਂ ਪਾਸ ਸੀ ਸਭ ਕੁੱਝ ਸਮੁੰਦਰ ਵਿੱਚ ਸੁੱਟ ਦੇਣ। ਗਦਰ ਗੂੰਜਾਂ ਤੇ ਗਦਰ ਦੇ ਪਰਚੇ ਵੀ ਸਭ ਇਕੱਠੇ ਕਰ ਕੇ ਸਮੁੰਦਰ ਵਿੱਚ ਸੁੱਟ ਦਿੱਤੇ ਜਾਣ। ਕਿਸੇ ਦੇ ਕੋਲ ਕੋਈ ਵੀ ਗਦਰ ਸਬੰਧੀ ਕਾਗਜ ਦਾ ਟੁਕੜਾ ਵੀ ਨਾ ਰਹੇ।" ਗੱਲ ਬਿਲਕੁਲ ਠੀਕ ਨਿਕਲੀ, ਕਿਉਂਕਿ ਜਦੋਂ 'ਐਸ. ਐਸ. ਕੋਰੀਆ' ਹਾਂਗਕਾਂਗ ਦੀ ਬੰਦਰਗਾਹ ਤੇ ਪਹੁੰਚਿਆ ਤਾਂ ਪੁਲਿਸ ਵਲੋਂ ਜਹਾਜ ਦੀ ਤਲਾਸੀ ਕੀਤੀ ਗਈ। ਤਲਾਸ਼ੀ ਦੌਰਾਨ ਉਨ੍ਹਾਂ ਨੂੰ ਕਿਸੇ ਪਾਸੇ ਤੋਂ ਕੁੱਝ ਵੀ ਨਹੀਂ ਮਿਲਿਆ। ਉਹ ਤਾਂ ਪਹਿਲਾਂ ਹੀ ਸਮੁੰਦਰ ਦੀ ਭੇਂਟ ਚੜ੍ਹਾ ਦਿੱਤਾ ਗਿਆ ਸੀ।

ਹਾਂਗਕਾਂਗ ਦੇ ਗੁਰਦੁਆਰਾ ਸਾਹਿਬ ਵਿੱਚ ਇਕ ਭਰਵੀਂ ਮੀਟਿੰਗ ਤੇ ਜਲਸਾ ਕੀਤਾ ਗਿਆ ਸੀ। ਉਥੇ ਬੀਬੀ ਗੁਲਾਬ ਕੌਰ ਨੇ ਆਪਣੇ ਰੋਹ ਭਰੇ ਭਾਸਨ ਵਿੱਚ ਕਿਹਾ ਸੀ "ਜਿਹੜੇ ਮਰਦਾਂ ਨੇ ਭਾਰਤ ਦੀ ਜੰਗੇ ਅਜ਼ਾਦੀ ਵਿੱਚ ਹਿਸਾ ਨਹੀਂ ਲੈਣਾ ਉਹ ਆਪਣੇ ਹੱਥਾਂ ਵਿੱਚ ਚੂੜੀਆਂ ਪਹਿਨ ਕੇ ਘਰੀਂ ਬੈਠ ਜਾਣ। ਉਨ੍ਹਾਂ ਦੀ ਥਾਂ ਅਜ਼ਾਦੀ ਸੰਗਰਾਮ ਵਿੱਚ ਔਰਤਾਂ ਲੜ ਲੈਣਗੀਆਂ।" ਬੀਬੀ ਗੁਲਾਬ ਕੌਰ ਦਾ ਜੋਸ਼ ਭਰਪੂਰ ਭਾਸ਼ਣ ਸੁਣ ਕੇ ਗਰੰਥੀ ਭਾਈ ਤਾਰੂ ਸਿੰਘ ਤੋਂ ਕਹੇ ਬਿਨਾ ਨਾ ਰਿਹਾ ਗਿਆ। ਉਹ ਕਹਿਣ ਲੱਗਾ "ਬੀਬੀ ਗੁਲਾਬ ਕੌਰ ਪੰਥ ਦੀ ਇੱਕੋ ਇੱਕ ਬੱਚੀ ਇਸ ਮੈਦਾਨ ਵਿੱਚ ਨਿੱਤਰੀ ਹੈ। ਇਸ ਦੀ ਆਤਮਾ ਵਿੱਚ ਮਾਈ ਭਾਗੋ ਵਾਲਾ ਜੋਸ਼ ਤੇ ਜਜ਼ਬਾ ਭਰਿਆ ਹੈ। ਇਸ ਕਰਕੇ ਬੀਬੀ ਗੁਲਾਬ ਕੌਰ ਪੰਜ ਦਰਿਆਵਾਂ ਦੀ ਇੱਕੋ ਇੱਕ ਸ਼ੀਹਣੀ ਬਣ ਚੱਲੀ ਆ।"

ਹਾਂਗਕਾਂਗ ਤੋ ਅੱਗੇ ਭਾਰਤ ਪਹੁੰਚਣ ਲਈ ਜਹਾਜ ਬਦਲ ਕੇ 'ਤੋਸ਼ਾ ਮਾਰੂ ਜਹਾਜ' ਵਿੱਚ ਬੈਠਣਾ ਸੀ। ਸਾਰੇ ਸਫਰ ਵਿੱਚ ਭਾਸ਼ਨ ਹੁੰਦੇ ਰਹੇ ਜਿਹੜੇ ਕਮਜੋਰ ਮਨਾਂ ਵਿੱਚ ਉਤਸ਼ਾਹ ਭਰਦੇ ਰਹੇ ਸਨ। ਜਹਾਜ਼ ਆਪਣੀ ਚਾਲੇ ਤੁਰ ਰਿਹਾ ਸੀ। ਜਗਤ ਰਾਮ ਨੇ ਬਾਕੀ ਬਚਦੀਆਂ ਗਦਰ-ਗੂੰਜਾਂ ਵੀ ਰਾਤ ਦੇ ਸੰਨਾਟੇ ਵਿੱਚ ਸਮੁੰਦਰ ਦੀ ਭੇਂਟ ਚੜ੍ਹਾ ਦਿੱਤੀਆਂ ਤਾਂ ਕਿ ਕਲਕੱਤੇ ਪਹੁੰਚ ਕੇ ਕਿਸੇ ਕਿਸਮ ਦੀ ਕਠਿਨਾਈ ਪੇਸ਼ ਨਾ ਆਵੇ। ਉਸ ਰਾਤ ਕਿਸੇ ਦਾ ਵੀ ਸੌਣ ਲਈ ਮਨ ਨਹੀਂ ਸੀ ਕੀਤਾ ਅਤੇ ਨਾ ਹੀ ਕਿਸੇ ਨੂੰ ਨੀਂਦ ਹੀ ਆ ਰਹੀ ਸੀ। ਸਭਨਾਂ ਨੇ ਆਪਣੇ ਬਿਸਤਰੇ ਲਪੇਟੇ ਹੀ ਰੱਖੇ, ਕਿਸੇ ਨੇ ਵੀ ਨਹੀਂ ਖੋਲਿਆ। ਸਭ ਗਦਰੀਆਂ ਨੇ ਆਪੋ-ਆਪਣੀਆਂ ਟੋਲੀਆਂ ਬਣਾ ਲਈਆਂ ਸਨ। ਉਹ ਆਪਣੀਆਂ ਆਪਣੀਆਂ ਟੋਲੀਆਂ ਵਿੱਚ ਬੈਠੇ ਆਉਣ ਵਾਲੇ ਵਕਤ ਨੂੰ ਭਾਂਪਣ ਦੀ ਕੋਸ਼ਿਸ਼ ਕਰਨ ਲੱਗ ਪਏ। ਕੁੱਝ ਗਦਰੀ ਕਲਕੱਤੇ ਪਹੁੰਚ ਕੇ ਪੁਲਿਸ ਹੱਥੋਂ

ਬਚ ਕੇ ਨਿਕਲਣ ਦੀਆਂ ਤਰਕੀਬਾਂ ਵੀ ਬਨਾਉਣ ਲੱਗ ਪਏ। ਰਾਤ ਅੱਧੀ ਬੀਤ ਚੁੱਕੀ ਸੀ।

ਗੁਲਾਬ ਕੌਰ, ਜੀਵਨ ਸਿੰਘ ਤੇ ਅਮਰ ਸਿੰਘ ਤਿੰਨੇ ਆਹਮੋ-ਸਾਹਮਣੇ ਚੁੱਪ-ਚਾਪ ਜਹਾਜ ਦੀ ਇੱਕ ਨੁੱਕਰੇ ਗਹਿਰੀ ਸੋਚ ਵਿੱਚ ਬੈਠੇ ਸਨ। ਅਚਾਨਕ ਹੀ ਗੁਲਾਬ ਕੌਰ ਨੇ ਉਨ੍ਹਾਂ ਨਾਲ ਆਪਣੀ ਉਹ ਗੱਲ ਸਾਂਝੀ ਕੀਤੀ ਜਿਹੜੀ ਉਸਦੇ ਮਨ ਵਿੱਚ ਵਾਰ ਵਾਰ ਆ ਰਹੀ ਸੀ ਅਤੇ ਜਿਸ ਨੂੰ ਸੁਣ ਕੇ ਦੋਵੇਂ ਭੌਂਚੱਕੇ ਰਹਿ ਗਏ ਸਨ। ਉਹ ਹੌਸਲਾ ਕਰਕੇ ਕਹਿਣ ਲੱਗੀ "ਵੀਰਾ ਜੀਣਿਆਂ। ਤੁਸੀਂ ਦੋਵੇਂ- ਤੂੰ ਤੇ ਅਮਰ ਸਿਉਂ ਮੇਰੇ ਸਕੇ ਭਰਾ ਦੀ ਤਰ੍ਹਾਂ ਹੋ! ਮਾਨ੍ਹਾਂ ਤਾਂ ਬੇਈਮਾਨ ਹੋ ਗਿਆ, ਮੈਂ ਹੁਣ ਕਿੱਧਰ ਜਾਊਂਗੀ? ਨਾ ਘਰ ਦੀ ਰਹੀ ਨਾ ਘਾਟ ਦੀ। ਪੇਕੇ ਸਹੁਰਿਆਂ ਦਾ ਕੀ ਕਸੂਰ ਆ? ਐਵੇਂ ਪੁਲਿਸ ਉਨ੍ਹਾਂ ਨੂੰ ਘੜੀਸੀ ਫਿਰੂਗੀ। ਮੈਂ ਤੀਵੀਂ ਮਾਨੀ ਇਕੱਲੀ ਹੁਣ ਰਹੂੰਗੀ ਕਿੱਥੇ? ਇਸ ਲਈ ਮੈਂ ਫੈਸਲਾ ਕਰ ਲਿਆ ਕਿ ਮੈਂ ਥੋਡੇ ਦੋਵਾਂ ਵਿੱਚੋਂ ਕਿਸੇ ਇੱਕ ਨੂੰ ਆਪਣਾ ਪਤੀ ਬਨਾਉਣੈ ਤੇ ਇੱਕ ਭਰਾ ਰਹੂਗਾ । ਇਹ ਤੁਸੀਂ ਫੈਸਲਾ ਕਰ ਲਵੋ ਕਿ ਕਿਸ ਨੂੰ ਬਣਾਵਾਂ ?" ਕਹਿ ਕੇ ਉਨ੍ਹਾਂ ਦੇ ਮੂੰਹਾਂ ਵੱਲ ਦੇਖਣ ਲੱਗ ਪਈ।

ਅਚਾਨਕ ਗੁਲਾਬ ਕੌਰ ਦੇ ਮੂੰਹੋਂ ਉਸਦਾ ਸੋਚਿਆ ਫੈਸਲਾ ਸੁਣ ਕੇ ਜੀਵਨ ਸਿੰਘ ਤੇ ਅਮਰ ਸਿੰਘ ਦੀਆਂ ਅੱਖਾਂ ਵਿੱਚ ਹੰਝੂ ਭਰ ਆਏ ਤੇ ਕਹਿਣ ਲੱਗੇ " ਬੀਬੀ ਭਲਾ ਭੈਣ-ਭਾਈ ਵੀ ਕਦੇ ਤੀਵੀਂ ਆਦਮੀ ਬਣ ਸਕਦੇ ਨੇ? ਨਾ, ਬੀਬੀ ਨਾ! ਇਹ ਪਾਪ ਨਾ ਕਰ।"

ਅੱਗੋਂ ਬੀਬੀ ਬੋਲੀ " ਵੀਰਾ ਜੀਣਿਆਂ ਆਪਾਂ ਤਾਂ ਸਕੇ ਭੈਣ-ਭਰਾ ਤੋਂ ਵੀ ਵੱਧ ਆਂ। ਇਹ ਤਾਂ ਆਪਾਂ ਨੇ ਪੁਲਿਸ ਨੂੰ ਭੁਲੇਖਾ ਪਾਉਣ ਲਈ ਹੀ ਕਰਨਾ ਐ। ਰਹਾਂਗੇ ਤਾਂ ਆਪਾਂ ਭੈਣ-ਭਰਾ ਈ।"

ਇੱਕ ਵਾਰ ਫਿਰ ਜੀਵਨ ਸਿੰਘ ਉਸਨੂੰ ਅਜਿਹਾ ਕਰਨ ਤੋਂ ਵਰਜਦਾ ਕਹਿਣ ਲੱਗਿਆ " ਬੀਬੀ, ਤੂੰ ਕਮਲੀ ਤਾਂ ਨਈਂ ਹੋ ਗਈ! ਜਿਹੜਾ ਕੰਮ ਹੋ ਹੀ ਨਈਂ ਸਕਦਾ ਉਹ ਮੈ ਕਿਵੇ ਮੰਨ ਲਵਾਂ? ਬੀਬੀ, ਤੂੰ ਮੇਰੀ ਭੈਣ ਐਂ ਭੈਣ। ਮੇਰੀ ਕੱਲੇ ਦੀ ਈ ਨਈਂ ਸਾਡੇ ਸਭ ਗਦਰੀਆਂ ਦੀ ਭੈਣ ਐਂ। ਮੈਂ ਤਾਂ ਇਸ ਗੱਲ ਵਾਰੇ ਸੋਚ ਵੀ ਨਈਂ ਸਕਦਾ। ਤੂੰ ਕਿਉਂ ਨਈਂ ਮੇਰੀ ਹਾਲਤ ਸਮਝਦੀ?" ਉਸਦੀਆਂ ਅੱਖਾਂ ਹੰਝੂਆਂ ਨਾਲ ਭਰੀਆਂ ਛਲਕਣ ਲੱਗੀਆਂ।

ਬੀਬੀ ਦੇਖਦੀ ਰਹੀ ਪਰ ਆਪਣੇ ਦੇਸ਼ ਭਗਤੀ ਨਿਭਾਉਣ ਵਾਲੇ ਕੀਤੇ ਫੈਸਲੇ ਤੋਂ ਇੱਕ ਪਲ ਲਈ ਵੀ ਉਸਨੇ ਮਨ ਨਹੀਂ ਮੋੜਿਆ। ਉਹ ਅਟੱਲ ਰਹੀ ਤੇ ਆਪਣੀ ਸੋਚ ਤੇ ਜੀਵਨ ਭਰ ਡਟੀ ਰਹੀ। ਕੁੱਝ ਦੇਰ ਉਨ੍ਹਾਂ ਤਿੰਨਾਂ ਵਿਚਕਾਰ ਸੰਨਾਟਾ ਛਾਇਆ ਰਿਹਾ। ਫੇਰ ਬੀਬੀ ਗੁੱਸੇ ਵਿੱਚ ਉਠ ਕੇ ਖੜੀ ਹੋ ਗਈ ਤੇ ਬੋਲੀ " ਜੇ ਮਾਨ੍ਹਾ ਚੱਜਦਾ ਹੁੰਦਾ ਤਾਂ ਇਹ ਲੋੜ ਈ ਨਾ ਪੈਂਦੀ। ਹੁਣ ਫੇਰ ਤੁਸੀਂ ਈ ਦੱਸੋ ਮੈਂ ਕਿਵੇਂ ਆਪਣੇ ਉਪਰ ਹੋਣ ਵਾਲੇ ਸਵਾਲਾਂ ਤੋਂ ਬਚੂੰਗੀ? ਨਾਲੇ ਪਾਰਟੀ ਦਾ ਕੰਮ ਜਿਸ ਲਈ ਮੈਂ ਆਈ ਆਂ ਕਿਵੇਂ ਕਰੂੰਗੀ? ਆਖਰਕਾਰ ਆਈ ਤਾਂ ਮੈਂ ਆਪਣੇ ਦੇਸ਼ ਨੂੰ ਆਜ਼ਾਦ ਕਰੌਣ ਲਈ ਈ ਆਂ। ਕਲਕੱਤੇ ਤਲਾਸੀ ਮੌਕੇ ਕੀ ਜਵਾਬ ਦਊਂਗੀ ਪੁਲਸੀਆਂ ਨੂੰ ਮੈਂ?"

ਆਖਰ ਜੀਵਨ ਸਿੰਘ ਨੇ ਗੁਲਾਬ ਕੌਰ ਦੀ ਬਾਂਹ ਫੜ ਲਈ ਤੇ ਉਸਨੂੰ ਬਿਠਾ ਲਿਆ। ਪਹਿਲਾਂ ਤਾਂ ਦੋਵੇਂ ਜਾਣੇ ਚੁੱਪ ਬੈਠੇ ਰਹੇ ਫਿਰ ਉਨ੍ਹਾਂ ਦੀ ਚੁੱਪੀ ਨੂੰ ਤੋੜਨ

ਖਾਤਰ ਅਮਰ ਸਿੰਘ, ਜਿਹੜਾ ਡੂੰਘੀਆਂ ਸੋਚਾਂ ਵਿੱਚ ਬੈਠਾ ਸਭ ਕੁੱਝ ਦੇਖ ਵੀ ਰਿਹਾ ਸੀ ਤੇ ਸੁਣ ਵੀ ਰਿਹਾ ਸੀ, ਬੋਲਿਆ " ਜੀਣਿਆਂ, ਦੇਖ ਬੀਬੀ ਨੇ ਕਿੰਨਾ ਹੌਸਲਾ ਕਰਕੇ ਕਿਹਾ। ਤੂੰ ਮਾਨ ਸਿੰਘ ਤੇ ਬੀਬੀ ਦੇ ਪਿੰਡਾਂ ਦਾ ਗਵਾਂਢੀ ਐਂ। ਸਭ ਕੁੱਝ ਜਾਣਦਾ ਵੀ ਐਂ। ਤੂੰ ਗੁਲਾਬ ਕੌਰ ਨੂੰ ਵੀ ਸਮਝਦਾ ਐਂ। ਤੂੰ ਮੰਨ ਕੇ ਬੀਬੀ ਨੂੰ ਇਸ ਮੁਸੀਬਤ ਵਿੱਚੋਂ ਕੱਢ ਲੈ। ਬੀਬੀ ਤਾਂ ਤੈਨੂੰ ਇਹ ਸਭ ਕੁੱਝ ਪੁਲਿਸ ਦੇ ਅੱਖੀਂ ਘੱਟਾ ਪਾਉਣ ਲਈ ਹੀ ਕਹਿ ਰਹੀ ਆ। ਹੋਰ ਤਾਂ ਕੁੱਝ ਨਹੀਂ। ਫੇਰ ਇਹ ਤਾਂ ਆਪਣਾ ਫਰਜ ਵੀ ਬਣਦੈ! ਸਾਰੇ ਗਦਰੀਆਂ ਦੀ ਭੈਣ ਆ, ਇਹ। ਮੈਂ ਤਾਂ ਦੂਜੇ ਜਿਲ੍ਹੇ ਦਾ ਆਂ, ਇਸ ਲਈ ਤੈਨੂੰ ਕਹਿੰਦੇ ਆਂ। ਤੂੰ ਇਹਦੀ ਗੱਲ ਮੰਨ ਲੈ। ਮੈਂ ਤਾਂ ਬੀਬੀ ਦਾ ਭਰਾ ਹੀ ਰਹੂੰਗਾ।"ਅਮਰ ਸਿੰਘ ਕਹਿ ਰਿਹਾ ਸੀ ਅਤੇ ਜੀਵਨ ਸਿੰਘ ਅੱਖਾਂ ਨੀਵੀਂ ਪਾਈ ਰੋ ਰਿਹਾ ਸੀ। ਕਰੇ ਤਾਂ ਕੀ ਕਰੇ? ਜੀਵਨ ਸਿੰਘ ਨੇ ਚੁੱਪ ਵੱਟ ਲਈ ਅਤੇ ਸੋਚਾ ਦੇ ਗਹਿਰੇ ਸਮੁੰਦਰ ਵਿੱਚ ਡੁੱਬ ਗਿਆ।

ਆਖਰਕਾਰ 'ਤੋਸ਼ਾਮਾਰੂ' ਜਹਾਜ ਮੁਸਾਫਰਾਂ ਨਾਲ ਭਰਿਆ 28 ਅਕਤੂਬਰ 1914 ਨੂੰ ਕਲਕੱਤੇ ਦੀ ਬੰਦਰਗਾਹ ਦੇ ਨੇੜੇ ਆ ਪਹੁੰਚਿਆ ਜਿਥੇ ਅੰਗਰੇਜਾਂ ਦੀ ਸੂਹੀਆ ਪੁਲਿਸ ਪਹਿਲਾਂ ਹੀ ਹਰਲ ਹਰਲ ਕਰਦੀ ਫਿਰ ਰਹੀ ਸੀ। ਕਲਕੱਤੇ ਦੀ ਬੰਦਰਗਾਹ ਤੇ ਜਹਾਜ ਬਹੁਤ ਦੇਰ ਤੱਕ ਰੁਕਿਆ ਰਿਹਾ ਸੀ। ਸਭ ਗਦਰੀ ਆਪਣੀ ਆਪਣੀ ਟੋਲੀ ਵਿੱਚ ਬੈਠੇ ਆਪਣੇ ਤੇ ਆਉਣ ਵਾਲੇ ਸਮੇਂ ਵਿੱਚ ਟੁੱਟਣ ਵਾਲੇ ਕਹਿਰ ਦੀ ਇੰਤਜਾਰ ਕਰ ਰਹੇ ਸਨ। ਪੁਲਿਸ ਬਹੁਤ ਵੱਡੀ ਗਿਣਤੀ ਵਿੱਚ ਆ ਧਮਕੀ ਅਤੇ ਇੱਕ ਇੱਕ ਕਰਕੇ ਸਭ ਦੀ ਤਲਾਸ਼ੀ ਲੈਣ ਲੱਗ ਗਈ। ਜੀਵਨ ਸਿੰਘ ਤੇ ਗੁਲਾਬ ਕੌਰ ਵੀ ਇਕੱਠੇ ਹੀ ਬੈਠੇ ਸਭ ਕੁੱਝ ਦੇਖ ਰਹੇ ਸਨ। ਜਦੋਂ ਉਨ੍ਹਾਂ ਦੀ ਤਲਾਸ਼ੀ ਦੀ ਵਾਰੀ ਆਈ ਤਾਂ ਪੁਲਿਸ ਵਾਲਿਆਂ ਨੇ ਆਪਣੀਆਂ ਤਿੱਖੀਆਂ ਨਜ਼ਰਾਂ ਦਾ ਵਾਰ ਕਰਦੇ ਜੀਵਨ ਸਿੰਘ ਤੇ ਗੁਲਾਬ ਕੌਰ ਨੂੰ ਦੇਖਿਆ ਅਤੇ ਵਾਪਸ ਆਉਣ ਦਾ ਕਾਰਨ ਪੁੱਛਿਆ। ਜੀਵਨ ਸਿੰਘ, ਗੁਲਾਬ ਕੌਰ ਤੋਂ ਪਹਿਲਾਂ ਹੀ ਵੇਲਾ ਸੰਭਾਲਦੇ ਹੋਏ ਨੇ ਗੁਲਾਬ ਕੌਰ ਵੱਲ ਇਸ਼ਾਰਾ ਕਰਕੇ ਕਿਹਾ " ਅਸੀਂ ਦੋਵੇਂ ਪਤੀ-ਪਤਨੀ ਹਾਂ। ਪੈਸੇ ਕਮਾਉਣ ਅਮਰੀਕਾ ਗਏ ਸੀ। ਮਨੀਲਾ ਤੋਂ ਅੱਗੇ ਦੀ ਰਾਹਦਾਰੀ ਨਹੀਂ ਮਿਲੀ ਇਸ ਲਈ ਵਾਪਸ ਆ ਗਏ ਹਾਂ।"

ਪੁਲਿਸ ਵਾਲਿਆਂ ਨੂੰ ਵੀ ਉਨ੍ਹਾਂ ਦੀ ਕਹੀ ਗੱਲ ਮਨ ਲੱਗ ਗਈ ਸੀ। ਜੀਵਨ ਸਿੰਘ ਦੇ ਮੂੰਹੋਂ ਨਿਕਲੇ ਪਤੀ-ਪਤਨੀ ਦੇ ਸ਼ਬਦ ਸੁਣ ਕੇ ਗੁਲਾਬੋ ਨੂੰ ਚੈਨ ਮਿਲੀ ਅਤੇ ਉਸਨੇ ਇੱਕ ਠੰਡਾ ਹਉਕਾ ਲਿਆ। ਇਸ ਤਰ੍ਹਾਂ ਗਦਰ ਲਹਿਰ ਦੀ ਸ਼ੇਰਨੀ ਬੀਬੀ ਗੁਲਾਬ ਕੌਰ, ਜੀਵਨ ਸਿੰਘ ਦੌਲਾ ਸਿੰਘ ਵਾਲਾ ਦੀ ਫਰਜੀ ਪਤਨੀ ਬਣਕੇ ਅੰਗਰੇਜ਼ ਪੁਲਿਸ ਨੂੰ ਧੋਖਾ ਦੇ ਕੇ ਪੰਜਾਬ ਪਹੁੰਚਣ ਵਿੱਚ ਕਾਮਯਾਬ ਹੋ ਗਈ ਸੀ। ਇਥੋਂ ਉਹ ਨਾ ਤਾਂ ਆਪਣੇ ਪੇਕੇ ਪਿੰਡ ਬਖਸ਼ੀਵਾਲਾ ਤੇ ਨਾ ਹੀ ਸਹੁਰਾ ਪਿੰਡ ਜਖੇਪਲ ਪਹੁੰਚੀ ਬਲਕਿ ਪੁਲਿਸ ਤੋਂ ਬਚ-ਬਚਾ ਕਰਦੇ ਸਭ ਤੋਂ ਪਹਿਲਾਂ ਇੱਥੋਂ ਬੀਬੀ ਗੁਲਾਬ ਕੌਰ ਤੇ ਜੀਵਨ ਸਿੰਘ ਜਿਲ੍ਹਾ ਜਲੰਧਰ ਦੇ ਪਿੰਡ ਸੰਘਵਾਲ, ਬੰਤਾ ਸਿੰਘ ਦੇ ਘਰ ਪਹੁੰਚ ਗਏ। ਕੁੱਝ ਦਿਨ ਸੰਘਵਾਲ ਰਹਿ ਕੇ ਉਹ ਛੇਤੀ ਹੀ ਪਾਰਟੀ ਕੰਮਾ ਵਿੱਚ ਲੱਗ ਗਏ ਸਨ।

ਇੱਕ ਦਿਨ ਪਿੰਡ ਸੰਘਵਾਲ ਵਿੱਚ ਪਾਰਟੀ ਦੀ ਇੱਕ ਗੁਪਤ ਮੀਟਿੰਗ ਹੋ ਰਹੀ ਸੀ ਜਿਸ ਵਿੱਚ ਬੀਬੀ ਗੁਲਾਬ ਕੌਰ ਵੀ ਸ਼ਾਮਲ ਸੀ। ਅੰਗਰੇਜ ਸਰਕਾਰ ਦੇ ਸੂਹੀਆਂ ਨੇ ਇਸ ਗੱਲ ਦੀ ਪੁਲਿਸ ਨੂੰ ਇਤਲਾਹ ਵੀ ਕਰ ਦਿੱਤੀ ਸੀ। ਭਗਤ ਰਾਮ ਚੱਢਾ

ਨੂੰ ਇਸ ਗੱਲ ਦਾ ਪਤਾ ਲੱਗ ਗਿਆ ਸੀ। ਉਹ ਦੇਸ਼ ਭਗਤਾਂ ਦਾ ਹਮਾਇਤੀ ਸੀ। ਉਸ ਨੇ ਝੱਟ ਮੀਟਿੰਗ ਵਾਲੀ ਥਾਂ ਪਹੁੰਚ ਕੇ ਸਾਥੀਆਂ ਨੂੰ ਪੁਲਿਸ ਦੇ ਆਉਣ ਦੀ ਸਾਰੀ ਸੂਚਨਾ ਦੇ ਦਿੱਤੀ ਸੀ। ਵਕਤ ਥੋੜਾ ਸੀ ਫੇਰ ਵੀ ਪੁਲਿਸ ਦੇ ਛਾਪਾ ਮਾਰਨ ਤੋਂ ਪਹਿਲਾਂ ਹੀ ਮੀਟਿੰਗ ਵਿੱਚ ਹਾਜ਼ਰ ਸਾਰੇ ਗਦਰੀ ਉਥੋਂ ਭੱਜ ਗਏ ਅਤੇ ਕਾਹਲੀ ਵਿੱਚ ਆਪਣਾ ਅਸਲਾ ਤੇ ਪਾਰਟੀ ਦੇ ਕਾਗਜ਼-ਪੱਤਰ ਉਥੇ ਹੀ ਛੱਡ ਗਏ ਸਨ। ਬੀਬੀ ਵੀ ਹਾਜ਼ਰ ਸੀ, ਇੱਕ ਘੱਗਰਾ ਤੇ ਇਕ ਟੋਕਰੀ ਉਸ ਨੇ ਆਪਣੇ ਕੋਲ ਹਰ ਵਕਤ ਰੱਖੀ ਹੁੰਦੀ ਸੀ। ਉਹ ਨਾ ਡੋਲੀ ਅਤੇ ਨਾ ਹੀ ਘਬਰਾਈ ਸੀ। ਛੇਤੀ ਛੇਤੀ ਉਸ ਨੇ ਸਾਰੇ ਕਾਗਜ਼ ਇੱਕਠ ਕੀਤੇ, ਟੋਕਰੀ ਵਿੱਚ ਹੇਠਾਂ ਅਸਲਾ ਤੇ ਉਸ ਉਪਰ ਕਾਗਜ਼ ਰੱਖ ਕੇ ਫੇਰ ਚੰਗੀ ਤਰ੍ਹਾਂ ਕੱਪੜੇ ਨਾਲ ਉਪਰੋਂ ਢੱਕ ਲਿਆ ਅਤੇ ਰੋਟੀ ਦੇਣ ਦੇ ਬਹਾਨੇ ਸਿਰ 'ਤੇ ਟੋਕਰੀ ਰੱਖੀਂ, ਲੰਬਾ ਘੁੰਡ ਕੱਢ ਕੇ ਤੇ ਘੱਗਰਾ ਪਾ ਕੇ ਉਹ ਖੇਤਾਂ ਵੱਲ ਤੇਜ਼ ਚਾਲ ਤੁਰ ਗਈ ਸੀ। ਰਸਤੇ ਵਿੱਚ ਬੀਬੀ ਨੂੰ ਛਾਪਾ ਮਾਰਨ ਆਉਂਦੀ ਪੁਲਿਸ ਵੀ ਮਿਲੀ ਪਰ ਪੁਲਿਸ ਨੇ ਉਸਨੂੰ ਨਾ ਪਛਾਣਿਆਂ। ਉਹ ਤਾਂ ਕਾਹਲੀ ਕਾਹਲੀ ਆਪਣੀ ਹੀ ਚਾਲ ਤੁਰਦੀ ਗਈ ਤੇ ਪੁਲਿਸ ਨੂੰ ਛਾਪੇ ਵਾਲੀ ਥਾਂ ਪਹੁੰਚ ਕੇ ਕੁੱਝ ਵੀ ਹੱਥ ਨਾ ਲੱਗਿਆ। ਕੇਵਲ ਨਿਰਾਸ਼ਾ ਹੀ ਪੱਲੇ ਪਈ ਸੀ। ਇਸ ਤਰ੍ਹਾਂ ਆਪਣੀ ਤੀਖਣ ਬੁੱਧੀ ਦਾ ਪ੍ਰਯੋਗ ਕਰਕੇ ਬੀਬੀ ਗੁਲਾਬ ਕੌਰ ਨੇ ਸਾਰਾ ਸਮਾਨ ਬਚਾ ਕੇ ਥਾਂ ਸਿਰ ਪਹੁੰਚਾ ਵੀ ਦਿੱਤਾ ਸੀ ਅਤੇ ਮੀਟਿੰਗ ਵਿੱਚ ਹਾਜ਼ਰ ਸਾਰੇ ਸਾਥੀਆਂ ਨੂੰ ਵੀ ਬਚਾ ਲਿਆ ਸੀ।

ਕੁੱਝ ਸਮਾਂ ਸੰਘਵਾਲ ਠਹਿਰ ਕੇ ਬੀਬੀ ਗੁਲਾਬ ਕੌਰ ਤੇ ਜੀਵਨ ਸਿੰਘ ਹੁਸ਼ਿਆਰਪੁਰ ਦੇ ਪਿੰਡ ਕੋਟਲਾ ਨੌਧ ਸਿੰਘ ਵਾਲਾ ਜਿੱਥੋ ਦਾ ਗਦਰੀ ਅਮਰ ਸਿੰਘ ਸੀ ਉਸਦੇ ਘਰ ਪਹੁੰਚ ਗਏ ਸਨ। ਅਮਰ ਸਿੰਘ ਆਪਣੇ ਮਿਲਣ ਆਏ ਦੋਸਤ-ਮਿਤਰਾਂ ਨੂੰ ਗੁਲਾਬ ਕੌਰ ਨੂੰ ਆਪਣੀ ਭੈਣ ਤੇ ਜੀਵਨ ਸਿੰਘ ਨੂੰ ਉਸਦੇ ਪਤੀ ਦੇ ਤੌਰ ਤੇ ਮਿਲਾਉਣ ਲੱਗਿਆ ਸੀ। ਅਮਰ ਸਿੰਘ ਦੀ ਚਾਚੀ ਗੁਲਾਬ ਕੌਰ ਨੂੰ ਆਪਣੇ ਨਾਲ ਗੱਲੀਂ ਲਾਈ ਰੱਖਦੀ, ਪਰ ਜਿਆਦਾ ਤਰ ਉਹ ਤੇ ਜੀਵਨ ਸਿੰਘ ਚੁੱਪ ਹੀ ਰਹਿੰਦੇ ਸਨ। ਇੱਕ ਦਿਨ ਤੜਕੇ ਹੀ ਕਿਸੇ ਨੇ ਦਰਵਾਜ਼ਾ ਖੜਕਾਇਆ, ਬੀਬੀ ਨੇ ਜਦੋਂ ਖੋਲਿਆ ਤਾਂ ਸਾਹਮਣੇ ਜਗਤ ਰਾਮ ਨੂੰ ਦੇਖ ਕੇ ਬਹੁਤ ਖੁਸ਼ ਹੋਈ ਸੀ। ਉਹ ਜਗਤ ਰਾਮ ਨੂੰ ਜੱਫੀ ਪਾਉਣ ਲਈ ਵਧੀ ਹੀ ਸੀ ਕਿ ਇੱਕ ਓਪਰਾ ਬੰਦਾ ਵੀ ਨਾਲ ਖੜਾ ਦੇਖ ਕੇ ਪਿੱਛੇ ਹਟ ਗਈ ਸੀ। ਅਮਰ ਸਿੰਘ ਉਸ ਨੂੰ ਦੇਖ ਕੇ ਬਹੁਤ ਖੁਸ਼ ਹੋਇਆ ਤੇ ਉਸਨੂੰ ਘੁੱਟ ਕੇ ਜੱਫੀ ਪਾ ਲਈ। ਇਹ ਕੋਈ ਹੋਰ ਨਹੀਂ ਗਦਰ ਪਾਰਟੀ ਦਾ ਖਜ਼ਾਨਚੀ ਪੰਡਤ ਕਾਸ਼ੀ ਰਾਮ ਸੀ। ਦੋਵੇਂ ਜਾਣੇ ਮਿਲ ਕੇ ਬਹੁਤ ਖੁਸ਼ ਹੋਏ। ਇਸ ਮਗਰੋਂ ਤੁਰੰਤ ਹੀ ਪੰਡਤ ਕਾਸ਼ੀ ਰਾਮ ਨੇ ਆਪਣਾ ਉਥੇ ਆਉਣ ਦਾ ਉਦੇਸ਼ ਦੱਸਿਆ ਕਿ ਉਹ ਭਾਈ ਜੀਵਨ ਸਿੰਘ ਨੂੰ ਆਪਣੇ ਨਾਲ ਲਿਜਾਣ ਲਈ ਆਇਆ ਹੈ ਕਿਉਂਕਿ ਪਾਰਟੀ ਵਲੋਂ ਮਨੀਲੇ ਤੋਂ ਆਏ ਗਦਰੀਆਂ ਦੀ ਮੇਰੇ ਨਾਲ ਡਿਊਟੀ ਲੱਗੀ ਹੈ। ਅਮਰ ਸਿੰਘ ਨੂੰ ਹਾਲੇ ਪਿੰਡ ਰਹਿਣ ਦੀ ਤਾਕੀਦ ਕਰਕੇ ਜਾਣ ਲਈ ਦਰਵਾਜੇ ਤੋਂ ਬਾਹਰ ਪੈਰ ਹੀ ਰੱਖਿਆ ਸੀ ਕਿ ਝੱਟ ਗੁਲਾਬ ਕੌਰ ਬੋਲ ਪਈ, "ਪੰਡਤ ਜੀ ਮੇਰੀ ਡਿਊਟੀ ਕਿੱਥੇ ਆ?"

"ਭੈਣ ਤੇਰੀ ਡਿਊਟੀ ਤਾਂ ਪਹਿਲਾਂ ਵਾਲੀ ਹੀ ਆ। ਤੇਰੀਆਂ ਗੱਲਾਂ ਤਾਂ ਸਾਰੇ ਪਹੁੰਚ ਗਈਆਂ ਨੇ। ਤੂੰ ਤਾਂ ਪਿੰਡਾਂ ਵਿੱਚ ਫਿਰ ਕੇ ਗਦਰ ਗੂੰਜਾਂ ਸੁਣਾਇਆ ਕਰ ਤੇ ਨਾਲੇ ਕਰਤਾਰ ਤੈਨੂੰ ਮਿਲਣ ਲਈ ਕਾਹਲਾ ਪੈ ਰਿਹੈ। ਉਹ ਕਹਿੰਦਾ ਮੈਂ

ਆਪਣੀ ਬਹਾਦਰ ਭੈਣ ਨੂੰ ਛੇਤੀ ਮਿਲਣਾ। ਉਹ ਛੇਤੀ ਹੀ ਆਊਗਾ।" ਇਹ ਕਹਿਣ ਪਿੱਛੋਂ ਪੰਡਤ ਕਾਸ਼ੀ ਰਾਮ ਆਪਦੇ ਨਾਲ ਗਦਰੀ ਜੀਵਨ ਸਿੰਘ ਦੌਲਾ ਸਿੰਘ ਵਾਲਾ ਨੂੰ ਲੈ ਕੇ ਚਲੇ ਗਏ। ਜਾਂਦੇ-ਜਾਂਦੇ ਉਨ੍ਹਾਂ ਨੇ ਆਪਣੇ ਥੈਲੇ ਵਿੱਚੋਂ ਕਿਨੀਆਂ ਹੀ ਗਦਰ ਗੂੰਜਾਂ ਕੱਢੀਆਂ ਤੇ ਆਪਣੀ ਭੈਣ ਗੁਲਾਬੋ ਨੂੰ ਫੜਾਉਂਦੇ ਕਹਿਣ ਲੱਗੇ, "ਲੈ ਭੈਣ ਇਹ ਹੁਣ ਤੇਰੇ ਕੰਮ ਆਉਣਗੀਆਂ। ਹੁਣ ਮੈਂ ਇਹ ਕੀ ਕਰਨੀਆਂ ਨੇ?" ਜੀਵਨ ਸਿੰਘ ਦੌਲਾ ਸਿੰਘ ਵਾਲਾ ਬੀਬੀ ਗੁਲਾਬ ਕੌਰ ਨੂੰ ਅਮਰ ਸਿੰਘ ਦੇ ਘਰ ਛੱਡ ਕੇ ਆਪ ਚਲਾ ਗਿਆ। ਇੱਥੇ ਗੁਲਾਬ ਕੌਰ ਨੇ ਅਮਰ ਸਿੰਘ ਨਾਲ ਮਿਲ ਕੇ ਗਦਰੀਆਂ ਲਈ ਗੁਪਤ ਰਹਿ ਕੇ ਆਪਣੀਆਂ ਸਰਗਰਮੀਆਂ ਕਰਨੀਆਂ ਸ਼ੁਰੂ ਕਰ ਦਿੱਤੀਆਂ ਸਨ। ਹੁਣ ਉਹ ਪਿੰਡਾਂ ਵਿੱਚ ਅਮਰ ਸਿੰਘ ਦੀ ਚਾਚੀ ਇੰਦਰ ਕੌਰ, ਭਰਜਾਈਆਂ ਦਿਆਲੀ ਅਤੇ ਨਿਹਾਲੀ ਨਾਲ ਜਾਂਦੀ ਅਤੇ ਗਦਰ ਦਾ ਪ੍ਰਚਾਰ ਕਰਦੀ ਰਹਿੰਦੀ ਸੀ।

ਔਰਤਾਂ ਦਾ ਸੂਤ ਕੱਤਣਾ, ਅਟੇਰਨਾ ਅਤੇ ਕੱਢਾਈ-ਬੁਣਾਈ ਕਰਨ ਦੇ ਕੰਮ ਜਿਆਦਾ ਕਰਕੇ ਰਾਤਾਂ ਨੂੰ ਹੀ ਵਿਹਲ ਕੱਢ ਕੇ ਕੀਤੇ ਜਾਂਦੇ ਸਨ। ਦਿਨ ਵੇਲੇ ਉਹ ਲਾਗ-ਪਾਸ ਦੇ ਪਿੰਡਾਂ ਵਿੱਚ ਜਾਂਦੀ, ਉਥੇ ਔਰਤਾਂ ਨੂੰ ਮਿਲਦੀ ਅਤੇ ਆਪਣੀ ਪਾਰਟੀ, ਦੇਸ਼ ਦੀ ਆਜ਼ਾਦੀ ਅਤੇ ਗੋਰੀ ਸਰਕਾਰ ਵਲੋਂ ਲੋਕਾਂ ਉਪਰ ਕੀਤੇ ਜਾਂਦੇ ਜੁਲਮਾਂ ਵਾਰੇ ਗੱਲਾਂ ਕਰਕੇ ਉਨ੍ਹਾਂ ਅੰਦਰ ਜੋਸ਼ ਭਰਦੀ। ਫਿਰ ਉਨ੍ਹਾਂ ਨਾਲ ਜਿਆਦਾ ਵਕਤ ਬਿਤਾਉਣ ਵਾਰੇ ਮੀਟਿੰਗ ਲਈ ਅਗਲਾ ਸਮਾਂ ਨਿਸ਼ਚਤ ਕਰਕੇ ਵਾਪਸ ਆਉਂਦੀ ਹੁੰਦੀ ਸੀ। ਪਿੰਡਾਂ ਵਿੱਚ ਸਿਆਲ ਦੀ ਰੁੱਤੇ, ਰਾਤਾਂ ਲੰਬੀਆਂ ਤੇ ਠੰਡੀਆਂ ਹੋਣੀਆਂ, ਉਦੋਂ ਫੇਰ ਕੁੜੀਆਂ ਇਕੱਠੀਆਂ ਹੋ ਕੇ ਆਪਣੀ ਬੀਹੀ ਵਿੱਚਲੇ ਕਿਸੇ ਘਰ ਦੇ ਖੁੱਲੇ ਦਲ੍ਹਾਨ ਵਿੱਚ ਚਰਖੇ-ਪੀੜ੍ਹੇ ਡਾਹ ਕੇ ਤ੍ਰਿੰਝਣ ਕੱਤਦੀਆਂ ਹੁੰਦੀਆਂ ਸਨ। ਘਰੇਲੂ ਉਦਯੋਗਾਂ ਦੇ ਉਤਪਾਦਨ ਨਾਲ ਆਮ ਲੋਕ ਬਹੁਤ ਆਤਮ ਨਿਰਭਰ ਰਹਿੰਦੇ ਸਨ। ਸੂਤ ਕੱਤਣਾ, ਅਟੇਰਨਾ, ਫਿਰ ਉਸ ਸੂਤ ਨੂੰ ਲੋੜ ਅਨੁਸਾਰ ਤਿਆਰ ਕਰਕੇ ਖੱਦਰ, ਖੇਸ, ਦਰੀਆਂ, ਚਤੱਹੀਆਂ ਅਤੇ ਪਲੰਘਾਂ ਦੀਆਂ ਨਵਾਰਾਂ ਬੁਣਨੀਆਂ ਆਦਿ, ਇਹ ਕੰਮ ਔਰਤਾਂ ਆਪਸ ਵਿੱਚ ਰਲ-ਮਿਲ ਕੇ ਘਰਾਂ ਵਿੱਚ ਹੀ ਕਰਦੀਆਂ ਹੁੰਦੀਆਂ ਸਨ। ਅਜਿਹੇ ਕੰਮ ਉਹ ਆਪਸ ਵਿੱਚ ਇੱਕ ਦੂਜੀ ਤੋਂ ਸਿੱਖਦੀਆਂ-ਸਿਖਾਉਂਦੀਆਂ ਵੀ ਰਹਿੰਦੀਆਂ ਸਨ। ਆਪਣੀ ਬਸਤੀਵਾਦੀ ਲੁੱਟ ਨੂੰ ਹੋਰ ਮਜਬੂਤ ਕਰਨ ਦੇ ਉਦੇਸ਼ ਦੀ ਪੂਰਤੀ ਲਈ ਅੰਗਰੇਜ ਸਰਕਾਰ ਨੇ ਇੱਕ ਇੱਕ ਕਰਕੇ ਪਿੰਡਾਂ ਦਾ ਸਾਰਾ ਸਵੈਨਿਰਭਰਤਾ ਵਾਲਾ ਸੱਭਿਆਚਾਰ ਤਹਿਸ-ਨਹਿਸ ਕਰ ਦਿੱਤਾ। ਉਨ੍ਹਾਂ ਨੇ ਆਪਣੇ ਉਦਯੋਗ ਚਲਾਉਣ ਲਈ ਭਾਰਤ ਤੋਂ ਹਰ ਕਿਸਮ ਦਾ ਕੱਚਾ ਮਾਲ ਇੰਗਲੈਂਡ ਢੋਅ ਲਿਆ ਅਤੇ ਆਪਣਾ ਤਿਆਰ ਕੀਤਾ ਮਾਲ ਇੱਥੋਂ ਦੀ ਮੰਡੀ ਵਿੱਚ ਮਹਿੰਗੇ ਭਾਅ ਵੇਚਣਾ ਸ਼ੁਰੂ ਕਰ ਦਿੱਤਾ ਸੀ। ਇਸ ਦੇ ਚੱਲਦੇ ਘਰੇਲੂ ਉਦਯੋਗ ਦਾ ਭਾਰੀ ਨੁਕਸਾਨ ਹੋਣ ਲੱਗਿਆ ਅਤੇ ਸਾਡਾ ਪੇਂਡੂ ਸਮਾਜ ਵੀ ਹੌਲੇ-ਹੌਲੇ ਸਰਮਾਏਦਾਰੀ ਦੀ ਜਕੜ ਵਿੱਚ ਫਸਦਾ ਚਲਾ ਗਿਆ।

ਪੰਜਾਬ ਦ ਪੁਰਾਣੇ ਸੱਭਿਆਚਾਰ ਵਿੱਚ ਤ੍ਰਿੰਝਣ ਦਾ ਇੱਕ ਖਾਸ ਸਥਾਨ ਹੈ। ਇਹ ਔਰਤਾਂ ਦੀ ਇੱਕ ਭਾਈਚਾਰਕ ਸਮੂਹਕ ਬੈਠਕ ਹੁੰਦੀ ਸੀ ਜਿਸ ਵਿੱਚ ਗਲੀ ਮੁਹੱਲੇ ਦੀਆਂ ਮੁਟਿਆਰਾਂ ਤੇ ਵਡੇਰੀ ਉਮਰ ਦੀਆਂ ਔਰਤਾਂ ਮਿਲ ਬੈਠਦੀਆਂ ਸਨ। ਤ੍ਰਿੰਝਣਾਂ ਵਿੱਚ ਹੀ ਪੇਂਡੂ ਪੰਜਾਬੀ ਸਾਹਿਤ ਦਾ ਕਾਫੀ ਹਿੱਸਾ-ਬੋਲੀਆਂ, ਗੀਤਾਂ, ਟੱਪਿਆਂ, ਉਲ੍ਹਾਣੀਆਂ ਅਤੇ ਮੁਹਾਵਰਿਆਂ ਦੇ ਰੂਪ ਵਿੱਚ ਸਿਰਜਿਆ ਜਾਂਦਾ ਰਿਹਾ। ਦੂਸਰੇ ਸ਼ਬਦਾਂ

ਵਿੱਚ ਤ੍ਰਿਝਣ ਇੱਕ ਅਜਿਹੀ ਸੰਸਥਾ ਜਾਂ ਸਿੱਖਿਆ ਦਾ ਕੇਂਦਰ ਸੀ ਜਿੱਥੇ ਸਿਆਣੀਆਂ ਔਰਤਾਂ ਦੁਆਰਾ ਮੁਟਿਆਰਾਂ ਨੂੰ ਆਪਣੀ ਵਿਰਾਸਤ ਦੇ ਉਪਰੋਕਤ ਪਹਿਲੂ ਸਿਖਾਏ ਜਾਂਦੇ ਸਨ ਅਤੇ ਉਨ੍ਹਾਂ ਵਿੱਚ ਪਰਿਪੱਕ ਕੀਤਾ ਜਾਂਦਾ ਸੀ। ਗੁਲਾਬ ਕੌਰ ਨੇ ਆਪਣੇ ਕੰਮ ਲਈ ਔਰਤਾਂ ਤੱਕ ਪਹੁੰਚ ਕਰਨ ਲਈ ਵੀ ਤ੍ਰਿਝਣ ਨੂੰ ਹੀ ਚੁਣਿਆ ਸੀ। ਉਹ ਚੰਗੀ ਤਰ੍ਹਾਂ ਜਾਣਦੀ ਤੇ ਸਮਝਦੀ ਸੀ ਕਿ ਤ੍ਰਿਝਣ ਇੱਕ ਅਜਿਹੀ ਜਗ੍ਹਾ ਹੈ ਜਿੱਥੇ ਮੁਟਿਆਰਾਂ ਤੇ ਸਿਆਣੀਆਂ ਔਰਤਾਂ ਦੋਵੇਂ ਹੀ ਇਕੱਠੀਆਂ ਮਿਲ ਜਾਂਦੀਆਂ ਹਨ।

ਘਰਾਂ ਦੇ ਕੰਮਾਂ ਤੋਂ ਔਰਤਾਂ ਨੂੰ ਵਿਹਲ ਮਿਲਣੀ ਤਾਂ ਬਹੁਤ ਹੀ ਔਖੀ ਹੁੰਦੀ ਸੀ ਕਿਉਂਕਿ ਘਰ ਵੀ ਇੱਕ ਇੰਡਸਟਰੀ ਦੀ ਤਰ੍ਹਾਂ ਹੀ ਹੁੰਦਾ ਸੀ। ਫਰਕ ਕੇਵਲ ਇਹ ਕਿ ਕਿਸੇ ਵੀ ਇੰਡੰਸਟਰੀ ਵਿੱਚ ਕੰਮ ਕਰਨ ਵਾਲੇ ' ਕਾਮੇ' ਨਿਸ਼ਚਤ ਸਮੇਂ 'ਤੇ ਹੀ ਜਾਂਦੇ ਤੇ ਨਿਸ਼ਚਤ ਸਮੇਂ ਆਪਣੀ ਡਿਊਟੀ ਖਤਮ ਕਰਕੇ ਵਾਪਸ ਆਉਂਦੇ ਸਨ, ਪ੍ਰੰਤੂ ਘਰ ਵਿੱਚ ਤਾਂ ਕੰਮ ਕਰਨ ਦੇ ਘੰਟੇ ਨਿਸ਼ਚਤ ਨਹੀਂ ਹੁੰਦੇ ਤੇ ਨਾ ਹੀ ਕੋਈ ਕੰਮ ਤੇ ਲਗਣ ਦਾ ਸਮਾਂ ਨਿਸ਼ਚਤ ਹੁੰਦਾ ਸੀ। ਮੂੰਹ ਹਨ੍ਹੇਰੇ ਉਠ ਕੇ ਸਭ ਤੋਂ ਪਹਿਲਾਂ ਔਰਤਾਂ ਨੇ ਚੁੱਲੇ ਅੱਗ ਪਾਉਣੀ ਹੁੰਦੀ ਤੇ ਚਾਹ ਤਿਆਰ ਕਰਨੀ, ਦੁੱਧ ਰਿੜਕਣਾ, ਧਾਰਾਂ ਕੱਢਣੀਆਂ ਆਦਿ ਸਭ ਨਾਲ ਨਾਲ ਹੀ ਹੁੰਦਾ ਸੀ। ਗੱਲ ਕੀ ਔਰਤ ਦਾ ਕੰਮ ਮੂੰਹ ਹਨ੍ਹੇਰੇ ਸ਼ੁਰੂ ਹੁੰਦਾ ਤੇ ਰਾਤ ਨੂੰ ਘਰ ਦੇ ਸਭਨਾ ਜੀਆਂ ਤੋਂ ਪਿੱਛੋਂ ਹੀ ਭਾਂਡਾ-ਠੀਕਰ ਸੰਭਾਲ ਕੇ ਵਿਹਲੇ ਹੋਣਾ ਹੁੰਦਾ ਸੀ। ਇਸ ਲਈ ਦਿਨ ਵੇਲੇ ਕਿਸੇ ਵੀ ਗਲੀ-ਮੁਹੱਲੇ ਦੀਆਂ ਔਰਤਾਂ ਨੂੰ ਇਕੱਠੀਆਂ ਕਰਨਾ ਬਹੁਤ ਮੁਸ਼ਕਲ ਹੁੰਦਾ ਸੀ ਸੋ ਕੰਮਾਂ ਤੋਂ ਵਿਹਲੇ ਹੋ ਕੇ ਹੀ ਉਹ ਤ੍ਰਿੰਜਣ ਕੱਤਦੀਆਂ। ਸੂਤ ਕੱਤਣਾ ਵੀ ਇੱਕ ਵੱਡਾ ਕੰਮ ਹੁੰਦਾ ਸੀ ਅਤੇ ਇਹ ਵੀ ਇਕੱਲੀ-ਕਹਿਰੀ ਦੇ ਕੱਤਣ ਨਾਲੋਂ ਤ੍ਰਿਝਣ ਵਿੱਚ ਇਕੱਠੀਆਂ ਬੈਠ ਕੇ ਵੱਧ ਕੱਤਿਆ ਜਾਂਦਾ ਸੀ ਅਤੇ ਆਪਸ ਵਿੱਚ ਗੱਲਾਂ ਰਾਹੀਂ, ਗੀਤਾਂ ਰਾਹੀਂ ਆਪਣੇ ਮਨਾਂ ਦੀ ਗੱਲ ਇੱਕ ਦੂਜੇ ਨੂੰ ਸੁਣਾਈ-ਸੁਣੀ ਵੀ ਜਾਂਦੀ ਸੀ। ਇਹ ਇੱਕ ਉਹ ਥਾਂ ਹੁੰਦੀ ਜਿੱਥੇ ਕੁੜੀਆਂ-ਬਹੂਆਂ ਕੰਮ ਦੇ ਨਾਲ ਨਾਲ ਕੁੱਝ ਵਕਤ ਬਿਨਾ ਕਿਸੇ ਰੋਕ-ਟੋਕ ਦੇ ਹੱਸ ਖੇਡ ਕੇ ਜਾਂ ਫਿਰ ਆਪੋ-ਆਪਣੇ ਦੁੱਖ-ਦਰਦ ਵੀ ਸਾਂਝੇ ਕਰਦੀਆਂ ਸਨ। ਬੀਬੀ ਗੁਲਾਬ ਕੌਰ ਇਸ ਕੰਮ ਲਈ ਆਪਣੀਆਂ ਗਦਰ-ਗੂੰਜਾਂ ਦਾ ਪ੍ਰਯੋਗ ਵੀ ਬਹੁਤ ਕਰ ਲੈਂਦੀ ਸੀ।

ਉਨ੍ਹਾਂ ਵੇਲਿਆਂ ਵਿੱਚ ਬਿਜਲੀ ਤਾਂ ਹੁੰਦੀ ਹੀ ਨਹੀਂ ਸੀ। ਰਾਤ ਨੂੰ ਰੋਸ਼ਨੀ ਲਈ, ਸ਼ਾਮ ਹੁੰਦੇ ਹੀ ਹਰ ਘਰ ਦੀ ਸੁਆਣੀ ਲੈਂਪ, ਲਾਲਟਨਾਂ ਨੂੰ ਸਾਫ ਕਰਕੇ ਉਨ੍ਹਾਂ ਦਾ ਤੇਲ ਬੱਤੀ ਸਭ ਤਿਆਰ ਕਰਕੇ, ਸਾਰਾ ਪ੍ਰਬੰਧ ਕਰਕੇ ਰੱਖਦੀ ਸੀ ਜਾਂ ਜਿਨ੍ਹਾਂ ਘਰਾਂ ਵਿੱਚ ਲੈਂਪ ਤੇ ਲਾਲਟਨ ਵੀ ਨਾ ਹੁੰਦੇ ਉਥੇ ਸਰੋਂ ਦੇ ਤੇਲ ਦੇ ਦੀਵੇ ਬਾਲ ਕੇ ਰੋਸ਼ਨੀ ਕੀਤੀ ਜਾਂਦੀ ਸੀ। ਦੀਵੇ ਜਾਂ ਲਾਲਟਨ ਦੀ ਹਲਕੀ ਹਲਕੀ ਲੋਅ ਵਿੱਚ ਇਕੱਠਿਆਂ ਬੈਠ ਕੇ ਕੰਮ ਕਰਨ ਦੇ ਨਾਲ ਨਾਲ ਆਪਣੀ ਆਪਣੀ ਜ਼ਿੰਦਗੀ ਦਾ ਹਰ ਪੱਖ ਛੂੰਹਦੇ ਹੋਏ ਗੀਤ, ਬੋਲੀਆਂ, ਉਲਾਹਣੀਆਂ ਤੇ ਟੱਪੇ ਗਾਏ ਜਾਂਦੇ ਸਨ। ਉਸ ਸਮੇਂ ਬ੍ਰਤਾਨਵੀ ਸਾਮਰਾਜ ਵਲੋਂ ਆਪਣੀਆਂ ਬਸਤੀਆਂ ਲਈ ਇਹ ਹੁਕਮ ਵੀ ਸੀ ਅਤੇ ਉਸ ਹੁਕਮ ਨੂੰ ਲਾਗੂ ਕਰਨ ਲਈ ਸਖਤਾਈ ਵੀ ਵਰਤੀ ਜਾਂਦੀ ਸੀ ਕਿ ਪਿੰਡਾਂ ਦਾ ਹਰ ਨੌਜਵਾਨ ਉਨ੍ਹਾਂ ਦੀ ਫੌਜ਼ ਵਿੱਚ ਭਰਤੀ ਹੋਵੇ ਅਤੇ ਗੋਰੀ ਸਰਕਾਰ ਲਈ ਕੰਮ ਕਰੇ। ਇਹ ਭਰਤੀ ਜੇ ਕੋਈ ਆਪਣੀ ਮਰਜ਼ੀ ਨਾਲ ਹੋਵੇ ਤਾਂ ਚੰਗਾ, ਜੇ ਕੋਈ ਨੌਜਵਾਨ ਜਾਂ ਉਸਦੇ

ਮਾਪੇ ਫੌਜ ਵਿੱਚ ਭਰਤੀ ਹੋਣ ਲਈ ਨਾ ਮੰਨਣ ਤਾਂ ਉਨ੍ਹਾਂ ਨੂੰ ਘਰਾਂ ਤੋਂ ਜਬਰਨ ਚੁੱਕ ਕੇ ਭਰਤੀ ਕੀਤਾ ਜਾਵੇ ਜਾਂਦਾ ਸੀ। ਭਰਤੀ ਹੋਣਾ ਇੱਕ ਮਜ਼ਬੂਰੀ ਵੀ ਸੀ ਅਤੇ ਜਰੂਰੀ ਵੀ ਸੀ। ਇਸ ਕੰਮ ਦੀ ਜ਼ਿੰਮੇਵਾਰੀ ਬ੍ਰਿਟਿਸ਼ ਸਰਕਾਰ ਨੇ ਪਿੰਡਾਂ ਵਿੱਚ ਸਰਕਾਰ ਦੇ ਸੂਹੀਏ-ਨੰਬਰਦਾਰਾਂ, ਸਫੈਦਪੋਸ਼ਾਂ ਅਤੇ ਚੌਕੀਦਾਰਾਂ ਦੀ ਲਗਾਈ ਹੋਈ ਸੀ। ਇਹ ਸਰਕਾਰੀ ਪਿੱਠੂ ਅੰਗਰੇਜ ਸਰਕਾਰ ਅੱਗੇ ਆਪਣੀ ਭੱਲ ਬਨਾਉਣ ਲਈ ਆਪਣੇ ਪਿੰਡਾਂ ਵਿਚਲੇ ਨੌਜਵਾਨਾਂ ਨੂੰ ਸਖਤੀ ਨਾਲ ਘਰਾਂ ਵਿੱਚੋਂ ਕੱਢ ਕੱਢ, ਉਨ੍ਹਾਂ ਦੀ ਇੱਛਾ ਦੇ ਵਿਰੁੱਧ ਭਰਤੀ ਕਰਵਾਉਂਦੇ ਸਨ।

ਗਦਰ ਪਾਰਟੀ ਅੰਗਰੇਜ਼ ਸਰਕਾਰ ਦਾ ਵਿਰੋਧ ਕਰਦੀ ਆਪਣੀ ਨੌਜਵਾਨ ਪੀੜ੍ਹੀ ਨੂੰ ਫੌਜ਼ ਵਿੱਚ ਭਰਤੀ ਹੋਣ ਤੋਂ ਰੋਕਦੀ ਸੀ। ਗਦਰੀ ਬੀਬੀ ਗੁਲਾਬ ਕੌਰ ਨੇ ਵੀ ਆਪਣੇ ਪਾਰਟੀ ਦੇ ਪ੍ਰਚਾਰ ਲਈ ਸ਼ੁਰੂ ਵਿੱਚ ਤ੍ਰਿੰਝਣ ਹੀ ਚੁਣੇ ਸਨ। ਉਸ ਨੇ ਚਾਚੀ ਨਾਲ ਸਲਾਹ ਬਣਾ ਕੇ ਵੱਖ ਵੱਖ ਤ੍ਰਿੰਜਣਾ ਵਿੱਚ ਪਹੁੰਚ ਕੇ ਇਕੱਠੀਆਂ ਹੋਈਆਂ ਮੁਟਿਆਰਾਂ ਅਤੇ ਵੱਡੇਰੀ ਉਮਰ ਦੀਆਂ ਔਰਤਾਂ ਵਿੱਚ ਬੈਠ ਕੇ ਪਹਿਲਾਂ ਭਾਰਤੀਆਂ ਉਪਰ ਗੋਰੀ ਸਰਕਾਰ ਵਲੋਂ ਕੀਤੇ ਜਾਂਦੇ ਅਤਿਆਚਾਰਾਂ ਵਾਰੇ ਰੋਹ-ਭਰਪੂਰ ਗੱਲਾਂ ਕਰਨੀਆਂ ਅਤੇ ਫਿਰ ਆਪਣੀਆਂ ਗਦਰ ਗੂੰਜਾਂ ਰਾਹੀਂ ਉਨ੍ਹਾਂ ਨੂੰ ਦੇਸ਼ ਦੀ ਆਜ਼ਾਦੀ ਲਈ ਪ੍ਰੇਰਦੀ ਹੁੰਦੀ ਸੀ। ਉਨ੍ਹਾਂ ਨੂੰ ਗੋਰੀ ਸਰਕਾਰ ਦੇ ਭਾਰਤੀ ਲੋਕਾਂ ਨਾਲ ਕੀਤੀ ਜਾਂਦੀ ਹਰ ਪ੍ਰਕਾਰ ਦੀ ਧੱਕਾਸ਼ਾਹੀ ਦਾ ਵਿਰੋਧ ਕਰਨ ਲਈ ਉਤਸਾਹਤ ਕਰਦੀ ਸੀ। ਆਪਣੀਆਂ ਬੋਲੀਆਂ ਰਾਹੀਂ ਗਿੱਧੇ ਵਿੱਚ ਨਵੀਆਂ ਵਿਆਹੀਆਂ, ਮਾਵਾਂ, ਧੀਆਂ-ਸਭ ਨੂੰ ਅੰਗਰੇਜ ਸਰਕਾਰ ਦੇ ਵਿਰੁੱਧ ਆਪਣੇ ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਪ੍ਰਚਾਰ ਕਰਕੇ ਜਾਗ੍ਰਿਤ ਕਰਨਾ, ਉਸਦਾ ਉਦੇਸ਼ ਬਣ ਗਿਆ ਸੀ। ਬੋਲੀਆਂ ਵਿੱਚ ਪਿੰਡਾਂ ਦੇ ਨੌਜਵਾਨ ਮੁੰਡਿਆਂ ਨੂੰ ਅੰਗਰੇਜ਼ਾਂ ਰਾਹੀਂ ਫੌਜ਼ ਵਿੱਚ ਕੀਤੀ ਜਾਂਦੀ ਜ਼ਬਰਦਸਤੀ ਭਰਤੀ ਕਰਕੇ ਉਨ੍ਹਾਂ 'ਤੇ ਹੋਣ ਵਾਲੇ ਤਸ਼ੱਦਦ ਦੀ ਜਾਣਕਾਰੀ ਦਿੰਦੇ ਹੋਏ ਉਨ੍ਹਾਂ ਨੂੰ ਭਰਤੀ ਹੋਣ ਤੋਂ ਰੋਕਣ ਲਈ ਜਜ਼ਬਾ ਭਰਨਾ ਹੁੰਦਾ ਸੀ। ਜਿਸ ਨੂੰ ਸੁਣ ਕੇ ਔਰਤਾਂ ਭਾਵੇਂ ਨਵੀਆਂ ਵਿਆਹੀਆਂ ਹੋਣ, ਮਾਵਾਂ ਹੋਣ ਜਾਂ ਫਿਰ ਭੈਣਾਂ ਸਭ ਦੇ ਮਨਾਂ ਵਿੱਚ ਗੋਰੀ ਸਰਕਾਰ ਦੇ ਵਿਰੁੱਧ ਨਫਰਤ ਭਰ ਜਾਂਦੀ ਤੇ ਉਹ ਆਪਣੇ ਪਿੰਡਾਂ ਵਿੱਚ ਹੋਣ ਵਾਲੀ ਜ਼ਬਰਨ ਭਰਤੀ ਨੂੰ ਰੋਕਣ ਲਈ ਪੂਰੀ ਤਰ੍ਹਾਂ ਵਿਰੋਧ ਕਰਦੀਆਂ ਸਨ।

ਗੁਲਾਬ ਕੌਰ ਘਰ ਵਿੱਚ ਕੰਮ ਤੋਂ ਵਿਹਲੀ ਹੋ ਕੇ ਜਦੋਂ ਵੀ ਗਦਰ-ਗੂੰਜ ਪੜ੍ਹਨ ਲਗਦੀ ਤਾਂ ਚਾਚੀ ਨੂੰ ਵੀ ਉਸਦੀ ਕਵੀਸ਼ਰੀ ਤੇ ਬੋਲੀਆਂ ਸੁਣ ਕੇ ਬਹੁਤ ਆਨੰਦ ਆਉਂਦਾ। ਰਾਤ ਹੋਣ ਤੇ ਚਾਚੀ ਤ੍ਰਿੰਝਣ ਵਿੱਚ ਪਹੁੰਚਦੀ ਹੀ ਬੈਠੀਆਂ ਔਰਤਾਂ ਨੂੰ ਪਹਿਲਾਂ ਗੁਲਾਬ ਕੌਰ ਦੇ ਵਿਦੇਸ਼ਾਂ ਤੋਂ ਆਉਣ ਦੇ ਕਾਜ ਬਾਰੇ ਦੱਸਦੀ , ਫੇਰ ਉਸਨੂੰ ਸੰਬੋਧਨ ਕਰਦੀ ਕਹਿੰਦੀ " ਕੁੜੇ ਗੁਲਾਬੋ, ਤੂੰ ਆਪਣੀ ਕਵੀਸ਼ਰੀ ਇਨ੍ਹਾਂ ਕੁੜੀਆਂ ਨੂੰ ਤਾਂ ਸੁਣਾ।" ਚਾਚੀ ਦੀ ਗੱਲ ਸੁਣ ਕੇ ਗੁਲਾਬ ਕੌਰ ਗਦਰ ਗੂੰਜ ਵਿੱਚੋਂ ਆਪਣੇ ਮਤਲਬ ਦੀ ਜੋੜੀ ਕਵੀਸ਼ਰੀ ਸ਼ੁਰੂ ਕਰਦੀ---

ਮੇਰੀ ਬੇਨਤੀ ਨਾਲ ਖਿਆਲ ਸੁਣਿਓ, ਮੇਰੀਆਂ ਭੈਣਾਂ ਤੇ ਭਰਜਾਈਆਂ ਓ।
ਪਾਜੀ ਗੋਰਿਆਂ ਨੇ ਸਾਨੂੰ ਤੰਗ ਕੀਤਾ, ਸਾਡੀਆਂ ਜਾਨਾਂ ਨੱਕ ਤੇ ਆਈਆਂ ਓ।
ਸਾਡੇ ਵੀਰ ਪਏ ਚੀਨ ਮਚੀਨ ਰੁਲਦੇ, ਮਾਲੋ-ਮਾਲ ਹੋਇਆ ਇੰਗਲਸਤਾਨ ਭੈਣੋ।
ਕੁੱਤੇ ਖਾਣ ਫਰੰਗੀ ਦੇ ਪੇਟ ਭਰ ਕੇ, ਭੁੱਖੇ ਮਰਨ ਪਏ ਸਾਡੇ ਇਨਸਾਨ ਭੈਣੋ।

ਵਾਰਸ ਹਿੰਦ ਦੇ ਬਣੇ ਅੰਗਰੇਜ਼ ਜ਼ਾਲਮ, ਕੀਤੇ ਬੇਦਖਲ ਕਿਰਸਾਨ ਭੈਣੋ।
ਨਹਿਰਾਂ, ਖੂਹਾਂ ਤੇ ਜ਼ਮੀਨਾਂ ਦੇ ਅਸੀਂ ਮਾਲਕ, ਕਾਹਦੇ ਵਾਸਤੇ ਭਰੀਏ ਲਗਾਨ ਭੈਣੋ।
ਨਾਲ ਤਰਲਿਆਂ ਮੂਲ ਨਹੀਂ ਕੁੱਝ ਬਣਨਾ, ਮੇਰਾ ਆਖਰੀ ਸੁਣੋ ਫੁਰਮਾਨ ਭੈਣੋ।
ਘਰੋਂ ਚੋਰ ਨੂੰ ਪਕੜ ਕੇ ਬਾਹਰ ਕੱਢੋ, ਕਾਇਮ ਆਪਣਾ ਕਰੋ ਨਿਸ਼ਾਨ ਭੈਣੋ।

ਗੁਲਾਬ ਕੌਰ ਨੂੰ ਜਦੋਂ ਕੁੜੀਆਂ ਸਵਾਲੀਆਂ ਅੱਖਾਂ ਨਾਲ ਦੇਖਦੀਆਂ ਤਾਂ ਉਹ ਝੱਟ ਸਮਝ ਜਾਂਦੀ ਕਿ ਇਨ੍ਹਾਂ ਦੇ ਘਰਾਂ ਤੋਂ ਵੀ ਕਿਸੇ ਦਾ ਪੁੱਤ, ਕਿਸੇ ਦਾ ਭਾਈ ਤੇ ਕਿਸੇ ਦਾ ਪਤੀ, ਦਿਓਰ, ਜੇਠ ਗੱਲ ਕੀ ਕੋਈ ਵੀ ਰਿਸ਼ਤੇਦਾਰ ਫੌਜ਼ ਵਿੱਚ ਭਰਤੀ ਹੋਏ ਸਨ। ਉਹ ਉਨ੍ਹਾਂ ਦੀ ਨਬਜ਼ ਤੇ ਹੱਥ ਰੱਖਣ ਵਾਂਗੂ ਥੋੜੀ ਉਚੀ ਅਵਾਜ਼ ਵਿੱਚ ਸਮਝਾਉਂਦੀ ਕਹਿੰਦੀ, "ਜੇ ਕਰ ਬੱਚਾ ਨਾ ਰੋਵੇ ਤਾਂ ਮਾਂ ਵੀ ਦੁੱਧ ਨਹੀਂ ਦਿੰਦੀ। ਗੋਰਿਆਂ ਨੇ ਸਾਨੂੰ ਜੁੱਤੀ ਨਾਲ ਗੁਲਾਮ ਕੀਤਾ ਹੋਇਆ, ਸੋ ਹੁਣ ਇਹ ਵੀ ਸਾਨੂੰ ਜੁੱਤੀ ਨਾਲ ਹੀ ਕੱਢਣੇ ਪੈਣਗੇ। ਤੁਸੀਂ ਸਭ ਕੁੱਝ ਕਰ ਸਕਦੀਆਂ ਹੋ। ਆਪਣੇ ਭਰਾਵਾਂ ਨੂੰ, ਪੁੱਤਾਂ ਨੂੰ ਅਤੇ ਆਪਣੇ ਘਰ ਵਾਲਿਆਂ ਨੂੰ ਭਰਤੀ ਨਾ ਹੋਣ ਦੇਵੋ। ਤੁਸੀਂ ਵੀ ਤਕੜੀਆਂ ਬਣੋ, ਥੋਡੇ ਵਿੱਚ ਵੀ ਬਹੁਤ ਤਾਕਤ ਆ। ਫੇਰ ਇਨ੍ਹਾਂ ਜ਼ਾਲਮਾਂ ਦਾ ਮੂੰਹ ਭੰਨ ਸਕਦੀਆਂ ਓ।" ਗੁਲਾਬ ਕੌਰ ਦੀਆਂ ਗੱਲਾਂ ਔਰਤਾਂ ਦੇ ਦਿਲਾਂ ਨੂੰ ਟੁੰਬਣ ਲੱਗੀਆਂ ਸਨ। ਇਸ ਤਰ੍ਹਾਂ ਗੁਲਾਬ ਕੌਰ ਹਰ ਰੋਜ ਕਿਸੇ ਨਵੇਂ ਪਿੰਡ ਜਾ ਕੇ ਆਪਣੀ ਗਦਰ ਪਾਰਟੀ ਲਈ ਪ੍ਰਚਾਰ ਕਰਕੇ ਔਰਤਾਂ ਅੰਦਰੋਂ ਹੀਣਭਾਵਨਾ ਨੂੰ ਆਪਣੇ ਜੋਸ਼ੀਲੇ ਗੀਤਾਂ ਰਾਹੀਂ, ਗੱਲਾਂ ਰਾਹੀ ਤੇ ਗਿੱਧੇ ਦੀਆਂ ਬੋਲੀਆਂ ਰਾਹੀਂ ਕੁਰੇਦ ਕੁਰੇਦ ਦੂਰ ਕਰਨ ਦਾ ਯਤਨ ਕਰਦੀ ਸੀ। ਉਸਦੀਆਂ ਗੱਲਾਂ-ਬਾਤਾਂ, ਗੀਤ ਸਭ ਔਰਤਾਂ ਦੇ ਦਿਲਾਂ ਨੂੰ ਟੁੰਬਦੇ ਤੇ ਆਪਣੀ ਤਾਕਤ ਪਹਿਚਾਨਣ ਦੀ ਹਿਮਤ ਦਿੰਦੇ ਸਨ। ਉਹ ਸਭ ਝੂਮ ਉਠਦੀਆਂ ਤੇ ਖੜੀਆਂ ਹੋ ਕੇ ਗਿੱਧਾ ਪਾਉਣ ਲੱਗ ਜਾਂਦੀਆਂ। ਗਿੱਧੇ ਵਿੱਚ ਖੜੀ ਕੋਈ ਮੁਟਿਆਰ ਬੋਲੀ ਸ਼ੁਰੂ ਕਰਦੀ ਕਹਿੰਦੀ-----

ਬੇਰੀਆਂ ਨੂੰ ਬੇਰ ਆ ਲੱਗੇ, ਅੰਬਾਂ ਨੂੰ ਪਈਆਂ ਅੰਬੀਆਂ।
ਜੰਗ ਨੂੰ ਨਾ ਜਾਈਂ ਵੇ, ਕੱਟ ਲਊਂਗੀ ਸਭ ਤੰਗੀਆਂ, ਜੰਗ ਨੂੰ ਨਾ ਜਾਈਂ ਵੇ---

ਸਜ ਵਿਆਹੀ ਉਠਦੀ, ਆਪਣੇ ਦਿਲ ਦੀ ਭੜਾਸ ਕੱਢਦੀ ਕਹਿੰਦੀ—
ਮੇਰੇ ਮਾਹੀ ਨੂੰ, ਲੈ ਗਿਆ ਚੀਨ-ਪਚੀਨ।
ਨਾ ਓਹਦੀ ਕੋਈ ਪਾਤੀ ਆਈ, ਨਾ ਉਸ ਤਲਬਾਂ ਪਾਈਆਂ,
ਰਾਜ ਫਰੰਗੀ ਦਾ ਅਸਾਂ ਰਹਿਣ ਨਹੀਂ ਦੇਣਾ---

ਇੱਕ ਦੀ ਬੋਲੀ ਮੁੱਕਦੀ ਤਾਂ ਦੂਜੀ ਫੇਰ ਉਸਤੋਂ ਅਗਲੀ। ਇਸ ਤਰ੍ਹਾਂ ਔਰਤਾਂ ਆਪਣੇ ਦਿਲ ਦੇ ਦੁੱਖੜੇ ਫਰੋਲਦੀਆਂ ਰਹਿੰਦੀਆਂ। ਦੂਸਰੀ ਟੱਪਾ ਬੋਲਦੀ ਕਹਿੰਦੀ-

ਨਾ ਮੈਂ ਚੁਗਾਂ ਕਪਾਹ, ਨਾ ਮੈਂ ਪੇਂਜੇ ਦੇ ਜਾਵਾਂ,
ਨਾ ਮੈਂ ਵੱਟਾਂ ਪੂਣੀਆਂ, ਨਾ ਮੈਂ ਤ੍ਰਿੰਝਣ ਡਾਹਵਾਂ,
ਅੱਗ ਲਾ ਚਰਖੇ ਨੂੰ, ਰਾਜ ਫਰੰਗੀ ਦਾ,
ਅਸਾਂ ਰਹਿਣ ਨਹੀਂ ਦੇਣਾ, ਰਾਜ ਫਰੰਗੀ ਦਾ।

ਦਿਨ ਵੇਲੇ ਘਰ ਦਾ ਕੰਮ ਕਰਦੀ ਗੁਲਾਬੋ ਆਪਣੇ ਗਦਰੀ ਵੀਰਾਂ ਦੀ ਉਡੀਕ ਵਿੱਚ ਆਪਣੇ ਘਰ ਦੇ ਬਾਹਰ ਚਰਖਾ ਡਾਹ ਕੇ ਕੱਤਣ ਦੇ ਬਹਾਨੇ ਬੈਠੀ ਰਹਿੰਦੀ ਅਤੇ

ਆਪਣੇ ਸਾਰੇ ਗਦਰੀ ਵੀਰਾਂ ਨੂੰ ਯਾਦ ਕਰਦੀ। ਉਹ ਯਾਦ ਕਰਦੀ ਦੇਸ਼ ਪਰਤਣ ਸਮੇਂ ਜਹਾਜ਼ ਵਿੱਚ ਗਦਰ ਕਰਨ ਸਬੰਧੀ ਬਣਾਈਆਂ ਸਕੀਮਾਂ ਬਾਰੇ, ਲੋਕਾਂ ਨੂੰ ਸਾਮਰਾਜਵਾਦੀ ਸਰਕਾਰ ਵਿਰੁੱਧ ਲਾਮਬੰਦ ਕਰਨ ਸਬੰਧੀ ਹਰ ਉਸ ਯਤਨ ਬਾਰੇ, ਜਿਨ੍ਹਾਂ ਨੂੰ ਜਹਾਜ ਉਤਰਨ ਤੋਂ ਪਹਿਲਾਂ ਮਨਾਂ ਵਿੱਚ ਪੱਕੀ ਤਰ੍ਹਾਂ ਉਕਰਿਆ ਸੀ। ਹਰ ਵਕਤ ਆਪਣੇ ਗਦਰੀ ਵੀਰਾਂ ਨੂੰ ਨਜ਼ਰ ਭਰਕੇ ਦੇਖਣ ਲਈ ਅਤੇ ਉਨ੍ਹਾਂ ਤੋਂ ਗਦਰ ਸਬੰਧੀ ਤਾਜਾ ਖਬਰ-ਸਾਰ ਲੈਣ ਲਈ ਤਤਪਰ ਰਹਿੰਦੀ ਸੀ। ਰਾਤ-ਬਰਾਤ ਜਦੋਂ ਵੀ ਕੋਈ ਆਉਂਦਾ ਉਹ ਝੱਟ ਉਠ ਕੇ ਕੁੰਡਾ ਖੋਲਦੀ, ਭੋਜਨ ਤਿਆਰ ਕਰਕੇ ਖਿਲਾਉਂਦੀ ਫਿਰ ਜਾਂਦਿਆਂ ਨੂੰ ਨਿਹਾਰਦੀ ਰਹਿੰਦੀ ਸੀ। ਉਹ ਸਮਝਦੀ ਸੀ ਕਿ ਸ਼ਾਇਦ ਕੱਲ ਮੇਲ ਹੋਵੇ ਜਾਂ ਨਾ ਹੋਵੇ ਕਿਉਂਕਿ ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਵਿੱਢੀ ਜੰਗ ਵਿੱਚ ਕਦੇ ਵੀ ਕੋਈ ਪੁਲਿਸ ਦੀ ਗੋਲੀ ਨਾਲ ਸ਼ਹੀਦ ਹੋ ਸਕਦਾ ਸੀ। ਰਾਤਾਂ ਨੂੰ ਉਹ ਵੱਖ ਵੱਖ ਪਿੰਡਾਂ ਵਿੱਚ ਪੈਦਲ ਹੀ ਤੁਰ ਜਾਂਦੀ ਅਤੇ ਉਥੇ ਆਪਣੇ ਬਣਾਏ ਗਏ ਪ੍ਰੋਗਰਾਮ ਅਨੁਸਾਰ ਤ੍ਰਿੰਝਣਾ ਵਿੱਚ ਸ਼ਾਮਲ ਹੋ ਕੇ ਇਕੱਠੀਆਂ ਹੋਈਆਂ ਕੁੜੀਆਂ-ਚਿੜੀਆਂ, ਨੱਢੀਆਂ ਤੇ ਵਡੇਰੀ ਉਮਰ ਦੀਆਂ ਬੀਬੀਆਂ ਨੂੰ ਆਪਣਾ ਗਦਰ ਦਾ ਪ੍ਰਚਾਰ ਕਰਦੀ। ਉਹ ਉਥੇ ਪਾਈਆਂ ਜਾਂਦੀਆਂ ਬੋਲੀਆਂ ਤੇ ਗਾਏ ਜਾਂਦੇ ਗੀਤਾਂ ਰਾਹੀਂ ਗੁੱਝੇ ਸੁਨੇਹੇ ਵੀ ਦਿੰਦੀ ਰਹਿੰਦੀ। ਇਸੇ ਤਰ੍ਹਾਂ ਗਦਰ ਸਬੰਧੀ ਪਰਚੇ, ਹਥਿਆਰ ਵੀ ਠੀਕ ਠਕਾਣਿਆਂ ਤੇ ਪਹੁੰਚਾਉਣ ਦੀ ਡਿਊਟੀ ਵੀ ਸਫਲਤਾ ਪੂਰਬਕ ਨਿਭਾਉਂਦੀ ਰਹੀ।

ਬੀਬੀ ਗੁਲਾਬ ਕੌਰ ਇਹਿਤਿਆਤ ਵਰਤਦੀ ਹੋਈ ਪਾਰਟੀ ਸਬੰਧੀ ਕਈ ਗੱਲਾਂ ਘਰ ਵਿੱਚ ਚਾਚੀ ਅਤੇ ਦਿਆਲੀ ਤੋਂ ਵੀ ਛੁਪਾ ਲੈਂਦੀ ਸੀ। ਖਾਸ ਕਿਸਮ ਦੇ ਸੁਨੇਹੇ ਦੇਣ ਸਮੇਂ ਕਦੋਂ ਕਿਸ ਪਿੰਡ ਅਤੇ ਕਿਸ ਸਾਥੀ ਕੋਲ ਜਾਣਾ ਹੁੰਦਾ ਉਹ ਚੁੱਪ-ਚਪੀਤੀ ਮੂੰਹ-ਹਨ੍ਹੇਰੇ ਹੀ ਚਲੀ ਜਾਂਦੀ ਅਤੇ ਰਾਤ ਹੋਣ ਪਿੱਛੋਂ ਹਨ੍ਹੇਰੇ ਵਿੱਚ ਹੀ ਘਰ ਵਾਪਸ ਪਹੁੰਚਦੀ ਸੀ। ਜਿਸ ਕਰਕੇ ਚਾਚੀ ਨੂੰ ਵੀ ਕਈ ਵਾਰ ਉਸ ਤੇ ਡਾਢਾ ਗੁੱਸਾ ਆ ਜਾਂਦਾ ਸੀ। ਇੱਕ ਦਿਨ ਸਵੇਰੇ ਸਵੱਖਤੇ ਹੀ ਅਮਰ ਸਿੰਘ ਨਾਲ ਗਦਰੀ ਸੁਰਜਨ ਸਿੰਘ ਘਰ ਪਹੁੰਚਿਆ। ਉਨ੍ਹਾਂ ਨੇ ਆਉਂਦੇ ਹੀ ਅਮਰ ਸਿੰਘ ਦੀ ਚਾਚੀ ਤੋਂ ਪੁੱਛਿਆ " ਚਾਚੀ, ਗੁਲਾਬੋ ਕਿੱਥੇ ਆ?" ਜਵਾਬ ਵਿੱਚ ਚਾਚੀ ਬਹੁਤ ਹੀ ਔਖੀ ਹੋ ਕੇ ਬੋਲੀ ਕਿ "ਮੈਨੂੰ ਤਾਂ ਨਾ ਤੇਰਾ ਪਤਾ ਲਗਦਾ ਨਾ ਹੀ ਉਸਦਾ ਪਤਾ ਲਗਦਾ ਬਈ, ਤੁਸੀਂ ਦੋਵੇਂ ਕਿੱਥੇ ਜਾਂਦੇ ਹੋ? ਜਿੱਧਰ ਨੂੰ ਉਸਦਾ ਦਿਲ ਕਰਦਾ ਉਹ ਚਲੀ ਜਾਂਦੀ ਆ, ਕੁੱਝ ਨਹੀਂ ਦੱਸ ਕੇ ਜਾਂਦੀ। ਕਦੇ ਧਾਮੀਆਂ ਨੂੰ ਉਸ ਜਾਣਾ ਹੁੰਦਾ, ਕਦੇ ਪੰਡੋਰੀ ਚਲੀ ਜਾਂਦੀ ਆ। ਹੁਣ ਤਾਂ ਉਹ ਕਿਸੇ ਵੀ ਦਿਨ ਘਰ ਹੀ ਨਹੀਂ ਟਿਕਦੀ। ਬੱਸ ਇੱਕ ਰਾਤ ਰਹੀ ਫੇਰ ਹਰਿਆਣੇ ਨੂੰ ਇਕੱਲੀ ਹੀ ਤੁਰ ਗਈ ਸੀ। ਪਤਾ ਨਹੀ! ਉਹ ਥੱਕਦੀ ਨਹੀ!! ਨਾ ਹੀ ਉਹ ਡਰਦੀ ਆ!!"

ਜਿਸ ਦਿਨ ਪੰਡਤ ਕਾਸ਼ੀ ਰਾਮ ਗੁਲਾਬ ਕੌਰ ਨੂੰ ਮਿਲ ਕੇ ਗਿਆ ਸੀ ਉਦੋਂ ਹੀ ਉਸਨੇ ਗੁਲਾਬ ਕੌਰ ਨੂੰ ਪਾਰਟੀ ਦੇ ਗਦਰ ਕਰਨ ਦੇ ਨਿਸ਼ਚਤ ਕੀਤੇ ਦਿਨ ਬਾਰੇ ਵੀ ਦੱਸ ਦਿੱਤਾ ਸੀ। ਸੂਹੀਆਂ ਵਲੋਂ ਦਿੱਤੀ ਗਈ ਅੰਗਰੇਜ ਸਰਕਾਰ ਨੂੰ ਗਦਰ ਬਾਰੇ ਜਾਣਕਾਰੀ ਕਾਰਨ ਗਦਰ ਕਰਨ ਦੀ ਤਾਰੀਖ ਬਦਲ ਦਿੱਤੀ ਗਈ ਸੀ। ਗੁਲਾਬ ਕੌਰ ਨੂੰ ਬਦਲੀ ਹੋਈ ਤਾਰੀਖ ਦਾ ਪਤਾ ਤਾਂ ਚੱਲ ਗਿਆ ਸੀ ਪ੍ਰੰਤੂ ਉਸ ਦਿਨ ਗਦਰੀਆਂ ਨਾਲ ਕੀ ਬਣਿਆ ਉਸਦੀ ਉਡਦੀ ਉਡਦੀ ਹੀ ਜਾਣਕਾਰੀ ਮਿਲੀ ਸੀ। ਉਹ ਆਪਣੇ

ਗਦਰੀ ਵੀਰਾਂ ਵਾਰੇ ਜਾਨਣ ਲਈ ਬਹੁਤ ਪ੍ਰੇਸ਼ਾਨ ਰਹਿਣ ਲੱਗੀ ਸੀ। ਸੁਰਜਨ ਸਿੰਘ ਤੇ ਅਮਰ ਸਿੰਘ ਨੇ ਚਾਚੀ ਨੂੰ ਬਾਹਰ ਭੇਜ ਕੇ ਗੁਲਾਬ ਕੌਰ ਨੂੰ ਗਦਰੀਆਂ ਬਾਰੇ ਸਾਰੀ ਜਾਣਕਾਰੀ ਦਿੱਤੀ। ਪਹਿਲਾਂ ਤਾਂ ਸੁਰਜਨ ਸਿੰਘ ਦੀ ਹਿੰਮਤ ਹੀ ਨਾ ਪਵੇ ਕਿ ਉਹ ਕਿਸ ਤਰ੍ਹਾਂ ਬੀਬੀ ਨੂੰ ਦੱਸੇ ਪ੍ਰੰਤੂ ਫੇਰ ਹੌਸਲਾ ਕਰਕੇ ਉਸਨੇ ਬੀਬੀ ਨੂੰ ਪੰਡਤ ਕਾਸ਼ੀ ਰਾਮ ਮੜੌਲੀ, ਜੀਵਨ ਸਿੰਘ, ਰਹਿਮਤ ਅਲੀ, ਬਖਸ਼ੀਸ਼ ਸਿੰਘ, ਜਗਤ ਸਿੰਘ ਅਤੇ ਧਿਆਨ ਸਿੰਘ ਦੇ ਫੜੇ ਜਾਣ ਬਾਰੇ ਦੱਸਿਆ। ਜਿਉਂ ਹੀ ਉਨ੍ਹਾਂ ਨੇ ਗੁਲਾਬ ਕੌਰ ਨੂੰ ਦੱਸਣਾ ਸ਼ੁਰੂ ਕੀਤਾ ਉਸਦਾ ਦਿਲ ਜ਼ੋਰ ਜ਼ੋਰ ਦੀ ਧੜਕਣ ਲੱਗਿਆ। ਉਸਦੀਆਂ ਅੱਖਾਂ ਵਿੱਚੋਂ ਅੱਥਰੂ ਆਪ ਮੁਹਾਰੇ ਵਹਿਣ ਲੱਗ ਪਏ। ਪਸੀਨੋ-ਪਸੀਨਾ ਹੋਈ ਉਸਨੇ ਆਪਣੇ ਆਪ ਨੂੰ ਸੰਭਾਲਣ ਦੀ ਬਹੁਤ ਕੋਸ਼ਿਸ਼ ਕੀਤੀ ਪ੍ਰੰਤੂ ਰੋਣ ਤਾਂ ਰੁਕਦਾ ਹੀ ਨਹੀਂ ਸੀ। ਉਸ ਦੇ ਰੋਂਦੀ ਦੇ ਹਟਕੋਰੇ ਨਿਕਲਣ ਲੱਗੇ। ਬਹੁਤ ਸਾਰੇ ਸਾਥੀ ਮੁਕਾਬਲੇ ਵਿੱਚ ਮਾਰੇ ਗਏ ਸਨ ਤੇ ਕਈ ਬਚ ਕੇ ਨਿਕਲਣ ਵਿੱਚ ਵੀ ਕਾਮਯਾਬ ਹੋ ਗਏ ਸਨ। ਫੜੇ ਗਏ ਗਦਰੀ ਸਾਥੀਆਂ ਨੂੰ ਜੇਲ੍ਹ ਦੀਆਂ ਕਾਲ ਕੋਠੜੀਆਂ ਵਿੱਚ ਸੁੱਟ ਦਿੱਤਾ ਗਿਆ ਸੀ ਜਿੱਥੇ ਅਣਮਨੁੱਖੀ ਤਸੀਹੇ ਦਿੱਤੇ ਜਾਂਦੇ ਸਨ।

ਸੁਰਜਨ ਸਿੰਘ ਜਦੋਂ ਦੱਸ ਕੇ ਤੁਰਨ ਲੱਗਾ ਤਾਂ ਗੁਲਾਬ ਕੌਰ ਰੋਂਦੀ-ਸਿਸਕਦੀ ਨੇ ਉਸਨੂੰ ਕਿਹਾ " ਵੀਰ ਸੁਰਜਨ ਸਿਆਂ, ਤੂੰ ਆਪਣੀ ਇਸ ਭੈਣ ਨੂੰ ਵੀ ਆਪਣੇ ਸਿਰ 'ਤੇ ਬੰਨਿਆਂ ਹੋਇਆ ਕੱਪੜਾ ਖੱਫਣ ਲਈ ਦੇ ਜਾ।" ਸੁਰਜਨ ਸਿੰਘ ਭਾਵੁਕ ਹੋ ਗਿਆ ਤੇ ਆਪਣਾ ਹੱਥ ਬੀਬੀ ਦੇ ਸਿਰ 'ਤੇ ਰੱਖਿਆ। ਦੋਵੇ ਭੈਣ-ਭਾਈ ਅੱਖਾਂ ਵਿੱਚੋਂ ਵਗਦੇ ਪਾਣੀ ਨੂੰ ਰੋਕ ਨਾ ਸਕੇ। ਸੁਰਜਨ ਰਾਤ ਦੇ ਹਨ੍ਹੇਰੇ ਵਿੱਚ ਪਿੰਡ ਦੇ ਸੂਹੀਆਂ ਤੋਂ ਬਚਦਾ ਹੋਇਆ ਨਿਕਲ ਗਿਆ। ਕਿੰਨਾ ਚਿਰ ਬੀਬੀ ਹਨ੍ਹੇਰੇ ਵਿੱਚ ਹੀ ਉਸ ਨੂੰ ਜਾਂਦੇ ਹੋਏ ਨੂੰ ਦੇਖਦੀ ਰਹੀ।ਜਦੋਂ ਉਹ ਅੱਖਾਂ ਤੋਂ ਓਝਲ ਹੋ ਗਿਆ ਤਾਂ ਉਸਨੇ ਵੱਡਾ ਸਾਰਾ ਹਓਕਾ ਲਿਆ। ਫੇਰ ਆਪਣੇ ਆਪ ਨਾਲ ਗੱਲਾਂ ਕਰਦੀ ਹੋਈ " ਕੀ ਪਤਾ ਕੱਲ ਨੂੰ ਕਿਸ ਦੀ ਵਾਰੀ ਆ। ਮਿਲਣਾ ਵੀ ਹੈ ਕਿ ਨਹੀਂ" ਦਰਵਾਜਾ ਬੰਦ ਕਰਕੇ ਅੰਦਰ ਚਲੀ ਗਈ।

ਜਦੋਂ ਦਾ ਪੰਡਤ ਕਾਸ਼ੀ ਰਾਮ ਨੇ ਬੀਬੀ ਨੂੰ ਕਰਤਾਰ ਸਿੰਘ ਸਰਾਭੇ ਦੇ ਆਉਣ ਬਾਰੇ ਦੱਸਿਆ ਸੀ ਉਦੋਂ ਤੋਂ ਤਾਂ ਉਹ ਹਰ ਪਲ 'ਕਰਤਾਰ' ਨੂੰ ਉਡੀਕਣ ਲੱਗ ਪਈ ਸੀ। ਉਸਦਾ ਦਿਲ ਆਪਣੇ ਛੋਟੇ ਵੀਰ ਨੂੰ ਮਿਲਣ ਲਈ ਕਈ ਤਰ੍ਹਾਂ ਦੀਆਂ ਉਡਾਰੀਆਂ ਮਾਰਦਾ ਹੋਇਆ ਰੰਗ-ਬਰੰਗੇ ਸੁਪਨੇ ਬੁਣਦਾ ਰਹਿੰਦਾ। ਬੀਬੀ ਆਪਣੇ ਅੰਦਰ ਉਠ ਰਹੇ ਵਿਚਾਰਾਂ ਦੇ ਤੂਫਾਨ ਵਿੱਚ ਡੁੱਬੀ ਰਹਿੰਦੀ ਕਿਉਂਕਿ ਉਸਨੇ ਕਰਤਾਰ ਬਾਰੇ ਬਹੁਤ ਸਾਰੀਆਂ ਗੱਲਾਂ ਸੁਣ ਰੱਖੀਆਂ ਸਨ। ਗਦਰੀ ਸਾਥੀ ਪਹਿਲਾਂ ਹੀ ਉਸਦੇ ਇਨੀ ਛੋਟੀ ਉਮਰ ਵਿੱਚ ਹੀ ਆਪਣੇ ਦੇਸ਼ ਨੂੰ ਆਜ਼ਾਦ ਕਰਵਾਉਣ ਦੇ ਲਈ ਕੀਤੇ ਗਏ ਅਨਮੋਲ ਯਤਨਾਂ, ਦ੍ਰਿੜ ਇਰਾਦਿਆਂ ਅਤੇ ਸਪਸ਼ਟ ਵਿਚਾਰਾਂ ਤੋਂ ਬਹੁਤ ਪ੍ਰਭਾਵਤ ਸਨ।

ਗਦਰੀ ਹਰਨਾਮ ਸਿੰਘ ਜਿਸਨੂੰ ਹਰਨਾਮ ਸਿੰਘ ਟੁੰਡੀਲਾਟ ਵੀ ਕਹਿੰਦੇ ਸਨ ਨੂੰ ਗੁਲਾਬ ਕੌਰ ਜਾਣਦੀ ਨਹੀਂ ਸੀ ਪ੍ਰੰਤੂ ਕਰਤਾਰ ਸਿੰਘ ਵਾਰੇ ਬਹੁਤ ਗੱਲਾਂ ਸੁਣ ਰੱਖੀਆਂ ਸਨ। ਇੱਕ ਦਿਨ ਹਰਨਾਮ ਸਿੰਘ ਢੁੰਡੀਲਾਟ ਅਮਰ ਸਿੰਘ ਦੇ ਘਰ ਬੀਬੀ ਨੂੰ ਮਿਲਣ ਆਇਆ। ਹਾਲੇ ਗੱਲਾਂ ਕਰਨ ਹੀ ਲੱਗਿਆ ਸੀ ਕਿ ਅਚਾਨਕ ਗਦਰੀ ਮੁਨਸ਼ਾ ਸਿੰਘ ਤੇ ਕਰਤਾਰ ਸਿੰਘ ਵੀ ਆ ਗਏ। 'ਕਰਤਾਰ' ਨੇ ਤੁਰੰਤ ਆਪਣੀ ਪਹਿਚਾਣ

ਕਰਾਉਂਦੇ ਦੱਸਿਆ ਕਿ ਮੇਰਾ ਪਿੰਡ ਸਰਾਭਾ ਤੇ ਇਹ ਸਾਡੀ ਭੈਣ ਗੁਲਾਬ ਕੌਰ ਹੈ। ਸਾਡੇ ਸਭ ਗਦਰੀਆਂ ਦੀ ਭੈਣ ਹੈ ਇਹ ਤਾਂ। ਕਰਤਾਰ ਤੇ ਬੀਬੀ ਮਿਲ ਕੇ ਬਹੁਤ ਖੁਸ਼ ਹੋਏ। ਬੀਬੀ ਨੇ ਕਰਤਾਰ ਦੇ ਮੋਢੇ ਤੇ ਹੱਥ ਰੱਖਿਆ ਤੇ ਪਿਆਰ ਕੀਤਾ। ਭਾਵੁਕ ਹੋ ਕੇ ਗੁਲਾਬ ਕੌਰ ਕਹਿਣ ਲੱਗੀ " ਮੇਰੇ ਛੋਟੇ ਵੀਰ, ਤੂੰ ਜੁੱਗ, ਜੁੱਗ ਜੀਵੇਂ।" ਕਰਤਾਰ ਸਿੰਘ ਨੇ ਅਮਰ ਸਿੰਘ ਨੂੰ ਕਿਹਾ ਕਿ " ਜਿਨੀ ਛੇਤੀ ਹੋ ਸਕੇ ਬੀਬੀ ਨੂੰ ਲੈ ਕੇ ਅੰਮ੍ਰਿਤਸਰ ਪਹੁੰਚਣਾ ਹੈ। ਉਥੇ ਦਰਬਾਰ ਸਾਹਿਬ ਦੀ ਪਰਕਰਮਾ ਵਿੱਚ ਹੀ ਗੁਲਾਬ ਸਿਉਂ ਦਾ ਬੁੰਗਾ ਹੈ ਉਥੇ ਬੀਬੀ ਨੂੰ ਛੱਡ ਕੇ ਆਉਣਾ। ਤੇਰੀ ਡਿਊਟੀ ਪਿੰਡ ਦੀ ਹੀ ਹੈ।" ਗੁਲਾਬ ਕੌਰ ਹਾਲੇ ਆਪਣੇ ਵੀਰ ਕਰਤਾਰ ਨਾਲ ਗੱਲਾਂ ਕਰਨ ਲਈ ਸੋਚ ਹੀ ਰਹੀ ਸੀ ਕਿ ਕਰਤਾਰ ਕਹਿਣ ਲੱਗਿਆ " ਬੀਬੀ, ਤੂੰ ਅੰਮ੍ਰਿਤਸਰ ਜਰੂਰ ਆਉਣਾ ਉਥੇ ਗੱਲਾਂ ਕਰਾਂਗੇ" ਤੇ ਕਾਹਲੀ ਨਾਲ ਚਲਿਆ ਗਿਆ।

ਗੁਲਾਬ ਸਿੰਘ ਨਾਂ ਕਟਿਆ ਫੌਜੀ ਸੀ। ਉਹ ਅੰਗਰੇਜ਼ਾਂ ਦੇ ਕੀਤੇ ਜਾਂਦੇ ਵਰਤਾਓ ਕਾਰਨ ਹੀ ਫੌਜ ਵਿੱਚੋਂ ਆਪਣਾ ਨਾਂ ਕਟਵਾ ਕੇ ਆਇਆ ਸੀ ਤੇ ਗਦਰੀਆਂ ਵਿੱਚ ਰਲ ਗਿਆ ਸੀ। ਉਸਨੇ ਅੰਮ੍ਰਿਤਸਰ ਵਿਖੇ ਆਪਣੀ ਇੱਕ ਧਰਮਸ਼ਾਲਾ ਬਣਾ ਰੱਖੀ ਸੀ ਜਿਸ ਵਿੱਚ ਆਉਂਦੇ ਜਾਂਦੇ ਗਦਰੀ ਠਹਿਰਦੇ ਹੁੰਦੇ ਸਨ। ਤਿਓਹਾਰਾਂ ਵੇਲੇ ਪਿੰਡਾਂ ਤੋਂ ਲੋਕ ਉਥੇ ਆ ਕੇ ਠਹਿਰਦੇ ਸਨ। ਇਸ ਕਾਰਨ ਉਸ ਦਾ ਨਾਂ ਸੰਤ ਗੁਲਾਬ ਸਿੰਘ ਬਣ ਗਿਆ ਤੇ ਧਰਮਸਾਲਾ ਨੂੰ 'ਡੇਰਾ' ਗਦਰੀਆਂ ਦਾ ਕਹਿਣ ਲੱਗੇ। ਗੁਲਾਬ ਸਿੰਘ ਸਮਝਦਾ ਸੀ ਕਿ ਅੰਗਰੇਜਾਂ ਤੋਂ ਆਜ਼ਾਦੀ ਹਥਿਆਰਾਂ ਬਿਨਾਂ ਨਹੀਂ ਲਈ ਜਾ ਸਕਦੀ। ਗੁਲਾਬ ਸਿੰਘ ਨੇ ਹੀ ਬੀਬੀ ਨੂੰ ਚੁੱਘੇ ਨਾਲ ਮਿਲਾਇਆ ਸੀ। ਪਹਿਲੇ ਦਿਨ ਚੁੱਘਾ ਤੇ ਕਰਤਾਰ ਸਿੰਘ ਕਿਧਰੇ ਗਏ ਹੋਣ ਕਾਰਨ ਮਿਲ ਨਹੀਂ ਸਕੇ, ਦੂਸਰੇ ਦਿਨ ਉਹ ਚੁੱਘੇ ਨੂੰ 'ਡੇਰੇ' ਵਿੱਚ ਲੈ ਕੇ ਆਇਆ। ਗੁਲਾਬ ਕੌਰ ਉਸਨੂੰ ਦੇਖ ਕੇ ਝੱਟ ਪਹਿਚਾਣ ਗਈ ਕਿਉਂ ਕਿ ਸਿੰਘਈ ਤੱਕ ਉਹ ਇਕੱਠੇ ਹੀ ਜਹਾਜ ਵਿੱਚ ਆਏ ਸਨ। ਨਿਧਾਨ ਸਿੰਘ ਚੁੱਘੇ ਨੂੰ ਗੁਲਾਬ ਕੌਰ ਦੀ ਜਾਣ-ਪਹਿਚਾਣ ਕਰਵਾਉਂਦੇ ਜਦੋਂ ਗੁਲਾਬ ਸਿੰਘ ਨੇ "ਇਹ ਭਾਈ ਮੇਰੀ ਭੈਣ ਗੁਲਾਬ ਕੌਰ ਆ" ਦੱਸਿਆ ਤਾਂ ਉਹ ਝੱਟ ਬੋਲ ਪਿਆ "ਇਹ ਤਾਂ ਸਾਡੀ ਸਭ ਦੀ ਹੀ ਭੈਣ ਆ" ਤਿੰਨੇ ਮਿਲ ਕੇ ਬਹੁਤ ਖੁਸ਼ ਹੋਏ।

ਅਚਾਨਕ ਹੀ ਇੱਕ ਦਿਨ ਕਿਸੇ ਨੇ ਸਵੇਰੇ ਸਵੱਖਤੇ ਹੀ ਕੁੰਡਾ ਖੜਕਾ ਦਿੱਤਾ। ਗੁਲਾਬ ਕੌਰ ਦੇ ਦਰਵਾਜਾ ਖੋਲਣ ਤੋਂ ਪਹਿਲਾਂ ਪੁੱਛਣ ਤੇ 'ਕਿਹੜੈਂ?' ਤਾਂ ਅੱਗੋਂ ਬੋਲਿਆ "ਫਰਿਸਕੋ।" ਉਹ ਉਸਦੇ 'ਕੋਡ ਸ਼ਬਦ' ਤੋਂ ਸਮਝ ਗਈ ਕਿ ਇਹ ਤਾਂ ਉਸਦਾ ਵੀਰ ਕਰਤਾਰ ਈ ਆ ਤੇ ਝੱਟ ਕੁੰਡਾ ਖੋਲ ਦਿੱਤਾ। ਬਾਹਰ ਕਰਤਾਰ ਸਿੰਘ ਹੀ ਖੜ੍ਹਾ ਸੀ। ਠੰਡ ਬਹੁਤ ਪੈ ਰਹੀ ਸੀ ਤੇ ਆਇਆ ਵੀ ਉਹ ਸਾਇਕਲ 'ਤੇ ਹੀ ਸੀ। ਘਰ ਅੰਦਰ ਆਕੇ ਉਹ ਮੰਜੇ 'ਤੇ ਬੈਠ ਗਿਆ। ਬੀਬੀ ਨੇ ਸੋਚਿਆ ਕਿ ਮੇਰਾ ਵੀਰ ਇਨੀ ਦੂਰੋਂ ਆਇਐ। ਭੁੱਖ ਲੱਗੀ ਹੋਊਗੀ। ਰੋਟੀ ਬਨਾਉਣ ਨੂੰ ਦੇਰ ਲੱਗਣ ਦੇ ਡਰ ਕਾਰਨ ਉਹ ਮੂਲ ਚੰਦ ਦੀ ਸਰਾਂ ਤੋਂ ਭੱਜ ਕੇ ਬਜਾਰ ਗਈ ਤੇ ਹਲਵਾਈ ਤੋਂ ਦੁੱਧ ਤੇ ਰਸਾਂ ਦਾ ਪੈਕਟ ਲੈ ਆਈ ਸੀ। ਅੰਦਰ ਵੜਦਿਆਂ ਹੀ ਸਭ ਤੋਂ ਪਹਿਲਾਂ ਗੁਲਾਬੋ ਨੇ ਦੁੱਧ ਗਰਮ ਕਰਕੇ ਨਾਲ ਰਸਾਂ ਦਾ ਪੈਕਟ ਖੋਲ ਦਿੱਤਾ ਜਿਸ ਨੂੰ ਖਾ ਕੇ ਕਰਤਾਰ ਕੁੱਝ ਦੇਰ ਅਰਾਮ ਕਰਨ ਲਈ ਉਸੇ ਮੰਜੇ ਉਤੇ ਲੇਟ ਗਿਆ। ਗਦਰੀਆਂ ਦੀ ਇੱਕੋ ਇੱਕ ਭੈਣ ਸੀ ਉਹ। ਗਦਰੀ ਭਾਵੇਂ ਕਿਤੇ ਵੀ ਰਹਿੰਦਾ ਹੋਵੇ, ਸਭ ਯਾਦ ਕਰਦੇ ਤੇ ਉਹ ਵੀ ਸਭ ਨੂੰ ਯਾਦ

ਕਰਦੀ ਸੀ। ਅੱਧੇ ਕੁ ਘੰਟੇ ਪਿੱਛੋਂ ਕਰਤਾਰ ਉਠ ਗਿਆ ਤੇ ਤੁਰੰਤ ਹੀ ਆਪਣੇ ਨਾਲ ਜਾਣ ਲਈ ਬੀਬੀ ਨੂੰ ਕਿਹਾ। ਉਸਦੇ ਕਹਿਣ ਦੀ ਹੀ ਦੇਰ ਸੀ ਕਿ ਝੱਟ ਗੁਲਾਬ ਕੌਰ ਵੀ ਨਾਲ ਹੀ ਤੁਰ ਪਈ। ਉਹ ਕਰਤਾਰ ਸਿੰਘ ਦੇ ਸਾਇਕਲ ਤੇ ਬੈਠਣ ਤੋਂ ਪਹਿਲਾਂ ਗੁਰੇਜ ਕਰਦੀ ਹੋਈ ਕਹਿਣ ਲੱਗੀ " ਕਰਤਾਰ, ਮੈਂ ਤੇਰੇ ਪਿੱਛੇ ਸਾਇਕਲ ਤੇ ਨਹੀਂ ਬੈਠਣਾ, ਤੂੰ ਤਾਂ ਹਾਲੇਂ ਬੱਚਾ ਏਂ। ਮੈਨੂੰ ਖਿਚਣਾ ਤੇਰੇ ਲਈ ਔਖਾ ਹੋ ਜਾਊਗਾ।" ਪ੍ਰੰਤੂ ਜਦੋਂ ਕਰਤਾਰ ਸਿੰਘ ਨੇ ਕਿਹਾ " ਭੈਣ! ਤੂੰ ਬੈਠ ਤਾਂ ਸਈ, ਫਿਰ ਦੇਖ ਮੈਂ ਸਾਇਕਲ ਨੂੰ ਹੀ ਕਿਵੇਂ ਜਹਾਜ ਬਣਾਉਂਦਾ!!" ਉਹ ਝੱਟ ਪਿੱਛੇ ਕੈਰੀਅਰ 'ਤੇ ਬੈਠ ਗਈ ਅਤੇ ਕਰਤਾਰ ਸਿੰਘ ਨਾਲ ਦੋਵੇਂ ਠਿਕਾਣੇ ਤੇ ਪਹੁੰਚ ਗਏ।

ਗਦਰੀ ਬਾਗੀਆਂ 'ਤੇ ਚੌਕਸੀ ਵਜੋਂ ਆਪਣੀ ਤਿੱਖੀ ਨਜ਼ਰ ਰੱਖਦਿਆਂ ਪੁਲਿਸ ਵਾਲਿਆਂ ਨੇ ਮਕਾਨ ਮਾਲਕਾਂ ਤਾਈ ਹਦਾਇਤਾਂ ਜਾਰੀ ਕਰ ਰੱਖੀਆਂ ਸਨ ਕਿ ਬਿਨਾ ਕਿਸੇ ਜਾਣ-ਪਹਿਚਾਣ ਦੇ ਕਿਸੇ ਨੂੰ ਮਕਾਨ ਕਿਰਾਏ 'ਤੇ ਨਾ ਦਿਤਾ ਜਾਵੇ ਖਾਸ ਕਰ ਛੜੇ ਆਦਮੀਆਂ ਨੂੰ ਤਾਂ ਕਤੱਈ ਹੀ ਆਪਣਾ ਮਕਾਨ ਨਾ ਦੇਣ। ਇਸ ਲਈ ਮਕਾਨ ਕਿਰਾਏ ਤੇ ਲੈਣਾ ਇਕ ਵੱਡੀ ਸਮੱਸਿਆ ਬਣ ਗਈ ਸੀ। ਮੂੰਹ ਹਨੇਰੇ ਵਿੱਚ ਕਰਤਾਰ ਦੇ ਸਾਇਕਲ ਤੇ ਬੈਠ ਕੇ ਉਹ ਭੈਣ-ਭਰਾ ਅੰਮ੍ਰਿਤਸਰ ਦੇ ਮੋਚੀ ਦਰਵਾਜੇ ਇਕ ਗਲੀ ਵਿੱਚ ਪਹੁੰਚ ਗਏ ਸਨ। ਉਥੇ ਸੱਜਣ ਸਿੰਘ ਅਤੇ ਇੰਦਰ ਸਿੰਘ ਭਸੀਨ, ਪਹਿਲਾਂ ਹੀ ਖੜੇ ਉਡੀਕ ਕਰ ਰਹੇ ਸਨ। ਏਨੇ ਨੂੰ ਸ਼ਰਨਦਾਸ ਅਤੇ ਉਸਦੀ ਪਤਨੀ ਸੱਤਿਆਵਤੀ ਵੀ ਪਹੁੰਚ ਗਏ। ਰਸਤੇ ਵਿੱਚ ਹੀ ਬੀਬੀ ਨੇ ਆਪਣੇ ਜਾਣ ਦਾ ਕਾਰਨ ਪੁੱਛਿਆ ਤਾਂ ਕਰਤਾਰ ਕਹਿਣ ਲੱਗਿਆ, " ਬੀਬੀ। ਸਰਕਾਰੀ ਦਮਨ ਤੋਂ ਡਰਦੇ-ਮਾਰੇ ਛੜਿਆਂ ਨੂੰ ਕੋਈ ਮਕਾਨ ਵੀ ਕਿਰਾਏ ਤੇ ਨਹੀਂ ਦਿੰਦਾ। ਅਸੀਂ ਪੰਜ ਕਮਰਿਆਂ ਵਾਲਾ ਇਕ ਮਕਾਨ ਪਸੰਦ ਕੀਤੈ। ਇਸ ਲਈ ਤੈਨੂੰ ਲੈ ਕੇ ਆਇਆਂ"। ਬੀਬੀ ਨੂੰ ਸਾਰੀ ਗੱਲ ਦੀ ਸਮਝ ਆ ਗਈ। ਫੇਰ ਸਾਰੇ ਜਾਣੇ ਮਕਾਨ ਮਾਲਕ ਨੂੰ ਅੰਦਰ ਜਾ ਕੇ ਮਿਲੇ। ਮਕਾਨ ਮਾਲਕ ਦੁਆਰਾ ਇਨਾ ਵੱਡਾ ਮਕਾਨ ਲੈਣ ਦਾ ਕਾਰਨ ਪੁੱਛਣ ਤੇ ਬੀਬੀ ਗੁਲਾਬ ਕੌਰ ਨੇ ਇੰਦਰ ਸਿੰਘ ਭਸੀਨ ਨੂੰ ਫਰਜੀ ਪਤੀ ਅਤੇ ਕਰਤਾਰ ਸਿੰਘ ਸਰਾਭਾ ਅਤੇ ਸੱਜਣ ਸਿੰਘ ਗਦਰੀ ਨੂੰ ਆਪਣੇ ਭਰਾ ਦੱਸਕੇ ਘਰ ਕਿਰਾਏ 'ਤੇ ਲੈ ਕੇ ਦਿੱਤਾ। ਇਨ੍ਹਾਂ ਦੇ ਨਾਲ ਸ਼ਰਨਦਾਸ ਤੇ ਉਸਦੀ ਪਤਨੀ ਸੱਤਿਆ ਵਤੀ ਸਨ ਜਿਹੜੇ ਕਪੂਰਥਲੇ ਦੇ ਕੱਪੜੇ ਦੇ ਵਪਾਰੀ ਬਣ ਕੇ ਆਏ ਸਨ। ਬੀਬੀ ਨੇ ਮਲਕ ਮਕਾਨ ਨੂੰ ਦੱਸਿਆ ਕਿ " ਅਸੀਂ ਵਪਾਰੀ ਆਂ। ਕੱਪੜੇ ਦਾ ਵਪਾਰ ਕਰਦੇ ਆਂ। ਇਨ੍ਹਾਂ ਤੋਂ ਕੱਪੜਾ ਖਰੀਦ ਕੇ ਅਸੀਂ ਆਲੇ-ਦੁਆਲੇ ਦੇ ਪਿੰਡਾਂ ਵਿੱਚ ਤੁਰ ਫਿਰ ਕੇ ਕੱਪੜਾ ਵੇਚਣ ਦਾ ਕੰਮ ਕਰਦੇ ਆਂ। ਮੇਰੇ ਤਿੰਨ ਭਰਾ ਸਾਇਕਲ 'ਤੇ ਕੱਪੜਾ ਵੇਚਦੇ ਨੇ। ਇਹ ਸਭ ਤੋਂ ਛੋਟਾ, ਪੜ੍ਹਦੈ।" ਇਸ ਤਰ੍ਹਾਂ ਮਕਾਨ ਮਾਲਕ ਨੂੰ ਪੂਰਾ ਯਕੀਨ ਦਿਵਾ ਕੇ ਤਸੱਲੀ ਕਰਵਾਈ ਗਈ। ਮਕਾਨ ਮਾਲਕ ਨੇ ਵੀਹ ਰੁਪਏ ਪੇਸ਼ਗੀ ਲੈ ਕੇ ਘਰ ਦੀਆਂ ਚਾਬੀਆਂ ਗੁਲਾਬ ਕੌਰ ਨੂੰ ਫੜਾ ਦਿੱਤੀਆਂ। ਉਸਦੇ ਘਰੋਂ ਜਾਣ ਪਿੱਛੋਂ ਸ਼ਰਨਦਾਸ, ਸੱਤਿਆਵਤੀ ਆਪਣੇ ਠਿਕਾਣੇ 'ਤੇ ਅਤੇ ਕਰਤਾਰ ਸਿੰਘ ਆਪਣੇ ਕੰਮ ਲਈ ਚਲੇ ਗਏ। ਉਨ੍ਹਾਂ ਦੇ ਜਾਣ ਪਿੱਛੋਂ ਬੀਬੀ ਘਰ ਨੂੰ ਜੰਦਰਾ ਮਾਰ ਕੇ ਆਪ ਸੱਜਣ ਸਿੰਘ ਨੂੰ ਨਾਲ ਲੈ ਕੇ ਬਜ਼ਾਰ ਵੱਲ ਚਲੀ ਗਈ ਸੀ।

ਇਕ ਵਾਰ ਫੇਰ ਕਰਤਾਰ ਸਿੰਘ ਸਰਾਭਾ ਦੇ ਕਹਿਣ ਤੇ ਹੀ ਬੀਬੀ ਗੁਲਾਬ

ਕੌਰ ਨੇ ਲਹੌਰ ਵਿੱਚ ਇਕ ਗਦਰੀ ਨੂੰ ਆਪਣਾ ਪਤੀ ਦੱਸਿਆ ਤੇ ਦੋ ਨੂੰ ਆਪਣੇ ਭਾਈ ਦੱਸਿਆ ਅਤੇ ਛੋਟਾ-ਮੋਟਾ ਕਾਰੋਬਾਰ ਦੱਸ ਕੇ ਮੂਲਚੰਦ ਦੀ ਸਰਾਏ ਵਿੱਚ ਇਕ ਹੋਰ ਮਕਾਨ ਕਿਰਾਏ ਤੇ ਲੈ ਕੇ ਦਿੱਤਾ। ਇਹ ਸਰਾਏ ਸਟੇਸ਼ਨ ਦੇ ਨੇੜੇ ਹੀ ਸੀ ਅਤੇ ਇੱਥੇ ਹੀ ਗਦਰ ਅਖਬਾਰ ਲਈ ਛਾਪੇਖਾਨੇ ਦਾ ਕੰਮ ਸ਼ੁਰੂ ਕੀਤਾ ਗਿਆ ਸੀ। ਇਹ ਉਹ ਜਗ੍ਹਾ ਸੀ ਜਿੱਥੇ ਬੀਬੀ ਚਰਖਾ ਕੱਤਦੀ ਰਹਿੰਦੀ ਤੇ ਅੰਦਰ ਗਦਰ ਦੇ ਪ੍ਰਚਾਰ ਲਈ ਪਰਚੇ ਛੱਪਦੇ ਰਹਿੰਦੇ ਸਨ। ਗਦਰੀ ਸਾਥੀ ਦੂਰੋਂ ਦੂਰੋਂ ਗੱਡੀ ਉਤਰ ਕੇ ਚਰਖਾ ਕੱਤਦੀ ਬੀਬੀ ਨੂੰ ਆਪਣਾ ਕੋਡ ਵਰਡ 'ਲੋਹਟ ਬੱਧੀ', 'ਸਰਬਲੋਹ' ਜਾਂ ਫਿਰ 'ਫਰਿਸਕੋ' ਆਦਿ ਆਪਣੀ ਪਹਿਚਾਣ ਵਜੋਂ ਕਹਿੰਦੇ ਅਤੇ ਬੀਬੀ ਕੋਲੋਂ ਆਪਣੀ ਲੋੜੀਂਦੀ ਜਾਣਕਾਰੀ ਤੇ ਸਮਾਨ ਲੈ ਕੇ ਜਾਂਦੇ। ਕਈ ਵਾਰ ਉਹ ਬੀਬੀ ਨੂੰ ਸਾਥੀਆਂ ਲਈ ਸੁਨੇਹੇ ਵੀ ਛੱਡ ਕੇ ਜਾਂਦੇ ਸਨ। ਦਿਨ ਢਲੇ ਉਹ ਚਰਖਾ ਖੜਾ ਕਰਦੀ ਤੇ ਮਿਲੇ ਸੁਨੇਹੇ ਗਦਰੀਆਂ ਤੱਕ ਥਾਂ ਥਾਂ ਜਾ ਕੇ ਪਹੁੰਚਾਉਂਦੀ ਤੇ ਫਿਰ ਵਾਪਸ ਆਪਣੇ ਅੱਡੇ ਤੇ ਹੀ ਆ ਜਾਂਦੀ ਸੀ। ਮੀਲਾਂ ਬੱਧੀ ਸਫਰ ਉਹ ਪੈਦਲ ਹੀ ਕਰਦੀ ਰਹਿੰਦੀ ਸੀ ਪ੍ਰੰਤੂ ਥਕਾਵਟ ਅਤੇ ਅਕੇਵਾਂ ਉਸਦੇ ਕਦੇ ਨੇੜੇ ਨਹੀਂ ਸੀ ਆਉਂਦਾ।

ਬੀਬੀ ਗੁਲਾਬ ਕੌਰ ਕਮਰੇ ਦੇ ਬਾਹਰ ਸਵੇਰੇ ਹੀ ਆਪਣਾ ਚਰਖਾ ਡਾਹ ਲੈਂਦੀ, ਉਹ ਹਰ ਆਉਣ ਵਾਲੇ 'ਤੇ ਕੜੀ ਨਜ਼ਰ ਰੱਖਦੀ ਤੇ ਚਰਖਾ ਕੱਤਦੀ ਹੋਈ ਕੋਈ ਗਦਰੀ ਗੀਤ ਗਾਉਣ ਲੱਗ ਜਾਂਦੀ ਸੀ। ਉਸਦੇ ਚਰਖੇ ਦੇ ਗੀਤ ਦਾ ਹਰ ਬੋਲ ਆਪਣਾ ਮਿਸ਼ਨ, ਦੇਸ਼ ਪ੍ਰੇਮ, ਦ੍ਰਿੜ ਇਰਾਦੇ, ਮਹਾਨ ਗਦਰੀਆਂ ਵਲੋਂ ਲਏ ਗਏ ਸੰਕਲਪਾਂ, ਕੁਰਬਾਨੀਆਂ ਦੀ ਜਾਣਕਾਰੀ ਦਿੰਦਾ ਲੋਕਾਂ ਲਈ ਸੁਨੇਹਾ ਹੁੰਦਾ ਸੀ। ਇਸ ਦੇ ਹਰ ਸ਼ਬਦ ਨਾਲ ਜਨਤਾ ਵਿੱਚ ਜੋਸ਼ ਅਤੇ ਜਾਗ੍ਰਿਤੀ ਪੈਦਾ ਕਰਨ ਦਾ ਯਤਨ ਕੀਤਾ ਗਿਆ ਸੀ। ਬੀਬੀ ਇਹ ਗਦਰ-ਗੂੰਜ ਦਾ ਚਰਖੇ ਦਾ ਗੀਤ ਬੜੇ ਹੀ ਉਤਸ਼ਾਹ ਅਤੇ ਆਪਣੀ ਜੋਸ਼ੀਲੀ ਆਵਾਜ਼ ਵਿੱਚ ਗਾਉਂਦੀ ਰਹਿੰਦੀ ਤੇ ਚਰਖਾ ਕੱਤਦੀ ਰਹਿੰਦੀ-----

ਇਹ ਚਰਖਾ ਬੜਾ ਮਹਾਨ ਕੁੜੇ,
ਪਏ ਗੂੰਜ ਗਦਰ ਸੰਗਰਾਮ ਕੁੜੇ।
ਇਹ ਬਾਬੇ ਭਕਨੇ ਘੜਿਆ ਨੀ,
ਗੂਹੜਾ ਰੰਗ ਸਰਾਭੇ ਭਰਿਆ ਨੀ।
ਲੈ ਸੀਸ ਤਲੀ ਤੇ ਧਰਿਆ ਨੀ,
ਆਏ ਦੇਸ਼ ਦੇ ਭਾਗ ਜਗਾਣ ਕੁੜੇ।
ਪਏ ਗੂੰਜ ਗਦਰ ਸੰਗਰਾਮ ਕੁੜੇ।
ਤੰਦ ਸੂਤ ਅਜ਼ਾਦੀ ਕੱਤੀ ਦਾ,
ਭੈੜੀ ਨਜ਼ਰ ਕੋਲੋਂ ਬਚੀ ਦਾ।
ਦੁੱਖਾਂ ਦੇ ਨੁਸਖੇ ਦੱਸੀਦਾ,
ਇਹ ਛੱਪਦਾ ਗਦਰ ਮਹਾਨ ਕੁੜੇ।
ਪਈ ਗਦਰ ਗੂੰਜ ਸੰਗਰਾਮ ਕੁੜੇ।
ਧੰਨ ਜਿਗਰਾ ਮਾਲ੍ਹ ਨਾ ਟੁੱਟੇ ਨੀਂ,
ਚਾਹੇ ਜੇਲ੍ਹਾਂ ਦੇ ਵਿੱਚ ਸੁੱਟੇ ਨੀਂ।

ਇਝ ਗਰਜ ਸਨੇਹੀ ਉਠੋ ਨੀਂ,
ਦੇਣੀ ਵਾਰ ਦੇਸ ਤੋਂ ਜਾਨ ਕੁੜੇ।
ਪਈ ਗੂੰਜ ਗਦਰ ਸੰਗਰਾਮ ਕੁੜੇ।

ਗਦਰੀ ਗੁਲਾਬ ਕੌਰ ਆਪਣੇ ਮਿਸ਼ਨ ਲਈ ਤਰ੍ਹਾਂ ਤਰ੍ਹਾਂ ਦੇ ਕੰਮ ਤੇ ਉਨ੍ਹਾਂ ਅਨੁਸਾਰ ਰੂਪ ਬਦਲਦੀ ਰਹਿੰਦੀ, ਕਦੇ ਉਹ ਚਰਖਾ ਕੱਤਦੀ ਅਤੇ ਕਦੇ ਦਾਣੇ ਭੁੰਨਣ ਵਾਲੀ ਭਠਿਆਰਨ ਬਣਕੇ ਭੱਠੀ ਤੇ ਦਾਣੇ ਭੁੰਨਣ ਲੱਗ ਜਾਂਦੀ ਸੀ। ਉਹ ਆਪਣੇ ਵੀਰਾਂ ਨੂੰ ਯਾਦ ਕਰਦੀ ਹੋਈ, ਤੁਰੰਤ ਭੁੱਖ ਨੂੰ ਮਿਟਾਉਣ ਲਈ ਦਾਣੇ ਭੁੰਨਣ ਲਗਦੀ ਸੀ। ਕਦੇ ਕਦੇ ਉਸ ਨੂੰ ਦਾਣੇ ਭੁੰਨਦੀ ਦੇਖ ਕੇ ਹੋਰ ਲੋਕ ਵੀ ਦਾਣੇ ਲੈ ਜਾਂਦੇ ਅਤੇ ਉਹ ਵੀ ਬਿਨਾ ਕਿਸੇ ਝਿਝਕ ਦੇ ਆਪਣੇ ਭੁੰਨੇ ਦਾਣੇ ਉਨ੍ਹਾਂ ਨੂੰ ਦੇ ਦਿੰਦੀ ਸੀ। ਬੀਬੀ ਦੇ ਇਸ ਵਰਤਾਓ ਤੋਂ ਡਿਊਟੀ ਤੇ ਤਾਇਨਾਤ ਪੁਲਸੀਆ ਵੀ ਨਹੀਂ ਸਮਝ ਸਕਿਆ ਕਿ ਇਹ ਬੀਬੀ ਦਾਣਿਆਂ ਦੀ ਓਟ ਵਿੱਚ ਕਿਸ ਦਾ ਇੰਤਜ਼ਾਰ ਕਰਦੀ ਆ? ਜਾਂ ਇਹ ਭੁੰਨੇ ਦਾਣੇ ਕਿਨ੍ਹਾਂ ਲਈ ਨੇ?

ਇੱਕ ਵਾਰ ਦੀ ਗੱਲ ਹੈ ਕਿ ਗੁਲਾਬ ਕੌਰ ਆਪਣੇ ਘਰ ਦੀ ਕੁੰਡੀ ਬੰਦ ਕਰਕੇ ਸਾਰਾ ਦਿਨ ਕੱਪੜੇ ਸਿਉਣ ਵਾਲੀ ਮਸ਼ੀਨ ਚਲਾਉਂਦੀ ਰਹੀ। ਕਰਤਾਰ ਸਿੰਘ ਸੌ ਝੰਡੇ ਸਿਉਣ ਲਈ ਕਹਿ ਗਿਆ ਸੀ, ਉਹ ਉਹੀ ਤਿਆਰ ਕਰ ਰਹੀ ਸੀ। ਪਹਿਲਾਂ ਸੱਜਣ ਸਿੰਘ ਤਾਂ ਦੋ ਰੰਗਾਂ ਦੇ ਕੱਪੜੇ ਜੋੜ ਕੇ ਝੰਡੇ ਬਨਾਉਣ ਲਈ ਕਹਿ ਗਿਆ ਸੀ। ਫੇਰ ਕਰਤਾਰ ਇੱਕ ਰੰਗ ਦਾ ਕੱਪੜਾ ਹੋਰ ਲੈ ਆਇਆ ਤੇ ਉਸ ਕੱਪੜੇ ਨੂੰ ਵੀ ਝੰਡੇ ਵਿੱਚ ਜੋੜਨਾ ਸੀ। ਇਸ ਤਰ੍ਹਾਂ ਝੰਡਾ ਹੁਣ ਦੋ ਰੰਗ ਦੀ ਥਾਂ ਤਿੰਨ ਰੰਗਾਂ ਦਾ ਤਿਆਰ ਹੋਣਾ ਸੀ। ਇਹ ਕੰਮ ਪਹਿਲਾਂ ਨਾਲੋਂ ਵਧ ਗਿਆ ਸੀ। ਬੀਬੀ ਸਾਰਾ ਦਿਨ ਮਸ਼ੀਨ ਚਲਾਉਂਦੀ ਥੱਕ-ਟੁੱਟ ਗਈ ਸੀ। ਉਹ ਉਠ ਕੇ ਬਾਹਰ ਦੇਖਣ ਲੱਗੀ, ਬਾਹਰ ਕਣੀਆਂ ਪੈ ਰਹੀਆਂ ਸਨ। ਮੁੜ ਮੰਜੇ ਤੇ ਬੈਠ ਕੇ ਅਰਾਮ ਕਰਨ ਲੱਗ ਪਈ, ਅਰਾਮ ਕਰਦੀ ਨੂੰ ਇੱਕ ਹੋਰ ਗਦਰ ਗੂੰਜ ਦੇ ਬੋਲ ਯਾਦ ਆ ਗਏ ਤੇ ਉਹ ਗੁਣਗੁਣਾਉਣ ਲੱਗ ਪਈ---

ਚੰਗਾ ਵਕਤ ਹੈ ਗਦਰ ਮਚਾਵਣੇ ਦਾ,
ਹਿੰਦੋਸਤਾਨੀਓ ਕਿਉਂ ਡੇਰੀਆਂ ਲਾਈਆਂ ਨੇ।
ਸਦਾ ਜੀਵਨਾ ਨਹੀਂ ਜਹਾਨ ਅੰਦਰ,
ਅੱਖਾਂ ਜੰਗ ਤੋਂ ਕਿਉਂ ਚੁਰਾਈਆਂ ਨੇ।
ਬੜੇ ਸ਼ਾਨ ਤੇ ਮਾਨ ਗੁਮਾਨ ਵਾਲੇ,
ਛੱਟਾਂ ਚੁੱਕਦੇ ਫਿਰੋ ਪਰਾਈਆਂ ਕਿਉਂ।
ਲੜਨ ਮਰਨ ਤੋਂ ਜੇਕਰਾਂ ਖੌਫ ਆਵੇ,
ਐਵੇਂ ਦਿੱਤੀਆਂ ਗਦਰ ਨੂੰ ਸਾਈਆਂ ਕਿਉਂ।--------

ਝੰਡੇ ਬਣਾਉਂਦੀ ਨਾਲੇ ਗਾਉਂਦੀ ਨੂੰ ਅੱਧੀ ਰਾਤ ਦਾ ਵਕਤ ਹੋ ਗਿਆ। ਉਸ ਨੇ ਝੰਡੇ ਗਿਣੇ ਜੋ ਪੂਰੇ ਹੋ ਗਏ ਸਨ। ਉਸ ਨੇ ਸਾਰੇ ਝੰਡੇ ਇਕੱਠੇ ਕਰਕੇ ਬੰਨ ਕੇ ਇੱਕ ਪਾਸੇ ਰੱਖ ਦਿੱਤੇ ਅਤੇ ਆਪ ਉਹ ਥੱਕ-ਟੁੱਟ ਕੇ ਸੌਂ ਗਈ ਸੀ। ਉਸਦੀ ਅੱਖ ਹਾਲੇ ਲੱਗੀ ਹੀ ਸੀ ਕਿ ਅਚਾਨਕ ਕਿਸੇ ਨੇ ਕੁੰਡੀ ਖੜਕਾ ਦਿੱਤੀ। ਉਹ ਉਭੜਬਾਹੇ ਉਠੀ ਤੇ ਝੀਥਾਂ ਵਿੱਚੀਂ ਬਾਹਰ ਦੇਖਣ ਲੱਗੀ। ਕੋਈ ਨਜ਼ਰ ਨਹੀਂ ਆਇਆ ਸੀ। ਫਿਰ ਬੈਠ ਕੇ ਸੋਚਣ ਲੱਗੀ " ਸ਼ਾਇਦ ਮੈਨੂੰ ਭੁਲੇਖਾ ਲੱਗਿਆ ਹੋਣੈ।" ਕੁੱਝ ਦੇਰ ਬਾਅਦ

ਫੇਰ ਦਰਵਾਜਾ ਖੜਕਿਆ, ਉਹ ਸਾਵਧਾਨ ਹੋ ਗਈ, ਪੁੱਛਿਆ " ਵੇ, ਤੂੰ ਬਾਹਰ ਕੌਣ ਐਂ?" ਤੁਰੰਤ ਜਾਣੀ ਪਛਾਣੀ ਅਵਾਜ਼ ਆਈ 'ਬੀਬੀ, ਸਰਬ ਲੋਹ।' ਭੱਜ ਕੇ ਕੁੰਡਾ ਖੋਲਿਆ, ਬਾਹਰ ਗਦਰੀ ਸੱਜਣ ਸਿੰਘ ਇਕ ਪਾਸੇ ਹਨ੍ਹੇਰੇ ਵਿੱਚ ਖੜਾ ਦਿਖਾਈ ਦਿੱਤਾ। ਉਸ ਨੇ ਸੱਜਣ ਨੂੰ ਘੁੱਟ ਕੇ ਜੱਫੀ ਵਿੱਚ ਲੈ ਕੇ ਪਿਆਰ ਕੀਤਾ। ਉਸ ਸਮੇਂ ਸੱਜਣ ਦੀ ਉਮਰ ਸੋਲਾਂ ਸਾਲ ਦੀ ਸੀ। ਬੀਬੀ ਦੇ ਮੂੰਹੋਂ ਅਚਨਚੇਤ ਨਿਕਲਿਆ "ਵਾਰੇ ਵਾਰੇ ਜਾਈਏ ਇਨ੍ਹਾਂ ਦੇਸ਼ ਭਗਤਾਂ ਦੇ ਤੇ ਇਨ੍ਹਾਂ ਨੂੰ ਜਨਮ ਦੇਣ ਵਾਲਿਆਂ ਦੇ, ਜਿਨ੍ਹਾਂ ਆਪਣੇ ਆਪ ਨੂੰ ਛੋਟੀ ਜਿਹੀ ਉਮਰੇ ਦੇਸ਼ ਪਿਆਰ ਵਿੱਚ ਰੰਗ ਲਿਆ। ਆਪਣੀ ਭਾਰਤ ਮਾਂ ਨੂੰ ਗੋਰੀ ਸਰਕਾਰ ਦੀਆਂ ਬੇੜੀਆਂ ਤੋਂ ਮੁਕਤ ਕਰਵਾਉਣ ਲਈ ਸਿਰ ਤੇ ਕਫਨ ਬੰਨ ਕੇ ਚੱਲ ਪਏ।"

ਝੰਡੇ ਪਹਿਲਾਂ ਹੀ ਗੁਲਾਬ ਕੌਰ ਨੇ ਤਿਆਰ ਕਰਕੇ, ਇਕ ਥਾਂ ਬੰਨ੍ਹ ਕੇ ਰੱਖੇ ਹੋਏ ਸਨ। ਸੱਜਣ ਸਿੰਘ ਨੇ ਝੰਡੇ ਲੈ ਕੇ ਸਾਇਕਲ ਤੇ ਰੱਖ ਲਏ ਤੇ ਬਿਨਾ ਬੈਠਿਆਂ ਹੀ ਗੁਲਾਬ ਕੌਰ ਨੂੰ ਕਹਿਣ ਲੱਗਾ " ਬੀਬੀ, ਇਕ ਬੁਰੀ ਖਬਰ ਆ, ਉਹ ਦੱਸਣ ਵਾਰੇ ਕਿਹਾ ਸੀ ਕਰਤਾਰ ਨੇ। ਉਹ, ਮੈਂ ਤੈਨੂੰ ਦੱਸਣੀ ਚਾਹੁੰਦੇ।"

ਸੱਜਣ ਦਾ ਉਦਾਸ ਹੋਇਆ ਚੇਹਰਾ ਦੇਖ ਕੇ ਗੁਲਾਬ ਕੌਰ ਸਮਝ ਗਈ, ਆਪਣੇ ਆਪ ਨੂੰ ਸੰਭਾਲਦੀ ਹੋਈ ਝੱਟ ਬੋਲੀ "ਮਨੀਲੇ ਵਾਲਿਆਂ ਨੂੰ ਫਾਂਸੀ ਦੀ ਸਜਾ ਹੋ ਗਈ ਹੋਣੀ ਏ?"

" ਹਾਂ ਬੀਬੀ।" ਕਹਿ ਕੇ ਸੱਜਣ ਨੇ ਸਾਇਕਲ ਤੋਰ ਲਿਆ ਤੇ ਚਲਾ ਗਿਆ। ਗੁਲਾਬ ਕੌਰ ਸੁਣ ਕੇ ਠਠੰਬਰ ਗਈ ਸੀ। ਉਹ ਥਾਂ ਹੀ ਆਪਣਾ ਸਿਰ ਦੋਵੇਂ ਹੱਥਾਂ ਵਿੱਚ ਫੜ ਕੇ ਧੜੱਮ ਕਰਕੇ ਬੈਠ ਗਈ। ਸਿਰ ਘੁੰਮ ਗਿਆ ਤੇ ਸ਼ਰੀਰ ਕੰਬਣ ਲੱਗ ਪਿਆ ਸੀ। ਕੁੱਝ ਚਿਰ ਪਿੱਛੋਂ ਉਹ ਹੌਲੀ ਹੌਲੀ ਉਠੀ ਤੇ ਕੁੰਡਾ ਬੰਦ ਕਰਕੇ ਪੀੜ੍ਹੀ 'ਤੇ ਬੈਠ ਗਈ। ਉਹ ਇਕ ਇਕ ਕਰਕੇ ਸਭ ਨੂੰ ਯਾਦ ਕਰਨ ਲੱਗ ਪਈ। ਵਾਰੀ ਵਾਰੀ ਸਾਰੇ ਗਦਰੀ ਵੀਰ-ਜੀਵਨ ਸਿੰਘ, ਹਾਫਜ ਅਬਦੁੱਲਾ, ਜਗਤ ਸਿੰਘ, ਧਿਆਨ ਸਿੰਘ, ਰਹਿਮਤ ਅਲੀ ਤੇ ਹੋਰ ਕਈ ਉਸਦੀਆਂ ਅੱਖਾਂ ਸਾਹਮਣੇ ਆਉਣ ਲੱਗੇ ਸਨ। ਫੇਰ ਉਸ ਨੂੰ ਉਨ੍ਹਾਂ ਨਾਲ ਕੀਤੀਆਂ ਗੱਲਾਂ ਯਾਦ ਆਉਣ ਲੱਗ ਪਈਆ ਸਨ। ਝੱਟ ਜੀਵਨ ਸਿੰਘ ਉਸਦੇ ਸਾਹਮਣੇ ਆਇਆ ਤੇ ਕਹਿਣ ਲੱਗਾ "ਗੁਲਾਬੋ, ਤੂੰ ਕਮਲੀ ਐਂ? ਭਲਾ ਭੈਣ-ਭਾਈ ਵੀ ਕਦੇ ਆਦਮੀ-ਤੀਵੀਂ ਬਣ ਸਕਦੇ ਨੇ? ਤੂੰ ਮੇਰੀ ਭੈਣ ਏਂ। ਮੈਂ ਤੇਰਾ ਝੂਠ-ਮੂਠ ਦਾ ਪਤੀ ਵੀ ਨਹੀਂ ਬਣ ਸਕਦਾ।" ਉਹ ਫੁੱਟ ਫੁੱਟ ਕੇ ਰੋਣ ਲੱਗ ਪਈ, ਰੋਂਦੀ ਰਹੀ, ਜਦੋਂ ਕੁੱਝ ਸੰਭਲੀ ਤਾਂ ਆਪਣੇ ਭਰਾ ਜੀਵਨ ਸਿੰਘ ਦੇ ਵਿਛੋੜੇ ਵਿੱਚ ਦੁਖੀ ਹੋਈ ਵੈਣ ਪਾਉਣ ਲੱਗੀ-

ਵੇ ਵੀਰਾ ਜੀਣਿਆਂ
ਨਾ ਮੈ ਤੈਨੂੰ ਘੋੜੀ ਚੜ੍ਹਾਈ,
ਨਾ ਘੋੜੀਆਂ ਗਾਈਆਂ।
ਨਾ ਗੁੰਦੀਆਂ ਘੋੜੀ ਦੀਆਂ ਬਾਗਾਂ,
ਨਾ ਬੰਨਿਆਂ ਗਾਨਾਂ।
ਭੈਣ ਤੇਰੀ ਕਿੱਧਰ ਜਾਏ,
ਨਾ ਪੂਰੀਆਂ ਹੋਈਆਂ ਤਾਂਘਾਂ।

ਵੇ ਵੀਰਾ ਜੀਣਿਆਂ,
ਤੂੰ ਉਚੀਆਂ ਮਾਰੀਆਂ ਲਾਂਘਾਂ।
ਇੱਕ ਵਾਰੀ ਆਈਂ ਵੀਰ ਵੇ,
ਵੇ ਇੱਕ ਵਾਰੀ ਆਈਂ ਵੀਰ ਵੇ।
ਕਿੱਧਰ ਜਾਏ ਗੁਲਾਬੋ।
ਤੇਰੇ ਲਈ ਮੈਂ ਕੱਤਾਂ ਚਰਖਾ,
ਘੂਕ ਚਰਖੇ ਦੀ ਪਾਵਾਂ।
ਤੇਰੇ ਲਈ ਮੈ ਭਠਿਆਰਨ ਬਣ ਗਈ,
ਬੈਠੀ ਔਸੀਆਂ ਪਾਵਾਂ।
ਬਹੁੜੇਂਗਾ ਤੂੰ ਕਦੋਂ ਵੀਰਨਾ,
ਮੈ ਤੇਰੇ ਸਦਕੇ ਜਾਵਾਂ।

ਕਿੰਨਾ ਪਿਆਰ ਸੀ ਗਦਰੀਆਂ ਦਾ ਆਪਣੀ ਇਸ ਭੈਣ ਲਈ? ਭੈਣ ਗੁਲਾਬੋ ਦਾ ਆਪਣੇ ਬਹਾਦਰ ਗਦਰੀ ਵੀਰਾਂ ਲਈ? ਜਿਨ੍ਹਾਂ ਨੇ ਰਸਤੇ ਵਿੱਚ ਲਏ ਸਿਦਕ ਨੂੰ ਨੇਪਰੇ ਚਾੜ੍ਹਿਆ ਤੇ ਅਖੀਰ ਤੱਕ ਵਿਸ਼ਵਾਸ਼ ਬਣਾਈ ਰੱਖਿਆ ਸੀ। ਉਹ ਅਵਾਜਾਂ ਕਰਤਾਰ ਨੂੰ ਮਾਰ ਰਹੀ ਸੀ ਪਰ ਰੋ ਰਹੀ ਸੀ ਉਨ੍ਹਾਂ ਭਰਾਵਾਂ ਦੇ ਵਿਛੋੜੇ ਨੂੰ ਜਿਨ੍ਹਾਂ ਨੂੰ ਫਾਂਸੀ ਦੀ ਸਜਾ ਦਿੱਤੀ ਜਾ ਚੁੱਕੀ ਸੀ।

ਗਦਰੀ ਵਿਦੇਸ਼ੋਂ ਤੁਰਨ ਲੱਗੇ "ਕਰੋ ਜਾਂ ਮਰੋ" ਦੀਆਂ ਕਸਮਾ ਖਾ ਕੇ ਤੁਰੇ ਸਨ। ਜਿੰਨੀ ਦੇਰ ਦੇਸ਼ ਨੂੰ ਅਜ਼ਾਦ ਨਹੀਂ ਕਰਵਾ ਲੈਂਦੇ ਕਿਸੇ ਨੇ ਵੀ ਆਪੋ ਆਪਣੇ ਘਰੀਂ ਟਿਕ ਕੇ ਨਹੀਂ ਬੈਠਣਾ ਅਤੇ ਨਾ ਹੀ ਕਿਸੇ ਨੇ ਵਿਆਹ ਕਰਵਾਉਣਾ। ਉਹ ਥਾਂ ਥਾਂ 'ਤੇ ਗੁਪਤ ਮੀਟਿੰਗਾਂ ਕਰਦੇ ਹੁੰਦੇ ਸਨ ਅਤੇ ਗਦਰ ਅਖਬਾਰ ਰਾਹੀਂ ਲੋਕਾਂ ਨੂੰ ਜਾਗ੍ਰਿਤ ਕਰਕੇ ਲਾਮਬੰਦ ਵੀ ਕਰਦੇ। ਬੀਬੀ ਗੁਲਾਬ ਕੌਰ ਨੂੰ ਜਿਸ ਕੰਮ ਦੀ ਜਿੰਮੇਵਾਰੀ ਲਗਾਈ ਜਾਂਦੀ ਸੀ ਉਹ ਉਸ ਕੰਮ ਨੂੰ ਨਿਪਟਾ ਕੇ ਹੀ ਸਾਹ ਲੈਂਦੀ ਸੀ। ਕਸਮਾਂ ਖਾਣ ਵੇਲੇ ਕਿਸੇ ਨੂੰ ਵੀ ਨਹੀਂ ਪਤਾ ਲੱਗਾ ਕਿ ' ਆਸਤੀਨ ਵਿੱਚ ਸੱਪ' ਵੀ ਪਲ ਰਹੇ ਹਨ ਜਿਹੜੇ ਉਨ੍ਹਾਂ ਨਾਲ ਗੁਪਤ ਮੀਟਿੰਗਾਂ ਵਿੱਚ ਵੀ ਜਾਂਦੇ ਤੇ ਅੱਗੇ ਹੋ ਕੇ ਕੰਮ ਕਰਦੇ ਦਿਖਾਈ ਦਿੰਦੇ ਸਨ। ਉਨ੍ਹਾਂ ਵਿੱਚੋਂ ਹੀ ਕ੍ਰਿਪਾਲ ਸਿੰਘ ਵਰਗੇ ਬਹੁਤ ਵੱਡੇ ਗੱਦਾਰ ਵੀ ਨਿਕਲੇ, ਜਿਨ੍ਹਾਂ ਨੇ ਸਾਮਰਾਜਵਾਦੀ ਸਰਕਾਰ ਦੀ ਮੁਖਬਰੀ ਕਰਕੇ ਭਾਰਤ ਦੇ ਕਈ ਅਨਮੋਲ ਰਤਨਾਂ ਨੂੰ ਅੰਗਰੇਜ਼ਾਂ ਦੇ ਹਵਾਲੇ ਵੀ ਕਰਵਾ ਦਿੱਤਾ ਸੀ।

ਗੁਲਾਬ ਕੌਰ ਨੂੰ ਸੱਜਣ ਸਿੰਘ ਨਾਰੰਗਵਾਲ ਨੇ ਦੱਸਿਆ ਸੀ "ਅੰਗਰੇਜ਼ਾਂ ਦੇ ਝੋਲੀ ਚੁੱਕ ਗੱਦਾਰ ਕ੍ਰਿਪਾਲ ਸਿੰਘ, ਜਿਹੜਾ ਹਰ ਵਕਤ ਗਦਰੀਆਂ ਵਿੱਚ ਬੈਠਿਆ ਰਹਿੰਦਾ ਸੀ ਤੇ ਸਾਰੀਆਂ ਮੀਟਿੰਗਾ ਵਿੱਚ ਵੀ ਮੂਹਰੇ ਹੁੰਦਾ ਸੀ, ਨੇ 21 ਫਰਵਰੀ ਵਾਲੀ ਸੂਹ ਅੰਗਰੇਜ਼ਾਂ ਨੂੰ ਦੇ ਦਿੱਤੀ ਸੀ। ਫੇਰ ਉਹ ਤਾਰੀਖ ਬਦਲ ਕੇ ਹੋਰ ਰੱਖੀ ਗਈ ਸੀ ਪਰ ਉਸ ਦਾ ਭੇਤ ਵੀ ਕਿਸੇ ਨੇ ਦੇ ਦਿੱਤਾ ਸੀ। ਫੇਰੂ ਸ਼ਹਿਰ ਦੇ ਨੇੜੇ ਮਿਸ਼ਰੀ ਵਾਲੇ ਪੁਲ 'ਤੇ ਜਦੋਂ ਪੁਲਿਸ ਦੁਆਰਾ ਲਗਾਏ ਗਏ ਨਾਕੇ 'ਤੇ ਗਦਰੀਆਂ ਨਾਲ ਥੋੜੇ ਤਕਰਾਰ ਪਿੱਛੋਂ ਦੋਵੇਂ ਪਾਸਿਆਂ ਵਲੋਂ ਗੋਲੀਬਾਰੀ ਵਿੱਚ ਥਾਣੇਦਾਰ ਅਤੇ ਜੈਲਦਾਰ ਜੁਆਲਾ ਸਿੰਘ ਦੀ ਮੌਤ ਹੋ ਗਈ ਤਾਂ ਪੁਲਿਸ ਘਬਰਾ ਗਈ। ਉਹ 22 ਗਦਰੀ ਸਾਥੀ ਸਨ ਜਿਨਾਂ ਵਿੱਚੋ ਕੁੱਝ ਤਾਂ ਲੋਕਾਂ ਦੀ ਭੀੜ 'ਚੋਂ ਭੱਜਣ ਵਿੱਚ ਕਾਮਯਾਬ ਹੋ ਗਏ ਅਤੇ

ਬਾਕੀ ਸਾਥੀ ਨਾਲ ਲਗਦੀਆਂ ਝਾੜੀਆਂ ਵਿੱਚ ਛੁੱਪ ਕੇ ਪੁਲਿਸ ਦਾ ਮੁਕਾਬਲਾ ਕਰਨ ਲੱਗ ਪਏ ਸਨ।

ਆਖਰਕਾਰ ਪੁਲਿਸ ਨੇ ਝਾੜੀਆਂ ਨੂੰ ਅੱਗ ਲਗਾ ਦਿੱਤੀ ਅਤੇ ਚਾਰੇ ਪਾਸੇ ਘੇਰਾ ਪਾ ਕੇ ਗਦਰੀਆਂ ਨੂੰ ਗ੍ਰਿਫਤਾਰ ਕਰ ਲਿਆ ਸੀ, ਕਿਉਂਕਿ ਗਦਰੀਆਂ ਕੋਲ ਗੋਲੀ-ਸਿੱਕਾ ਖਤਮ ਹੋ ਚੁੱਕਾ ਸੀ। ਜਿਹੜੇ ਸਾਥੀ ਗ੍ਰਿਫਤਾਰ ਕੀਤੇ ਗਏ ਉਨ੍ਹਾਂ ਵਿੱਚ ਪੰਡਤ ਕਾਂਸੀ ਰਾਮ ਮੜੌਲੀ, ਰਹਿਮਤ ਅਲੀ, ਜੀਵਨ ਸਿੰਘ ਦੌਲਾ ਸਿੰਘ ਵਾਲਾ, ਲਾਲ ਸਿੰਘ ਸਾਹਿਬੇਆਣਾ, ਜਗਤ ਸਿੰਘ ਬਿੰਝਲ, ਬਖਸ਼ੀਸ਼ ਸਿੰਘ ਅਤੇ ਧਿਆਨ ਸਿੰਘ ਉਮਰਪੁਰਾ ਆਦਿ ਸ਼ਾਮਲ ਸਨ। ਦੋ ਸਾਥੀ ਚੰਦਾ ਸਿੰਘ ਵੜੈਚ ਅਤੇ ਧਿਆਨ ਸਿੰਘ ਬੈਂਗਸੀਪੁਰਾ ਮੁਕਾਬਲੇ ਦੌਰਾਨ ਸ਼ਹੀਦ ਹੋ ਗਏ ਸਨ। ਫੜੇ ਗਏ ਸਾਥੀਆਂ ਵਿੱਚੋਂ ਸੱਤ ਸਾਥੀਆਂ ਨੂੰ ਮੁਕੱਦਮਾ ਚਲਾ ਕੇ ਜੇਲ੍ਹ ਅੰਦਰ ਹੀ ਫਾਂਸੀ ਦੇ ਕੇ ਸ਼ਹੀਦ ਕਰ ਦਿੱਤਾ ਗਿਆ ਸੀ। ਬੀਬੀ ਗੁਲਾਬ ਕੌਰ ਨੂੰ ਜਦ ਸ਼ਹੀਦ ਹੋਏ ਸਾਥੀਆਂ ਦਾ ਪਤਾ ਲੱਗਿਆ ਤਾਂ ਉਸ ਉਤੇ ਦੁੱਖਾਂ ਦਾ ਪਹਾੜ ਟੁੱਟ ਚੁੱਕਾ ਸੀ। ਉਹ ਗਮ ਅਤੇ ਸੋਚਾਂ ਵਿੱਚ ਡੁੱਬੀ ਮਨੋ-ਮਨ ਸੋਚਦੀ ਕਹਿੰਦੀ " ਵੀਰ ਜੀਵਨ ਸਿਆਂ, ਤੁਰੇ ਤਾਂ ਆਪਾਂ ਇਕੱਠੇ ਹੀ ਸੀ ਪਰ ਤੂੰ ਤਾਂ ਮੇਰੇ ਨਾਲੋਂ ਬਹੁਤ ਅੱਗੇ ਲੰਘ ਗਿਐਂ।" ਬੀਬੀ ਗੁਲਾਬ ਕੌਰ ਜਦ ਵੀ ਕਿਸੇ ਸ਼ਹੀਦ ਹੋਏ ਗਦਰੀ ਬਾਰੇ ਸੁਣਦੀ ਤਾਂ ਬਹੁਤ ਉਦਾਸ ਹੁੰਦੀ ਅਤੇ ਲੰਬੇ ਲੰਬੇ ਹਾਓਕੇ ਲੈਂਦੀ ਉਨ੍ਹਾਂ ਨੂੰ ਯਾਦ ਕਰਦੀ ਰਹਿੰਦੀ ਸੀ।

ਇੱਕ ਦਿਨ ਫੇਰ ਸੱਜਣ ਸਿੰਘ ਕਾਹਲੀ ਨਾਲ ਗੁਲਾਬ ਕੌਰ ਕੋਲ ਆਇਆ। ਉਸ ਦਾ ਭੱਜਦੇ ਦਾ ਸਾਹ ਚੜ੍ਹਿਆ ਹੋਇਆ ਸੀ ਤੇ ਆਪ ਪਸੀਨੋ-ਪਸੀਨਾ ਵੀ ਹੋ ਰਿਹਾ ਸੀ। ਉਹ ਚੁੱਪ-ਚਾਪ ਆ ਕੇ ਮੰਜੇ ਤੇ ਬੈਠ ਗਿਆ। ਬੀਬੀ ਉਸਨੂੰ ਇਸ ਹਾਲਤ ਵਿੱਚ ਦੇਖ ਕੇ ਬਹੁਤ ਘਬਰਾਈ ਤੇ ਸੱਜਣ ਨੂੰ ਕਹਿਣ ਲੱਗੀ " ਵੇ ਸੱਜਣ, ਤੂੰ ਇਨਾ ਸਾਹ ਕਿਉਂ ਚੜ੍ਹਾਇਆ? ਦੇਖ, ਤੈਨੂੰ ਤਾਂ ਮੁੜਕਾ ਵੀ ਬਹੁਤ ਆ ਰਿਹਾ, ਕੀ ਗੱਲ ਵਾਪਰ ਗਈ ਆ? ਕੁੱਝ ਖਾ-ਪੀ ਕੇ ਵੀ ਆਇਐਂ ਕਿ ਨਹੀਂ? ਮੈਂ ਹੁਣੇ ਤੇਰੇ ਲਈ ਪਰਾਂਉਠੇ ਬਣਾ ਦਿੰਦੀ ਆਂ, ਫੇਰ ਗੱਲ ਕਰਾਂਗੇ।" ਉਠਦੀ ਗੁਲਾਬ ਕੌਰ ਨੂੰ ਰੋਕ ਕੇ ਸੱਜਣ ਸਿੰਘ ਨੇ ਦੱਸਿਆ, " ਬੀਬੀ, ਅੱਜ ਤੜਕੇ ਹੀ ਪੁਲਿਸ ਨੇ ਮੋਚੀ ਗੇਟ ਵਾਲੇ ਘਰ ਵਿੱਚ ਛਾਪਾ ਮਾਰਿਆ। ਉਥੇ ਮੀਟਿੰਗ ਚੱਲ ਰਹੀ ਸੀ ਅਤੇ ਸਾਰੇ ਇਕੱਠੇ ਹੋਏ ਗਦਰੀਆਂ ਨੂੰ ਉਨ੍ਹਾਂ ਨੇ ਫੜ ਲਿਆ। ਉਨ੍ਹਾਂ ਨੂੰ ਤਾਂ ਘਰ ਵਿੱਚ ਗਦਰ ਸਬੰਧੀ ਖਿਲਰੇ ਸਮਾਨ ਨੂੰ ਵੀ ਕਿਧਰੇ ਛੁਪਾਉਣ ਦਾ ਮੌਕਾ ਨਾ ਮਿਲਿਆ। ਪੁਲਿਸ ਨੇ ਉਹ ਵੀ ਜ਼ਬਤ ਕਰ ਲਿਆ। ਬੀਬੀ ਇਸ ਤਰ੍ਹਾਂ ਤਾਂ ਫੜੇ ਜਾਣ ਨਾਲ ਸੂਰਵੀਰਾਂ ਦੀਆਂ ਆਸਾਂ 'ਤੇ ਪਾਣੀ ਹੀ ਫਿਰ ਗਿਆ। ਕਿਵੇਂ ਮਿਸ਼ਨ ਵਿੱਚ ਸਫਲ ਹੋਵਾਂਗੇ?" ਉਸ ਵੇਲੇ ਸੱਜਣ ਸਿੰਘ ਦੀਆਂ ਅੱਖਾਂ ਵਿੱਚੋਂ ਹੰਝੂ ਵੀ ਛਲਕਣ ਲੱਗ ਪਏ ਸਨ।

ਪਰਾਂਉਠੇ ਕਿਸ ਤੋਂ ਬਨਣੇ ਸਨ ਅਤੇ ਕਿਸ ਨੇ ਖਾਣੇ ਸਨ? ਸਿਰ ਤੇ ਖਤਰਾ ਮੰਡਰਾ ਰਿਹਾ ਸੀ। ਸੱਜਣ ਸਿੰਘ ਤੋਂ ਗਦਰੀ ਸਾਥੀਆਂ ਦੇ ਫੜੇ ਜਾਣ ਦੀ ਖਬਰ ਸੁਣਨ ਕਾਰਨ ਬੀਬੀ ਨੂੰ ਬਹੁਤ ਸੱਟ ਵੱਜੀ ਸੀ। ਉਸਦੀਆਂ ਅੱਖਾਂ ਅੱਗੇ ਹਨੇਰਾ ਆਉਣ ਲੱਗਾ ਪ੍ਰੰਤੂ ਉਸ ਨੇ ਹੌਸਲਾ ਨਹੀਂ ਡੇਗਿਆ ਸੀ। ਉਹ ਪੁਲਿਸ ਤੋਂ ਸੱਜਣ ਸਿੰਘ ਨੂੰ ਤੁਰੰਤ ਹੀ ਬਚਾਉਣਾ ਚਾਹੁੰਦੀ ਸੀ। ਉਸਨੂੰ ਇੱਕ ਤਰਕੀਬ ਸੁੱਝੀ। ਉਸ ਨੇ ਸੱਜਣ ਸਿੰਘ ਨੂੰ ਪੁਲਿਸ ਦੀਆਂ ਨਜ਼ਰਾਂ ਤੋਂ ਬਚਾਉਣ ਲਈ ਕੁੜੀਆਂ ਵਾਲੇ ਪਹਿਰਾਵੇ ਵਿੱਚ ਤਿਆਰ

ਕੀਤਾ। ਉਸਦੇ ਆਪਣਾ ਸੂਟ ਪਵਾਇਆ ਅਤੇ ਵਾਲ ਪਿੱਛੇ ਨੂੰ ਕੰਘੀ ਕਰਕੇ ਗੁੱਤ ਕਰ ਦਿੱਤੀ। ਚੁੱਲੇ ਵਿੱਚ ਪਾਣੀ ਸੁੱਟ ਕੇ ਅੱਗ ਵੀ ਬੁਝਾ ਦਿੱਤੀ ਅਤੇ ਬਾਕੀ ਹਰ ਚੀਜ਼ ਜਿੱਥੇ ਪਈ ਸੀ ਉਥੇ ਹੀ ਛੱਡ ਕੇ ਉਸਨੂੰ ਆਪਣੇ ਨਾਲ ਲੈ ਕੇ ਕਾਹਲੀ ਨਾਲ ਸਟੇਸ਼ਨ ਵੱਲ ਤੁਰ ਪਈ। ਸਟੇਸ਼ਨ ਤੇ ਪਹੁੰਚ ਕੇ ਦੋ ਟਿਕਟਾਂ ਖਰੀਦੀਆਂ- ਆਪਣੀ ਤੇ ਸੱਜਣ ਸਿੰਘ ਲਈ, ਜਿਸ ਨੇ ਜ਼ਨਾਨਾ ਸੂਟ ਪਹਿਨਿਆ ਹੋਇਆ ਸੀ, ਉਸਨੂੰ ਛੋਟੀ ਭੈਣ ਦੱਸ ਕੇ ਪੁਲਿਸ ਤੋਂ ਬਚਦੀ ਹੋਈ ਜਲੰਧਰ ਵੱਲ ਦੀ ਗੱਡੀ ਚੜ੍ਹ ਗਈ। ਲਹੌਰ ਤੇ ਅੰਮ੍ਰਿਤਸਰ ਹੁੰਦੀ ਹੋਈ ਗੱਡੀ ਜਲੰਧਰ ਸਟੇਸ਼ਨ 'ਤੇ ਪਹੁੰਚ ਕੇ ਰੁਕ ਗਈ। ਸਾਰੇ ਰਸਤੇ ਬੀਬੀ ਸੱਜਣ ਸਿੰਘ ਦਾ ਚਿਹਰਾ ਨਿਹਾਰਦੀ ਰਹੀ। ਸਟੇਸ਼ਨ ਤੇ ਉਤਰ ਕੇ ਪਹਿਲਾਂ ਤਾਂ ਉਨ੍ਹਾਂ ਨੇ ਆਲੇ-ਦੁਆਲੇ ਦੇਖਿਆ ਫੇਰ ਗੁਲਾਬ ਕੌਰ ਤੇ ਸੱਜਣ ਸਿੰਘ ਇੱਕ ਦੂਜੇ ਨੂੰ ਇਸ ਤਰ੍ਹਾਂ ਦੇਖਣ ਲੱਗੇ ਜਿਵੇਂ ਸ਼ਾਇਦ ਫੇਰ ਮੇਲ ਹੋਣਾ ਸੰਭਵ ਨਾ ਹੋਵੇ ਅਤੇ ਦੇਖਦੇ ਦੇਖਦੇ ਦੋਹਾਂ ਦੀਆਂ ਅੱਖਾਂ ਭਰ ਆਈਆਂ ਸਨ। ਗੁਲਾਬ ਕੌਰ ਨੇ ਸੱਜਣ ਨੂੰ ਮੱਥਾ ਚੁੰਮ ਕੇ ਪਿਆਰ ਦਿੱਤਾ ਅਤੇ ਮੁੜ ਉਸੇ ਭੇਸ ਵਿੱਚ ਗੱਡੀ ਵਿੱਚ ਬਿਠਾ ਦਿੱਤਾ। ਉਨ੍ਹਾਂ ਦੋਹਾਂ ਦਾ ਸਾਥ ਜਲੰਧਰ ਤੱਕ ਦਾ ਹੀ ਸੀ।

ਸੱਜਣ ਨੇ ਤਾਂ ਹਾਲੇ ਹੋਰ ਅੱਗੇ ਜਾ ਕੇ ਅਨਜਾਣ ਸਾਥੀਆਂ ਨੂੰ ਮਿਲਣਾ ਤੇ ਹਾਲਾਤ ਵਾਰੇ ਚੌਕਸ ਕਰਨਾ ਸੀ। ਉਹ ਤਾਕੀ ਵਾਲੀ ਸੀਟ ਤੇ ਹੀ ਬੈਠ ਗਿਆ ਤੇ ਬਾਹਰ ਬੀਬੀ ਨੂੰ ਦੇਖਣ ਲੱਗਿਆ। ਗੱਡੀ ਹੌਲੀ ਹੌਲੀ ਤੁਰ ਪਈ ਸੀ। ਜਿਨੀ ਦੇਰ ਸੱਜਣ ਦੀ ਗੱਡੀ ਅੱਖੋਂ ਓਹਲੇ ਨਾ ਹੋਈ ਬੀਬੀ ਇੱਕ ਟਕ ਤੁਰਦੀ ਗੱਡੀ ਵੱਲ ਦੇਖਦੀ ਰਹੀ ਸੀ। ਆਪਣੀਆਂ ਅੱਖਾਂ ਪੂੰਝਦੀ ਸੋਚਣ ਲੱਗੀ ' ਸੱਜਣਾ! ਸ਼ਾਇਦ ਇਹ ਮਿਲਣੀ ਆਪਣੀ ਆਖਰੀ ਮਿਲਣੀ ਹੀ ਹੋਵੇ।'' ਉਹ ਬੋਝਲ ਮਨ ਨਾਲ ਇੱਥੋਂ ਸਿੱਧੀ ਹੁਸ਼ਿਆਰਪੁਰ ਦੇ ਪਿੰਡ ਧਾਮੀਆਂ ਵਿਖੇ ਅਮਰ ਸਿੰਘ ਦੀ ਰਿਸ਼ਤੇਦਾਰੀ ਵਿੱਚ ਇੰਦਰ ਕੌਰ ਦੇ ਘਰ ਚਲੀ ਗਈ ਸੀ।

ਉਹ ਜਿਸ ਦਿਨ ਦੀ ਧਾਮੀਆਂ ਆਈ ਬੱਸ ਚੁੱਪ-ਚਾਪ ਬੈਠੀ ਇੱਕ ਟਕ ਦੇਖੀ ਜਾਂਦੀ ਸੀ। ਜਦੋਂ ਉਸਦਾ ਮਨ ਕਰਦਾ ਉਹ ਧਾਮੀਆਂ ਤੋਂ ਆਲੇ ਦੁਆਲੇ ਦੇ ਪਿੰਡਾਂ ਵਿੱਚ ਵੀ ਚਲੀ ਜਾਂਦੀ ਪ੍ਰੰਤੂ ਕਿਸੇ ਨਾਲ ਕੋਈ ਗੱਲ ਨਾ ਕਰਦੀ, ਅਤੇ ਨਾ ਹੀ ਜਾਣ ਵਕਤ ਕਿਸੇ ਨੂੰ ਕੁੱਝ ਦੱਸਦੀ ਸੀ। ਇੱਥੇ ਉਹ ਇੰਦਰ ਕੌਰ ਦੇ ਪੁੱਤ ਰੱਤੂ ਨੂੰ ਬਹੁਤ ਪਿਆਰ ਕਰਦੀ ਸੀ। ਉਹ ਬਾਰਾਂ ਕੁ ਸਾਲ ਦਾ ਬੱਚਾ ਹੀ ਸੀ। ਉਸ ਨਾਲ ਉਹ ਕਈ ਵਾਰ ਖੇਤਾਂ ਵਿੱਚ ਵੀ ਚਲੀ ਜਾਂਦੀ ਤੇ ਉਸ ਨੂੰ ਕਹਾਣੀਆਂ ਸੁਣਾਉਂਦੀ ਹੁੰਦੀ ਸੀ। ਉਸ ਦੀਆਂ ਕਹਾਣੀਆਂ ਵਿੱਚ 'ਪਰੀਆਂ' ਦੀ 'ਥਾਂ' 'ਗਦਰੀਆਂ' ਨੇ ਲਈ ਹੁੰਦੀ ਜਿਨ੍ਹਾਂ ਨੂੰ ਸੁਣ ਕੇ ਰੱਤੂ ਵੀ ਖੁਸ਼ ਹੁੰਦਾ ਸੀ। ਉਥੇ ਰਹਿੰਦੇ ਜਦੋਂ ਬਹੁਤ ਦਿਨ ਹੋ ਗਏ ਤਾਂ ਅਚਾਨਕ ਇੱਕ ਦਿਨ ਅਮਰ ਸਿੰਘ ਨਾਲ ਸੁਰਜਨ ਸਿੰਘ ਪਹੁੰਚ ਗਿਆ। ਗੁਲਾਬ ਕੌਰ ਸੁਰਜਨ ਨੂੰ ਦੇਖ ਕੇ ਭੱਜੀ ਤੇ ਘੁੱਟ ਕੇ ਜੱਫੀ ਪਾ ਕੇ ਮਿਲੀ, ਦੋਵੇਂ ਮਿਲ ਕੇ ਬਹੁਤ ਰੋਏ ਸਨ। ਅੱਖਾਂ ਪੂੰਝਦੇ ਗੁਲਾਬੋ ਨੇ ਕਿਹਾ, "ਵੀਰਾ ਸੁਰਜਨਾ! ਮੈ ਤਾਂ ਤੇਰੇ ਦਰਸ਼ਨਾ ਦੀ ਆਸ ਹੀ ਛੱਡ ਦਿੱਤੀ ਸੀ। ਕੀ ਭਰੋਸਾ ਸੀ ਜਿੰਦਗੀ ਦਾ? ਸ਼ੁਕਰ ਹੈ, ਤੇਨੂੰ ਸਾਹਮਣੇ ਦੇਖ ਤਾਂ ਲਿਆ।'' ਫੇਰ ਰਸੋਈ ਵਿੱਚ ਜਾ ਕੇ ਆਪਣੇ ਹੱਥਾਂ ਨਾਲ ਰੋਟੀ ਬਣਾ ਕੇ ਬੀਬੀ ਨੇ ਸੁਰਜਨ ਸਿੰਘ ਤੇ ਅਮਰ ਸਿੰਘ ਨੂੰ ਖੁਆਈ। ਉਹ ਮੋਹ ਵਸ ਉਨ੍ਹਾਂ ਦੀ ਥਾਲੀ ਵਿੱਚ ਤਾਜੇ ਮੱਖਣ ਦਾ ਪੇੜਾ ਰੱਖਦੀ ਗਈ ਤੇ ਉਹ ਖਾਂਦੇ ਗਏ ਤੇ ਹੱਸਦੇ ਗਏ ਸਨ।

ਸੁਰਜਨ ਸਿੰਘ ਭਾਵੁਕ ਹੋ ਗਿਆ ਸੀ ਤੇ ਰੋਟੀ ਖਾਂਦਿਆਂ ਕਹਿਣ ਲੱਗਿਆ, "ਬੀਬੀ! ਕੋਈ ਪਤਾ ਨਹੀਂ ਮੁੜ ਰੋਟੀ ਮਿਲਣੀ ਵੀ ਹੈ ਕਿ ਨਹੀਂ। ਅੱਜ ਤਾਂ ਮੈਂ ਰੱਜ ਕੇ ਰੋਟੀ ਖਾਵਾਂਗਾ।" ਸੁਰਜਨ ਸਿੰਘ ਦੇ ਮੂੰਹੋਂ ਇਹ ਬੋਲ ਸੁਣ ਕੇ ਗੁਲਾਬ ਕੌਰ ਦਾ ਮਨ ਭਰ ਆਇਆ ਸੀ। ਉਹ ਸੁਰਜਨ ਦੇ ਸਾਹਮਣੇ ਬੈਠੀ ਉਸਨੂੰ ਰੋਟੀ ਖਾਂਦੇ ਨਿਹਾਰਦੀ ਰਹੀ। ਆਪਣਾ ਕੰਮ ਕਰਕੇ ਸੁਰਜਨ ਸਿੰਘ ਤਾਂ ਚਲਾ ਗਿਆ ਸੀ ਪਿੱਛੋਂ ਅਮਰ ਸਿੰਘ ਨਾਲ ਉਹ ਕੋਟਲਾ ਨੌਧਸਿੰਘ ਵਾਲਾ ਆ ਗਈ।

ਹਰ ਰੋਜ ਅਖਬਾਰਾਂ ਵਿੱਚ ਗਦਰੀ ਸਾਥੀਆਂ ਦੇ ਫੜੇ ਜਾਣ, ਗ੍ਰਿਫਤਾਰ ਕੀਤੇ ਜਾਣ ਅਤੇ ਉਨ੍ਹਾਂ ਨੂੰ ਮਿਲਣ ਵਾਲੀਆਂ ਸਜਾਵਾਂ ਦੀਆਂ ਖਬਰਾਂ ਛਪਦੀਆਂ ਰਹਿੰਦੀਆਂ ਸਨ। ਕਰਤਾਰ ਸਿੰਘ ਸਰਾਭਾ, ਜਗਤ ਸਿੰਘ ਸੁਰ ਸਿੰਘ ਵਾਲਾ ਅਤੇ ਹਰਨਾਮ ਸਿੰਘ ਟੁੰਡੀਲਾਟ ਕਿਸੇ ਤਰ੍ਹਾਂ ਲਹੌਰ ਦੀਆਂ ਗ੍ਰਿਫਤਾਰੀਆਂ ਤੋਂ ਬਚ ਨਿਕਲੇ ਸਨ। ਗਦਰੀ ਲਹਿਰ ਵਿੱਚ ਜੋਸ਼ ਭਰਨ ਅਤੇ ਮੁੜ ਸੁਰਜੀਤ ਕਰਨ ਲਈ ਖਿੰਡੇ-ਪੁੰਡੇ ਗਦਰੀ ਸਾਥੀਆਂ ਦਾ ਤਾਲਮੇਲ ਹੋਣਾ ਬੜਾ ਜਰੂਰੀ ਸੀ। ਉਨ੍ਹਾਂ ਤੱਕ ਆਪਣੇ ਸੁਨੇਹੇ ਪਹੁੰਚਾਉਣ ਲਈ ਕਰਤਾਰ ਸਿੰਘ ਸਰਾਭਾ ਬੀਬੀ ਗੁਲਾਬ ਕੌਰ ਕੋਲ ਗਿਆ ਸੀ। ਆਪਣੀ ਗਦਰੀ ਭੈਣ, ਪੰਜਾਬ ਦੀ ਸ਼ੇਰਨੀ ਨੂੰ ਸੁਨੇਹੇ ਪਹੁੰਚਾਉਣ ਦੀ ਸਖਤ ਜ਼ਿੰਮੇਵਾਰੀ ਲਾ ਕੇ ਵਾਪਸ ਅਣਦੱਸੀ ਜਗ੍ਹਾ ਲਈ ਚਲਾ ਗਿਆ। ਉਸਨੇ ਜਾਂਦੇ ਵਕਤ ਬੀਬੀ ਨੂੰ ਇੱਕ ਚਿੱਠੀ ਵੀ ਦਿੱਤੀ ਸੀ ਜਿਹੜੀ 'ਬੀਰੀ' ਤੱਕ ਪਹੁੰਚਾਉਣੀ ਸੀ। ਉਸ ਤੋਂ ਬੀਬੀ ਨੂੰ ਗੱਲੀਂ ਗੱਲੀਂ ਇਹ ਵੀ ਪਤਾ ਲੱਗ ਗਿਆ ਕਿ ਕਰਤਾਰ ਸਿੰਘ ਸਰਾਭਾ 'ਬੀਰੀ' ਨਾਂ ਦੀ ਲੜਕੀ ਨਾਲ ਪਿਆਰ ਕਰਦਾ ਸੀ। ਰਘਵੀਰ ਕੌਰ 'ਬੀਰੀ' ਅੰਗਰੇਜਾਂ ਦੇ ਝੋਲੀ ਚੁੱਕ ਸੁਖਦੇਵ ਸਿੰਘ ਸੋਢੀ ਦੀ ਲੜਕੀ ਸੀ। ਮਾਰਚ 1915 ਨੂੰ ਰਸਾਲਦਾਰ ਗੰਡਾ ਸਿੰਘ ਗੰਡੀਵਿੰਡ ਦੀ ਮਦਦ ਨਾਲ ਸਰਗੋਧੇ ਤੋਂ ਤਿਨੇ ਸਾਥੀਆਂ ਕਰਤਾਰ ਸਿੰਘ ਸਰਾਭਾ, ਜਗਤ ਸਿੰਘ ਅਤੇ ਹਰਨਾਮ ਸਿੰਘ ਟੁੰਡੀਲਾਟ ਨੂੰ ਗ੍ਰਿਫਤਾਰ ਕਰ ਲਿਆ ਗਿਆ ਸੀ।

"ਗੂੰਜ ਗਦਰੀ ਬਣਕੇ ਕੂੰਜ ਉਡ ਜਾ, ਹੋਕਾ ਗਦਰ ਦਾ ਫੇਰ ਜਹਾਨ ਅੰਦਰ" ਦੇ ਅਨੁਸਾਰ ਬੀਬੀ ਗੁਲਾਬ ਕੌਰ ਫੇਰ ਇੱਕ ਵਣਜਾਰਨ ਦਾ ਭੇਸ ਬਣਾ ਕੇ ਦੂਰ-ਦੁਰਾਡੇ ਦੇ ਪਿੰਡਾਂ ਵਿੱਚ ਆਪਣੇ ਅਗਲੇ ਮਿਸ਼ਨ ਲਈ ਵੰਗਾਂ ਵੇਚਣ ਤੁਰ ਪਈ ਸੀ। ਬੀਬੀ ਗੁਲਾਬ ਕੌਰ ਭੇਸ ਬਦਲ ਬਦਲ ਬਸਾਂ, ਰੇਲਾਂ ਅਤੇ ਕਈ ਵਾਰੀ ਪੈਦਲ ਚੱਲ ਕੇ ਵੀ ਬੜੀ ਹੀ ਦਲੇਰੀ ਅਤੇ ਸਾਵਧਾਨੀ ਨਾਲ ਆਪਣੀ ਜ਼ਿੰਮੇਵਾਰੀ ਖਿੜੇ ਮੱਥੇ ਨਿਭਾਉਂਦੀ ਰਹੀ ਸੀ। ਉਹ ਬਾਰ ਬਾਰ ਪਿੰਡਾਂ ਵਿੱਚ ਚੂੜੀਆਂ ਵੇਚਣ ਵਾਲੀ ਵਣਜਾਰਨ ਬਣਕੇ ਜਾਂਦੀ ਸੀ। ਚੂੜੀਆਂ ਦੇ ਗੀਤ ਰਾਹੀਂ ਉਹ ਆਪਣੇ ਮਕਸਦ ਲੋਕਾਂ ਤੱਕ ਲੈ ਕੇ ਜਾਂਦੀ ਜਿਨ੍ਹਾਂ ਨੂੰ ਸਮਝਣ ਦੀ ਸਮਰੱਥਾ ਅੰਗਰੇਜ਼ ਸਰਕਾਰ ਦੇ ਸੂਹੀਆਂ ਅੰਦਰ ਵੀ ਨਾ ਹੁੰਦੀ। ਉਹ ਜਾਣਦੀ ਸੀ ਕਿ ਜਿੱਥੇ ਕਿਤੇ ਕੋਈ ਗਦਰੀ ਰਹਿੰਦਾ ਹੋਊ ਉਹ ਮੇਰੇ ਗੀਤਾਂ ਦੇ ਬੋਲਾਂ ਨੂੰ ਜਰੂਰ ਸਮਝੂਗਾ ਤੇ ਇਸੇ ਭੇਸ ਵਿੱਚ ਮੈਨੂੰ ਪਛਾਣ ਕੇ ਮਿਲੇਗਾ ਵੀ ਜਰੂਰ। ਉਹ ਹਰ ਰੋਜ ਇਸੇ ਤਰ੍ਹਾਂ ਵੰਗਾਂ ਚੂੜੀਆਂ ਵੇਚਦੀ ਹੋਕਾ ਲਾਉਂਦੀ ਹੋਈ ਸੁਨੇਹੇ ਲਾਉਣ ਜਾਂਦੀ ਤੇ ਕਹਿੰਦੀ----

ਚੂੜੀਆਂ ਲੈ ਲਓ, ਵੰਗਾਂ ਨੀ, ਕੋਈ ਲੈ ਲਓ ਵੰਗਾਂ।
ਪੂਰੀਆਂ ਹੋਣ ਉਮੰਗਾਂ ਨੀ, ਕੋਈ ਲੈ ਲਓ ਵੰਗਾਂ।
ਇਹ ਵੰਗਾਂ ਲੋਹੇ ਦੀਆਂ ਲੜੀਆਂ,

ਵੰਗਾਂ ਇਹ ਮਸ਼ਹੂਰ ਨੇ ਬੜੀਆਂ,
ਰੰਗੀਆਂ ਰੱਤੜੇ ਰੰਗਾਂ,
ਨੀ ਕੋਈ ਲੈ ਲਓ ਵੰਗਾਂ।
ਦੇਸ਼ ਪਿਆਰ ਦੇ ਜਜ਼ਬੇ ਭਰੀਆਂ,
ਅਣਖ ਦੇ ਸਾਂਚੇ ਵਿੱਚ ਨੇ ਘੜੀਆਂ,
ਇਹ ਛੇੜਨ ਗਦਰੀ ਜੰਗਾਂ, ਨੀ ਕੋਈ ਲੈ ਲਓ ਵੰਗਾਂ।
ਟੁੱਟਣ ਨਾ ਇਹ ਭੱਜਣ ਅੜੀਓ,
ਜ਼ਾਲਮਾਂ ਸੀਨੇ ਵੱਜਣ ਅੜੀਓ,
ਨਿਭਣ ਸੁਨੇਹੀ ਸੁਗੰਧਾਂ, ਨੀ ਕੋਈ ਲੈ ਲਓ ਵੰਗਾਂ।
ਚੂੜੀਆਂ ਲੈ ਲਓ, ਵੰਗਾਂ ਨੀ,
ਕੋਈ ਲੈ ਲਓ ਵੰਗਾਂ।

ਆਪਣੇ ਇਸ ਦੂਰ ਦੁਰੇਡੇ ਦੇ ਸਫਰ ਕਰਦੀ ਪਿੰਡਾਂ ਵਿੱਚ ਚੂੜੀਆਂ ਵੇਚਦੀ ਬੀਬੀ ਗੁਲਾਬ ਕੌਰ ਦੇ ਦਿਨ, ਮਹੀਨੇ ਲੰਘਦੇ ਗਏ ਪਰ ਕਿਧਰੇ ਰਘਵੀਰ ਕੌਰ 'ਬੀਰੀ' ਨਾ ਮਿਲੀ। ਇੱਕ ਦਿਨ ਇਸੇ ਤਰ੍ਹਾਂ ਵੰਗਾਂ ਵੇਚਦੀ ਵੇਚਦੀ ਉਹ ਜਿਲ੍ਹਾ ਜੇਹਲਮ, ਤਹਿਸੀਲ ਦਾਦਨ ਖਾਂ ਦੇ ਉਘੇ ਕਸਬੇ ਹਰਨਪੁਰ ਸੋਢੀਆਂ ਪਹੁੰਚ ਗਈ। ਚੂੜੀਆਂ ਦੀ ਗੱਠੜੀ ਵਿੱਚ ਅਸਲਾ ਚੰਗੀ ਤਰ੍ਹਾਂ ਬੰਨ੍ਹ ਕੇ, ਆਪਣੇ ਕੁੜਤੀ ਦੀ ਜੇਬ ਵਿੱਚ ਚਿੱਠੀ ਰੱਖ ਕੇ, ਚੂੜੀਆਂ ਦਾ ਹੋਕਾ ਲਾਉਂਦੀ ਅੰਗਰੇਜ਼ਾਂ ਦੇ ਝੋਲੀਚੁੱਕ ਸੁਖਦੇਵ ਸਿੰਘ ਸੋਢੀ, ਦੀ ਬੀਹੀ ਵਿੱਚ ਚਲੀ ਗਈ। ਚੂੜੀਆਂ ਦਾ ਹੋਕਾ 'ਇਹ ਵੰਗਾਂ ਲੋਹੇ ਦੀਆਂ ਲੜੀਆਂ ਨੀ, ਕੋਈ ਲੈ ਲਉ ਵੰਗਾਂ। ਪੂਰੀਆਂ ਹੋਣ ਉਮੰਗਾਂ ਨੀ--, ਸੁਣ ਕੇ 'ਬੀਰੀ' ਬਾਹਰ ਆ ਗਈ। ਉਹ ਸਮਝ ਗਈ ਸੀ ਕਿ "ਚੂੜੀਆਂ ਵੇਚਣ ਵਾਲੀ ਔਰਤ ਕੋਈ ਸਧਾਰਨ ਔਰਤ ਨਹੀਂ। ਹੋ ਸਕਦਾ ਇਸ ਔਰਤ ਦਾ ਗਦਰੀਆਂ ਨਾਲ ਕੋਈ ਸਬੰਧ ਹੋਵੇ।" ਓਧਰ ਗੁਲਾਬ ਕੌਰ ਦੀ ਪਾਰਖੂ ਅੱਖ ਨੇ ਵੀ ਰਘਵੀਰ ਕੌਰ 'ਬੀਰੀ' ਨੂੰ ਪਹਿਚਾਣ ਲਿਆ ਸੀ। ਦੋਵੇਂ ਮਿਲੀਆਂ ਅਤੇ ਗੱਲਾਂ ਕਰਦੀਆਂ ਥੋੜਾ ਘਰ ਤੋਂ ਦੂਰ ਨਿਕਲ ਗਈਆਂ। ਗੱਲਾਂ ਕਰਦੀਆਂ ਗੁਲਾਬ ਕੌਰ ਸਮਝ ਗਈ ਕਿ 'ਬੀਰੀ' ਕਰਤਾਰ ਸਿੰਘ ਸਰਾਭਾ ਨੂੰ ਬਹੁਤ ਪਿਆਰ ਕਰਦੀ ਸੀ। ਚਿੱਠੀ ਫੜਾਉਂਦੇ ਹੋਏ ਬੀਬੀ ਨੇ ਬੀਰੀ ਨੂੰ ਕਰਤਾਰ ਸਿੰਘ ਸਰਾਭਾ ਦੀ ਗ੍ਰਿਫਤਾਰੀ ਬਾਰੇ ਦੱਸਿਆ, "ਉਨ੍ਹਾਂ ਨੂੰ ਸਾਥੀਆਂ ਸਮੇਤ ਫਾਂਸੀ ਦੀ ਸਜ਼ਾ ਹੋ ਚੁੱਕੀ ਹੈ। ਜੇਲ੍ਹ ਵਿੱਚੋਂ ਸਰਾਭੇ ਦਾ ਮੇਰੇ ਹੱਥ ਭੇਜਿਆ 'ਪੈਗਾਮ' ਹੈ। ਅੰਗਰੇਜ ਝੋਲੀਚੁੱਕ ਗਦਾਰਾਂ ਦਾ ਸਫਾਇਆ ਕੀਤਾ ਜਾਵੇ।" ਕਰਤਾਰ ਸਿੰਘ ਸਰਾਭਾ ਅਤੇ ਉਸਦੇ ਸਾਥੀਆਂ ਨੂੰ ਗ੍ਰਿਫਤਾਰ ਕਰਵਾਉਣ ਵਾਲੇ ਦੇਸ਼ ਦੇ ਗਦਾਰ ਰਸਾਲਦਾਰ ਗੰਡਾ ਸਿੰਘ ਬਾਰੇ ਵਿਸਥਾਰ ਨਾਲ ਦੱਸਿਆ।

'ਬੀਰੀ' ਦੇ ਸ਼ਬਦਾਂ 'ਬੱਸ, ਸਮਝੋ ਕੰਮ ਹੋ ਗਿਆ' ਸੁਣ ਕੇ ਬੀਬੀ ਤਾਂ ਵਾਪਸ ਕੋਟਲਾ ਨੌਧ ਸਿੰਘ ਵਾਲਾ ਆ ਗਈ ਪਰ ' ਬੀਰੀ ' ਦੇ ਅੰਦਰ ਚਿੱਠੀ ਦੁਆਰਾ ਮਿਲਿਆ ਸੁਨੇਹਾ ਬਾਰ ਬਾਰ ਗੂੰਜਣ ਲੱਗਿਆ। ਇੱਕ ਦਿਨ ਬੀਰੀ ਭੱਲੇਵਾਲ ਦੇ ਚੱਕ ਨੰਬਰ ਪੰਜ ਵਿਖੇ ਪਹੁੰਚ ਕੇ ਜ਼ਾਲਮ ਰਸਾਲਦਾਰ ਗੰਡਾ ਸਿੰਘ ਨੂੰ ਗੋਲੀਆਂ ਨਾਲ ਭੁੰਨ ਸੁੱਟਿਆ ਅਤੇ ਬਾਅਦ ਵਿੱਚ ਆਪਣੇ ਗੋਲੀ ਮਾਰ ਕੇ ਸ਼ਹੀਦ ਹੋ ਗਈ ਸੀ। ਓਧਰ ਅੰਗਰੇਜ ਸਰਕਾਰ ਵਲੋਂ ਬੀਬੀ ਦੀ ਗ੍ਰਿਫਤਾਰੀ ਦਾ ਇਨਾਮ ਰੱਖਿਆ ਹੋਇਆ ਸੀ। ਅੰਗਰੇਜ ਪੁਲਿਸ

ਨੇ ਦੇਸ਼ ਦੇ ਗਦਾਰ ਬੇਲਾ ਸਿੰਘ ਜਿਆਣ ਦੀ ਮੁਖਬਰੀ 'ਤੇ ਬੀਬੀ ਗੁਲਾਬ ਕੌਰ ਨੂੰ ਕੋਟਲਾ ਨੌਧ ਸਿੰਘ ਵਾਲਾ ਪਹੁੰਚ ਕੇ ਘਰ ਤੋਂ ਗ੍ਰਿਫਤਾਰ ਕਰ ਲਿਆ ਸੀ। 'ਡਿਫੈਂਸ ਆਫ ਇੰਡੀਆ' ਦੇ ਨਜ਼ਰਬੰਦੀ ਕਾਨੂੰਨ ਤਹਿਤ ਬਿਨਾ ਮੁਕੱਦਮਾ ਚਲਾਏ ਲਹੌਰ ਦੇ ਸ਼ਾਹੀ ਕਿਲੇ ਵਿੱਚ ਗਦਰੀ ਗੁਲਾਬ ਕੌਰ ਨੂੰ ਬੰਦ ਕਰਕੇ ਸਖਤ ਤੋਂ ਸਖਤ ਤਸੀਹੇ ਦਿੱਤੇ ਗਏ। ਇਹ ਲਹੌਰ ਦਾ ਉਹ ਹੀ ਸ਼ਾਹੀ ਕਿਲਾ ਸੀ ਜਿੱਥੇ ਗਦਰੀਆਂ 'ਤੇ ਅਣਮਨੁੱਖੀ ਕਹਿਰ ਢਾਹਿਆ ਜਾਂਦਾ ਰਿਹਾ ਸੀ।

ਇਸੇ ਲਈ ਤਾਂ ਗਦਰੀ ਕਹਿੰਦੇ ਸਨ---

ਸੇਵਾ ਦੇਸ਼ ਦੀ ਜ਼ਿੰਦੜੀਏ ਬੜੀ ਔਖੀ,
ਗੱਲਾਂ ਕਰਨੀਆਂ ਬਹੁਤ ਸੁਖੱਲੀਆਂ ਨੇ।
ਜਿਨ੍ਹਾਂ ਦੇਸ਼ ਪ੍ਰੇਮ ਵਿੱਚ ਪੈਰ ਧਰਿਆ,
ਉਨ੍ਹਾਂ ਲੱਖ ਮੁਸੀਬਤਾਂ ਝੱਲੀਆਂ ਨੇ।

ਬੀਬੀ ਗੁਲਾਬ ਕੌਰ ਤੋਂ ਪਾਰਟੀ ਦੇ ਭੇਦ, ਟਿਕਾਣੇ ਅਤੇ ਗਦਰੀਆਂ ਦੇ ਨਾਮ ਪਤੇ ਪੁੱਛਣ 'ਤੇ ਅੱਗੋ ਬੀਬੀ ਕੁੱਝ ਵੀ ਨਾ ਮੂੰਹੋਂ ਬੋਲਦੀ, ਬੱਸ ਇੱਕ ਹੀ ਚੁੱਪ ਵੱਟ ਲਈ। ਉਹ ਆਪਣੇ ਤਨ ਉਪਰ ਹੁੰਦੇ ਤਸੀਹੇ ਤੇ ਤਸੀਹੇ ਸਹਿੰਦੀ ਗਈ ਪਰ ਉਸ ਨੇ ਆਪਣਾ ਮੂੰਹ ਬੰਦ ਰੱਖਿਆ ਤੇ ਜ਼ਾਲਮਾਂ ਦੇ ਪੱਲੇ ਕੁੱਝ ਵੀ ਨਹੀਂ ਪੈਣ ਦਿੱਤਾ ਸੀ। ਉਸ ਦੇ ਅਜਿਹੇ ਵਰਤਾਓ ਤੋਂ ਜ਼ਾਲਮ ਅੰਗਰੇਜ ਬੌਖਲਾ ਗਿਆ ਸੀ। ਬੀਬੀ ਕੋਲੋਂ ਭੇਦ ਕੱਢਣ ਲਈ ਜੇਲ੍ਹ ਦੇ ਨੰਬਰਦਾਰ 'ਵਲੀ ਖਾਂਨ' ਦੀ ਡਿਊਟੀ ਲੱਗ ਗਈ। ਉਸਨੇ ਅੱਗੋਂ ਆਪਣੇ ਵਰਗੀ ਹੀ ਇੱਕ ਜ਼ਾਲਮ ਨੰਬਦਾਰਨੀ 'ਨੂਰਾਂ' ਨੂੰ ਚਾਰ ਹੋਰ ਕੈਦੀ ਔਰਤਾਂ ਦੀ ਮਦਦ ਨਾਲ ਗੁਲਾਬ ਕੌਰ ਉਤੇ ਸਖਤੀ ਕਰਕੇ ਸਾਰੇ ਭੇਦ ਲੈਣ ਲਈ ਭੇਜ ਦਿੱਤਾ ਸੀ। ਸਭ ਤੋਂ ਪਹਿਲਾਂ ਬੀਬੀ ਦੇ ਹੱਥ ਦੇ ਕੜੇ ਤਾਂ ਵਲੀ ਖਾਂਨ ਨੇ ਪਹਿਲੀ ਹੀ ਰਾਤ ਜ਼ਬਰਦਸਤੀ ਲਾਹ ਕੇ ਸੁੱਟ ਦਿੱਤੇ ਸਨ। ਫੇਰ ਉਸ ਨੰਬਰਦਾਰਨੀ ਨੇ ਚਾਰ ਕੈਦੀ ਔਰਤਾਂ ਦੀ ਮਦਦ ਨਾਲ ਬੀਬੀ ਨੂੰ ਕੋਠੜੀ ਵਿੱਚ ਵਾੜ ਕੇ ਉਸਦੇ ਕੱਪੜੇ ਉਤਾਰੇ ਅਤੇ ਉਸਨੂੰ ਫਰਸ਼ 'ਤੇ ਸੁੱਟ ਲਿਆ ਸੀ। ਗੁਲਾਬ ਕੌਰ ਨੇ ਉਫ ਨਾ ਕੀਤੀ ਸਗੋਂ ਆਪਣੀਆਂ ਅੱਖਾਂ ਬੰਦ ਕਰਕੇ ਆਪਣੇ ਗਦਰੀ ਇਕਰਾਰ-'ਦੇਸ਼ ਲਈ ਮਰ-ਮਿਟਣ' ਦੇ ਵਿਸ਼ਵਾਸ਼ ਨੂੰ ਹੋਰ ਵੀ ਪੱਕਾ ਕਰਨ ਲੱਗ ਪਈ ਸੀ। ਉਹ ਅੱਖਾਂ ਬੰਦ ਕਰੀਂ ਆਪਣੇ ਕੁਰਬਾਨ ਹੋਏ ਵੀਰਾਂ ਦੇ ਨਾਂ ਜਪਦੀ ਰਹੀ। ਦੋ ਔਰਤਾਂ ਬੀਬੀ ਦੀਆਂ ਲੱਤਾ ਬਾਹਾਂ 'ਤੇ ਚੜ੍ਹ ਜਾਂਦੀਆਂ ਅਤੇ ਦੋ ਉਸਨੂੰ ਫੜ ਕੇ ਰੱਖਦੀਆਂ। ਬੇਰਹਿਮ, ਜ਼ਾਲਮ, ਬੁੱਚੜ ਨੰਬਰਦਾਰਨੀ ਬੀਬੀ ਦੀ ਛਾਤੀ ਅਤੇ ਪੇਟ ਉਪਰ ਚੜ੍ਹ ਜਾਂਦੀ। ਉਹ ਬੀਬੀ ਦੇ ਪੇਟ, ਛਾਤੀ ਅਤੇ ਵੱਖੀਆਂ ਵਿੱਚ ਲੱਤਾਂ ਮਾਰਨੀਆਂ ਸ਼ੁਰੂ ਕਰ ਦਿੰਦੀ। ਠੁੱਡੇ ਮਾਰ ਮਾਰ ਕੇ ਉਸਨੇ ਇਨੀਆਂ ਸੱਟਾਂ ਮਾਰੀਆਂ ਕਿ ਆਖਰਕਾਰ ਬੀਬੀ ਦੇ ਅੰਦਰੋਂ ਖੂਨ ਵਹਿਣ ਲੱਗ ਗਿਆ ਸੀ। ਬੀਬੀ ਆਪਣੇ ਤਨ ਅਤੇ ਮਨ 'ਤੇ ਜ਼ੁਲਮ ਸਹਾਰਦੀ ਗਈ ਪਰ ਪੰਜਾਬ ਦੀ ਉਸ ਸ਼ੇਰਨੀ ਨੇ ਸੀ ਤੱਕ ਨਹੀਂ ਵੱਟੀ ਅਤੇ ਨਾ ਹੀ ਕੁੱਝ ਮੂੰਹੋਂ ਬੋਲੀ। ਅੰਤ ਨੂੰ ਉਹ ਬੇਹੋਸ਼ ਹੋ ਗਈ ਅਤੇ ਅੰਦਰੂਨੀ ਜ਼ਖਮਾਂ ਕਾਰਨ ਹਾਲਤ ਐਨੀ ਖਿਗੜ ਗਈ ਸੀ ਕਿ ਬੀਬੀ ਨੂੰ ਖ਼ੂਨ ਦੀਆਂ ਉਲਟੀਆਂ ਆਉਣੀਆਂ ਵੀ ਸ਼ੁਰੂ ਹੋ ਗਈਆਂ ਸਨ। ਬੀਬੀ ਦੀ ਖਿਗੜਦੀ ਜਾ ਰਹੀ ਹਾਲਤ ਤੋਂ ਘਬਰਾ ਕੇ ਨੰਬਰਦਾਰਨੀ ਨੇ ਬੀਬੀ ਦੇ ਕੱਪੜੇ ਪੁਆ ਕੇ, ਉਸਨੂੰ ਜ਼ਮੀਨ 'ਤੇ ਉਵੇਂ ਹੀ ਬੇਹੋਸ਼ ਪਈ ਛੱਡ ਕੇ ਆਪ ਆਪਣੇ ਕਮਰੇ ਵਿੱਚ ਭੱਜ ਗਈ ਸੀ।

ਜਦੋਂ ਇਸ ਸਾਰੀ ਘਟਨਾ ਬਾਰੇ ਜੇਲ੍ਹਰ ਨੂੰ ਪਤਾ ਲੱਗਿਆ ਤਾਂ ਉਸ ਨੂੰ ਹੱਥਾਂ-ਪੈਰਾਂ ਦੀ ਪੈ ਗਈ ਸੀ। ਹਾਲੇ ਤੱਕ ਬੀਬੀ ਕੋਲੋਂ ਕੋਈ ਭੇਦ ਵੀ ਤਾਂ ਨਹੀਂ ਸੀ ਮਿਲਿਆ ਅਤੇ ਨਾ ਹੀ ਕਿਸੇ ਅਜਿਹੇ ਗੁਨਾਹ ਦੀ ਕੋਈ ਸ਼ਿਕਾਇਤ ਹੀ ਆਈ ਸੀ ਜਿਸ ਲਈ ਉਸਨੂੰ ਅਜਿਹੇ ਤਸੀਹੇ ਦਿੱਤੇ ਜਾਂਦੇ। ਉਸਨੇ ਹਾਲਾਤ 'ਤੇ ਕਾਬੂ ਪਾਉਣ ਲਈ ਤੁਰੰਤ ਡਾਕਟਰ ਬੁਲਾ ਕੇ ਬੀਬੀ ਨੂੰ ਉਸ ਦੇ ਹਵਾਲੇ ਕੀਤਾ ਅਤੇ ਉਸਦਾ ਚੈਕਅੱਪ ਕਰਵਾਇਆ। ਬੀਬੀ ਦੀ ਹਾਲਤ ਇਸ ਮਾਰ-ਕੁੱਟ ਕਾਰਨ ਬਹੁਤ ਮਾੜੀ ਹੋ ਗਈ ਸੀ। ਉਸਨੂੰ ਤੁਰੰਤ ਹਸਤਪਤਾਲ ਦਾਖਲ ਕਰਵਾਇਆ ਗਿਆ। ਹਸਤਪਤਾਲ ਵਿੱਚ ਗੁਲਾਬ ਕੌਰ ਦਾ ਖੂਨ ਵਹਿਣਾ ਬੰਦ ਨਹੀਂ ਸੀ ਹੋ ਰਿਹਾ ਅਤੇ ਹਾਲਤ ਬਿਗੜਦੀ ਹੀ ਜਾ ਰਹੀ ਸੀ ਜਿਸ ਨੂੰ ਦੇਖ ਕੇ ਅੰਗਰੇਜ ਜੇਲ੍ਹਰ ਹੋਰ ਵੀ ਘਬਰਾ ਗਿਆ ਸੀ। ਉਸ ਨੇ ਆਪਣੀ ਪਨ੍ਹਾ ਬਚਾਉਣ ਖਾਤਰ ਦਿਖਾਵ ਦੇ ਤੌਰ ਤੇ ਗੁੱਸੇ ਨਾਲ ਲੋਹਾ ਲਾਖਾ ਹੋਏ ਨੇ ਨੰਬਰਦਾਰਨੀ ਨੂਰਾਂ ਨੂੰ ਬੁਲਾਇਆ ਤੇ ਬਿਨਾ ਕਿਸੇ ਦੇ ਹੁਕਮ ਤੋਂ ਗੁਲਾਬ ਕੌਰ ਤੇ ਏਨਾ ਤਸ਼ੱਦਦ ਕਰਨ ਵਾਰੇ ਧਮਕਾਇਆ। ਨੂਰਾਂ ਨੇ ਆਪਣੇ ਜਵਾਬ ਵਿੱਚ ਜਦੋਂ ਉਸਨੂੰ ਦੱਸਿਆ ਕਿ ਸਾਰੀ ਮਾਰ ਕੁਟਾਈ ਨੰਬਰਦਾਰ 'ਵਲੀ ਖਾਂਨ' ਦੇ ਕਹਿਣ ਤੇ ਕੀਤੀ ਗਈ ਆ ਤਾਂ ਉਹ ਹੋਰ ਵੀ ਮੁਸ਼ਕਲ ਵਿੱਚ ਫਸ ਗਿਆ ਕਿਉਂਕਿ ਗਦਰੀ ਗੁਲਾਬ ਕੌਰ ਉਤੇ ਅਜਿਹੇ ਤਸ਼ੱਦਦ ਕਰਨ ਦਾ ਕੋਈ ਲਿਖਤੀ ਹੁਕਮ ਨਹੀਂ ਸੀ।

'ਵਲੀ ਖਾਨ' ਨੂੰ ਮੁੱਕਰਾ ਦਿੱਤਾ ਗਿਆ ਤੇ ਸਾਰੀ ਗੱਲ ਉਲਟਾ ਨੂਰਾਂ ਤੇ ਹੀ ਪਾ ਦਿੱਤੀ ਗਈ ਸੀ। ਨੂਰਾਂ ਨੂੰ ਬੀਬੀ ਉਪਰ ਕੀਤੇ ਜ਼ੁਲਮ ਵਾਰੇ ਸੋਚ ਸੋਚ ਕੇ ਆਪਣੀ ਕਰਨੀ 'ਤੇ ਪਛਤਾਵਾ ਹੋਣ ਲੱਗਿਆ ਪਰ ਸਮਾਂ ਤਾਂ ਬੀਤ ਚੁੱਕਾ ਸੀ। ਕੁੱਝ ਦਿਨ ਹਸਤਪਤਾਲ ਵਿੱਚ ਇਲਾਜ ਕਰਵਾਉਣ ਪਿੱਛੋਂ ਜਦੋਂ ਬੀਬੀ ਦੀ ਹਾਲਤ ਕੁੱਝ ਠੀਕ ਹੋ ਗਈ ਤਾਂ ਉਹ ਮੁੜ ਜੇਲ੍ਹ ਵਿੱਚ ਲਿਆਂਦੀ ਗਈ। ਪਹਿਲਾਂ ਤਾਂ 'ਨੂਰਾਂ' ਗੁਲਾਬੋ ਨੂੰ ਦੂਰੋਂ ਹੀ ਖੜੀ ਦੇਖਦੀ ਰਹੀ ਫੇਰ ਸ਼ਰਮਿੰਦਗੀ ਮਹਿਸੂਸ ਕਰਦੇ ਉਸਨੇ ਬੀਬੀ ਕੋਲ ਜਾ ਕੇ ਆਪਣੀ ਆਪਣੀ ਕਾਲੀ ਕਰਤੂਤ ਲਈ ਉਸ ਤੋਂ ਮੁਆਫੀ ਮੰਗੀ ਸੀ। ਗਦਰੀ ਭੈਣ ਤਾਂ ਬਹੁਤ ਮਹਾਨ ਸੀ, ਉਹ ਇਸ ਸਮੇਂ ਦੌਰਾਨ ਜਾਣ ਗਈ ਸੀ ਕਿ ਨੂਰਾਂ ਨੂੰ ਵੀ ਆਪਣੇ ਭਰਾ ਨੂੰ ਫੌਜ਼ ਵਿੱਚ ਭਰਤੀ ਕਰਨ ਦੇ ਵਿਰੋਧ ਵਿੱਚ ਫੜਿਆ ਗਿਆ ਸੀ ਤੇ ਸਖਤ ਸਜਾ ਮਿਲੀ ਸੀ। ਗੁਲਾਬ ਕੌਰ ਨੇ ਨੂਰਾਂ ਨੂੰ ਗਲੇ ਲਗਾ ਕੇ ਕਿਹਾ ਕਿ " ਨੂਰਾਂ ਤੇਰੀ ਮੇਰੀ ਲੜਾਈ ਤਾਂ ਇੱਕੋ ਹੀ ਆ " ਇਸ ਤੇ ਉਹ ਫੁੱਟ ਫੁੱਟ ਕੇ ਰੋਣ ਲੱਗ ਪਈ। ਜਦੋਂ ਨੂਰਾਂ ਰੋਂਦੀ ਰੋਂਦੀ ਚੁੱਪ ਕਰ ਗਈ ਤਾਂ ਫਿਰ ਪੰਜਾਬ ਦੀ ਸ਼ੇਰਨੀ ਗੁਲਾਬੋ ਨੇ ਨੂਰਾਂ ਨੂੰ ਸਮਝਾਉਂਦੇ ਹੋਏ ਕਿਹਾ ਕਿ ਨੂਰਾਂ ਲੈ ਸੁਣ---

ਕਦੇ ਮੰਗਿਆਂ ਮਿਲਨ ਆਜ਼ਾਦੀਆਂ ਨਾ, ਹੁੰਦੇ ਤਰਲਿਆਂ ਨਾਲ ਨਾ ਰਾਜ ਲੋਕੋ।

ਗੱਲਾਂ ਨਾਲ ਨਾ ਗੁਲਾਮੀ ਦੂਰ ਹੋਵੇ, ਸ਼ਾਂਤਮਈ ਨਾ ਕੋਈ ਇਲਾਜ ਲੋਕੋ।

ਖਾਤਰ ਆਪਣੇ ਹੱਕ ਦੇ ਲੜਨ ਜਿਹੜੇ, ਸਾਰੇ ਉਨ੍ਹਾਂ ਦੇ ਜੱਗ ਤੇ ਕਾਜ ਲੋਕੋ।

ਪਿਆਰੀ ਜਿਨ੍ਹਾਂ ਨੂੰ ਆਜ਼ਾਦੀ ਹੈ ਜਾਨ ਨਾਲੋਂ, ਕੌਮਾਂ ਉਹਨਾ ਹੀ ਸਿਰਾਂ ਤੇ ਤਾਜ ਲੋਕੋ।

ਬੀਬੀ ਗੁਲਾਬ ਕੌਰ ਤੇ 'ਨੂਰਾਂ' ਦੀ ਉਸ ਮਿਲਣੀ ਪਿੱਛੋਂ ਦੋਵਾਂ ਵਿੱਚ ਕੋਈ

ਰੱਤੀ ਭਰ ਵੀ ਮਨ-ਮੁਟਾਵ ਨਾ ਰਿਹਾ, ਦੋਵਾਂ ਦੇ ਮਨ ਨਿਰਮਲ ਹੋ ਗਏ ਸਨ। ਇਸ ਪਿੱਛੋਂ ਹਰ ਦਿਨ ਨੂਰਾਂ ਚੋਰੀ ਛਿੱਪੇ ਬੀਬੀ ਨੂੰ ਨਹਾਉਣ ਲਈ ਗਰਮ ਪਾਣੀ ਤੇ ਤੇਲ ਦੇਣ ਲੱਗੀ ਜਿਹੜਾ ਕਿ ਪਹਿਲਾਂ 'ਵਲੀ ਖਾਂਨ' ਵਲੋਂ ਵਰਜਿਤ ਸੀ। ਗੁਲਾਬ ਕੌਰ ਦਾ ਆਪਣੇ ਦੇਸ਼ ਲਈ ਇਹ ਅਥਾਹ ਪਿਆਰ, ਆਜ਼ਾਦੀ ਲਈ ਦ੍ਰਿੜ ਨਿਸ਼ਚਾ ਤੇ ਸਮੱਰਪਣ ਹੀ ਸੀ ਕਿ ਉਹ ਇਨੇ ਤਸੀਹੇ ਸਹਿਣ ਉਪਰੰਤ ਵੀ ਆਪਣੇ ਦ੍ਰਿੜ ਇਰਾਦੇ 'ਤੇ ਡਟੀ ਰਹੀ।

ਇਹ ਉਦੋਂ ਦੀ ਗੱਲ ਹੈ ਜਦੋਂ ਜੱਲ੍ਹਿਆਂ ਵਾਲੇ ਬਾਗ ਅੰਦਰ ਨਿਹੱਥੇ ਲੋਕਾਂ ਉਪਰ ਜ਼ਾਲਮ ਓਡਵਾਇਰ ਵਲੋਂ ਅੰਨ੍ਹੇਵਾਹ ਗੋਲੀਆਂ ਚਲਾ ਕੇ ਅਨਗਿਣਤ ਲੋਕਾਂ ਨੂੰ ਸ਼ਹੀਦ ਕੀਤਾ ਗਿਆ ਸੀ। ਬੀਬੀ ਤੋਂ ਕਿਸੇ ਵੀ ਕਿਸਮ ਦਾ ਕੋਈ ਸੁਰਾਗ ਨਾ ਮਿਲਿਆ ਅਤੇ ਨਾ ਹੀ ਬੀਬੀ ਖਿਲਾਫ ਕੋਈ ਦੋਸ਼ ਸਾਬਤ ਹੋਇਆ ਸੀ। ਹਰ ਹੱਥਕੰਡਾ ਵਰਤਣ ਨਾਲ ਵੀ ਗੋਰੀ ਸਰਕਾਰ ਨੂੰ ਬੀਬੀ ਖਿਲਾਫ ਕੋਈ ਵੀ ਸਬੂਤ ਨਹੀਂ ਮਿਲਿਆ ਸੀ। ਬੰਗਾਲ ਰੈਗੂਲੇਸ਼ਨ ਐਕਟ ਦੇ ਤਹਿਤ ਢਾਈ ਤਿੰਨ ਸਾਲਾਂ ਬਾਅਦ ਬੀਬੀ ਨੂੰ ਰਿਹਾਅ ਕੀਤਾ ਗਿਆ ਸੀ। ਇਥੋਂ ਰਿਹਾਅ ਹੋਣ ਪਿੱਛੋਂ ਬੀਬੀ ਸਿੱਧੀ ਕੋਟਲਾ ਨੌਧ ਸਿੰਘ ਵਾਲਾ ਵਿਖੇ ਅਮਰ ਸਿੰਘ ਦੇ ਘਰ ਪਹੁੰਚ ਗਈ ਸੀ। ਜੇਲ੍ਹ ਵਿੱਚ ਦਿੱਤੇ ਗਏ ਅਣਮਨੁੱਖੀ ਤਸੀਹਿਆਂ ਕਾਰਨ ਬੀਬੀ ਬਹੁਤ ਕਮਜ਼ੋਰ ਹੋ ਚੁੱਕੀ ਸੀ। ਉਸ ਨੂੰ ਸਭ ਤੋਂ ਵੱਧ ਗਮ ਤੇ ਝੋਰਾ ਗਦਰੀ ਸਾਥੀਆਂ ਦੇ ਵਿਛੋੜੇ ਦਾ ਸੀ। ਬੀਬੀ ਹੁਣ ਜਿਆਦਾ ਸੋਚਦੀ ਤੇ ਪਿਛਲੇ ਖਿਆਲਾਂ ਵਿੱਚ ਡੁੱਬੀ ਰਹਿੰਦੀ ਸੀ। ਉਸ ਦਾ ਖਾਣਾ-ਪੀਣਾ ਵੀ ਬਹੁਤ ਘੱਟ ਹੋ ਗਿਆ ਸੀ । ਦਿਨੋਂ-ਦਿਨ ਉਸ ਦਾ ਰੰਗ ਵੀ ਪੀਲਾ ਪੈਂਦਾ ਜਾ ਰਿਹਾ ਸੀ।

ਇੱਕ ਦਿਨ ਬੱਬਰ ਅਕਾਲੀ ਕਰਮ ਸਿੰਘ ਦੌਲਤ ਪੁਰੀਆ, ਅਮਰ ਸਿੰਘ ਨਾਲ ਬੀਬੀ ਗੁਲਾਬ ਕੌਰ ਨੂੰ ਮਿਲਣ ਲਈ ਆਇਆ ਸੀ। ਉਹ ਵਿਹੜੇ ਵਿੱਚ ਮੰਜੇ 'ਤੇ ਚੁੱਪ-ਚਾਪ ਬੈਠੀ ਸੀ। ਬੀਬੀ ਨੂੰ ਮਿਲ ਕੇ ਉਹ ਬਹੁਤ ਖੁਸ਼ ਹੋਇਆ ਤੇ ਕਹਿਣ ਲਗਿਆ " ਬੀਬੀ ਭੈਣ, ਤੂੰ ਸਭ ਗਦਰੀਆਂ ਦੀ ਭੈਣ ਐਂ। ਮੈ ਤੇਰਾ ਦੇਸ਼ ਪ੍ਰਤੀ ਸਿਦਕ, ਪਿਆਰ ਅਤੇ ਅਣਥੱਕ ਮਿਹਨਤ ਤੋਂ ਬਹੁਤ ਪ੍ਰਭਾਵਤ ਹਾਂ। ਬੀਬੀ ਤੇਰੇ ਅਗੇ ਮੇਰਾ ਵਾਰ ਵਾਰ ਸਿਰ ਨਿਵਾਣ ਨੂੰ ਦਿਲ ਕਰਦੈ। ਮੈਨੂੰ ਤੂੰ ਅਸ਼ੀਰਬਾਦ ਦੇ ਤਾਂ ਕਿ ਮੈ ਵੀ ਹੱਸ ਕੇ ਦੇਸ਼-ਕੌਮ ਲਈ ਸ਼ਹੀਦੀ ਪਾ ਜਾਵਾਂ।" ਅੱਗੋਂ ਬੀਬੀ ਨੇ ਕਿਹਾ ਕਿ "ਵੀਰਾ ਕਰਮ ਸਿਆਂ, ਮੈ ਗਦਰੀ ਵੀਰਾਂ ਦੀ ਭੈਣ ਹਾਂ ਤੇ ਬਬਰਾਂ ਦੀ ਵੀ ਭੈਣ ਹਾਂ। ਮੇਰੇ ਗਦਰੀ ਤੇ ਬਬਰ ਅਕਾਲੀ ਵੀਰਾ! ਤੂੰ ਆਪਣੇ ਮਿਸ਼ਨ ਵਿੱਚ ਸਫਲ ਹੋ, ਤੇ ਜੁੱਗ ਜੁੱਗ ਜਿਉਂਦਾ ਰਹੇਂ। ਦੇਸ਼ ਅਜ਼ਾਦ ਹੋਵੇ ਤੇ ਦੁਸ਼ਮਨਾਂ ਦਾ ਨਾਸ਼ ਹੋਵੇ।" ਇਹ ਭਾਵਨਾ, ਇਹ ਸਿਦਕ ਪੰਜਾਬ ਦੀ ਸ਼ੇਰਨੀ ਗਦਰੀ ਗੁਲਾਬ ਕੌਰ ਦੇ ਅੰਦਰ ਕੁੱਟ ਕੁੱਟ ਕੇ ਭਰਿਆ ਹੋਇਆ ਸੀ। ਉਸਦਾ ਹਰ ਸਾਹ, ਹਰ ਕਰਮ ਆਪਣੇ ਦੇਸ਼ ਲਈ ਸੀ। ਜਿਉਣਾ ਦੇਸ਼ ਲਈ ਤੇ ਮਰਨਾ ਦੇਸ਼ ਲਈ ਸੀ। ਪੁਲਿਸ ਤਸ਼ੱਦਦ ਕਾਰਨ ਲੱਗੀਆਂ ਅੰਦਰੂਨੀ ਸੱਟਾ ਤੰਗ ਕਰ ਰਹੀਆਂ ਸਨ। ਲਹੌਰ ਜੇਲ੍ਹ ਅੰਦਰ ਉਨ੍ਹਾਂ ਦੀ ਛਾਤੀ ਉਤੇ ਮਾਰੇ ਅਨੇਕਾਂ ਲੱਤਾਂ-ਪੈਰਾਂ ਦੇ ਠੁੱਡਿਆਂ ਕਾਰਨ ਅੰਦਰ ਹੀ ਅੰਦਰ ਜੜਾਂ ਵਾਲਾ ਫੋੜਾ (ਮੁਗਲਾਈ ਫੋੜਾ) ਬਣ ਗਿਆ ਸੀ। ਆਪਣੇ ਸਭ ਤੋਂ ਵੱਡੇ ਮਿਸ਼ਨ-ਦੇਸ਼ ਨੂੰ ਆਜ਼ਾਦ ਕਰਵਾਉਣ ਦੇ ਸਾਹਮਣੇ ਬੀਬੀ ਨੇ ਆਪਣੀ ਸਿਹਤ ਦੀ ਪਰਵਾਹ ਨਾ ਕਰਦੇ ਹੋਏ ਚੁੱਪ-ਚਾਪ ਇਸ ਦਰਦ ਨੂੰ ਸਹਾਰਿਆ। ਧੰਨ ਸੀ ਪਿੰਡ ਬਖਸ਼ੀਵਾਲੇ ਦੀ ਧਰਤੀ ਤੇ ਧੰਨ ਸੀ ਉਸਦੇ ਮਾਪੇ ਜਿਨ੍ਹਾਂ ਦੀ ਕੁੱਖੋਂ

ਬੀਬੀ ਗੁਲਾਬ ਕੌਰ ਵਰਗੀ ਧੀ ਪੈਦਾ ਹੋਈ ਸੀ। ਉਹ ਧੀ ਜਿਸ ਨੇ ਆਪਣੇ ਦੇਸ਼ ਨੂੰ, ਆਪਣੀ ਮਿੱਟੀ ਨੂੰ ਅਤੇ ਆਪਣੇ ਦੇਸ਼ ਦੇ ਲੋਕਾਂ ਨੂੰ ਲਾਮਿਸਾਲ ਪਿਆਰ ਕੀਤਾ ਅਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਉਹ ਪ੍ਰੇਰਨਾ ਸਰੋਤ ਬਣੀ।

ਬੀਬੀ ਦੀ ਖਰਾਬ ਹੁੰਦੀ ਸਿਹਤ ਨੂੰ ਦੇਖ ਕੇ ਅਮਰ ਸਿੰਘ ਨੂੰ ਚਿੰਤਾ ਹੋਣ ਲੱਗ ਪਈ ਸੀ। ਉਸਨੂੰ ਕਿਸੇ ਨੇ ਦੱਸ ਪਾਈ ਸੀ ਕਿ ਹੁਸ਼ਿਆਰ ਪੁਰ ਇੱਕ ਹਕੀਮ ਦੁਨੀ ਚੰਦ ਆ। ਉਹ ਦੇਸੀ ਇਲਾਜ ਕਰਦੈ, ਇਸਨੂੰ ਉਥੇ ਲੈ ਕੇ ਜਾਵੇ। ਅਮਰ ਸਿੰਘ ਆਪਣੀ ਭੈਣ ਗੁਲਾਬ ਕੌਰ ਨੂੰ ਤੁਰੰਤ ਹੀ ਘੋੜੀ 'ਤੇ ਬੈਠਾ ਕੇ ਹੁਸ਼ਿਆਰਪੁਰ ਨੂੰ ਚਲ ਪਿਆ। ਰਸਤੇ ਵਿੱਚ ਅਸਿਹ ਦਰਦ ਕਾਰਨ ਕਦੇ ਬੀਬੀ ਘੋੜੀ ਤੋਂ ਉਤਰ ਕੇ ਪੈਦਲ ਚੱਲਦੀ ਕਦੇ ਮੁੜ ਘੋੜੀ ਤੇ ਬੈਠ ਜਾਂਦੀ। ਅਮਰ ਸਿੰਘ ਤਾਂ ਸਾਰੇ ਰਸਤੇ ਘੋੜੀ ਦੀ ਲਗਾਮ ਫੜ ਕੇ ਪੈਦਲ ਹੀ ਤੁਰਦਾ ਗਿਆ। ਉਥੇ ਪਹੁੰਚ ਕੇ ਉਨ੍ਹਾਂ ਨੇ ਜਦੋਂ ਦੁਨੀ ਚੰਦ ਨੂੰ ਦੇਖਿਆ ਅਤੇ ਉਸਦੀ ਅਵਾਜ਼ ਸੁਣੀ, ਕੁੱਝ ਜਾਣੀ-ਪਛਾਣੀ ਲੱਗੀ। ਦੋਵੇਂ ਭੈਣ-ਭਾਈ ਅਵਾਜ਼ ਨੂੰ ਪਛਾਨਣ ਦੀ ਕੋਸ਼ਿਸ਼ ਕਰ ਰਹੇ ਸਨ ਪਰ ਯਾਦ ਕੁੱਝ ਨਹੀਂ ਸੀ ਆ ਰਿਹਾ ਕਿ ਇਹ ਅਵਾਜ਼ ਕਿਸ ਦੀ ਆ। ਗੁਲਾਬ ਕੌਰ ਦੀ ਬਿਮਾਰੀ ਲਾ-ਇਲਾਜ ਸੀ ਇਹ ਦੁਨੀ ਚੰਦ ਵੀ ਸਮਝ ਗਿਆ ਸੀ। ਉਸਦੀ ਹਾਲਤ ਨੂੰ ਸਮਝਦੇ ਹੋਏ ਦਵਾਈ ਦੇਣ ਲੱਗਿਆਂ ਦੁਨੀ ਚੰਦ ਨੇ ਕਿਹਾ " ਲੈ ਬੀਬੀ, ਭੈਣ, ਦਵਾਈ ਦੋ ਵਕਤ ਸਵੇਰੇ-ਸ਼ਾਮ ਨੂੰ ਦੁੱਧ ਨਾਲ ਲੈਣੀ ਆ। ਕਿਸੇ ਵੀ ਕਿਸਮ ਦੀ ਕੋਈ ਚਿੰਤਾ ਨਹੀਂ ਕਰਨੀ। ਆਪਣੀ ਖੁਰਾਕ ਦਾ ਵੀ ਧਿਆਨ ਕਰਨੈ ਅਤੇ ਪੂਰਾ ਅਰਾਮ ਵੀ ਕਰਨੈ। ਬੀਬੀ, ਤੂੰ ਬਹੁਤ ਛੇਤੀ ਠੀਕ ਹੋ ਜਾਵੇਂਗੀ।"

ਦਵਾਈ ਲੈਣ ਪਿੱਛੋਂ ਅਮਰ ਸਿੰਘ ਤੇ ਗੁਲਾਬ ਕੌਰ ਉਠ ਕੇ ਤੁਰਨ ਹੀ ਲੱਗੇ ਸਨ ਕਿ ਪਿੱਛੋਂ ਹਕੀਮ ਦੇ ਚੇਲੇ ਨੇ ਅੰਦਰੋਂ ਹੀ ਅਵਾਜ਼ ਮਾਰ ਕੇ ਉਨ੍ਹਾਂ ਨੂੰ ਜਾਣ ਤੋਂ ਰੋਕ ਲਿਆ। ਇਹ ਵੈਦ ਦੁਨੀ ਚੰਦ ਅਸਲ ਵਿੱਚ ਗਦਰੀ ਧਰਮ ਸਿੰਘ ਸੀ ਅਤੇ ਚੇਲਾ ਗਦਰੀ ਕਰਮ ਸਿੰਘ ਸੀ। ਦੁਨੀ ਚੰਦ ਤੇ ਚੇਲਾ ਦੋਵੇਂ ਹੀ ਅਮਰ ਸਿੰਘ ਤੇ ਗੁਲਾਬ ਕੌਰ ਨੂੰ ਦੇਖ ਦੇਖ ਖੁਸ਼ ਹੋ ਰਹੇ ਸਨ ਪਰ ਦੱਸ ਕੁੱਝ ਵੀ ਨਹੀਂ ਰਹੇ ਸੀ। ਅਮਰ ਸਿੰਘ ਦੇ ਕਹਿਣ ਤੇ " ਹਕੀਮ ਜੀ ਕੀ ਤੁਸੀਂ ਹੱਸਦੇ ਹੀ ਜਾਉਗੇ ਜਾਂ ਕੁੱਝ ਦੱਸੋਗੇ ਵੀ? ਕਿਉਂ ਹੱਸ ਰਹੇ ਹੋ? ਕੀ ਤੁਸੀਂ ਬੀਬੀ ਨੂੰ ਜਾਣਦੇ ਹੋ?" ਦੁਨੀ ਚੰਦ ਨੇ ਆਲਾ-ਦੁਆਲਾ ਦੇਖਿਆ ਤੇ ਕਹਿਣ ਲੱਗਾ " ਭਲਾ ਜਾਣਦੇ ਕਿਉਂ ਨਹੀਂ। ਇਹ ਤਾਂ ਸਾਡੀ 'ਭੈਣ' ਆ। ਸਾਡੀ ਹੀ ਨਹੀਂ ਬਲਕਿ ਸਭ ਗਦਰੀਆਂ ਦੀ ਭੈਣ ਆ। ਕਿਉਂ ਭੈਣ ਗੁਲਾਬੋ, ਹੈਂ ਨਾ?" ਹੁਣ ਅਮਰ ਸਿੰਘ ਤੇ ਗੁਲਾਬ ਕੌਰ ਉਨ੍ਹਾਂ ਦੋਵਾਂ ਨੂੰ ਪਹਿਚਾਣ ਗਏ ਸਨ। ਧਰਮ ਸਿੰਘ, ਕਰਮ ਸਿੰਘ, ਅਮਰ ਸਿੰਘ ਤੇ ਗੁਲਾਬ ਕੌਰ ਮਿਲ ਕੇ ਬਹੁਤ ਖੁਸ਼ ਹੋਏ ਸਨ। ਜੇਲ੍ਹ ਤੋਂ ਵਾਪਸ ਆਉਣ ਤੇ ਕਈ ਮਹੀਨੇ ਗੁਜਰਨ ਪਿੱਛੋਂ ਉਸ ਦਿਨ ਬੀਬੀ ਨੂੰ ਹੱਸਦੀ ਦੇਖ ਕੇ ਅਮਰ ਸਿੰਘ ਬਹੁਤ ਖੁਸ਼ ਹੋਇਆ ਸੀ। ਇਸ ਤੋਂ ਪਿੱਛੋਂ ਉਹ ਹੁਸ਼ਿਆਰ ਪੁਰ ਦਵਾਈ ਲੈਣ ਵਾਰ-ਵਾਰ ਜਾਇਆ ਕਰਦੇ ਸਨ। ਗਦਰੀ ਕਰਮ ਸਿੰਘ ਤੇ ਦੁਨੀ ਚੰਦ ਨੂੰ ਮਿਲਕੇ ਗੁਲਾਬ ਕੌਰ ਤੇ ਅਮਰ ਸਿੰਘ ਬਹੁਤ ਖੁਸ਼ ਹੁੰਦੇ ਸਨ ਅਤੇ ਕਿੰਨੀ ਕਿੰਨੀ ਦੇਰ ਆਪਸ ਵਿੱਚ ਗੱਲਾਂ ਕਰਦੇ ਰਹਿੰਦੇ ਸਨ। ਬੀਬੀ ਪਹਿਲਾਂ ਨਾਲੋਂ ਕਾਫੀ ਠੀਕ ਹੋ ਗਈ ਸੀ। ਧਰਮ ਸਿੰਘ ਤੇ ਕਰਮ ਸਿੰਘ ਆਪਣਾ ਭੇਸ ਬਦਲ ਕੇ ਦਵਾਈ-ਬੂਟੀ ਦਾ ਕੰਮ ਵੀ ਕਰਦੇ ਸਨ ਪ੍ਰੰਤੂ ਅਸਲ ਵਿੱਚ ਇਸ ਭੇਸ ਵਿੱਚ ਉਹ ਦੋਵੇਂ ਜਾਣੇ ਬਬਰਾਂ

ਖਾਤਰ ਬੰਬ ਪਟਾਕੇ ਤਿਆਰ ਕਰਦੇ ਸਨ। ਧਾਮੀਆਂ ਵਾਲਾ ਦਲੀਪਾ ਜਿਸ ਨੂੰ ਬੀਬੀ ਨੇ ਆਪਣਾ ਧਰਮ ਦਾ ਪੁੱਤ ਬਣਾ ਰੱਖਿਆ ਸੀ, ਉਸ ਨੂੰ ਵੀ ਗਦਰੀ ਅਮਰ ਸਿੰਘ ਨੇ ਇਨ੍ਹਾਂ ਕੋਲ ਹੀ ਬੰਬ ਬਨਾਉਣ ਦੀ ਵਿਧੀ ਸਿੱਖਣ ਲਈ ਛੱਡਿਆ ਸੀ।

ਗੁਲਾਬ ਕੌਰ ਦਲੀਪੇ ਨੂੰ ਬਹੁਤ ਪਿਆਰ ਕਰਦੀ ਸੀ। ਦਲੀਪੇ ਨੂੰ ਵੀ ਛੋਟੀ ਉਮਰ ਵਿੱਚ ਹੀ ਬਬਰੀਆਂ ਦੇ ਨਾਲ ਹੀ ਫੜ ਲਿਆ ਗਿਆ ਸੀ ਅਤੇ ਫਾਂਸੀ ਦੀ ਸਜਾ ਹੋ ਗਈ ਸੀ। ਸਰਕਾਰ ਸ਼ਹੀਦਾਂ ਦੇ ਮ੍ਰਿਤ ਸ਼ਰੀਰਾਂ ਨੂੰ ਉਨ੍ਹਾਂ ਦੇ ਵਾਰਸਾਂ ਨੂੰ ਦੇਣਾ ਨਹੀਂ ਸੀ ਚਾਹੁੰਦੀ ਪ੍ਰੰਤੂ ਲੋਕਾਂ ਦੇ ਰੋਹ ਭਰੇ ਠਾਠਾਂ ਮਾਰਦੇ ਇਕੱਠ ਤੋਂ ਘਬਰਾ ਕੇ ਉਹ ਮ੍ਰਿਤ ਸ਼ਰੀਰ ਉਨ੍ਹਾਂ ਦੇ ਵਾਰਸਾਂ ਦੇ ਸਪੁਰਦ ਕਰਨ ਲਈ ਬੇਬਸ ਹੋ ਗਈ ਸੀ। ਸ਼ਹੀਦਾਂ ਦੇ ਮ੍ਰਿਤ ਸ਼ਰੀਰ ਲੈਣ ਲਈ ਲੋਕ ਆਪ ਮੁਹਾਰੇ ਅੱਗੇ ਵੱਧਦੇ ਜਾ ਰਹੇ ਸਨ। ਉਸ ਦਿਨ ਦਲੀਪੇ ਦੀ ਲਾਸ਼ ਨੂੰ ਲੈਣ ਲਈ ਗੁਲਾਬ ਕੌਰ ਵੀ ਗਈ ਸੀ। ਇੰਦਰ ਕੌਰ ਤੇ ਮਿਹਰ ਸਿੰਘ ਪਹਿਲਾਂ ਹੀ ਗੁਰਦੁਆਰਾ ਸਾਹਿਬ ਵਿਖੇ ਪਹੁੰਚ ਗਏ ਸਨ। ਅਰਦਾਸ ਤੋਂ ਪਿਛੋਂ ਜੇਲ੍ਹ ਵੱਲ ਨੂੰ ਜਾਂਦੇ ਸਮੇਂ ਗੁਲਾਬ ਕੌਰ ਭੀੜ ਨੂੰ ਚੀਰ ਕੇ ਅੱਗੇ ਪਹੁੰਚ ਗਈ ਤੇ ਸ਼ਹੀਦ ਹੋ ਚੁੱਕੇ ਦਲੀਪੇ ਦੀ ਲਾਸ਼ ਨੂੰ ਅੱਗੇ ਹੋ ਕੇ ਆਪਣਾ ਮੋਢਾ ਦਿੱਤਾ। ਦਲੀਪੇ ਦੀ ਸ਼ਹੀਦੀ ਪਿਛੋਂ ਤਾਂ ਉਹ ਟੁੱਟ ਹੀ ਚੁੱਕੀ ਸੀ। ਉਸਨੂੰ ਘੁਣ ਦੀ ਤਰ੍ਹਾਂ ਆਪਣੇ ਗਦਰੀ ਵੀਰਾਂ ਦੇ ਚਲੇ ਜਾਣ ਦੇ ਸਦਮੇ ਖਾ ਰਹੇ ਸਨ। ਭੁੱਖ ਪਿਆਸ ਸਭ ਮਿਟ ਚੁੱਕੀ ਸੀ। ਉਹ ਕਈ ਕਈ ਦਿਨ ਖਾਂਦੀ ਵੀ ਕੁੱਝ ਨਹੀਂ ਸੀ। ਉਹ ਹਰ ਵਕਤ ਸ਼ਹੀਦਾਂ ਦੀਆਂ ਗੱਲਾਂ ਆਪ ਮੁਹਾਰੇ ਕਰਦੀ ਰਹਿੰਦੀ ਸੀ। ਇਸ ਤਰ੍ਹਾਂ ਬੀਬੀ ਬਹੁਤ ਕਮਜੋਰ ਹੁੰਦੀ ਗਈ, ਹੁਣ ਉਸਦਾ ਕਿਧਰੇ ਵੀ ਮਨ ਨਹੀਂ ਲਗਦਾ ਸੀ।

ਗਦਰੀ ਹਰਨਾਮ ਸਿੰਘ ਟੁੰਡੀਲਾਟ ਦੀ ਸਜਾ ਖਤਮ ਹੋ ਗਈ ਸੀ ਤੇ ਉਹ ਅੰਬਾਲਾ ਜੇਲ੍ਹ ਵਿੱਚੋ ਰਿਹਾ ਹੋ ਕੇ ਘਰ ਆ ਗਿਆ ਸੀ। ਉਸ ਦਾ ਸ਼ਰੀਰ ਸੁੱਕ ਕੇ ਪਿੰਜਰ ਹੋਇਆ ਪਿਆ ਸੀ। ਛੇ ਮਹੀਨੇ ਤੱਕ ਉਹ ਬੀਬੀ ਨੂੰ ਮਿਲਣ ਨਾ ਆ ਸਕਿਆ। ਉਹ ਠੀਕ ਹੋ ਕੇ ਇੱਕ ਦਿਨ ਉਸ ਦੀ ਖਬਰ ਲੈਣ ਲਈ ਆਇਆ ਸੀ। ਗੱਲਾਂ ਬਾਤਾਂ ਕੀਤੀਆਂ, ਦੋਵੇਂ ਬਹੁਤ ਖੁਸ਼ ਹੋਏ। ਉਹ ਗੁਲਾਬ ਕੌਰ ਕੋਲ ਬੈਠ ਕੇ ਹਰ ਰੋਜ ਖਬਰਾਂ ਪੜ੍ਹਦਾ ਸੀ। ਕਈ ਦਿਨ ਇਸੇ ਤਰ੍ਹਾਂ ਲੰਘ ਗਏ ਤੇ ਫਿਰ ਇੱਕ ਦਿਨ ਉਸ ਨੇ ਅਖਬਾਰ ਵਿੱਚ ਭਗਤ ਸਿੰਘ, ਸੁਖਦੇਵ ਤੇ ਰਾਜਗੁਰ ਦੀ ਸ਼ਹੀਦੀ ਵਾਰੇ ਪੜ੍ਹਿਆ। ਉਸਨੂੰ ਗਹਿਰਾ ਸਦਮਾ ਲੱਗਿਆ। ਉਹ ਇੱਕ ਟਕ ਅਖਬਾਰ ਵੱਲ ਦੇਖੀ ਗਿਆ ਸੀ। ਗੁਲਾਬ ਕੌਰ ਨੇ ਸੁੰਨ ਹੋਏ ਹਰਨਾਮ ਸਿੰਘ ਨੂੰ ਝੰਝੋੜਿਆ ਤਾਂ ਉਸ ਨੇ ਅਖਬਾਰ ਦਾ ਉਹੀ ਪੰਨਾ ਬੀਬੀ ਦੇ ਮੂਹਰੇ ਕਰ ਦਿੱਤਾ ਸੀ। ਬੀਬੀ ਅਖਬਾਰ ਦੀ ਮੋਟੇ ਅੱਖਰਾਂ ਵਿੱਚ ਛਪੀ ਖਬਰ "ਭਗਤ ਸਿੰਘ, ਰਾਜ ਗੁਰੂ ਅਤੇ ਸੁਖਦੇਵ ' ਆਦਿ ਸਾਥੀਆਂ ਨੂੰ ਫਾਂਸੀ ਲਗਾ ਦਿੱਤੀ ਹੈ" ਵਾਰੇ ਪੜ੍ਹਿਆ ਤਾਂ ਸੁੰਨ ਹੋ ਗਈ। ਉਸ ਦੀਆਂ ਅੱਖਾਂ ਪਥਰਾ ਗਈਆਂ। ਕੁੱਝ ਸੁੱਝ ਨਹੀਂ ਸੀ ਰਿਹਾ। ਬੀਤੀ ਤਾਂ ਉਹ ਪਹਿਲਾਂ ਹੀ ਪਈ ਸੀ। ਜੇਲ੍ਹ ਵਿੱਚ ਕੀਤੇ ਗਏ ਅਣਮਨੁੱਖੀ ਕੁਟਾਪੇ ਦੀਆਂ ਸੱਟਾਂ ਨਸੂਰ ਬਣ ਚੁੱਕੀਆਂ ਸਨ।

ਉਸਨੂੰ ਪਹਿਲਾਂ ਸ਼ਹੀਦ ਹੋਏ ਸਾਥੀਆਂ ਦੀ ਵੀ ਵਾਰੀ ਵਾਰੀ ਯਾਦ ਤਾਜਾ ਹੋਣ ਲੱਗੀ। ਧਿਆਨ ਸਿੰਘ ਉਮਰਪੁਰਾ, ਹਾਫਜ ਅਬਦੁੱਲਾ, ਜਗਤ ਸਿੰਘ, ਰਹਿਮਤ ਅਲੀ, ਜੀਵਨ ਸਿੰਘ ਦੌਲੇ ਸਿੰਘ ਵਾਲਾ, ਕਰਤਾਰ ਸਿੰਘ ਸਰਾਭਾ, ਸਭ ਇੱਕ ਇੱਕ ਕਰਕੇ ਅੱਖਾਂ ਮੂਹਰੇ ਫਿਰਨ ਲੱਗੇ।---

ਦਿਲਾ ਦਰਦੀਆ ਗੀਤ ਸੁਣਾ ਕੋਈ, ਯਾਦ ਵਤਨ ਤੇ ਵਤਨ ਦਾ ਪਿਆਰ ਹੋਵੇ।
ਨਕਸ਼ਾ ਬੰਨ੍ਹ ਦੇਹ ਹਿੰਦ ਦੇ ਚਮਨ ਵਾਲਾ, ਪੰਛੀ ਚਹਿਕਦੇ ਖਿੜੀ ਗੁਲਜ਼ਾਰ ਹੋਵੇ।
ਹਰ ਇੱਕ ਸਦ ਚੋਂ ਵਤਨ ਆਵਾਜ਼ ਆਵੇ, ਬੜੀ ਸੁਰਾਂ ਵਿੱਚ ਪ੍ਰੇਮ ਦੀ ਤਾਰ ਹੋਵੇ।
ਕੋਈ ਪ੍ਰੇਮ ਦੀ ਚਿਣਗ ਲਗਾ ਐਸੀ, ਵਤਨ ਵਾਲਿਆ ਵਤਨ ਦੀ ਸਾਰ ਹੋਵੇ।
ਸਾਨੂੰ ਸਿੰਘ ਕਰਤਾਰ ਦਾ ਦੱਸ ਜਲਵਾ, ਬਾਂਕੇ ਸ਼ੇਰ ਦਾ ਕਦੇ ਦਿਦਾਰ ਹੋਵੇ।
ਕਿਧਰੇ ਤੁਖਮ ਫਰੰਗੀ ਦਾ ਪਿਆ ਮੇਟੇ, ਕਿਤੇ ਕੱਢਦਾ ਗਦਰ ਅਖਬਾਰ ਹੋਵੇ।
ਕਿਤੇ ਮੁਲਕ ਦਾ ਦਰਦ ਵੰਡਾਣ ਬਦਲੇ, ਗਲ ਵਿੱਚ ਪਾਂਵਦਾ ਫਾਂਸੀ ਦਾ ਤਾਰ ਹੋਵੇ।

ਉਹ ਉਚੀ ਉਚੀ ਸਭ ਨੂੰ ਅਵਾਜਾਂ ਮਾਰਨ ਲੱਗ ਪਈ। ਉਸ ਦੇ ਪੈਰ ਲੜਖੜਾਉਣ ਲੱਗ ਪਏ ਸਨ। ਉਹ ਸਾਹੋ ਸਾਹ ਹੋ ਰਹੀ ਸੀ। ਉਹ ਡਿਗਦੀ ਡਿਗਦੀ ਮਸਾਂ ਸੰਭਲੀ ਤੇ ਜ਼ਮੀਨ ਤੇ ਬੈਠ ਗਈ। ਆਪਣੇ ਮੂੰਹ ਤੇ ਦੋਵੇਂ ਹੱਥ ਰੱਖ ਕੇ ਉਹ ਰੋਣ ਲੱਗ ਪਈ ਸੀ। ਉਹ ਰੋਂਦੀ ਹੀ ਗਈ ਜਿਨਾ ਚਿਰ ਉਹ ਬੇਸੁੱਧ ਨਹੀਂ ਸੀ ਹੋ ਗਈ। ਘਰ ਵਿੱਚ ਹੋਰ ਕੋਈ ਨਹੀ ਸੀ। ਅਮਰ ਸਿੰਘ ਤੇ ਚਾਚੀ ਦੋਵੇਂ ਬਾਹਰ ਗਏ ਹੋਏ ਸਨ। ਹੋਸ਼ ਆਉਣ ਤੇ ਉਹ ਗਿਰਦੀ-ਢਹਿੰਦੀ ਉਠੀ ਤੇ ਆਪਣਾ ਚਰਖਾ ਡਾਹ ਲਿਆ। ਜੋਰ ਜੋਰ ਦੀ ਉਸ ਦੀ ਹੱਥੀ ਨੂੰ ਗੇੜਾ ਦੇਣ ਲੱਗੀ ਤੇ ਗੁਣਗੁਣਾਉਂਦੀ ਗਈ।

ਹੌਲੀ ਹੌਲੀ ਗਾਉਂਦੀ ਦੀ ਉਸ ਦੀ ਅਵਾਜ਼ ਉਚੀ ਹੋ ਗਈ-----
ਰਾਜ ਫਰੰਗੀ ਦਾ, ਬਾਹਲੀ ਦੇਰ ਨਹੀਂ ਰਹਿਣਾ।
ਰਾਜ ਫਰੰਗੀ ਦਾ ।
ਉਹ ਵਾਰ ਵਾਰ ਇਹ ਲਾਇਨਾ ਗਾਉਣ ਲੱਗੀ---
ਭਗਤ ਤੁਰ ਗਿਆ, ਤੁਰ ਗਏ ਉਸਦੇ ਸਾਥੀ।
ਮੇਰੀ ਕਰ ਦਿਉ ਬੰਦ ਖਲਾਸੀ।
ਮੇਰੀ ਵਾਰੀ ਆਈ ਵੀਰਨੋਂ,
ਮੇਰੀ ਕਰ ਦਿਉ ਬੰਦ ਖਲਾਸੀ।
ਜੇਲ੍ਹਾਂ ਭਰਨ ਦਾ ਖਹਿੜਾ ਛੱਡੋ,
ਮੰਨ ਲਉ ਮੇਰਾ ਕਹਿਣਾ।
ਵੀਰਨੋਂ ਮੰਨ ਲਉ ਮੇਰਾ ਕਹਿਣਾ।
ਫਾਂਸੀ ਸਾਡਾ ਗਹਿਣਾ ਹੋਈ,
ਹੋਰ ਜ਼ੁਲਮ ਨਹੀਂ ਸਹਿਣਾ।
ਰਾਜ ਫਰੰਗੀ ਦਾ
ਅਸਾਂ ਰਹਿਣ ਨਹੀਂ ਦੇਣਾ,
ਰਾਜ ਫਰੰਗੀ ਦਾ।

ਗਾਉਂਦੀ ਨੂੰ ਗੁਲਾਬ ਕੌਰ ਨੂੰ ਪਸੀਨਾ ਬਹੁਤ ਆ ਰਿਹਾ ਸੀ। ਉਸ ਨੂੰ ਹੁਣ ਕੁੱਝ ਨਹੀਂ ਸੁੱਝ ਰਿਹਾ ਸੀ। ਫੇਰ ਚਰਖਾ ਛੱਡ ਕੇ ਆਪਣੇ ਵੀਰਾਂ ਨੂੰ ਯਾਦ ਕਰਨ ਲਗੀ। ਕਦੇ ਹੰਭਲਾ ਮਾਰ ਕੇ ਉਠਦੀ, ਗਾਉਂਦੀ, ਫਿਰ ਚੱਕਰ ਕੱਢਣ ਲਗਦੀ ਸੀ। ਅੰਤ ਨੂੰ ਉਹ ਉਚੀ ਉਚੀ ਗਾਉਂਦੀ----ਰਾਜ ਫਰੰਗੀ ਦਾ, ਅਸਾਂ ਰਹਿਣ ਨਹੀਂ ਦੇਣਾ, ਵੀਰਨੋ ਅਸਾਂ ਰਹਿਣ ਨਹੀਂ ਦੇਣਾ। ਕਰਦੀ ਹਫ ਕੇ ਜ਼ਮੀਨ ਤੇ ਗਿਰ ਗਈ। ਉਸ ਦਾ ਚਿਹਰਾ ਸ਼ਾਂਤ ਤੇ ਸ਼ਰੀਰ ਠੰਡਾ ਹੋ ਗਿਆ ਸੀ। ਕਿਸ ਨੂੰ ਪਤਾ ਸੀ ਕਿ ਪੰਜਾਬ ਦੀ

ਸ਼ੇਰਨੀ ਅਤੇ ਸਭ ਗਦਰੀਆਂ ਦੀ ਭੈਣ ਬੀਬੀ ਗੁਲਾਬ ਕੌਰ ਇਸ ਤਰ੍ਹਾਂ ਗਿਰ ਕੇ ਕਦੇ ਉਠ ਹੀ ਨਹੀਂ ਸਕੇਗੀ। ਸੱਚ, ਉਹ ਮੁੜ ਕੇ ਨਾ ਉਠੀ। ਸਦਾ ਦੀ ਨੀਂਦ ਸੌਂ ਗਈ ਸੀ। ਉਸ ਦੀ ਸਾਰੀ ਤੜਫਣਾ, ਸਾਰੇ ਦੁੱਖ-ਦਰਦ ਮੁੱਕ ਚੁੱਕੇ ਸਨ। ਜਿਹੜੀ ਆਪਣੇ ਵੀਰਾਂ ਲਈ ਤੜਫਦੀ ਤੇ ਸਹਿਕਦੀ ਰਹਿੰਦੀ ਸੀ, ਉਸਦੀ ਤੜਫਣ ਵੀ ਮੁੱਕ ਚੁੱਕੀ ਸੀ। ਉਸ ਵਕਤ ਉਹ ਆਪਣੀਆਂ ਸਾਰੀਆਂ ਤਕਲੀਫਾਂ ਤੋਂ ਮੁਕਤ ਹੋ ਕੇ ਬਿਲਕੁਲ ਸ਼ਾਂਤ ਪਈ ਲਗਦੀ ਸੀ। ਉਹ ਤਾਂ ਸਦਾ ਲਈ ਆਪਣੀ ਜ਼ਿੰਦਗੀ ਦਾ ਸਫਰ ਪੂਰਾ ਕਰਕੇ ਆਪਣੇ ਸ਼ਹੀਦ ਵੀਰਾਂ ਦੇ ਸੰਗ ਜਾ ਰਲੀ ਸੀ। (ਕੇਸਰ ਸਿੰਘ ਦੇ ਇਤਿਹਾਸਕ ਨਾਵਲ ਗਦਰੀ ਗੁਲਬ ਕੌਰ ਦੇ ਹਵਾਲੇ ਨਾਲ)

ਗਦਰੀ ਬੀਬੀ ਪੁਲਾਬ ਕੌਰ ਦੀ ਮੌਤ ਵਾਰੇ ਅਲੱਗ ਅਲੱਗ ਵਿਚਾਰ ਸਾਹਮਣੇ ਆਏ ਹਨ। ਕੇਸਰ ਸਿੰਘ ਆਪਣੀ ਲਿਖਤ "ਗਦਰੀ-ਗੁਲਾਬ" ਇਤਿਹਾਸਕ ਨਾਵਲ ਵਿੱਚ ਉਸਦੀ ਮੌਤ ਦਾ ਸਾਲ 1931 ਸਰਦਾਰ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੀ ਫਾਂਸੀ" ਲੱਗਣ ਤੋਂ ਕੁੱਝ ਦਿਨ ਪਿੱਛੋਂ ਦਾ ਦਿੰਦੇ ਹਨ। ਇਸੇ ਤਰ੍ਹਾਂ ਬਲਬੀਰ ਲੌਂਗੋਵਾਲ ਆਪਣੀ ਲਿਖਤ " ਸੰਗਰੂਰ ਜਿਲ੍ਹੇ ਦੇ ਸ਼ਹੀਦ ਅਤੇ ਦੇਸ਼ ਭਗਤ" ਨਾਮਕ ਕਿਤਾਬ ਵਿੱਚ ਬੀਬੀ ਗੁਲਾਬ ਕੌਰ ਵਾਰੇ ਲਿਖਦੇ ਹਨ ਕਿ ਅੰਤ ਵਿੱਚ ਉਨ੍ਹਾਂ ਦੀ ਮੌਤ 1931 ਵਿੱਚ ਪਿੰਡ ਕੋਟਲਾ ਨੌਧ ਸਿੰਘ ਵਾਲਾ ਦੱਸਦੇ ਹਨ। ਮਿਲਖਾ ਸਿੰਘ ਸਨੇਹੀ ਦੀ ਲਿਖੀ "ਗਦਰੀ ਬੀਬੀ ਗੁਲਾਬ ਕੌਰ ਬਖਸ਼ੀਵਾਲਾ" ਵਿੱਚ ਬੀਬੀ ਦਾ ਅੰਤਮ ਵਿਛੋੜਾ ਸਨ 1941 ਲਿਖਿਆ ਗਿਆ ਹੈ। ਇਸੇ ਕਿਤਾਬ ਦੇ ਵਿੱਚ ਲਿਖੇ ਆਰਟੀਕਲ " ਬੀਬੀ ਗੁਲਾਬ ਕੌਰ" ਦੇ ਲੇਖਕ ਕਾਮਰੇਡ ਚਰੰਜੀ ਲਾਲ ਕੰਗਣੀਵਾਲ ਵੀ ਲਿਖਦੇ ਹਨ ਕਿ ਪੰਜਾਬ ਦੀ ਸ਼ੇਰਨੀ 1941 ਨੂੰ ਇਸ ਦੁਨੀਆਂ ਤੋਂ ਰੁਕਸਤ ਹੋ ਗਈ। ਗਦਰੀ ਬਾਬਿਆਂ ਦੇ ਮਾਨਤਾ ਪ੍ਰਾਪਤ ਇਤਿਹਾਸਕਾਰ ਪ੍ਰੋਫੈਸਰ ਮਾਲਵਿੰਦਰਜੀਤ ਸਿੰਘ ਵੜੈਚ ਆਪਣੇ ਆਰਟੀਕਲ "ਗਦਰੀ ਗੁਲਾਬ ਕੌਰ" ਵਿੱਚ ਬੀਬੀ ਦੀ ਮੌਤ ਦਾ ਸਾਲ 1941 ਹੀ ਦੱਸਦੇ ਹਨ।

ਉਪਰੋਕਤ ਸ਼ਸ਼ੋਪੰਜ ਵਿੱਚ ਘਿਰ ਕੇ ਸਹੀ ਜਾਣਕਾਰੀ ਲੈਣ ਦੀ ਕੋਸ਼ਿਸ਼ ਵਿੱਚ ਪਿੰਡ ਕੋਟਲਾ ਨੌਧ ਸਿੰਘ ਵਾਲਾ ਪਹੁੰਚ ਕੀਤੀ। ਉਥੇ ਗਦਰੀ ਸ਼ਿਵ ਸਿੰਘ ਦੇ ਘਰ ਉਨ੍ਹਾਂ ਦੇ ਪੋਤੇ ਜਰਨੈਲ ਸਿੰਘ ਪੁੱਤਰ ਤੇਜਾ ਸਿੰਘ ਨੂੰ ਮਿਲ ਕੇ ਗਦਰੀ ਗੁਲਾਬ ਕੌਰ ਦੀ ਮਰਨ-ਤਾਰੀਖ ਦੀ ਸਚਾਈ ਜਾਨਣੀ ਚਾਹੀ ਕਿਉਂਕਿ ਉਨ੍ਹਾਂ ਦੇ ਨਾਲ ਹੀ ਲਗਦਾ ਘਰ ਗਦਰੀ ਅਮਰ ਸਿੰਘ ਤੇ ਹਰਨਾਮ ਸਿੰਘ ਟੁੰਡੀਲਾਟ ਦਾ ਸੀ। ਬੀਬੀ ਗੁਲਾਬ ਕੌਰ ਮਨੀਲਾ ਤੋਂ ਆ ਕੇ ਅਮਰ ਸਿੰਘ ਦੇ ਘਰ ਹੀ ਰਹੀ ਸੀ ਅਤੇ ਉਥੋਂ ਹੀ ਪਾਰਟੀ ਵਲੋਂ ਲੱਗੀਆਂ ਜਿੰਮੇਵਾਰੀਆਂ ਨੂੰ ਨੇੜਲੇ ਪਿੰਡਾਂ, ਅੰਮ੍ਰਿਤਸਰ, ਲਹੌਰ ਅਤੇ ਜੇਹਲਮ ਤੱਕ ਬਾਖੂਬੀ ਪੂਰਿਆਂ ਕਰਦੀ ਰਹੀ ਸੀ। ਉਨ੍ਹਾਂ ਦੀਆਂ ਇਨ੍ਹਾਂ ਗਤੀਵਿਧੀਆਂ ਕਾਰਨ ਹੀ ਉਥੇ ਹੀ ਰਹਿੰਦੀ ਨੂੰ ਗ੍ਰਿਫਤਾਰ ਕੀਤਾ ਗਿਆ ਸੀ ਅਤੇ ਜੇਲ੍ਹ ਤੋਂ ਵਾਪਸ ਆ ਕੇ ਵੀ ਆਪਣੇ ਆਖਰੀ ਸਾਹਾਂ ਤੱਕ ਉਹ ਉਨ੍ਹਾਂ ਪਰਿਵਾਰਾਂ ਵਿੱਚ ਹੀ ਉਨ੍ਹਾਂ ਦੇ ਪਰਿਵਾਰਕ ਮੈਂਬਰ ਦੀ ਤਰ੍ਹਾਂ ਹੀ ਰਹੀ ਸੀ। ਜਰਨੈਲ ਸਿੰਘ ਇਹ ਦਾਅਵਾ ਕਰਦਾ ਸੀ ਕਿ ਗਦਰੀ ਹਰਨਾਮ ਸਿੰਘ ਟੁੰਡੀਲਾਟ ਨੇ ਆਪ ਮੈਨੂੰ ਇਸ ਵਾਰੇ ਲਿਖਾਇਆ ਸੀ ਜਿਹੜੀ ਇਹ 'ਲਿਖਤ ਮੈਂ ਆਪਣੇ ਕੋਲ ਸਾਂਭ ਕੇ ਰੱਖੀ ਹੈ' ਉਸਨੇ ਉਹ ਲਿਖਤ ਦਿਖਾਉਂਦੇ ਹੋਏ ਨੇ ਦੱਸਿਆ। ਜਰਨੈਲ ਸਿੰਘ ਅਤੇ ਗਦਰੀ ਅਮਰ ਸਿੰਘ ਦੇ ਭਰਾ ਦੇ ਪੋਤੇ ਅਨੁਸਾਰ

ਜਿਹੜਾ ਉਸ ਸਮੇਂ ਕਨੇਡਾ ਤੋਂ ਆਇਆ ਹੋਇਆ ਸੀ, ਗਦਰੀ ਬੀਬੀ ਗੁਲਾਬ ਕੌਰ ਦੀ ਮੌਤ 28 ਜੁਲਾਈ 1925 ਵਿੱਚ ਛਾਤੀ ਵਿੱਚ ਫੈਲੇ ਭਿਆਨਕ ਕੈਂਸਰ ਕਾਰਨ ਸੂਰਜ ਦੇ ਛਪਾਅ ਸਮੇਂ ਹੋਈ ਸੀ। ਅੱਗੇ ਦੱਸਦੇ ਹਨ ਕਿ ਬੀਬੀ ਦੀ ਮੌਤ ਦੀ ਖਬਰ ਸੁਣ ਕੇ ਆਜ਼ਾਦੀ ਦੇ ਚਾਹਵਾਨ ਲੋਕ ਪਿੰਡ-ਵਾਸੀ ਭਾਈ ਅਮਰ ਸਿੰਘ ਦੇ ਘਰ ਪੁੱਜਣੇ ਸ਼ੁਰੂ ਹੋ ਗਏ ਸਨ। ਸਾਰੀ ਰਾਤ ਗਦਰੀ ਬਾਬਾ ਸਿਵ ਸਿੰਘ ਅਤੇ ਅਮਰ ਸਿੰਘ ਬੀਬੀ ਦੀ ਮ੍ਰਿਤਕ ਦੇਹ ਦੇ ਕੋਲ ਹੀ ਬੈਠੇ ਰਹੇ ਸਨ ਅਤੇ ਪਿੰਡ ਵਾਸੀਆਂ ਨੂੰ ਬੀਬੀ ਦੇ ਜੀਵਨ ਦੀ ਦੁਖਦ, ਜੋਸ਼ ਭਰੀਆਂ ਅਤੇ ਪ੍ਰੇਰਨਾਦਾਇਕ ਵਿਰਤਾਂਤ ਬਾਬਤ ਜਾਣਕਾਰੀ ਦਿੰਦੇ ਰਹੇ। ਦੂਸਰੇ ਦਿਨ ਅੰਗਰੇਜ ਸਰਕਾਰ ਦੇ ਪਿੱਠੂਆਂ ਨੇ ਪਿੰਡ ਵਿੱਚ ਅਫਵਾਹ ਫੈਲਾ ਦਿੱਤੀ ਕਿ ਜੋ ਵੀ ਬੰਦਾ ਗਦਰੀ ਗੁਲਾਬ ਕੌਰ ਦੇ ਸਸਕਾਰ ਦੀ ਰਸਮ ਵਿੱਚ ਸ਼ਾਮਲ ਹੋਵੇਗਾ ਉਸ ਵਿਰੁੱਧ ਜਰੂਰੀ ਕਾਰਵਾਈ ਕੀਤੀ ਜਾਵੇਗੀ। ਉਸ ਮਨਾਹੀ ਦੀ ਪਰਵਾਹ ਨਾ ਕਰਦੇ ਹੋਏ 29 ਜੁਲਾਈ 1925 ਨੂੰ ਬੀਬੀ ਦੀ ਮ੍ਰਿਤਕ ਦੇਹ ਨੂੰ ਨਾਅਰਿਆਂ ਦੀ ਗੂੰਜ ਵਿੱਚ ਬਾਬਾ ਸ਼ਿਵ ਸਿੰਘ, ਭਾਈ ਅਮਰ ਸਿੰਘ, ਸ. ਦਲੀਪ ਸਿੰਘ ਅਤੇ ਸ. ਜਵਾਲਾ ਸਿੰਘ ਨੇ ਬੜੇ ਹੀ ਸਤਿਕਾਰ ਨਾਲ ਆਪਣੇ ਮੋਢਿਆਂ ਉਤੇ ਚੁੱਕ ਕੇ ਪਿੰਡ ਦੇ ਸ਼ਮਸ਼ਾਨ ਘਾਟ ਵਿੱਚ ਪੁਲਿਸ ਸੂਹੀਆਂ ਦੇ ਸਾਹਮਣੇ ਉਸ ਦਾ ਅੰਤਮ ਸਸਕਾਰ ਬੜੀ ਸ਼ਾਨ ਨਾਲ ਕੀਤਾ ਸੀ। 'ਗਦਰੀਆਂ ਦੀ ਭੈਣ' ਬੀਬੀ ਗੁਲਾਬ ਕੌਰ ਦਾ ਅੰਤਮ ਸਸਕਾਰ ਇਨ੍ਹਾਂ ਚੌਹਾਂ ਗਦਰੀਆਂ ਨੇ ਆਪਣੀ ਜਾਨ ਤਲੀ 'ਤੇ ਰੱਖ ਕੇ ਪਿੰਡ ਵਾਸੀਆਂ ਨਰੈਣ ਸਿੰਘ ਪੁੱਤਰ ਪ੍ਰੇਮ ਸਿੰਘ, ਸੁੰਦਰ ਸਿੰਘ, ਬਲਵੰਤ ਸਿੰਘ ਸ਼ਾਹ, ਚਰਨ ਸਿੰਘ, ਕਿਸ਼ਨ ਸਿੰਘ ਘੁਮਿਆਰ ਅਤੇ ਕਿਸ਼ਨ ਸਿੰਘ ਜੱਟ ਦੀ ਹਾਜਰੀ ਵਿੱਚ ਕੀਤਾ ਸੀ। ਇਸ ਤੋਂ ਇਲਾਵਾ ਗਦਰੀ ਭਾਈ ਅਮਰ ਸਿੰਘ ਨੇ 'ਗਦਰੀਆਂ ਦੀ ਭੈਣ' ਬੀਬੀ ਗੁਲਾਬ ਕੌਰ ਦੇ ਫੁੱਲਾਂ-ਪਾਉਣ ਦੀ ਰਸਮ ਵੀ ਆਪ ਹੀ ਪੂਰੀ ਕੀਤੀ ਸੀ।



ਅਮਰ ਸਿੰਘ ਦੇ ਘਰ ਦਾ ਉਹ ਚੁਬਾਰਾ ਜਿੱਥੇ ਗਦਰੀ ਗੁਲਾਬ ਕੌਰ ਆਪਣੇ ਅੰਤਮ ਸਾਹਾਂ ਤੱਕ ਰਹਿੰਦੀ ਰਹੀ

ਮੈਡਮ ਕਾਮਾ

ਸਨ 1857 ਵਿੱਚ ਲੜੀ ਗਈ ਭਾਰਤ ਦੀ ਪਹਿਲੀ ਆਜ਼ਾਦੀ ਦੀ ਲੜਾਈ ਵਿੱਚ ਭਾਵੇਂ ਆਜ਼ਾਦੀ ਦੇ ਪਰਵਾਨਿਆਂ ਨੂੰ ਅੰਗਰੇਜ਼ੀ ਈਸ਼ਟ ਇੰਡੀਆ ਕੰਪਨੀ ਦੀ ਸਰਕਾਰ ਨੇ ਆਪਣੇ ਦਮਨਕਾਰੀ ਢੰਗਾਂ ਨਾਲ ਕੁਚਲ ਤਾਂ ਦਿੱਤਾ ਸੀ ਪ੍ਰੰਤੂ ਇਸ ਸਭ ਦੇ ਬਾਵਜੂਦ ਉਹ ਉਨ੍ਹਾਂ ਦੇ ਮਨਾਂ ਵਿੱਚੋਂ ਆਜ਼ਾਦੀ ਦੇ ਜਜ਼ਬੇ ਨੂੰ ਖਤਮ ਨਹੀਂ ਕਰ ਸਕੇ। ਇਸ ਦੇ ਸਿੱਟੇ ਵਜੋਂ ਉਹ ਹਿੰਦੋਸਤਾਨ ਦੇ ਲੋਕਾਂ ਦੀਆਂ ਭਾਵਨਾਵਾਂ, ਉਨ੍ਹਾਂ ਦੇ ਆਜ਼ਾਦੀ ਪ੍ਰਤੀ ਦ੍ਰਿੜ ਇਰਾਦਿਆਂ, ਨਿਸ਼ਠਾ ਅਤੇ ਕੁਰਬਾਨੀਆਂ ਦੇ ਜਜ਼ਬੇ ਦੇਖ ਕੇ ਬਹੁਤ ਡਰ ਗਏ ਸਨ। ਉਨ੍ਹਾਂ ਨੇ ਦੇਖ ਲਿਆ ਸੀ ਕਿ ਉਨ੍ਹਾਂ ਪ੍ਰਤੀ ਲੋਕਾਂ ਅੰਦਰ ਜੋ ਭਰਮ ਸੀ ਕਿ ਗੋਰੇ ਕਦੇ ਹਾਰ ਨਹੀਂ ਸਕਦੇ, ਉਹ ਸਭ ਟੁੱਟ ਗਿਆ ਸੀ। ਜਿਵੇਂ ਜਿਵੇਂ ਉਹ ਭਾਰਤੀ ਆਜ਼ਾਦੀ ਦੇ ਪਰਵਾਨਿਆਂ ਤੇ ਆਪਣੀ ਜ਼ੁਲਮ ਦੀ ਤਲਵਾਰ ਦੀ ਧਾਰ ਨੂੰ ਹੋਰ ਤੇਜ਼ ਕਰਕੇ ਵਾਰ ਕਰਦੇ ਤਿਵੇਂ ਤਿਵੇਂ ਹੀ ਉਨ੍ਹਾਂ ਅੰਦਰ ਆਪਣੇ ਦੇਸ਼ ਨੂੰ ਆਜ਼ਾਦ ਕਰਵਾਉਣ ਦੀ ਇੱਛਾ ਹੋਰ ਵੀ ਪ੍ਰਬਲ ਹੁੰਦੀ ਗਈ ਸੀ। ਹੁਣ ਉਹ ਭਾਰਤੀਆਂ ਦੇ ਹੌਸਲੇ, ਏਕਤਾ, ਵਿਸ਼ਵਾਸ਼ ਨੂੰ ਤੋੜਨ ਲਈ ਘਿਨੌਣੇ ਹੱਥਕੰਡੇ- ' ਪਾੜੋ ਤੇ ਰਾਜ ਕਰੋ' ਜਾਂ ' ਫਿਰਕੂ ਝਗੜੇ ਕਰਵਾਉਣੇ' ਆਦਿ ਅਪਨਾਉਣ ਲੱਗ ਪਏ ਸਨ।



ਲੋਕਾਂ ਅੰਦਰ ਵੱਧ ਰਹੀ ਬੇਚੈਨੀ ਅਤੇ ਉਨ੍ਹਾਂ ਉਪਰ ਹੋਣ ਵਾਲੇ ਸਰਕਾਰੀ ਦਮਨ ਕਾਰਨ ਲੋਕ ਵੀਹਵੀਂ ਸਦੀ ਦੇ ਆਰੰਭ ਵਿੱਚ ਸਰਕਾਰ ਵਿਰੁੱਧ ਇਕੱਠੇ ਹੋ ਕੇ ਆਪਣੇ ਸੰਘਰਸ਼ ਵਿੱਢਣ ਲੱਗ ਪਏ ਸਨ। ਬੰਗਾਲ ਵਿੱਚ ਇਨਕਲਾਬੀ ਸੰਮਤੀਆਂ ਦੀ ਅਗਵਾਈ ਵਿਰੇਂਦਰ ਕੁਮਾਰ ਘੋਸ਼ ਅਤੇ ਭੁਪਿੰਦਰ ਨਾਥ ਦੱਤ ਕਰਦੇ ਸਨ ਅਤੇ ਇਨ੍ਹਾਂ ਸੰਮਤੀਆਂ ਦੀ ਬਕਾਇਦਾ ਮੈਂਬਰਸ਼ਿਪ ਕੀਤੀ ਜਾਂਦੀ ਸੀ ਅਤੇ ਇਨ੍ਹਾਂ ਦੀ ਮੈਂਬਰਸ਼ਿਪ ਲੱਗਭਗ 20,000 ਸੀ। ਵਿਰੇਂਦਰ ਕੁਮਾਰ ਘੋਸ਼ ਅਤੇ ਭੁਪਿੰਦਰ ਨਾਥ ਦੱਤ ਦੀ ਅਗਵਾਈ ਵਿੱਚ ਇਨ੍ਹਾਂ ਸੰਮਤੀਆਂ ਵਲੋਂ 'ਯੁਗਾਂਤਰ' ਅਤੇ 'ਬੰਦੇ ਮਾਤਰਮ' ਪਰਚੇ ਵੀ ਕੱਢੇ ਗਏ ਸਨ। ਮਈ 1909 ਵਿੱਚ ਅਲੀਪੁਰ ਸਾਜਿਸ ਕੇਸ ਅਧੀਨ 15 ਇਨਕਲਾਬੀਆਂ, ਜਿਨ੍ਹਾਂ ਵਿੱਚ ਵਰਿੰਦਰ ਕੁਮਾਰ ਅਤੇ ਹਿਮਤ ਦਾਸ ਵੀ ਸ਼ਾਮਲ ਸੀ, ਨੂੰ ਕਾਲੇ ਪਾਣੀ ਦੀ ਸਜਾ ਹੋਈ ਸੀ। ਹਰ ਦਿਨ ਬਰਤਾਨਵੀ ਸਰਕਾਰ ਵਲੋਂ ਵੱਧ ਰਹੇ ਅਤਿਆਚਾਰਾਂ ਕਾਰਨ ਬਹੁਤ

ਸਾਰੇ ਕ੍ਰਾਂਤੀਕਾਰੀ ਅਤੇ ਆਜ਼ਾਦੀ ਦੀਆਂ ਚਲ ਰਹੀਆਂ ਵੱਖ-ਵੱਖ ਲਹਿਰਾਂ ਦੇ ਮੋਢੀ ਆਗੂਆਂ ਨੂੰ ਵਿਦੇਸ਼ਾਂ ਵਿੱਚ ਜਾਣ ਲਈ ਮਜਬੂਰ ਹੋਣਾ ਪਿਆ ਸੀ।

ਭੀਖਾ ਜੀ ਰੁਸਤਮ ਕਾਮਾ ਜਿਸਨੂੰ ਮੈਡਮ ਕਾਮਾ ਦੇ ਨਾਂ ਨਾਲ ਜਾਣਿਆ ਜਾਂਦਾ ਹੈ, ਵੀ ਇਸੇ ਕਿਸਮ ਦੀ ਜੁਝਾਰੂ ਵੀਰਾਂਗਣਾ ਸੀ। ਉਸਦਾ ਜਨਮ 24 ਸਤੰਬਰ, 1861 ਵਿੱਚ ਬੰਬਈ ਦੇ ਇੱਕ ਅਮੀਰ ਪਾਰਸੀ ਘਰਾਣੇ ਦੇ ਵਪਾਰੀ ਪਰਿਵਾਰ ਵਿੱਚ ਹੋਇਆ ਸੀ। ਇਸੇ ਸਾਲ ਕਲਕੱਤੇ ਵਿੱਚ ਭਾਰਤ ਦੇ ਸਮਾਜਕ ਜੀਵਨ ਵਿੱਚ ਇੱਕ ਹੋਰ ਪ੍ਰਸਿੱਧ, ਨੋਬਲਪੁਰਸ਼ਕਾਰ ਵਿਜੇਤਾ ਮਹਾਨ ਕਵੀ ਰਵਿੰਦਰ ਨਾਥ ਟੈਗੋਰ ਦਾ ਜਨਮ ਵੀ ਹੋਇਆ ਸੀ। ਇਹ ਵੀ ਕੁਦਰਤ ਦਾ ਕ੍ਰਿਸ਼ਮਾ ਜਾਂ ਸੰਜੋਗ ਹੀ ਸੀ ਕਿ ਇਨ੍ਹਾਂ ਦੋ ਮਹਾਨ ਹਸਤੀਆਂ ਵਿੱਚੋਂ-ਇੱਕ ਹਿੰਦੋਸਤਾਨ ਦੀ ਅਜ਼ਾਦੀ ਦੀ ਲਹਿਰ ਅਤੇ ਸਾਡੇ ਅਜ਼ਾਦੀ ਸੰਗਰਾਮੀਆਂ ਵਿੱਚੋਂ ਪਹਿਲੀ ਕੌਮਾਂਤਰੀਵਾਦੀ, ਇਨਕਲਾਬੀ ਅਤੇ ਮਾਰਕਸਵਾਦੀ ਵਿਚਾਰਧਾਰਾਂ ਨੂੰ ਪ੍ਰਣਾਈ ਇਨਕਲਾਬੀ ਸੰਗਰਾਮ ਦੀ ਇਸਤਰੀ ਯੋਧਾ ਹੋ ਨਿੱਬੜੀ ਹੈ। ਇਸ ਵੀਰਾਂਗਣ ਨੂੰ ਹਿੰਦੋਸਤਾਨ ਦੇ ' ਇਨਕਲਾਬ ਦੀ ਮਾਤਾ, ਅਤੇ ਗਦਰੀ ਲਹਿਰ' ਦੀ ਹਥਿਆਰ ਬੰਦ ਲੜਾਈ ਦੀ ' ਮੋਢੀ ' ਵੀ ਕਿਹਾ ਜਾਂਦਾ ਹੈ। ਦੂਸਰੀ ਹਿੰਦੋਸਤਾਨ ਦੀ ਮਹਾਨ ਹਸਤੀ-ਬਾਬੂ ਰਵਿੰਦਰ ਨਾਥ ਟੈਗੋਰ, ਜਿਨ੍ਹਾਂ ਨੇ ਕਲਕੱਤੇ ਦੇ ਧਨਾਢ 'ਬਰ੍ਹਮੂ-ਸਮਾਜਕ' ਪਰਿਵਾਰ ਵਿੱਚ, ਸ਼੍ਰੀ ਦਵਿੰਦਰ ਨਾਥ ਟੈਗੋਰ ਦੇ ਘਰ ਜਨਮ ਲੈ ਕੇ ਇੱਕ ਉਘੇ ਦੇਸ਼ ਭਗਤ, ਉਘੇ ਸਿੱਖਿਆਸ਼ਾਸ਼ਤਰੀ, 'ਉਪਨਿਸ਼ਦਕ ਆਦਰਸ਼ਾਂ' ਤੇ ਅਧਾਰਤ ਸਿੱਖਿਆ ਕੇਂਦਰ 'ਸ਼ਾਂਤੀਨਿਕੇਤਨ' ਦੀ ਸ਼ੁਰੂਆਤ ਕਰਨ ਵਾਲੇ ਮਹਾਨ ਦੇਸ਼-ਭਗਤ ਸਨ। ਉਹ ਪਹਿਲੇ ਭਾਰਤੀ ਸਨ ਜਿਨ੍ਹਾਂ ਨੂੰ ਸਨ 1913 ਵਿੱਚ, ਸਾਹਿਤ ਵਿੱਚ ' ਨੋਬਲ ਪੁਰਸ਼ਕਾਰ ' ਨਾਲ ਸਨਮਾਨਤ ਕੀਤਾ ਗਿਆ ਸੀ। ਇਸ ਮਹਾਨ ਹਸਤੀ ਨੇ 1915 ਵਿੱਚ ਮਿਲਿਆ ਬ੍ਰਿਟਿਸ਼ ਸਰਕਾਰ ਵਲੋਂ 'ਸੂਰਵੀਰ-ਨਾਈਟ ' ਦਾ ਖਿਤਾਬ, 13 ਅਪ੍ਰੈਲ 1919 ਨੂੰ ਜੱਲ੍ਹਿਆਂ ਵਾਲੇ ਬਾਗ ਵਿੱਚ ਅੰਗਰੇਜ ਸਰਕਾਰ ਵਲੋਂ ਕਰਵਾਏ ਖੂਨੀ ਘੱਲੂਕਾਰੇ ਪਿੱਛੋਂ, ਨਿਹੱਥੇ ਭਾਰਤੀ ਲੋਕਾਂ ਦੇ ਅਸਿਹ ਦੁੱਖ ਵਿੱਚ ਤੜਪਦੇ ਹੋਇਆਂ ਨੇ ਆਪਣੇ ਰੋਸ ਵਜੋਂ, ਉਸ ਕਾਤਲ ਸਰਕਾਰ ਨੂੰ ਵਾਪਸ ਮੋੜ ਕੇ ਇੱਕ ਸੱਚੇ ਦੇਸ਼ ਭਗਤ ਹੋਣ ਦਾ ਗੌਰਵਮਈ ਰੁਤਬਾ ਹਾਸਲ ਕੀਤਾ ਸੀ।

ਭੀਖਾ ਜੀ ਰੁਸਤਮ ਕਾਮਾ ਦੇ ਪਿਤਾ ਦਾ ਨਾਂ ਸੋਰਾਬ ਜੀ ਫਰਾਮ ਜੀ ਪਟੇਲ ਅਤੇ ਮਾਤਾ ਦਾ ਨਾਂ ਜੀ-ਬਾਈ ਸੀ। ਸੋਰਾਬ ਜੀ ਫਰਾਮ ਜੀ ਪਟੇਲ ਦੇ ਪਿਤਾ ਪ੍ਰੋ. ਖੁਰਸ਼ੀਦ ਰੁਸਤਮ ਜੀ ਕਾਮਾ ਇੱਕ ਬਹੁਤ ਹੀ ਪ੍ਰਸਿੱਧ ਸਮਾਜ ਸੁਧਾਰਕ, ਪੂਰਬੀ ਦੇਸ਼ਾਂ ਦੀਆਂ ਭਾਸ਼ਾਵਾਂ, ਸਾਹਿਤ ਅਤੇ ਦਰਸ਼ਨ ਵਿੱਚ ਮਹਾਰਤ ਪ੍ਰਾਪਤ ਵਿਅਕਤੀ ਸਨ। ਸੁਰਾਬ ਜੀ ਫਰਾਮ ਜੀ ਪਟੇਲ ਦੇ ਨੌਂ ਬੱਚੇ ਸਨ, ਮੈਡਮ ਕਾਮਾ ਉਨ੍ਹਾਂ ਵਿੱਚੋਂ ਇੱਕ ਸੀ। ਮੈਡਮ ਕਾਮਾ ਦੇ ਅਮੀਰ ਘਰਾਣੇ ਵਿੱਚ ਜਨਮੀ ਹੋਣ ਕਾਰਨ ਆਪ ਦਾ ਬਚਪਨ ਬਹੁਤ ਹੀ ਸੁੱਖ-ਸੁਵਿਧਾਵਾਂ ਵਿੱਚ ਗੁਜ਼ਰਿਆ ਸੀ। ਉਹ ਬਹੁਤ ਹੀ ਹੁਸਿਆਰ ਬੱਚੀ ਸੀ ਜਿਸ ਕਾਰਨ ਪਿਤਾ ਸੋਰਾਬ ਜੀ ਫਰਾਮ ਜੀ ਪਟੇਲ ਨੇ ਆਪਣੀ ਬੇਟੀ ਭੀਖਾ ਜੀ ਕਾਮਾ ਦੀ ਸਿੱਖਿਆ ਵਿੱਚ ਕਿਸੇ ਵੀ ਕਿਸਮ ਦੀ ਘਾਟ ਨਹੀਂ ਰਹਿਣ ਦਿੱਤੀ ਸੀ। ਮੈਡਮ ਕਾਮਾ ਨੇ ਬੰਬਈ ਦੇ ਮਸ਼ਹੂਰ ਅਲੈਗਜ਼ੈਂਡਰ ਪਾਰਸੀ ਗਰਲਜ਼ ਸਕੂਲ ਵਿੱਚ ਆਪਣੀ ਸਿੱਖਿਆ ਹਾਸਲ ਕੀਤੀ ਸੀ। ਉਹ ਹਰ ਸਾਲ ਆਪਣੀ ਕਲਾਸ ਵਿੱਚੋਂ ਫਸਟ ਆਉਂਦੀ ਸੀ ਜਿਸ ਕਾਰਨ ਅਧਿਆਪਕਾਂ ਦੀ ਹਰਮਨ ਪਿਆਰੀ ਵੀ ਬਣ ਗਈ ਸੀ। ਇੱਥੇ ਪੜ੍ਹਦੇ

ਸਮੇਂ ਉਨ੍ਹਾਂ ਦੇ ਵਿਚਾਰਾਂ 'ਤੇ ਦੇਸ਼ ਦੇ ਗੁਲਾਮੀ ਭਰੇ ਹਾਲਾਤਾਂ ਦਾ ਬਹੁਤ ਪ੍ਰਭਾਵ ਪਿਆ ਸੀ। ਸਕੂਲ ਪੜ੍ਹਦੇ ਹੀ ਭਾਰਤ ਦੀ ਆਜ਼ਾਦੀ ਨੂੰ ਲੈ ਕੇ ਉਸ ਅੰਦਰ ਇਕ ਅੱਗ ਸੁਲਗਦੀ ਰਹਿੰਦੀ ਸੀ। ਉਹ ਦੇਸ਼ ਭਗਤ ਲੋਕਾਂ ਨੂੰ ਬਹੁਤ ਪਿਆਰ ਕਰਦੀ ਅਤੇ ਦੇਸ਼ ਦੀ ਆਜ਼ਾਦੀ ਲਈ ਲੜਦਿਆਂ ਅਨੇਕਾਂ ਕਿਸਮ ਦੇ ਤਸੀਹੇ ਝੱਲਦੇ ਲੋਕਾਂ ਦਾ ਬਹੁਤ ਸਨਮਾਨ ਕਰਦੀ ਸੀ।

ਕਾਲਜ ਦੀ ਸਿੱਖਿਆ ਪ੍ਰਾਪਤ ਕਰਨ ਪਿੱਛੋਂ ਮੈਡਮ ਕਾਮਾ ਨੇ ਅੰਗਰੇਜ਼ੀ ਤੋਂ ਇਲਾਵਾ ਹੋਰ ਵੀ ਕਈ ਵਿਦੇਸ਼ੀ ਭਾਸ਼ਾਵਾਂ ਸਿੱਖੀਆਂ ਅਤੇ ਉਨ੍ਹਾਂ ਵਿਚ ਵੀ ਮਹਾਰਤ ਹਾਸਲ ਕੀਤੀ ਸੀ। ਅੱਗੇ ਚੱਲਕੇ ਉਨ੍ਹਾਂ ਭਾਸ਼ਾਵਾਂ ਦਾ, ਉਨ੍ਹਾਂ ਨੂੰ ਦੇਸ਼ ਦੀ ਅਜ਼ਾਦੀ ਦੀ ਲੜਾਈ ਲੜਦੇ ਸਮੇਂ, ਵੱਖ ਵੱਖ ਦੇਸ਼ਾਂ ਵਿਚ ਰਹਿੰਦੇ ਬਹੁਤ ਫਾਇਦਾ ਵੀ ਹੋਇਆ। ਵਿਦੇਸ਼ੀਆਂ ਨੂੰ ਦੇਖ ਕੇ ਉਸਦਾ ਕੋਮਲ ਮਨ ਅੰਗਰੇਜ਼ਾਂ ਦੁਆਰਾ ਭਾਰਤੀ ਲੋਕਾਂ ਉਤੇ ਕੀਤੇ ਜਾਂਦੇ ਜ਼ਬਰ-ਜ਼ੁਲਮ ਕਾਰਨ ਹੋਰ ਵੀ ਬਾਗੀ ਹੋ ਜਾਂਦਾ ਸੀ। ਭਾਰਤੀਆਂ ਨਾਲ ਉਨ੍ਹਾਂ ਦੇ ਗੁਲਾਮੀ ਭਰਪੂਰ ਵਤੀਰੇ ਕਾਰਨ ਉਹ ਅੰਗਰੇਜ਼ਾਂ ਨਾਲ ਨਫਰਤ ਕਰਨ ਲੱਗੀ ਸੀ। ਮੈਡਮ ਕਾਮਾ ਭਾਰਤ ਦੀ ਜਿਸ ਆਜ਼ਾਦੀ ਦੇ ਸੁਪਨੇ ਦੇਖਦੀ ਸੀ, ਉਹ " ਇਕ ਅਜਿਹੀ ਆਜ਼ਾਦੀ ਸੀ ਜਿਸ ਵਿੱਚ ਸਭ ਲੋਕਾਂ ਨੂੰ ਬਰਾਬਰਤਾ, ਸਮਾਨਤਾ, ਸਭ ਲਈ ਸਿੱਖਿਆ, ਰੋਜ਼ਗਾਰ ਦੇ ਸਾਧਨ ਹੋਣ ਅਤੇ ਸਿਹਤ ਸਬੰਧੀ ਸਭ ਸਹੂਲਤਾਂ ਪ੍ਰਾਪਤ ਹੋਣ। ਆਦਮੀ ਹੱਥੋਂ ਆਦਮੀ ਦੀ ਲੁੱਟ ਨਾ ਹੁੰਦੀ ਹੋਵੇ।" ਅਜਿਹੇ ਹੀ ਭਾਰਤ ਦੀ ਧਾਰਨਾ ਸੰਜੋ ਰੱਖੀ ਸੀ ਉਸਨੇ ਆਪਣੇ ਮਨ ਵਿਚ। ਵੱਖ ਵੱਖ ਦੇਸ਼ਾਂ ਦੀਆਂ ਭਾਸ਼ਾਵਾਂ ਦੇ ਗਿਆਨ ਕਾਰਨ ਯੂਰਪ ਦੇ ਦੇਸ਼ਾਂ ਵਿਚ ਰਹਿੰਦੇ ਸਮੇਂ ਉਸ ਨੂੰ ਵੱਖ ਵੱਖ ਦੇਸ਼ਾਂ ਦੀ ਰਾਜਨੀਤਕ ਸਥਿਤੀ ਅਤੇ ਫਰਾਂਸ, ਰੂਸ ਦੇ ਇਨਕਲਾਬ ਨੂੰ ਸਮਝਣਾ ਵੀ ਅਸਾਨ ਹੋ ਗਿਆ ਸੀ।

ਬਚਪਨ ਤੋਂ ਹੀ ਉਸਨੂੰ ਗਰੀਬਾਂ ਦੀ ਮਦਦ ਕਰਨ ਅਤੇ ਮਜ਼ਦੂਰਾਂ ਦੀਆਂ ਬਸਤੀਆਂ ਵਿਚ ਜਾ ਕੇ ਉਨ੍ਹਾਂ ਦੀ ਸੇਵਾ ਕਰਨ ਦਾ ਬਹੁਤ ਸ਼ੌਕ ਸੀ। ਅਮੀਰਾਂ ਦੇ ਬੱਚਿਆਂ ਦੀ ਤਰ੍ਹਾਂ ਉਸ ਵਿੱਚ ਕੋਈ ਵੀ ਅਜਿਹੀ ਬੁਰਾਈ ਨਹੀਂ ਸੀ ਪੈਦਾ ਹੋਈ ਜਿਸ ਕਾਰਨ ਉਸ ਦੇ ਮਨ ਵਿਚ ਊਚ-ਨੀਚ, ਛੂਆ-ਛੂਤ ਜਾਂ ਮਾਲਕ-ਨੌਕਰ ਦਾ ਭੇਦ ਉਤਪੰਨ ਹੋਵੇ। ਜਦੋਂ ਵੀ ਪੜ੍ਹਾਈ ਤੋਂ ਮੌਕਾ ਮਿਲਦਾ ਉਹ ਗਰੀਬਾਂ ਦੀਆਂ ਝੁੱਗੀਆਂ ਵਿੱਚ ਜਾਂਦੀ ਅਤੇ ਉਨ੍ਹਾਂ ਦੇ ਦੁੱਖ-ਦਰਦ ਸੁਣਦੀ ਸੀ। ਉਨ੍ਹਾਂ ਦੀਆਂ ਛੋਟੀਆਂ ਛੋਟੀਆਂ ਤਕਲੀਫਾਂ ਨੂੰ ਸਮਝਦੇ ਹੋਏ ਉਹ ਉਨ੍ਹਾਂ ਨੂੰ ਨਿਵਾਰਨ ਕਰਨ ਦੀ ਕੋਸ਼ਿਸ਼ ਕਰਦੀ ਸੀ। ਉਹ ਕਿਸੇ ਨਾ ਕਿਸੇ ਤਰ੍ਹਾਂ ਗਰੀਬ ਬੱਚਿਆਂ ਦੀ ਪੜ੍ਹਨ ਵਿਚ ਅਤੇ ਬਿਮਾਰੀ ਆਦਿ ਵਿੱਚ ਮਦਦ ਵੀ ਕਰਦੀ ਸੀ। ਇਸ ਕੰਮ ਲਈ ਭਾਵੇਂ ਉਸਨੂੰ ਕਿੰਨੀ ਵੀ ਮੁਸ਼ਕਲਾਂ ਦਾ ਸਾਹਮਣਾ ਹੀ ਕਿਉਂ ਨਾ ਕਰਨਾ ਪੈਂਦਾ ਉਹ ਹਰ ਸੰਭਵ ਕੋਸ਼ਿਸ਼ ਕਰਕੇ ਉਨ੍ਹਾਂ ਦੀ ਮਦਦ ਕਰਦੀ ਸੀ। ਉਹ ਅਹਿੰਸਾਵਾਦੀ ਸੀ ਅਤੇ ਦੇਸ਼ ਅੰਦਰ ਚੱਲ ਰਹੀਆਂ ਆਜ਼ਾਦੀ ਦੀਆਂ ਲਹਿਰਾਂ ਵਿੱਚ ਹਿੱਸਾ ਲੈਣ ਲੱਗ ਪਈ ਸੀ। ਉਸ ਦੀਆਂ ਵੱਧ ਰਹੀਆਂ ਰਾਜਨੀਤਕ ਗਤੀਵਿਧੀਆਂ ਸੁਰਾਬ ਜੀ ਪਟੇਲ ਲਈ ਸਿਰਦਰਦੀ ਬਣ ਗਈਆਂ ਸਨ। ਉਹ ਹਰ ਕੀਮਤ ਤੇ ਉਸ ਨੂੰ ਰਾਜਨੀਤੀ ਵਿੱਚ ਪੈਣ ਤੋਂ ਰੋਕਣਾ ਚਾਹੁੰਦਾ ਸੀ ਜਿਹੜਾ ਕਿ ਆਏ ਦਿਨ ਉਸ ਲਈ ਮੁਸ਼ਕਲ ਹੁੰਦਾ ਜਾ ਰਿਹਾ ਸੀ।

ਸੁਰਾਬ ਜੀ ਪਟੇਲ ਨੇ ਆਪਣੇ ਇਰਾਦੇ ਨੂੰ ਪੂਰਾ ਕਰਨ ਲਈ ਇਕ ਸਰਲ ਜਿਹਾ ਢੰਗ ਲੱਭ ਲਿਆ ਸੀ ਕਿ ਜੇਕਰ 'ਭੀਖਾ ਜੀ' ਦਾ ਵਿਆਹ ਕੀਤਾ ਜਾਵੇ ਫੇਰ ਉਸਦੀਆਂ

ਸਭ ਗਤੀਵਿਧੀਆਂ 'ਤੇ ਬੜੀ ਹੀ ਅਸਾਨੀ ਨਾਲ ਉਸਦਾ ਹੋਣ ਵਾਲਾ ਪਤੀ ਰੋਕ ਲਗਾ ਲਵੇਗਾ। ਕੇ. ਆਰ. ਰੁਸਤਮ ਕਾਮਾ ਵਿੱਚ ਉਸਨੂੰ ਅਮੀਰਤ ਦੇ ਨਾਲ ਆਪਣੀ ਇੱਛਾ ਪੂਰੀ ਹੁੰਦੀ ਦਿਖ ਰਹੀ ਸੀ। ਰੁਸਤਮ ਕਾਮਾ ਬਰਤਾਨਵੀ ਸਰਕਾਰ ਦਾ ਸ਼ੁਭਚਿੰਤਕ ਸੀ। ਉਹ ਹਮੇਸ਼ਾ ਇੰਗਲੈਂਡ ਨੂੰ ਸਵਰਗ ਮੰਨਦਾ ਸੀ ਅਤੇ ਉਥੋਂ ਦੇ ਰਹਿਣ ਵਾਲੇ ਅੰਗਰੇਜ਼ਾਂ ਨੂੰ ਰੱਬ ਦਾ ਰੂਪ ਮੰਨਦਾ ਸੀ। ਉਸ ਦੀ ਧਾਰਨਾ ਸੀ ਕਿ ਦੁਨੀਆਂ ਦੀ ਅਜਿਹੀ ਕੋਈ ਵੀ ਸ਼ਕਤੀ ਨਹੀਂ ਜਿਹੜੀ ਬਰਤਾਨਵੀ ਰਾਜ ਦਾ ਮੁਕਾਬਲਾ ਕਰ ਸਕੇ। ਸੋ ਸੁਰਾਬ ਜੀ ਪਟੇਲ ਨੇ ਭੀਖਾ ਜੀ ਕਾਮਾ ਦਾ ਵਿਆਹ 24 ਸਾਲ ਦੀ ਉਮਰ ਵਿੱਚ 3 ਅਗੱਸਤ, 1885 ਵਿੱਚ ਬੰਬਈ ਦੇ ਅਮੀਰ ਵਕੀਲ ਰੁਸਤਮ ਕੇ. ਆਰ. ਕਾਮਾ ਨਾਲ ਕਰ ਦਿੱਤਾ। ਮੈਡਮ ਕਾਮਾ ਸ਼ੁਰੂ ਤੋਂ ਹੀ ਸਪੱਸ਼ਟਵਾਦੀ, ਪ੍ਰਤਿਸ਼ਠਾਵਾਨ, ਵਿਸ਼ਾਲ ਸਮਾਜਕ ਨਜ਼ਰੀਏ ਵਾਲੀ ਅਤੇ ਸੁਲਝੇ ਹੋਏ ਰਾਜਨੀਤਕ ਵਿਚਾਰਾਂ ਵਾਲੀ ਔਰਤ ਸੀ। ਉਹ ਆਪਣੇ ਦੇਸ਼ ਨੂੰ ਬਰਤਾਨਵੀ ਸਾਮਰਾਜ ਤੋਂ ਮੁਕਤ ਕਰਵਾਉਣਾ ਚਾਹੁੰਦੀ ਸੀ। ਧਨਾਢ ਲੋਕਾਂ ਦੀ ਅੰਗਰੇਜ਼ ਸਰਕਾਰ ਨਾਲ ਨੇੜਤਾ ਕਾਰਨ ਮੌਕੇ-ਬੇਮੌਕੇ ਉਨ੍ਹਾਂ ਨੂੰ ਸਰਕਾਰ ਤੋਂ ਮਿਲਣ ਵਾਲੀਆਂ ਰਿਆਇਤਾਂ ਲੈਣ ਨੂੰ ਉਹ ਚੰਗਾ ਨਹੀਂ ਸਮਝਦੀ ਸੀ। ਉਹ ਜਾਣਦੀ ਸੀ ਕਿ ਇਸ ਤਰ੍ਹਾਂ ਕਰਨ ਨਾਲ ਅੰਗਰੇਜ਼ ਸਰਕਾਰ ਤੋਂ ਰਿਆਇਤਾਂ ਲੈਣ ਵਾਲੇ ਕਦੇ ਸਰਕਾਰ ਵਿਰੋਧੀ ਨਹੀਂ ਹੋ ਸਕਦੇ। ਅਜਿਹੇ ਲੋਕ ਹੀ ਆਜ਼ਾਦੀ ਦੇ ਰਸਤੇ ਦੀ ਬੜੀ ਵੱਡੀ ਰੁਕਾਵਟ ਬਣ ਜਾਂਦੇ ਹਨ ਅਤੇ ਇਨ੍ਹਾਂ ਲੋਕਾਂ ਦੀ ਗੱਦਾਰੀ ਕਾਰਨ ਹੀ ਜਿੱਤੀਆਂ ਜੰਗਾਂ ਵੀ ਅੰਤ ਨੂੰ ਹਾਰ ਜਾਂਦੀਆਂ ਹਨ।

ਭੀਖਾ ਜੀ ਰੁਸਤਮ ਕਾਮਾ ਆਪਣੇ ਅਮੀਰ ਵਕੀਲ ਪਤੀ ਦੇ ਅੰਗਰੇਜ਼ਾਂ ਪੱਖੀ ਵਿਚਾਰਾਂ ਤੋਂ ਸਦਾ ਦੂਰ ਹੀ ਜਾ ਰਹੀ ਸੀ। ਪਤੀ-ਪਤਨੀ ਦੀ ਸੋਚ ਵਿੱਚ ਟਕਰਾਵ ਹੋਣ ਲੱਗਾ ਕਿਉਂਕਿ ਪਤੀ ਵਲੋਂ ਭਾਰਤੀਆਂ ਨੂੰ ਹਰ ਪੱਖ ਤੋਂ ਅਯੋਗ ਕਰਾਰ ਦੇਣਾ ਅਤੇ ਬਰਤਾਨਵੀ ਰਾਜ ਦੀ ਪ੍ਰਸੰਸਾ ਕਰਨੀ ਮੈਡਮ ਕਾਮਾ ਤੋਂ ਸਹਿਨ ਨਹੀਂ ਸੀ ਹੁੰਦੀ। ਹੌਲੀ ਹੌਲੀ ਘਰ ਇੱਕ ਯੁੱਧ ਦਾ ਮੈਦਾਨ ਹੀ ਲੱਗਣ ਲੱਗ ਪਿਆ ਸੀ। ਪਤੀ-ਪਤਨੀ ਦੋ ਗੁੱਟਾਂ ਵਿੱਚ ਵੰਡੇ ਗਏ ਸਨ। ਕੇ. ਆਰ. ਰੁਸਤਮ ਕਾਮਾ ਨੇ ਆਪਣੀ ਪਤਨੀ ਭੀਖਾ ਜੀ ਕਾਮਾ ਨੂੰ ਸਮਝਦੇ ਹੋਏ ਵੀ ਘੱਟ ਅੰਕਣਾ ਸ਼ੁਰੂ ਕਰ ਦਿੱਤਾ ਅਤੇ ਆਪਣੇ ਦੇਸ਼ ਨੂੰ ਅਥਾਹ ਪਿਆਰ ਕਰਨ ਵਾਲੀ ਪਤਨੀ ਨੂੰ ਘਰੋਂ ਬਾਹਰ ਜਾਣ ਤੇ ਰੋਕ ਲਗਾ ਦਿੱਤੀ। ਦਾਦੇ ਵਲੋਂ ਵਿਰਸੇ ਵਿੱਚ ਮਿਲੀ ਦੇਸ਼-ਪ੍ਰੇਮ ਦੀ ਅੱਗ ਵਿੱਚ ਬਲਦੀ ਪਤਨੀ ਨੂੰ ਉਹ ਸਭ ਮੰਜ਼ੂਰ ਨਹੀਂ ਸੀ। ਪਰਿਵਾਰਕ ਧਨ-ਦੌਲਤ, ਸੁੱਖ-ਸੁਵਿਧਾ ਕਦੇ ਉਸ ਦਾ ਰਸਤਾ ਨਹੀਂ ਰੋਕ ਸਕੀਆਂ ਕਿਉਂਕਿ ਉਹ ਇੱਕ ਗੁਲਾਮ ਦੀ ਜ਼ਿੰਦਗੀ ਜੀਣ ਨਾਲੋਂ ਅਜ਼ਾਦ ਪੰਛੀ ਦੀ ਤਰ੍ਹਾਂ ਖੁੱਲੇ ਅਸਮਾਨ ਵਿੱਚ ਉਡਾਰੀ ਮਾਰਨ ਨੂੰ ਪਹਿਲ ਦਿੰਦੀ ਸੀ। ਉਹ ਹਮੇਸ਼ਾ ਚਾਹੁੰਦੀ ਸੀ ਕਿ ਭਾਰਤ ਦੇ ਮਿਹਨਤਕਸ਼ ਲੋਕਾਂ ਨੂੰ ਉਨ੍ਹਾਂ ਦੀ ਮਿਹਨਤ ਦਾ ਪੂਰਾ ਇਵਜ਼ਾਨਾ ਮਿਲੇ। ਉਹ ਵੀ ਆਪਣੀ ਸਰ-ਜ਼ਮੀਨ ਉਤੇ ਆਪਣੀ ਮਰਜ਼ੀ ਨਾਲ ਜੀ ਸਕਣ ਅਤੇ ਸਾਹ ਲੈ ਸਕਣ। ਉਨ੍ਹਾਂ ਰਾਹੀਂ ਕੀਤੀ ਗਈ ਹਰ ਕਿਸਮ ਦੀ ਉਪਜ ਉਨ੍ਹਾਂ ਦੀ ਆਪਣੀ ਹੋਵੇ ਅਤੇ ਉਹ ਉਸ ਦੇ ਮਾਲਕ ਬਨਣ। ਉਸਨੂੰ ਸਭ ਸੁੱਖ-ਸੁਵਿਧਾਵਾਂ ਕੱਟਣ ਲੱਗ ਪਈਆਂ ਸਨ। ਉਸਨੂੰ ਆਪਣੇ ਅਮੀਰ ਘਰ ਦੇ ਅਮੀਰ ਚੋਜ਼ਾਂ ਦੇ ਮੁਕਾਬਲੇ ਹਮੇਸ਼ਾ ਬਸਤੀਆਂ ਵਿੱਚ ਜਾ ਕੇ ਉਥੋਂ ਦੇ ਲੋਕਾਂ ਦੀ ਸੇਵਾ 'ਚੋਂ ਜੋ ਸੁੱਖ ਮਿਲਦਾ ਸੀ ਉਸਦਾ ਕੋਈ ਵੀ ਮੁਕਾਬਲਾ ਨਹੀਂ ਸੀ ਜਿਹੜਾ ਕਿ ਉਸਦੇ ਪਤੀ ਅਤੇ ਸਹੁਰੇ ਪਰਿਵਾਰ

ਨੂੰ ਕਤੱਈ ਪਸੰਦ ਨਹੀਂ ਸੀ।

ਸਨ 1896 ਵਿੱਚ ਬੰਬਈ ਦੀਆਂ ਗਰੀਬ ਬਸਤੀਆਂ ਵਿੱਚ ਪਲੇਗ ਫੈਲ ਗਈ ਤੇ ਪ੍ਰਭਾਵਤ ਲੋਕ ਧੜਾ-ਧੜ ਮਰਨ ਲੱਗੇ ਤਾਂ ਮੈਡਮ ਕਾਮਾ ਆਪਣੇ ਅਮੀਰ ਪਤੀ ਦੇ ਘਰ ਦੀ ਅਰਾਮਦਾਇਕ ਜ਼ਿਦਗੀ ਨੂੰ ਛੱਡ ਕੇ ਬੰਬਈ ਦੀਆਂ ਝੁੱਗੀਆਂ ਵਿੱਚ ਪੀੜ੍ਹਤ ਗਰੀਬ ਲੋਕਾਂ ਦੀ ਸੇਵਾ ਵਿੱਚ ਜੁੱਟ ਗਈ ਸੀ। ਉਨ੍ਹਾਂ ਦਿਨਾਂ ਵਿੱਚ ਪਲੇਗ ਵਰਗੀ ਨਾਮੁਰਾਦ ਬਿਮਾਰੀ ਦੀ ਹਾਲੇ ਕੋਈ ਦਵਾਈ ਵੀ ਤਿਆਰ ਨਹੀਂ ਹੋਈ ਸੀ ਅਤੇ ਇਸ ਬਿਮਾਰੀ ਦੀ ਲਾਗ ਵੀ ਛੇਤੀ ਹੀ ਇੱਕ ਤੋਂ ਦੂਜੇ ਵਿਅਕਤੀ ਨੂੰ ਲੱਗ ਜਾਂਦੀ ਸੀ। ਮੈਡਮ ਕਾਮਾ ਆਪਣੀ ਸਿਹਤ ਲਈ ਖਾਣ-ਪੀਣ ਅਤੇ ਸੌਣ ਦੀ ਪਰਵਾਹ ਕੀਤੇ ਬਿਨਾਂ ਹੀ ਪੂਰੀ ਤਨਦੇਹੀ ਨਾਲ ਉਨ੍ਹਾਂ ਬਿਮਾਰ ਲੋਕਾਂ ਨੂੰ ਠੀਕ ਕਰਨ ਲਈ ਦਿਨ-ਰਾਤ ਸੇਵਾ ਵਿੱਚ ਲੱਗ ਗਈ ਸੀ। ਇਸ ਤਰ੍ਹਾਂ ਦੀ ਜ਼ਿੰਦਗੀ ਬਸਰ ਕਰਦਿਆਂ ਉਨ੍ਹਾਂ ਦੀ ਆਪਣੀ ਸਿਹਤ ਵੀ ਬਹੁਤ ਕਮਜ਼ੋਰ ਹੋ ਗਈ ਸੀ। ਉਸਦੀ ਮਿਹਨਤ ਅਤੇ ਦਿਨ-ਰਾਤ ਦੀ ਦੇਖ-ਭਾਲ ਸਦਕਾ ਬਹੁਤ ਸਾਰੇ ਲੋਕਾਂ ਦੀਆਂ ਜਾਨਾਂ ਬਚ ਗਈਆਂ ਸਨ ਜਿਨ੍ਹਾਂ ਦਾ ਬਚਣਾ ਬਹੁਤ ਹੀ ਮੁਸ਼ਕਲ ਸੀ। ਇਸ ਹਾਲਤ ਵਿੱਚ ਉਨ੍ਹਾਂ ਨੂੰ ਵੀ ਪਲੇਗ ਦੀ ਲਾਗ (ਇਨਫੈਕਸ਼ਨ) ਲੱਗ ਜਾਣੀ ਸੁਭਾਵਿਕ ਸੀ ਜਿਸ ਕਾਰਨ ਉਸਦੀ ਸਿਹਤ ਦਿਨੋ-ਦਿਨ ਬਿਗੜਦੀ ਹੀ ਜਾ ਰਹੀ ਸੀ। ਉਸਨੇ ਆਪਣੇ ਆਪ ਨੂੰ ਖਤਰੇ ਵਿੱਚ ਪਾ ਕੇ ਫਲੋਰੈਂਸ ਨਾਈਟਿੰਗਏਲ ਦੀ ਤਰ੍ਹਾਂ ਬਿਮਾਰਾਂ ਦੀ ਸੇਵਾ ਕੀਤੀ ਸੀ। ਉਸਦਾ ਇਸ ਤਰ੍ਹਾਂ ਕੰਮ ਕਰਨਾ ਉਸਦੇ ਪਤੀ ਅਤੇ ਸਹੁਰਾ ਪਰਿਵਾਰ ਨੂੰ ਸਹਿਣ ਨਹੀਂ ਹੋ ਰਿਹਾ ਸੀ। ਪਤੀ ਅਤੇ ਪਰਿਵਾਰ ਦੇ ਬਾਕੀ ਦੇ ਮੈਂਬਰਾਂ ਨੂੰ ਮੈਡਮ ਕਾਮਾ ਦੇ ਵਿਚਾਰ ਅਤੇ ਵਿਵਹਾਰ ਦੇ ਚੰਗਾ ਨਾ ਲੱਗਣ ਕਾਰਨ ਉਸਦੀ ਜ਼ਿਦਗੀ ਨੇ ਇੱਕ ਬਹੁਤ ਵੱਡਾ ਮੋੜ ਲੈ ਲਿਆ। ਆਖਰ ਪਰਿਵਾਰਕ ਹਾਲਤਾਂ ਤੋਂ ਤੰਗ ਆ ਕੇ ਉਸਨੇ ਆਪਣੇ ਪਤੀ ਦਾ ਘਰ ਛੱਡ ਦਿੱਤਾ ਸੀ ਅਤੇ ਦੇਸ਼ ਨੂੰ ਆਜ਼ਾਦ ਕਰਵਾਉਣ ਦੀ ਮਹਾਂ-ਜੰਗ ਵਿੱਚ ਕੁੱਦਣ ਦਾ ਫੈਸਲਾ ਕਰ ਲਿਆ ਸੀ।

ਅੰਗਰੇਜ਼ ਸਰਕਾਰ ਵਲੋਂ ਦੇਸ਼ ਅੰਦਰ ਚੱਲ ਰਹੀਆਂ ਲਹਿਰਾਂ ਨੂੰ ਦਬਾਉਣ ਲਈ ਉਨ੍ਹਾਂ ਲਹਿਰਾਂ ਦੇ ਆਗੂਆਂ ਅਤੇ ਲੋਕਾਂ ਉਪਰ ਬਹੁਤ ਹੀ ਨਿਰਦੈਤਾ ਭਰਪੂਰ ਦਮਨ ਕੀਤੇ ਜਾਣ ਲੱਗ ਪਏ ਸਨ। ਆਗੂਆਂ ਨੂੰ ਫੜ ਕੇ ਜੇਲ੍ਹਾਂ ਵਿੱਚ ਬੰਦ ਕਰਕੇ ਉਨ੍ਹਾਂ 'ਤੇ ਜ਼ਾਲਮਾਨਾ ਢੰਗ ਵਰਤ ਕੇ ਮਾਨਸਿਕ ਅਤੇ ਸ਼ਰੀਰਕ ਤਸੀਹੇ ਦਿੱਤੇ ਜਾਂਦੇ ਸਨ। ਸਰਕਾਰੀ ਦਮਨ ਅਤੇ ਅੰਗਰੇਜ਼ਾਂ ਦੇ ਪਿੱਠੂਆਂ ਤੋਂ ਬਚਦੇ ਬਚਾਂਦੇ ਹੋਏ ਬਹੁਤ ਸਾਰੇ ਦੇਸ਼ ਭਗਤ ਆਪਣੇ ਦੇਸ਼ ਨੂੰ ਆਜ਼ਾਦ ਕਰਵਾਉਣ ਦੀਆਂ ਸਕੀਮਾਂ ਬਣਾ ਕੇ ਭਾਰਤ ਛੱਡ ਕੇ ਵਿਦੇਸ਼ਾਂ (ਅਮਰੀਕਾ ਤੇ ਯੋਰਪ)ਵਿੱਚ ਕਾਰੋਬਾਰ ਜਾਂ ਵਿਦਿਆ ਪ੍ਰਾਪਤ ਕਰਨ ਲਈ ਜਾ ਰਹੇ ਸਨ। ਜ਼ਿਆਦਾ ਕਰਕੇ ਇਹ ਲੋਕ ਖਾਂਦੇ-ਪੀਂਦੇ ਘਰਾਣਿਆਂ ਵਿੱਚੋਂ ਹੀ ਹੁੰਦੇ ਸਨ। ਯੂਰਪ ਜਾਣ ਵਾਲੇ ਸ਼ਹਿਰੀ ਆਗੂ ਵੀ ਬਹੁਤਾ ਕਰਕੇ ਮੱਧ-ਵਰਗ ਦੇ ਲੋਕਾਂ ਵਿੱਚੋਂ ਹੀ ਸਨ। ਦੂਸਰੇ ਪਾਸੇ ਅਮਰੀਕਾ, ਕਨੇਡਾ ਜਾਣ ਵਾਲੇ ਲੋਕ ਜਿਆਦਾਤਰ ਪਿੰਡਾਂ ਨਾਲ ਸੰਬੰਧਤ ਅਤੇ ਮੱਧ ਵਰਗੀ ਕਿਰਤੀ ਜਮਾਤਾਂ ਖਾਸ ਕਰ ਕਿਸਾਨੀ ਨਾਲ ਸੰਬੰਧਤ ਸਨ ਕਿਉਂਕਿ ਅੰਗਰੇਜ਼ ਸਰਕਾਰ ਨੇ ਆਪਣੀ ਕੂਟਨੀਤੀ ਰਾਹੀਂ ਸਭ ਤੋਂ ਪਹਿਲਾਂ ਪਿੰਡਾਂ ਵਿਚਲਾ ਆਤਮ-ਨਿਰਭਰਤਾ ਵਾਲਾ ਅਰਥਚਾਰਾ ਤੋੜਨਾ ਸ਼ੁਰੂ ਕਰ ਦਿੱਤਾ ਸੀ। ਕਿਸਾਨੀ ਉਪਰ ਵਧਾਏ ਗਏ ਲਗਾਨ ਨੂੰ ਨਕਦੀ ਰੂਪ ਵਿੱਚ ਦੇਣ ਲਈ ਮਜਬੂਰ ਕਰਨ

ਅਤੇ ਲਗਾਨ ਨਾ ਦੇ ਸਕਣ ਦੀ ਹਾਲਤ ਵਿੱਚ ਉਨ੍ਹਾਂ ਨਾਲ ਜੋਰ-ਜ਼ਬਰਦਸਤੀ ਕਰਨ ਅਤੇ ਆਪਣੀ ਜੀਵਿਕਾ ਕਮਾਉਣ ਦੇ ਵਸੀਲੇ ਗਹਿਣੇ ਪਾਉਣ ਜਿਹੇ ਕੋਝੇ ਹੱਥਕੰਡੇ ਵਰਤ ਕੇ ਉਸਨੂੰ ਵਸੂਲਣ ਅਤੇ ਉਤੋਂ ਪੈਣ ਵਾਲੇ ਅਕਾਲਾਂ ਨੇ ਕਿਸਾਨਾਂ ਦਾ ਕਚੂਮਰ ਹੀ ਕੱਢ ਰੱਖਿਆ ਸੀ। ਸਰਕਾਰੀ ਦਮਨ ਤੋਂ ਬਚਣ ਲਈ ਕਿਸਾਨਾਂ ਨੇ ਆਪਣੀਆਂ ਜ਼ਮੀਨਾ ਸ਼ਾਹੂਕਾਰਾਂ ਕੋਲ ਗਹਿਣੇ ਰੱਖਣ ਅਤੇ ਉਨ੍ਹਾਂ ਨੂੰ ਨਾ ਛੁਡਾ ਸਕਣ ਦੀ ਹਾਲਤ ਵਿੱਚ ਬੇਜ਼ਮੀਨੇ ਹੋਣ ਕਾਰਨ ਉਨ੍ਹਾਂ ਦੀ ਮਾਲੀ ਹਾਲਤ ਬਹੁਤ ਕਮਜ਼ੋਰ ਹੋਣ ਲੱਗ ਪਈ ਸੀ। ਅਗਰੇਜ ਸਰਕਾਰ ਅਤੇ ਰਿਆਸਤੀ ਰਾਜਿਆਂ ਵਲੋਂ ਕਿਸਾਨ ਵਰਗ ਨੂੰ ਦਿੱਤੀ ਜਾ ਰਹੀ ਗਰੀਬੀ ਅਤੇ ਤੰਗੀਆਂ-ਤੁਰਸੀਆਂ ਕਾਰਨ ਕੁੱਝ ਲੋਕ ਅੰਗਰੇਜ਼ੀ ਫੌਜਾਂ-ਸੁਰੱਖਿਆ ਬਲਾਂ ਅਤੇ ਅਰਦਲੀ ਸੇਵਾਵਾਂ ਵਿੱਚ ਭਰਤੀ ਹੋਣ ਲੱਗ ਪਏ ਸਨ। ਉਤਰੀ ਭਾਰਤ ਦੇ ਪਿੰਡਾਂ ਦੀ ਕਿਸਾਨੀ ਨਾਲ ਸਬੰਧਤ ਨੌਜਵਾਨ ਵਿਦੇਸ਼ਾਂ ਵਿੱਚ ਖਾਸ ਕਰ ਪੂਰਬੀ ਏਸ਼ੀਆਈ ਦੇਸ਼ਾਂ ਤੋਂ ਅੱਗੇ ਅਮਰੀਕਾ ਅਤੇ ਕਨੇਡਾ ਵਿੱਚ ਪੈਸੇ ਕਮਾਉਣ ਲਈ ਧੜਾਧੜ ਜਾਣ ਲੱਗ ਪਏ ਸਨ।

ਉਹ ਵਿਦੇਸ਼ੀ ਖੇਤਾਂ ਵਿੱਚ ਖੇਤੀ ਕਰਨ, ਜੰਗਲਾਂ ਵਿੱਚ ਲੱਕੜ ਕੱਟਣ, ਰੇਲਵੇ ਲਾਇਨਾ ਵਿਛਾਉਣ ਅਤੇ ਫੈਕਟਰੀਆਂ ਵਿੱਚ ਹੱਡ ਭੰਨਵੀ ਮਜ਼ਦੂਰੀ ਕਰਨ ਲੱਗ ਪਏ ਸਨ। ਵੱਧ ਰਹੇ ਬਰਤਾਨਵੀ ਸਾਮਰਾਜ ਦੇ ਦਬਾਓ ਕਾਰਨ ਜਦੋਂ ਉਨ੍ਹਾਂ ਥਾਵਾਂ ਤੇ ਵੀ ਭਾਰਤੀ ਲੋਕਾਂ ਉਪਰ ਤਰ੍ਹਾਂ ਤਰ੍ਹਾਂ ਦੇ ਜ਼ੁਲਮ ਢਾਉਣ, ਬਰਾਬਰ ਮਜ਼ਦੂਰੀ ਨਾ ਦੇਣ, ਅੰਗਰੇਜ਼ ਕਾਮਿਆਂ ਵਲੋਂ ਕੁੱਟ-ਮਾਰ ਕਰਨ,ਮਾਲਕਾਂ ਵਲੋਂ ਕੁੱਤੇ, ਗੁਲਾਮ ਜਿਹੇ ਘਟੀਆ ਸ਼ਬਦ ਵਰਤਣ ਕਾਰਨ ਉਨ੍ਹਾਂ ਨੂੰ ਗੁਲਾਮੀ ਅਤੇ ਆਜ਼ਾਦੀ ਵਿੱਚ ਫਰਕ ਸਮਝ ਆਉਣ ਲੱਗ ਪਿਆ ਸੀ। ਆਪਣੀ ਤਾਕਤ ਨੂੰ ਪਛਾਣਦਿਆਂ ਅਤੇ ਗੁਲਾਮੀ-ਆਜ਼ਾਦੀ ਦੇ ਫਰਕ ਨੂੰ ਸਮਝਦਿਆਂ ਇਨ੍ਹਾਂ ਪਰਵਾਸੀਆਂ ਨੇ ਇਕੱਠੇ ਹੋਣਾ ਸ਼ੁਰੂ ਕਰ ਦਿੱਤਾ ਸੀ। ਇਨ੍ਹਾਂ ਨੇ ਆਪਣੀਆਂ ਛੋਟੀਆਂ ਛੋਟੀਆਂ ਮੀਟਿੰਗਾ ਵਿੱਚ ਇਕੱਠੇ ਹੋ ਕੇ ਅੰਗਰੇਜ਼ਾਂ ਨੂੰ ਦੇਸ਼ ਵਿੱਚੋਂ ਬਾਹਰ ਕੱਢ ਕੇ ਆਜ਼ਾਦੀ ਪ੍ਰਾਪਤ ਕਰਨ ਦੇ ਢੰਗ-ਤਰੀਕੇ ਸੋਚਣੇ ਸ਼ੁਰੂ ਕਰ ਦਿੱਤੇ ਸਨ। ਇਸੇ ਕਾਰਨ ਅਮਰੀਕਾ ਤੇ ਕਨੇਡਾ ਵਿੱਚ ਭਾਰਤੀ ਲੋਕਾਂ ਵਲੋਂ ਪਹਿਲੀ ਨਵੰਬਰ, 1913 ਨੂੰ 'ਲੀਗ ਆਫ ਪੈਸਫਿਕ ਐਂਡ ਇੰਡੀਅਨਜ਼,' ਦੀ ਮੀਟਿੰਗ ਕੀਤੀ ਗਈ ਸੀ। ਇਸੇ ਦਿਨ ਸਨਫਰਾਂਸਿਸਕੋ ਸ਼ਹਿਰ ਵਿੱਚ ' ਯੁਗਾਂਤਰ ਆਸ਼ਰਮ ' ਦੀ ਸਥਾਪਨਾ ਕਰਕੇ ਉਥੋਂ ਪਹਿਲਾ 'ਗਦਰ' ਅਖਬਾਰ ਵੀ ਕੱਢਿਆ ਗਿਆ ਸੀ। ਇਸੇ ਕਾਰਨ ਮਗਰੋਂ ਇਸ ਪਾਰਟੀ ਨੂੰ ਗਦਰ ਪਾਰਟੀ ਹੀ ਕਿਹਾ ਜਾਣ ਲੱਗ ਪਿਆ ਸੀ। ਇਸ ਅਖਬਾਰ ਨੇ ਭਾਰਤ ਅਤੇ ਵਿਦੇਸ਼ਾਂ ਵਿੱਚ ਵਸਦੇ ਭਾਰਤੀਆਂ ਅੰਦਰ ਦੇਸ਼ ਨੂੰ ਆਜ਼ਾਦ ਕਰਵਾਉਣ ਦੀ ਇਕ ਆਸ ਜਗਾ ਦਿੱਤੀ ਸੀ। ਬਾਬਾ ਸੋਹਣ ਸਿੰਘ ਭਕਨਾ ਇਸ ਪਾਰਟੀ ਦੇ ਪਹਿਲੇ ਪ੍ਰਧਾਨ, ਲਾਲਾ ਹਰਦਿਆਲ- ਸਕੱਤਰ ਅਤੇ ਪੰਡਤ ਕਾਸ਼ੀ ਰਾਮ ਮੜੌਲੀ ਖਜਾਨਚੀ ਬਣਾਏ ਗਏ ਸਨ। ਇਨ੍ਹਾਂ ਦੀ ਅਗਵਾਈ ਵਿੱਚ ਪਾਰਟੀ ਦੇ 'ਕਰਤਾਰ ਸਿੰਘ ਸਰਾਭਾ' ਵਰਗੇ ਦੂਜੇ ਆਗੂ ਆਪਣਾ ਸਾਰਾ ਸਾਹਿਤ (ਅਖਬਾਰ, ਗਦਰ ਗੂੰਜ ਅਤੇ ਪਰਚੇ) ਭਾਰਤੀ ਭਾਸ਼ਾਵਾਂ-ਉਰਦੂ, ਹਿੰਦੀ , ਬੰਗਾਲੀ ਅਤੇ ਪੰਜਾਬੀ ਆਦਿ ਵਿੱਚ ਪ੍ਰਕਾਸ਼ਤ ਕਰਕੇ ਭਾਰਤ ਵਿੱਚ ਵੀ ਭੇਜਦੇ ਹੁੰਦੇ ਸਨ। ਉਨ੍ਹਾਂ ਦੇ ਇਸ ਪ੍ਰਯਤਨ ਸਦਕਾ ਹੀ ਬਾਹਰ ਰਹਿੰਦੇ ਪੰਜਾਬੀ ਮਜ਼ਦੂਰ ਅਤੇ ਉਚੇਰੀ ਪੜ੍ਹਾਈ ਕਰਨ ਦੇ ਮਕਸਦ ਨਾਲ ਜਾਣ ਵਾਲੇ ਭਾਰਤੀ ਨੌਜਵਾਨ, ਦੇਸ਼ ਦੇ ਸੈਨਿਕ ਅਤੇ ਕਿਸਾਨੀ ਨਾਲ ਸਬੰਧਤ ਲੋਕ ਵੀ ਜੁੜਦੇ

ਚਲੇ ਗਏ ਸਨ ਅਤੇ ਦੇਸ਼-ਵਿਦੇਸ਼ਾਂ ਅੰਦਰ ਭਾਂਤ-ਭਾਂਤ ਦੇ ਅੰਦੋਲਨ ਵੀ ਉਭਰਨ ਲੱਗ ਪਏ ਸਨ।

ਯੂਰਪ ਜਾਣ ਵਾਲੇ ਕੌਮੀ ਆਗੂਆਂ ਨੇ ਵਿਦੇਸਾਂ ਵਿੱਚ ਖਾਸ ਕਰ ਇੰਗਲੈਂਡ, ਜਰਮਨ ਤੇ ਫਰਾਂਸ ਵਿੱਚ ਅਤੇ ਅਮਰੀਕਾ, ਕਨੇਡਾ ਜਾਣ ਵਾਲੇ ਆਗੂਆਂ ਨੇ ਅਮਰੀਕਾ ਅਤੇ ਕਨੇਡਾ ਵਿੱਚ ਆਪਣੇ ਖਰਚੇ ਤੇ ਭਾਰਤ ਤੋਂ ਵਿਦਿਆਰਥੀਆਂ ਨੂੰ ਅਗਲੇਰੀ ਪੜ੍ਹਾਈ ਕਰਨ ਲਈ ਬੁਲਾਉਣਾ ਸ਼ੁਰੂ ਕਰ ਦਿੱਤਾ ਸੀ। ਲੰਡਨ ਦੇ 'ਇੰਡੀਅਨ ਹਾਊਸ' ਵਿੱਚ ਤਾਂ ਉਨ੍ਹਾਂ ਨੂੰ ਪੜ੍ਹਾਈ ਦੇ ਨਾਲ ਨਾਲ ਦੇਸ਼ ਭਗਤੀ ਅਤੇ ਕੁਰਬਾਨੀ ਦਾ ਜਜ਼ਬਾ ਭਰ ਕੇ ਸੰਘਰਸ਼ ਕਰਨ ਲਈ ਤਿਆਰ ਕੀਤਾ ਜਾਂਦਾ ਸੀ। ਹਥਿਆਰਬੰਦ ਲੜਾਈ ਲੜਨ ਲਈ ਉਨ੍ਹਾਂ ਵਿੱਚੋਂ ਕੁੱਝ ਕੁ ਨੂੰ ਬੰਬ, ਪਿਸਤੌਲ ਅਤੇ ਅਸਲਾ ਬਨਾਉਣ ਦੀ ਟ੍ਰੇਨਿੰਗ ਵੀ ਦਿੱਤੀ ਜਾਣ ਲੱਗ ਪਈ ਸੀ ਤਾਂ ਕਿ ਉਹ ਭਾਰਤ ਦੀ ਆਜ਼ਾਦੀ ਦੀ ਲੜ੍ਹਾਈ ਹਥਿਆਰਬੰਦ ਤਰੀਕੇ ਨਾਲ ਲੜ ਸਕਣ। ਲੰਡਨ ਵਿੱਚ ਭਾਰਤ ਤੋਂ ਆਏ ਵਿਦਿਆਰਥੀਆਂ ਅਤੇ ਦੇਸ਼ ਭਗਤਾਂ ਦਾ ਰਹਿਣ ਦਾ ਠਿਕਾਣਾ 'ਇੰਡੀਅਨ ਹਾਊਸ' ਹੁੰਦਾ ਸੀ ਤਾਂ ਜੋ ਇਹ ਲੋਕ ਇਥੇ ਰਹਿੰਦੇ ਆਜ਼ਾਦੀ ਦਾ ਸਬਕ ਸਿੱਖ ਕੇ, ਵਾਪਸ ਦੇਸ਼ ਵਿੱਚ ਜਾ ਕੇ ਬਰਤਾਨਵੀ ਸਰਕਾਰ ਵਿਰੁੱਧ ਆਜ਼ਾਦੀ ਦੀ ਜੰਗ ਸ਼ੁਰੂ ਕਰਨ। ਭਾਰਤ ਦੀ ਆਜ਼ਾਦੀ ਦੀ ਜੰਗ ਲਈ, ਭਾਰਤੀ ਲੋਕਾਂ ਵਿੱਚ ਅੰਗਰੇਜ਼ੀ ਸਰਕਾਰ ਵਿਰੁੱਧ ਪਨਪ ਰਹੇ ਰੋਹ ਅਤੇ ਗੁਸੇ ਨੂੰ ਹੋਰ ਪ੍ਰਚੰਡ ਕੀਤਾ ਜਾਵੇ। ਇਸ ਤਰ੍ਹਾਂ ਜੰਗੇ ਆਜ਼ਾਦੀ ਲੜਕੇ ਭਾਰਤ ਮਾਤਾ ਨੂੰ ਗੁਲਾਮੀ ਦੀਆਂ ਬੇੜੀਆਂ ਵਿੱਚੋਂ ਸਦਾ ਸਦਾ ਲਈ ਆਜ਼ਾਦ ਕਰਵਾਇਆ ਜਾਵੇ। ਦੇਸ਼ ਭਗਤਾਂ ਵਲੋਂ, ਵਿਦੇਸ਼ਾਂ ਵਿੱਚ ਕੱਢੀਆਂ ਅੰਗਰੇਜ਼ੀ ਦੀਆਂ ਅਖਬਾਰਾਂ ਤੇ ਪਰਚਿਆਂ ਰਾਹੀਂ ਉਥੇ ਰਹਿੰਦੇ ਲੋਕਾਂ ਵਿੱਚ ਅਤੇ ਉਨ੍ਹਾਂ ਹੀ ਪਰਚਿਆਂ ਰਾਹੀਂ ਦੇਸ਼ ਵਿੱਚ, ਆਪਣੇ ਜੋਸ਼ੀਲੇ ਵਿਚਾਰਾਂ ਰਾਹੀਂ ਪਰਚਾਰ ਦਾ ਕੰਮ ਕੀਤਾ ਜਾਣ ਲੱਗ ਪਿਆ ਸੀ।

ਇਸ ਵੇਲੇ ਤੱਕ ਸ਼੍ਰੀ ਕ੍ਰਿਸ਼ਨਾ ਜੀ ਵਰਮਾ, ਸਰਦਾਰ ਸਿੰਘ ਰੇਵਾਭਾਈ ਰਾਣਾ, ਸ਼੍ਰੀ ਅਹਿਮਦ ਅਲੀ ਰਜ਼ਾ ਅਤੇ ਵੀਰ ਸਾਵਰਕਰ ਆਦਿ ਸਭ ਇੰਗਲੈਂਡ ਜਾ ਚੁੱਕੇ ਸਨ। ਇਹ ਲੋਕ ਬਾਹਰ ਜਾ ਕੇ ਕੇਵਲ ਬਰਤਾਨਵੀ ਸਾਮਰਾਜ ਦੇ ਜ਼ੁਲਮਾਂ ਤੋਂ ਹੀ ਬਚ ਕੇ ਨਹੀਂ ਬੈਠੇ ਰਹੇ ਸਗੋਂ ਇਨ੍ਹਾਂ ਨੇ ਭਾਰਤ ਦੀ ਆਜ਼ਾਦੀ ਦੀ ਆਵਾਜ਼ ਨੂੰ ਵੀ ਉਥੇ ਰਹਿ ਕੇ ਚੁੱਕੀ ਰੱਖਿਆ ਸੀ। ਇਸ ਤਰ੍ਹਾਂ ਉਨ੍ਹਾਂ ਨੇ ਦੇਸ਼-ਪ੍ਰਦੇਸ਼ ਵਿੱਚ ਵਸਦੇ ਲੋਕਾਂ ਵਿੱਚ ਇਸਦਾ ਪਰਚਾਰ ਕਰਨਾ ਸ਼ੁਰੂ ਕਰ ਦਿੱਤਾ ਸੀ। ਇਨ੍ਹਾਂ ਆਗੂਆਂ ਕੋਲ ਧਨ ਦੀ ਕੋਈ ਕਮੀ ਨਹੀਂ ਸੀ ਇਸ ਲਈ ਪ੍ਰਚਾਰ ਦੇ ਪੱਕੇ-ਠੋਕੇ ਸਾਧਨਾਂ ਨੂੰ ਸਥਾਪਤ ਕਰਨ ਲਈ ਪਹਿਲਾਂ ਇੰਗਲੈਂਡ ਤੇ ਫੇਰ ਫਰਾਂਸ ਵਿੱਚ 'ਇੰਡੀਅਨ ਐਸੋਸੀਏਸ਼ਨਾਂ' ਬਣਾਈਆਂ ਗਈਆਂ ਸਨ। ਆਪਣਾ ਕੰਮ ਸ਼ੁਰੂ ਕਰਨ ਅਤੇ ਰਹਿਣ ਲਈ ਇਨ੍ਹਾਂ ਕੇਂਦਰਾਂ ਦਾ ਭਰਪੂਰ ਪ੍ਰਯੋਗ ਕੀਤਾ ਗਿਆ ਸੀ। ਇਨ੍ਹਾਂ ਥਾਵਾਂ ਤੋਂ ਆਜ਼ਾਦੀ ਦਾ ਪਰਚਾਰ ਕਰਨ ਲਈ ਮਹੀਨੇਵਾਰ ਅਖਬਾਰ ਜਿਵੇਂ 'ਇੰਡੀਆ', 'ਸੋਸ਼ਿਐਲੋਜਿਸਟ', 'ਬੰਦੇ ਮਾਤਰਮ' ਅਤੇ 'ਤਲਵਾਰ ' ਆਦਿ ਕੱਢੇ ਜਾਂਦੇ ਸਨ ਤੇ ਉਥੇ ਰਹਿੰਦੇ ਭਾਰਤੀ ਲੋਕਾਂ ਤੱਕ ਪਹੁੰਚਾਏ ਜਾਂਦੇ ਸਨ।

ਜਦੋਂ ਬੰਬਈ ਦੀ ਗਰੀਬ ਬਸਤੀ ਵਿੱਚ ਪਲੇਗ ਨਾਲ ਪੀੜਤ ਲੋਕਾਂ ਦੀ ਦਿਨ-ਰਾਤ ਸੇਵਾ ਕਰਦੇ ਮੈਡਮ ਕਾਮਾ ਨੂੰ ਬਿਮਾਰ ਲੋਕਾਂ ਤੋਂ ਲੱਗੀ ਬਿਮਾਰੀ ਦੀ ਇਨਫੈਕਸ਼ਨ

ਕਾਰਨ ਡਾਕਟਰਾਂ ਵਲੋਂ ਉਸਨੂੰ ਵਿਦੇਸ਼ ਵਿੱਚ ਇਲਾਜ ਕਰਵਾਉਣ ਦੀ ਸਲਾਹ ਦਿੱਤੀ ਗਈ ਸੀ। ਪਤੀ ਅਤੇ ਸਹੁਰਾ ਪਰਿਵਾਰ ਦੇ ਮੈਂਬਰਾਂ ਦਾ ਉਸ ਪ੍ਰਤੀ ਕੀਤੇ ਗਏ ਦੁਰਵਿਵਹਾਰ ਕਾਰਨ ਅਤੇ ਦਿਨੋਂ-ਦਿਨ ਡਿਗਦੀ ਜਾ ਰਹੀ ਸਿਹਤ ਨੂੰ ਦੇਖਦਿਆਂ 1901 ਵਿੱਚ ਉਸਨੇ ਨੇ ਵੀ ਇੱਕ ਸੱਚੇ ਇਨਕਲਾਬੀ ਦੀ ਤਰ੍ਹਾਂ ਦੇਸ਼ ਛੱਡਣ ਦਾ ਫੈਸਲਾ ਕੀਤਾ। ਉਹ ਆਪਣੇ ਪਰਿਵਾਰ ਨੂੰ ਛੱਡ ਕੇ ਇਲਾਜ ਕਰਵਾਉਣ ਲਈ ਯੂਰਪ ਚਲੀ ਗਈ ਸੀ। ਉਹ ਇੰਗਲੈਂਡ ਜਾਣ ਤੋਂ ਪਹਿਲਾਂ ਜਰਮਨ, ਸਕਾਟਲੈਂਡ ਤੇ ਫਰਾਂਸ ਵਿੱਚ ਵੀ ਰਹੀ ਸੀ। ਜਰਮਨ ਵਿੱਚ ਹੀ ਉਸਦਾ ਉਪਰੇਸ਼ਨ ਹੋਇਆ ਸੀ ਜਿਸ ਤੋਂ ਪਿੱਛੇ ਉਹ ਪਹਿਲਾਂ ਵਾਂਗ ਹੀ ਤੰਦਰੁਸਤ ਅਤੇ ਰਿਸ਼ਟ-ਪੁਸ਼ਟ ਹੋ ਗਈ ਸੀ। ਮੈਡਮ ਕਾਮਾ ਨੇ ਇਨਕਲਾਬੀ ਇਸਤਰੀ ਬਨਣ ਲਈ ਬਹੁਤ ਹੀ ਵੱਡਾ ਅਤੇ ਦਲੇਰਾਨਾ ਕਦਮ ਉਠਾਇਆ ਸੀ। ਇਹ ਨਵਾਂ ਰਾਹ ਉਸਦੇ ਨਵੇਂ ਜੀਵਨ ਦੀ ਦਿਸ਼ਾ ਤੈਅ ਕਰਦਾ ਸੀ ਜਿਸ ਨੇ ਉਸਨੂੰ ਆਪਣੀ ਮਾਤ ਭੂਮੀ ਦੀ ਅਜ਼ਾਦੀ ਲਈ ਖਤਰਿਆਂ ਭਰੀ ਜ਼ਿੰਦਗੀ ਜਿਉਣ ਵੱਲ ਲੈ ਕੇ ਜਾਣਾ ਸੀ। ਇੰਗਲੈਂਡ ਦੀ ਧਰਤੀ ਤੇ ਉਤਰਦਿਆਂ ਮੈਡਮ ਕਾਮਾ ਬਿਨਾ ਕਿਸੇ ਪਲ ਨੂੰ ਬੇਅਰਥ ਗੁਆਏ ਕ੍ਰਾਂਤੀਕਾਰੀ ਕੰਮਾਂ ਵਿੱਚ ਜੁਟ ਜਾਣਾ ਚਾਹੁੰਦੀ ਸੀ। ਸਭ ਤੋਂ ਪਹਿਲਾਂ ਉਹ ਨਰਮ ਖਿਆਲੀ ਆਗੂ ਦਾਦਾ ਭਾਈ ਨਾਰੋ ਜੀ ਦੇ ਸੰਪਰਕ ਵਿੱਚ ਆਈ। ਉਥੇ ਉਨ੍ਹਾਂ ਦੀ ਸੈਕਟਰੀ ਦੇ ਤੌਰ ਤੇ ਉਨ੍ਹਾਂ ਨਾਲ ਕੰਮ ਕਰਨਾ ਸ਼ੁਰੂ ਕੀਤਾ ਸੀ। ਉਥੇ ਰਹਿੰਦਿਆਂ ਹੀ ਉਹ ਭਾਰਤ ਦੀ ਸੁਤੰਤਰਤਾ ਲਹਿਰ ਲਈ ਅਗਲੇਰੇ ਟੀਚਿਆਂ ਨੂੰ ਸਾਹਮਣੇ ਰੱਖਕੇ ਕੰਮ ਕਰਨ ਵਿੱਚ ਲੀਨ ਹੋ ਗਈ ਸੀ। ਉਸ ਨੇ ਬਰਤਾਨੀਆਂ ਵਿੱਚ ਰਹਿੰਦਿਆਂ ਉਥੋਂ ਦੇ ਭਾਰਤੀ ਲੋਕਾਂ ਨੂੰ ਕਾਂਗਰਸ ਦੀਆਂ ਸਮਝੌਤਾਵਾਦੀ ਨੀਤੀਆਂ ਬਾਰੇ ਵਿਸਤਾਰ ਨਾਲ ਦੱਸਿਆ। ਕਿਉਂਕਿ ਉਹ ਬਹੁਤ ਹੀ ਦਲੇਰ ਤੇ ਜੋਸ਼ੀਲੀ ਬੁਲਾਰੀ ਸੀ ਇਸ ਲਈ ਉਹ ਆਪਣੇ ਮਿਸ਼ਨ ਵਿੱਚ ਅੱਗੇ ਹੀ ਅੱਗੇ ਵਧਦੀ ਜਾ ਰਹੀ ਸੀ।

ਇਸੇ ਦੌਰਾਨ ਇੰਗਲੈਂਡ ਵਿੱਚ ਹੀ ਮੈਡਮ ਕਾਮਾ ਇਟਲੀ ਦੇ ਇਨਕਲਾਬੀ ਆਗੂ ਮਾਜ਼ਨੀ ਦੇ ਵਿਚਾਰਾਂ ਅਤੇ ਸਰਗਰਮੀਆਂ ਤੋਂ ਬਹੁਤ ਪ੍ਰਭਾਵਤ ਹੋਈ। ਜਿਉਂ ਜਿਉਂ ਉਸਦਾ ਸੰਪਰਕ ਯੂਰਪੀ ਇਨਕਲਾਬੀ ਸੰਸਥਾਵਾਂ ਅਤੇ ਆਗੂਆਂ ਨਾਲ ਵੱਧਦਾ ਗਿਆ ਉਸਦੇ ਨਜ਼ਰੀਏ ਦੇ ਘੇਰੇ ਦਾ ਵੀ ਵਿਸਥਾਰ ਹੁੰਦਾ ਗਿਆ। ਇੱਥੇ ਹੀ ਉਸਨੇ ਇਹ ਸਮਝ ਲਿਆ ਸੀ ਕਿ ਭਾਰਤ ਵਿੱਚਲੀ ਆਜ਼ਾਦੀ ਦੀ ਲੜਾਈ ਵੀ ਹਥਿਆਰਬੰਦ ਤਰੀਕੇ ਨਾਲ ਹੀ ਜਿੱਤੀ ਜਾ ਸਕਦੀ ਹੈ। ਇਥੇ ਹੀ ਉਸਦਾ ਕਾਂਗਰਸ ਦੀਆਂ ਨਰਮ ਤੇ ਸਮਝੌਤਾਵਾਦੀ ਨੀਤੀਆਂ ਤੋਂ ਮੋਹ ਭੰਗ ਹੋ ਗਿਆ ਸੀ। ਆਪਣੇ ਇਨ੍ਹਾਂ ਵਿਚਾਰਾਂ ਦੇ ਪ੍ਰਭਾਵ ਅਧੀਨ ਉਹ ਹੌਲੀ ਹੌਲੀ ਕਾਂਗਰਸ ਦੇ ਨਰਮਦਲੀਏ ਆਗੂਆਂ ਤੋਂ ਦੂਰ ਹੁੰਦੀ ਚਲੀ ਗਈ ਅਤੇ ਇੰਗਲੈਂਡ ਵਿੱਚ ਰਹਿੰਦੇ ਹੀ ਉਹ ਸ਼ਿਆਮਾ ਜੀ ਕ੍ਰਿਸ਼ਨਾ ਜੀ ਵਰਮਾ ਅਤੇ ਰੇਵਾ ਭਾਈ ਰਾਣਾ ਜੀ ਜਿਹੇ ਗਰਮਖਿਆਲੀਆਂ ਨਾਲ ਜੁੜ ਗਈ ਸੀ। ਉਸ ਨੇ ਭਾਰਤ ਵਿੱਚਲੇ ਕਾਂਗਰਸ ਲਹਿਰ ਦੇ ਗਰਮਦਲੀਆਂ-ਬਾਲ ਗੰਗਾਧਰ ਤਿਲਕ, ਬਿਪਨ ਚੰਦਰ ਪਾਲ ਅਤੇ ਲਾਲਾ ਲਾਜਪਤ ਰਾਏ ਨਾਲ ਵੀ ਸੰਪਰਕ ਜੋੜਨਾ ਸ਼ੁਰੂ ਕਰ ਦਿੱਤਾ ਸੀ।

ਭਾਵੇਂ ਉਹ ਇਨਕਲਾਬ ਵਿੱਚ ਯਕੀਨ ਰੱਖਦੀ ਸੀ ਪ੍ਰੰਤੂ ਉਹ ਅਨਿਆਇ ਭਰਪੂਰ ਹਿੰਸਾ ਦੇ ਹਮੇਸ਼ਾ ਹੀ ਵਿਰੁੱਧ ਖੜਦੀ ਹੁੰਦੀ ਸੀ। ਉਹ ਵਿਦੇਸ਼ੀ ਰਾਜ ਦੇ ਜ਼ੁਲਮ ਨੂੰ ਅਨਿਆਇ ਭਰਪੂਰ ਕਹਿੰਦੀ ਸੀ ਕਿਉਂਕਿ ਇਹ ਉਸਦੀ ਸਮਝ ਸੀ ਕਿ ਅੰਗਰੇਜ਼ ਬਹੁਤ

ਜ਼ਾਲਮ ਤੇ ਅੱਤਿਆਚਾਰੀ ਹਨ ਜਿਹੜੇ ਭਾਰਤ ਨੂੰ ਗੁਲਾਮ ਬਣਾ ਕੇ ਉਸ ਦਾ ਧਨ-ਦੌਲਤ, ਖਣਿਜਾਂ, ਪੈਦਾਵਾਰ ਦੀ ਅੰਨ੍ਹੀ ਲੁੱਟ ਰਾਹੀਂ ਲੋਕਾਂ ਦਾ ਖ਼ੂਨ ਚੂਸ ਰਹੇ ਸਨ। ਉਹ ਬਾਹਰੋਂ ਚੰਗੇ ਦਿਸਣ ਵਾਲੇ ਧੋਖੇਬਾਜ ਅਤੇ ਬੇਅਸੂਲੇ ਲੋਕ ਸਨ ਜਿਹੜੇ ਭਾਰਤ ਵਿੱਚ ਘੁਸਪੈਠ ਕਰਕੇ ਆਏ ਅਤੇ ਜੋਂਕ ਵਾਂਗੂ ਸਾਰੇ ਭਾਰਤ ਨੂੰ ਚੱਟ ਕੇ ਬਰਬਾਦ ਕਰੀ ਜਾ ਰਹੇ ਸਨ। ਉਹ ਭਾਰਤੀ ਲੋਕਾਂ ਲਈ 'ਆਜ਼ਾਦ ਰਾਜ' ਦੀ ਦ੍ਰਿੜਤਾ ਨਾਲ ਮੰਗ ਕਰਦੀ ਸੀ। ਉਹ ਹਮੇਸ਼ਾ ਕਹਿੰਦੀ ਸੀ " ਅਸੀਂ ਭਾਰਤ ਲਈ ਹਾਂ, ਭਾਰਤ ਭਾਰਤੀਆਂ ਦਾ ਹੈ।" ਮੈਡਮ ਕਾਮਾ ਦੀ ਅੱਗਾਂਹਵਧੂ ਵਿਚਾਰਧਾਰਾ ਨੇ ਉਸਦੇ ਸੋਚਣ ਢੰਗ ਅਤੇ ਗਤੀਵਿਧੀਆਂ ਵਿੱਚ ਬੜੀ ਵੱਡੀ ਬੁਨਿਆਦੀ ਤਬਦੀਲੀ ਲੈ ਆਂਦੀ ਸੀ। ਇਸੇ ਸੋਚ ਨੇ ਪਿੱਛੋਂ ਜਾ ਕੇ ਉਸਨੂੰ ਮਾਰਕਸਵਾਦੀ ਵਿਚਾਰਧਾਰਾ ਨਾਲ ਜੋੜ ਦਿੱਤਾ ਸੀ। ਇੰਗਲੈਂਡ ਵਿੱਚ ਮੈਡਮ ਕਾਮਾ, ਸ਼ਿਆਮਾ ਜੀ ਕ੍ਰਿਸ਼ਨਾ ਜੀ ਅਤੇ ਰਾਣਾ ਜੀ, ਇਨ੍ਹਾਂ ਤਿੰਨਾ ਦੀ ਮਹਾਨ ਤਿਕੜੀ ਨੂੰ ਇਨਕਲਾਬੀ ਤਿਕੜੀ ਵੀ ਕਿਹਾ ਜਾਂਦਾ ਸੀ। ਭਾਰਤ ਦੀ ਕੌਮੀ ਮੁਕਤੀ ਲਹਿਰ ਵਿੱਚ ਇਨ੍ਹਾਂ ਇਨਕਲਾਬੀਆਂ ਦਾ ਵਿਸ਼ੇਸ਼ ਸਥਾਨ ਹੈ। ਇੰਗਲੈਂਡ ਵਿੱਚ ਰਹਿੰਦੇ ਹੋਏ ਹੀ ਉਸਨੇ ਦੇਸ਼ ਪ੍ਰੇਮ ਨਾਲ ਗੜੁੱਚ ਸਾਹਿਤਕ ਕਿਤਾਬਚੇ ਵੀ ਛਪਵਾਉਣੇ ਸ਼ੁਰੂ ਕਰ ਦਿੱਤੇ ਸਨ।

ਸਨ 1857 ਦੀ ਅਜ਼ਾਦੀ ਦੀ ਪਹਿਲੀ ਲੜਾਈ ਦੇ ਜਸ਼ਨਾਂ ਨੂੰ ਮੈਡਮ ਕਾਮਾ ਅਤੇ ਉਸਦੇ ਸਾਥੀਆਂ ਵਲੋਂ ਇੰਗਲੈਂਡ ਵਿੱਚ ਰਹਿ ਰਹੇ ਭਾਰਤੀ ਲੋਕਾਂ ਦੀ ਮਦਦ ਨਾਲ ਬਹੁਤ ਹੀ ਧੂਮ-ਧਾਮ ਨਾਲ ਮਨਾਇਆ ਜਾਂਦਾ ਸੀ। ਇਸ ਦੇ ਉਲਟ ਬਰਤਾਨਵੀ ਸਰਕਾਰ ਉਸਨੂੰ 'ਕੇਵਲ ਵਿਦਰੋਹੀ ਸਿਪਾਹੀਆਂ ਦੀ ਇਕ ਬਗਾਵਤ ' ਕਹਿ ਕੇ ਕਲੰਕਤ ਕਰਦੀ ਆ ਰਹੀ ਸੀ ਅਤੇ ਉਪਰੋਕਤ ਦੇਸ਼ ਭਗਤ ਲੋਕਾਂ ਉਤੇ ਜ਼ੁਲਮ ਢਾਉਣ ਅਤੇ ਉਨ੍ਹਾਂ ਨੂੰ ਤਹਿਸ-ਨਹਿਸ ਕਰਨ ਦੇ ਘਿਨਾਉਣੇ ਕੁਕਰਮ ਕਰ ਰਹੀ ਸੀ। ਇੰਗਲੈਂਡ ਵਿੱਚ ਰਹਿਣ ਵਾਲੇ ਇਹ ਸਾਰੇ ਲੋਕ ਭਾਰਤੀ ਇਨਕਲਾਬੀ ਹੀ ਸਨ ਜਿਨ੍ਹਾਂ ਨੇ ਬਰਤਾਨਵੀ ਸਰਕਾਰ ਦੇ ਮੁਕਾਬਲੇ ਇਸ ਨੂੰ ਭਾਰਤ ਦੀ ਅਜ਼ਾਦੀ ਦੇ 'ਪਹਿਲੇ ਸੁਤੰਤਰਤਾ ਸੰਗਰਾਮ ' ਦਾ ਨਾਂ ਦਿੱਤਾ ਅਤੇ ਇਸ ਨੂੰ ਸ਼ਾਨਦਾਰ ਢੰਗ ਨਾਲ ਮਨਾ ਕੇ ਸਾਮਰਾਜੀਆਂ ਦੀ ਇਸ ਨੂੰ ਬਦਨਾਮ ਕਰਨ ਦੀ ਕੋਝੀ ਸਾਜਸ਼ ਨੂੰ ਅਸਫਲ ਕਰਨ ਦਾ ਬਹੁਤ ਵੱਡਾ ਕਾਰਜ ਕੀਤਾ ਸੀ। ਉਨ੍ਹਾਂ ਵਲੋਂ 1857 ਦੀ ਅਜ਼ਾਦੀ ਦੀ ਜੰਗ ਦੇ ਜਸ਼ਨਾ ਦੀ ਵਰ੍ਹੇ ਗੰਢ ਮਨਾਉਂਦੇ ਸਮੇ ਦੇਸ਼ ਭਗਤੀ ਭਰਪੂਰ ਕਿਤਾਬਚੇ ਵੰਡੇ ਜਾਂਦੇ ਅਤੇ ਵੱਡੀ ਗਿਣਤੀ ਵਿੱਚ ਉਹ ਕਿਤਾਬਚੇ ਭਾਰਤ ਵਿੱਚ ਵੀ ਭੇਜੇ ਜਾਂਦੇ ਸਨ।

"ਐ ਸ਼ਹੀਦੋ" ਨਾਮ ਦਾ ਇਹ ਕਿਤਾਬਚਾ ਇਨ੍ਹਾਂ ਲਾਈਨਾ ਨਾਲ ਸ਼ੁਰੂ ਹੁੰਦਾ ਸੀ—

ਸੁਤੰਤਰਤਾ ਸੰਗਰਾਮ ਜਦੋਂ ਇੱਕ ਵਾਰ ਛਿੜ ਪਵੇ,
ਉਹ ਪਿਤਾ ਪਿੱਛੋਂ ਪੁੱਤਾਂ ਨੇ ਅੱਗੇ ਚਲਾਉਣਾ ਹੁੰਦਾ ਹੈ।
ਇਹ ਕਈ ਵਾਰ ਹਾਰਾਂ ਖਾ ਕੇ ਵੀ, ਅੰਤ ਨੂੰ ਜਿੱਤ ਜਾਂਦਾ ਹੈ।

ਇਸ ਮੌਕੇ ਜਾਰੀ ਕੀਤੇ ਗਏ "ਐ ਸ਼ਹੀਦੋ ਨਾਮ " ਦੇ ਇਸ ਕਿਤਾਬਚੇ ਵਿੱਚ ਲਿਖਿਆ ਹੋਇਆ ਸੀ "ਐ ਸ਼ਹੀਦੋ! ਤੁਸੀਂ ਆਪਣੀ ਮਾਤ ਭੂਮੀ ਨੂੰ ਅਪਮਾਨ ਜਨਕ ਗੁਲਾਮੀ ਤੋਂ ਜਗਾਇਆ। ਤੁਸੀਂ ਜਾਗ ਕੇ ਮਿਆਨ ਵਿੱਚੋਂ ਤਲਵਾਰ ਧੂਹੀ ਅਤੇ ਜੰਜੀਰਾਂ ਨੂੰ ਤੋੜ ਕੇ ਮੁਕਤੀ ਲਈ ਪਹਿਲਾ ਵਾਰ ਕੀਤਾ ਸੀ। ਇਸ ਤਰ੍ਹਾਂ ਨਾਲ ਤੁਸੀਂ ਆਪਣੇ

ਸਵੈਮਾਨ ਦੀ ਰੱਖਿਆ ਕੀਤੀ ਸੀ। ਅਸੀਂ ਦ੍ਰਿੜ ਹਾਂ ਕਿ ਉਹ ਸੂਰਮਤਾ ਭਰੇ ਮਿਸ਼ਨ "ਵਿਦੇਸ਼ੀਓ ਨਿਕਲ ਜਾਓ" ਨੂੰ ਗੂੰਜਾਂਉਦੇ ਹੋਏ ਜਾਰੀ ਰੱਖਾਂਗੇ। ਜਦੋਂ ਵੀ ਲੋਕ ਆਜ਼ਾਦੀ ਲਈ ਉਠ ਖੜੇ ਹੁੰਦੇ ਹਨ, ਜਦੋਂ ਵੀ ਆਜ਼ਾਦੀ ਦੇ ਬੀਜ ਸ਼ਹੀਦਾਂ ਦੇ ਖ਼ੂਨ ਵਿਚੋਂ ਉਗਦੇ ਹਨ ਅਤੇ ਜਦੋਂ ਵੀ ਉਨ੍ਹਾਂ ਵਿਚੋਂ ਇਕ ਵੀ ਆਪਣੇ ਬਾਪ ਦਾ ਬਦਲਾ ਲੈਣ ਲਈ ਬਾਕੀ ਹੈ, ਇਹ ਯੁੱਧ ਕਦੇ ਵੀ ਖਤਮ ਨਹੀਂ ਹੋ ਸਕਦਾ। ਇਥੇ ਤਾਂ ਆਜ਼ਾਦੀ ਜਾਂ ਮੌਤ ਦੋਵਾਂ ਵਿੱਚੋਂ ਇਕ ਹੀ ਚੁਣਨੀ ਹੁੰਦੀ ਹੈ। ਇਸ ਲਈ ਇਹ ਆਜ਼ਾਦੀ ਦੀ ਜੰਗ ਜਾਰੀ ਰਹੇਗੀ। ਜੰਗਬੰਦ ਨਹੀਂ ਹੋਵੇਗੀ। ਕਦੇ ਵੀ ਨਹੀਂ! ਇਨਕਲਾਬੀ ਸੰਗਰਾਮ ਦੇ ਕੋਸ਼ ਵਿਚ ਜੰਗਬੰਦੀ ਦਾ ਸ਼ਬਦ ਨਹੀਂ ਹੁੰਦਾ"। ਇਹ ਇਨਕਲਾਬੀ ਕਿਤਾਬਚਾ ਭਾਰਤੀਆਂ ਵਲੋਂ ਕੱਢੇ ਜਾਂਦੇ ਲੱਗਭਗ ਸਾਰੇ ਅਖਬਾਰਾਂ ਨੂੰ ਭੇਜਿਆ ਗਿਆ ਸੀ ਅਤੇ ਬਹੁਤ ਵੱਡੀ ਗਿਣਤੀ ਵਿੱਚ ਇਹ ਲੋਕਾਂ ਅੰਦਰ ਵੀ ਵੰਡਿਆ ਗਿਆ ਸੀ।

ਮੈਡਮ ਕਾਮਾ ਨੂੰ ਉਸਦੀਆਂ ਕੁਰਬਾਨੀਆਂ ਕਰਕੇ "ਭਾਰਤ ਦੇ ਇਨਕਲਾਬ ਦੀ ਮਾਤਾ" ਦੇ ਤੌਰ ਤੇ ਸਤਿਕਾਰਤ ਕੀਤਾ ਜਾਂਦਾ ਸੀ। ਉਪਰੋਕਤ ਸੁਨੇਹੇ ਵਿੱਚ ਉਸ ਨੇ ਆਪਣੇ ਦੇਸ਼ ਵਾਸੀਆਂ ਨੂੰ ਅਤੇ ਵਿਦੇਸ਼ਾਂ ਵਿੱਚ ਵਸਦੇ ਹਰ ਭਾਰਤੀ ਨੂੰ ਭਾਰਤ ਦੀ ਆਜ਼ਾਦੀ ਲਈ ਲਹੂ ਵੀਟਵਾਂ ਸੰਘਰਸ਼ ਵਿੱਢਣ ਦੀ ਅਪੀਲ ਕੀਤੀ ਸੀ। ਉਸ ਅਪੀਲ ਵਿੱਚ ਬਰਤਾਨਵੀ ਸਰਕਾਰ ਦੀ ਧੱਕੇਸ਼ਾਹ ਵਧੀਕੀਆਂ ਵਾਰੇ ਦੁੱਖ ਅਤੇ ਲੋਕਾਂ ਨੂੰ ਉਸ ਧੱਕੇਸ਼ਾਹੀ ਵਿਰੁੱਧ ਹਥਿਆਰ ਬੰਦ ਵਿਦਰੋਹ ਕਰਨ ਲਈ ਆਪਣੇ ਜੋਸ਼ੀਲੇ ਸ਼ਬਦਾਂ ਨਾਲ ਪ੍ਰੇਰਿਆ ਸੀ। ਉਸਨੇ ਆਪਣੀ ਅਪੀਲ ਵਿੱਚ ਭਾਰਤ ਵਾਸੀਆਂ ਨੂੰ ਸਭ ਭੇਦ-ਭਾਵ ਮਿਟਾ ਕੇ ਆਜ਼ਾਦੀ ਦੇ ਸੰਗਰਾਮ ਵਿੱਚ ਇੱਕ ਮੁੱਠ ਹੋ ਕੇ ਕੁੱਦ ਜਾਣ ਲਈ ਪ੍ਰੇਰਿਆ ਸੀ। ਉਸਨੇ ਭਾਰਤ ਦੇ ਸਭ ਪ੍ਰਾਂਤਾਂ ਦੇ ਧਰਮਾਂ, ਜਾਤਾਂ ਅਤੇ ਫਿਰਕਿਆਂ ਦੇ ਲੋਕਾਂ ਦੀ ਬਹਾਦਰੀ ਨੂੰ ਯਾਦ ਕਰਦਿਆਂ ਭਾਰਤ ਦੇ ਹਰ ਮਰਦ, ਇਸਤਰੀ ਅਤੇ ਨੌਜਵਾਨ ਨੂੰ ਅੰਗਰੇਜ਼ਾਂ ਦੇ ਵਿਰੁੱਧ ਲਾਮਬੰਦ ਹੋਣ ਅਤੇ ਸਿਰ ਝੁਕਾਉਣ ਨਾਲ ਜ਼ਿੰਦਗੀ ਜੀਣ ਨਾਲੋਂ ਮਰਨ ਨੂੰ ਤਰਜੀਹ ਦੇਣ ਦੀ ਅਪੀਲ ਕੀਤੀ ਸੀ।

ਮੈਡਮ ਕਾਮਾ ਦਾ ਦੇਸ਼ ਵਾਸੀਆਂ ਨੂੰ ਸੰਦੇਸ਼ ਸੀ "ਭਾਰਤ ਦੇ ਮਰਦੋ ਅਤੇ ਇਸਤਰੀਓ! ਇਸ ਧੱਕੇਸ਼ਾਹੀ ਦਾ ਜ਼ਬਰਦਸਤ ਵਿਰੋਧ ਕਰੋ। ਆਪਣਾ ਨਿਸ਼ਚਾ ਦ੍ਰਿੜ ਬਣਾ ਕੇ ਉਠੋ! ਸਾਨੂੰ ਇਸ ਗੁਲਾਮੀ ਦੇ ਜੀਵਨ ਨਾਲੋਂ ਮਰ ਜਾਣਾ ਚੰਗਾ ਹੈ। ਬਹਾਦਰ ਰਾਜਪੂਤੋ, ਸਿੱਖੋ, ਪਠਾਣੋ, ਗੋਰਖਿਓ, ਦੇਸ਼ ਭਗਤ ਮਰਾਠਿਓ ਅਤੇ ਬੰਗਾਲੀਓ, ਬਹੁਤ ਹੀ ਜ਼ੋਰਾਵਰ ਹਿੰਦੂਓ, ਪਾਰਸੀਓ, ਦਲੇਰ ਮੁਸਲਮਾਨੋਂ, ਮਹਾਨ ਅਤੇ ਬਹਾਦਰ ਨਸਲਾਂ ਦੇ ਵਾਰਸੋ ਆਪਣੀਆਂ ਰਵਾਇਤਾਂ ਅਨੁਸਾਰ ਜੀਓ! ਕਿਉਂ ਨਹੀਂ ਜਿਉਂ ਰਹੇ? ਆਓ! ਆਜ਼ਾਦੀ ਅਤੇ ਬਰਾਬਰਤਾ ਦਾ ਸਵਰਾਜ ਕਾਇਮ ਕਰਕੇ ਰਹੀਏ। ਆਓ ਸਾਰੇ ਇਕੱਠੇ ਹੋ ਕੇ ਲਾਲਾ ਲਾਜਪਤਰਾਏ ਵਾਂਗੂੰ ਨਿਧੱੜਕ ਹੋ ਕੇ ਆਪਣੀ ਆਵਾਜ਼ ਬੁਲੰਦ ਕਰੀਏ। ਫੇਰ ਸਾਨੂੰ ਸਾਰਿਆਂ ਨੂੰ ਜੇਲ੍ਹਾਂ ਵਿਚ ਡੱਕਣ ਲਈ ਅਤੇ ਜਲਾਵਤਨ ਕਰਨ ਲਈ ਸਰਕਾਰ ਨੂੰ ਕਿੰਨੀਆਂ ਹੋਰ ਜੇਲ੍ਹਾਂ ਅਤੇ ਕਿਲੇ ਉਸਾਰਨੇ ਪੈਣਗੇ। ਅਸੀਂ ਤੀਹ ਕਰੋੜ ਹਾਂ, ਇਹ ਸਾਡੇ ਮੁਕਾਬਲੇ ਗਿਣਤੀ ਵਿੱਚ ਬਹੁਤ ਹੀ ਘੱਟ ਹਨ। ਸਾਨੂੰ ਕੇਵਲ ਇੱਕਮੁੱਠ ਹੋਣ ਦੀ ਲੋੜ ਹੈ। ਪਿਆਰੇ ਦੋਸਤੋ, ਆਪਣਾ ਆਤਮ ਸਨਮਾਨ ਅਤੇ ਖੁੱਦਾਰੀ ਦਿਖਾਓ। ਇਸ ਧੱਕੇਸ਼ਾਹ ਹਕੂਮਤ ਦਾ ਮੁਕਾਬਲਾ ਕਰਨ ਲਈ ਜਿਹੜੇ ਵੀ ਲੋਕ, ਜਿਸ ਕਿਸੇ ਵੀ ਹੈਸੀਅਤ ਵਿੱਚ (ਸਰਕਾਰੀ ਜਾਂ ਪ੍ਰਾਈਵੇਟ) ਕੰਮ ਕਰ ਰਹੇ ਹਨ, ਉਸ ਨੂੰ ਲੱਤ

ਮਾਰ ਦੇਵੇ। ਕਾਸ਼! ਸਭ ਭਾਰਤੀ ਇੱਕਮੁੱਠ ਹੋ ਕੇ ਇਸ ਮਹਾਂ ਸੰਗਰਾਮ ਵਿੱਚ ਕੁੱਦ ਪੈਣ।'' ਆਪਣੇ ਦੇਸ਼ ਲਈ ਮਰ ਮਿਟਣ ਲਈ ਇਹ ਜਜ਼ਬਾ ਉਸ ਅੰਦਰ ਕੁੱਟ ਕੁੱਟ ਭਰਿਆ ਹੋਇਆ ਸੀ ਅਤੇ ਉਹ ਇਸ ਨੂੰ ਹਰ ਭਾਰਤੀ ਦੇ ਅੰਦਰ, ਆਪਣੇ ਭਾਸ਼ਨਾ, ਲੇਖਾਂ ਆਦਿ ਰਾਹੀਂ ਭਰਨ ਦਾ ਪ੍ਰਯਤਨ ਕਰਦੀ ਰਹਿੰਦੀ ਸੀ।

ਵਿਦੇਸ਼ਾਂ ਵਿੱਚ ਰਹਿੰਦੇ ਹੋਏ ਹੀ ਉਹ ਸਮਝ ਗਈ ਸੀ ਕਿ ਭਾਰਤ ਵਿੱਚ ਗਦਰ ਪਾਰਟੀ ਵਾਲਿਆਂ ਕੋਲ ਅੰਗਰੇਜ਼ ਹਕੂਮਤ ਦਾ ਮੁਕਾਬਲਾ ਕਰਨ ਲਈ ਹਥਿਆਰ ਨਹੀਂ ਸਨ। ਉਸ ਨੇ ਭਾਰਤ ਵਿੱਚ ਉਨ੍ਹਾਂ ਲੋਕਾਂ ਨੂੰ ਹਥਿਆਰ ਭੇਜਣ ਦਾ ਜਿੰਮਾ ਲਿਆ ਸੀ। ਉਹ ਜਾਣਦੀ ਸੀ ਕਿ ਕਿਸ ਤਰ੍ਹਾਂ ਅਨਗਿਣਤ ਬਹਾਦਰ ਭਾਰਤੀ ਆਪਣੀ ਅਜ਼ਾਦੀ ਲਈ ਲੜਦਿਆਂ ਅੰਗਰੇਜ਼ਾਂ ਵਲੋਂ ਕਾਲੇ ਪਾਣੀਆਂ, ਜਲਾਵਤਨੀਆਂ ਅਤੇ ਹੋਰ ਅਣਮਨੁੱਖੀ ਤਸੀਹਿਆਂ ਦੇ ਸ਼ਿਕਾਰ ਬਣਾਏ ਜਾਂਦੇ ਸਨ ਅਤੇ ਅਨੇਕਾਂ ਨੂੰ ਗੋਲੀਆਂ ਨਾਲ ਉਡਾ ਦਿੱਤਾ ਜਾ ਰਿਹਾ ਸੀ। ਉਸਨੇ ਆਪਣੇ ਸਟੈਂਡ ਨੂੰ ਸਪੱਸ਼ਟ ਕਰਦਿਆਂ ਇੱਕ ਮਹੱਤਵ ਪੂਰਨ ਬਿਆਨ ਵੀ ਦਿੱਤਾ ਸੀ " ਮੈਂ ਹੁਣ ਚੁੱਪ ਨਹੀਂ ਰਹਿ ਸਕਦੀ ਜਦੋਂ ਕਿ ਮੇਰੇ ਦੇਸ਼ ਵਿੱਚ ਹਰ ਰੋਜ਼ ਅੰਗਰੇਜ਼ ਸਰਕਾਰ ਵਲੋਂ ਅਨੇਕਾਂ ਭਾਰਤੀਆਂ 'ਤੇ ਜਲਾਵਤਨੀਆਂ, ਫਾਂਸੀ ਦੇ ਫੰਦਿਆਂ ਦਾ ਕਸਣਾ ਅਤੇ ਹੋਰ ਭਾਂਤ-ਭਾਂਤ ਦੇ ਜ਼ੁਲਮ ਕੀਤੇ ਜਾ ਰਹੇ ਹੋਣ? ਇਹੋ ਨਹੀਂ ਸਗੋਂ ਸਾਨੂੰ ਸਾਰੇ ਅਮਨ ਭਰਪੂਰ ਢੰਗ ਤਰੀਕਿਆਂ ਤੋਂ ਵੀ ਰੋਕਿਆ ਜਾ ਰਿਹਾ ਹੋਵੇ"।


ਮੈਡਮ ਕਾਮਾ ਯੂਰਪ ਵਿਚਲੀ "ਅਭੀਨਵ ਭਾਰਤ" ਨਾਂ ਦੀ ਇਨਕਲਾਬੀ ਸੰਸਥਾ ਦੀ ਸਰਗਰਮ ਮੈਂਬਰ ਸੀ। ਇਹ ਸੰਸਥਾ ਹਥਿਆਰ ਬੰਦ ਸੰਘਰਸ਼ ਵਿੱਚ ਵਿਸ਼ਵਾਸ ਰੱਖਦੀ ਸੀ। ਉਹ ਸਮਝਦੀ ਸੀ ਕਿ ਸੰਸਾਰ ਵਿੱਚ ਅਜਿਹੀ ਕੋਈ ਵੀ ਕੌਮ ਨਹੀਂ ਜਿਸ ਨੇ ਆਪਣੀ ਆਜ਼ਾਦੀ ਦੀ ਕੀਮਤ ਨਾ ਉਤਾਰੀ ਹੋਵੇ ਜਾਂ ਕੀਮਤ ਉਤਾਰਨ ਤੋਂ ਬਿਨਾ ਆਜ਼ਾਦੀ ਪ੍ਰਾਪਤ ਕੀਤੀ ਹੋਵੇ। ਉਸ ਦਾ ਐਲਾਨ ਸੀ " ਭਾਰਤ ਭਾਰਤੀਆਂ ਦਾ ਹੈ। ਅਸੀਂ ਸਾਰੇ ਇਸ ਲਈ ਸਮੱਰਪਤ ਹਾਂ। ਸਾਡਾ ਇਨਕਲਾਬ ਇੱਕ ਪਵਿੱਤਰ ਟੀਚਾ ਹੈ। ਨੌਜਵਾਨੋਂ! ਮੈਂ ਤੁਹਾਡੇ ਕੋਲੋਂ ਇੱਕ ਮੰਗ ਮੰਗਦੀ ਹਾਂ। ਸਵਰਾਜ ਦੀ ਪ੍ਰਾਪਤੀ ਤੱਕ ਸਹੀ ਅਰਥਾਂ ਵਿੱਚ, ਇਸ ਉਦੇਸ਼ ਦੀ ਪੂਰਤੀ ਲਈ ਸੰਘਰਸ਼ ਜਾਰੀ ਰੱਖੋ। ਸਾਡਾ ਇਹ ਆਦਰਸ਼ ਹੋਣਾ ਚਾਹੀਦਾ ਹੈ"। ਆਓ ਜ਼ਰਾ ਸੋਚੀਏ! ਕਿੰਨੀ ਮਹਾਨ ਔਰਤ ਸੀ ਉਹ? ਕਿੰਨੇ ਦ੍ਰਿੜ ਨਿਸ਼ਚੇ ਸਨ ਉਸ ਦੇ ਆਪਣੇ ਦੇਸ਼ ਪ੍ਰਤੀ, ਆਪਣੀ ਕੌਮ ਪ੍ਰਤੀ? ਬਰਤਾਨਵੀ ਸਾਮਰਾਜ ਵਿਰੁੱਧ ਉਸ ਦਾ ਦ੍ਰਿਸ਼ਟੀਕੋਣ ਆਪਣੇ ਦੇਸ਼ ਦੀ ਆਜ਼ਾਦੀ ਪ੍ਰਾਪਤੀ ਲਈ ਬਹੁਤ ਹੀ ਸਾਫ ਸੀ। ਇਸ ਮਨੋਰਥ ਦੀ ਪੂਰਤੀ ਲਈ ਉਸਨੇ ਵਿਦੇਸ਼ਾਂ ਵਿੱਚ ਰਹਿੰਦੇ ਆਪਣੇ ਇਨਕਲਾਬੀ ਲੋਕਾਂ ਦੇ ਨਾਲ ਨਾਲ ਅੰਤਰਰਾਸ਼ਟਰੀ ਪੱਧਰ ਤੇ ਵੀ ਆਪਣੀ ਆਵਾਜ਼ ਬੁਲੰਦ ਕੀਤੀ ਸੀ। ਉਸਨੇ ਫਰਾਂਸ ਵਿੱਚ ਰਹਿੰਦੇ ਰੂਸ, ਇਟਲੀ, ਸਪੇਨ ਆਦਿ ਦੇ ਕ੍ਰਾਂਤੀਕਾਰੀਆਂ ਨਾਲ ਸੰਪਰਕ ਕੀਤਾ ਸੀ। ਲੰਡਨ ਵਿੱਚ ਹੋਈ ਇੱਕ ਇਨਕਲਾਬੀ ਮੀਟਿੰਗ ਸਮੇ ਉਸਨੇਂ ਭਾਰਤੀ ਲੋਕਾਂ ਨੂੰ ਵਾਰ ਵਾਰ ਇਹ ਕਹਿੰਦੇ ਲਲਕਾਰਿਆ ਸੀ " ਬਰਤਾਨਵੀ ਸਾਮਰਾਜ ਤੋਂ ਦੇਸ਼ ਦੀ ਸੁਤੰਤਰਤਾ ਪ੍ਰਾਪਤ ਕਰਨ ਲਈ ਸਾਰੇ ਢੰਗ-ਤਰੀਕੇ ਵਰਤੋਂ ਵਿੱਚ ਲਿਆਂਦੇ ਜਾਣ। ਸੁਤੰਤਰਤਾ ਸੰਗਰਾਮ ਲਈ ਹਥਿਆਰਬੰਦ ਵਿਦਰੋਹ ਹੀ ਇੱਕ ਰਾਹ ਹੈ।"

'ਇੰਡੀਅਨ ਸੁਸਾਇਟੀ ' ਦੀ ਇਕ ਮੀਟਿੰਗ ਵਿੱਚ ਮੈਡਮ ਕਾਮਾ ਨੇ ' ਭਾਰਤ

ਵਿੱਚ ਹਿੰਦੂਆਂ-ਮੁਸਲਮਾਨਾਂ ਦੇ ਆਪਸੀ ਸਬੰਧ ' ਵਿਸ਼ੇ ਉਪਰ ਪਰਚਾ ਪੜ੍ਹਿਆ ਸੀ ਜਿਹੜਾ ਅੱਜ ਤਾਂਈਂ ਇਤਿਹਾਸ ਦੇ ਅਣਫਰੋਲੇ ਪੰਨਿਆਂ ਵਿੱਚ ਗੁਆਚਿਆ ਪਿਆ ਹੈ। ਉਹ ਝੰਡਾ ਜਿਸ ਉਤੇ " ਸਵਦੇਸ਼ ਅਤੇ ਬੰਦੇ ਮਾਤਰਮ" ਲਿਖਿਆ ਹੋਇਆ ਸੀ, ਨੂੰ ਸਲੂਟ ਕਰਨ ਉਪਰੰਤ ਉਸ ਨੇ ਉਸ ਦੇ ਹੇਠ ਖੜੇ ਹੋ ਕੇ ਆਪਣਾ ਜੋਸ਼ੀਲਾ ਭਾਸ਼ਨ ਦਿੱਤਾ ਸੀ ਜਿਸ ਦਾ ਅਸਰ ਭਾਰਤ ਵਿੱਚ ਇਨਕਲਾਬੀਆਂ ਦੇ ਅਮਲਾਂ ਵਿੱਚ ਪ੍ਰਗਟ ਹੋਣ ਲੱਗਾ ਸੀ। ਪਰਿਣਾਮ ਸਰੂਪ ਭਾਰਤ ਵਿੱਚ ਇਨਕਲਾਬੀਆਂ ਦਾ ਇੱਕ ਤਾਂਤਾ ਲੱਗ ਗਿਆ ਜਿਸ ਨੇ ਸੁਤੰਤਰਤਾ ਸੰਗਰਾਮੀਆਂ ਅਤੇ ਦੇਸ਼ ਭਗਤਾਂ ਲਈ ਇੱਕ ਨਵਾਂ ਰਾਹ ਖੋਲ ਦਿੱਤਾ ਸੀ। ਇਸ ਤੋਂ ਪਹਿਲਾਂ ਇਹੋ ਤਿਰੰਗਾ ਝੰਡਾ 1906 ਵਿੱਚ, ਗਰੀਨ ਪਾਰਕ ਕਲਕੱਤੇ ਵਿੱਚ ਲਹਿਰਾਇਆ ਗਿਆ ਸੀ ਅਤੇ ਫੇਰ ਪਿੱਛੋਂ ਇਹ ਝੰਡਾ 'ਸਰ ਸੁਰਿੰਦਰਨਾਥ ਬੈਨਰਜੀ' ਨੂੰ ਭੇਂਟ ਕੀਤਾ ਗਿਆ ਸੀ। ਫਰਾਂਸ ਦੇ ਇਨਕਲਾਬ ਤੋਂ ਪ੍ਰਭਾਵਤ ਹੋ ਕੇ ਇਨਕਲਾਬੀਆਂ ਨੇ ਵੀ ਇਸ ਨੂੰ ਤਿਆਰ ਕੀਤਾ ਸੀ।

1907 ਵਿੱਚ ਜਰਮਨ ਦੇ ਸ਼ਹਿਰ ਸਟੁੱਟਗਾਰਟ ਵਿੱਚ ਦੂਜੀ 'ਅੰਤਰ-ਰਾਸ਼ਟਰੀ ਸੋਸ਼ਲਿਸਟ ਕਾਨਫਰੰਸ' ਹੋਈ। ਉਸ ਕਾਨਫਰੰਸ ਵਿੱਚ ਸ਼ਾਮਲ ਹੋਣਾ ਮੈਡਮ ਕਾਮਾ ਲਈ ਬਹੁਤ ਜਰੂਰੀ ਸੀ। ਬਰਤਾਨਵੀ ਲੇਬਰ ਲੀਡਰ "ਮਿ. ਮੈਕਡੌਨਲਡ" ਜਿਹੜਾ ਫੇਰ ਅੱਗੇ ਚੱਲਕੇ ਇੰਗਲੈਂਡ ਦਾ ਪ੍ਰਧਾਨ ਮੰਤਰੀ ਵੀ ਬਣਿਆ, ਉਸ ਨੇ ਮੈਡਮ ਕਾਮਾ ਅਤੇ ਉਸ ਦੇ ਸਾਥੀ ਸਰਦਾਰ ਰਾਣਾ ਨੂੰ ਇਸ ਕਾਨਫਰੰਸ ਲਈ ਭਾਰਤ ਵਲੋਂ ਡੈਲੀਗੇਟ ਬਨਣ ਤੋਂ ਰੋਕਣ ਲਈ ਪੂਰਾ ਜੋਰ ਵੀ ਲਗਾਇਆ ਸੀ। ਇਸ ਦੇ ਉਲਟ ਉਥੋਂ ਦੇ ਮਾਰਕਸਵਾਦੀ ਲੇਬਰ ਲੀਡਰਾਂ ਅਤੇ ਬਰਤਾਨਵੀ ਨੁਮਾਂਇੰਦੇ ਹਾਈਡਮੈਨ ਵਰਗਿਆਂ ਨੇ ਮੈਡਮ ਕਾਮਾ ਅਤੇ ਉਸ ਦੇ ਸਾਥੀ ਨੂੰ ਇਸ ਕਾਨਫਰੰਸ ਲਈ ਡੈਲੀਗੇਟ ਬਨਣ ਲਈ ਪੂਰਾ ਸਮੱਰਥਨ ਦਿੱਤਾ ਸੀ। ਇਸ ਨਾਲ ਉਨ੍ਹਾਂ ਨੂੰ ਸਫਲਤਾ ਵੀ ਮਿਲੀ ਸੀ। ਉਸ ਕਾਨਫਰੰਸ ਵਿੱਚ ਮੈਡਮ ਕਾਮਾ ਨੇ ਬਹੁਤ ਹੀ ਜੋਸ਼ੀਲਾ ਭਾਸ਼ਨ ਦਿੱਤਾ ਸੀ। 18 ਅਗਸਤ 1907 ਨੂੰ ਮੈਡਮ ਕਾਮਾ ਨੇ ਇਸ 'ਅੰਤਰਰਾਸ਼ਟਰੀ ਸੋਸ਼ਲਿਸਟ ਕਾਨਫਰੰਸ' ਵਿੱਚ ਭਾਰਤ ਦਾ ਇਹ ਕੌਮੀ ਝੰਡਾ ਵੀ ਲਹਿਰਾਇਆ ਸੀ। ਇਸ ਕਾਨਫਰੰਸ ਵਿੱਚ ਵੱਖ ਵੱਖ ਦੇਸ਼ਾਂ ਤੋਂ ਆਏ ਹਜਾਰਾਂ ਦੀ ਗਿਣਤੀ ਵਿੱਚ ਪ੍ਰਤੀਨਿਧੀ ਸ਼ਾਮਲ ਹੋਏ ਸਨ ਜਿਨ੍ਹਾਂ ਵਿੱਚ ਇੱਕ ਰੰਗੀਨ ਸਾੜ੍ਹੀ ਪਹਿਨੇ ਹੋਏ ਇਸਤਰੀ ਮੈਡਮ ਕਾਮਾ ਆਪਣੇ ਹੱਥ ਵਿੱਚ ਤਿਰੰਗਾ ਝੰਡਾ ਲਏ ਖੜੀ ਹੋਈ ਸੀ। ਉਹ ਬਹੁਤ ਹੀ ਖੂਬਸੂਰਤ ਲੱਗ ਰਹੀ ਸੀ। ਮੈਡਮ ਕਾਮਾ ਦੀ ਜਾਦੂਮਈ ਹਾਜਰੀ ਤੇ ਜੋਸ਼ ਭਰਪੂਰ ਅਤੇ ਸਾਫ ਸ਼ਬਦਾਂ ਨੇ ਉਥੇ ਹਾਜਰ ਹਰਇੱਕ ਇਨਸਾਨ ਨੂੰ ਸੋਚਣ ਲਾ ਦਿੱਤਾ ਸੀ। ਉਹ ਸਹਿਜ-ਸੁਭਾਅ ਕਹਿ ਰਹੇ ਸਨ " ਉਹ ਆਪਣੀ ਮਾਤ-ਭੂਮੀ ਦੀ ਇੱਕ ਹੋਣਹਾਰ ਵੀਰਾਂਗਣਾ ਜਾਂ ਘੱਟੋ-ਘੱਟ ਕੋਈ ਰਾਜਕੁਮਾਰੀ ਹੈ"। ਉਥੇ ਉਸ ਨੇ ਝੰਡੇ ਨੂੰ ਬਹੁਤ ਹੀ ਮਜ਼ਬੂਤੀ ਨਾਲ ਫੜਿਆ ਹੋਇਆ ਸੀ ਅਤੇ ਆਪਣੀ ਜੋਸ਼ੀਲੀ ਆਵਾਜ਼ ਵਿੱਚ ਕਿਹਾ ਸੀ " ਇਹ ਭਾਰਤ ਦੀ ਸੁਤੰਤਰਤਾ ਦਾ ਝੰਡਾ ਹੈ। ਇਹ ਸਭ ਦੇ ਸਾਹਮਣੇ ਹੈ! ਇਹ ਭਾਰਤ ਦੇ ਨੌਜਵਾਨਾਂ ਦੇ ਖੂਨ ਵਿੱਚ ਰੰਗ ਕੇ ਪਵਿੱਤਰ ਕੀਤਾ ਹੋਇਆ ਹੈ। ਉਠੋ!! ਇਸ ਨੂੰ ਉਚਾ ਰੱਖਣਾ ਹੈ। ਇਸ ਨੂੰ ਮਜ਼ਬੂਤੀ ਨਾਲ ਫੜੋ, ਇਹ ਥੰਬ ਹੈ! ਮੈਂ ਆਪ ਸਭ ਨੂੰ ਨਿਮਰਤਾ ਸਹਿਤ ਬੇਨਤੀ ਕਰਦੀ ਹਾਂ! ਭਾਰਤ ਦੀ ਸੁਤੰਤਰਤਾ ਦੇ ਇਸ ਝੰਡੇ ਨੂੰ ਖੜ੍ਹੇ ਹੋ ਕੇ ਪ੍ਰਣਾਮ ਕਰੋ! ਮੈਂ ਦੁਨੀਆਂ ਭਰ ਦੇ ਆਜ਼ਾਦੀ ਦੇ ਦਿਵਾਨਿਆਂ ਨੂੰ ਬੇਨਤੀ ਕਰਦੀ ਹਾਂ ਇਸ ਝੰਡੇ ਨੂੰ ਸਹਿਯੋਗ ਕਰੋ। ਇਸ ਝੰਡੇ ਦੀ

ਸਹਾਇਤਾ ਕਰੋ!! ਗਾਓ। ਬੰਦੇ ਮਾਤਰਮ! ਬੰਦੇ ਮਾਤਰਮ!!" ਮੈਡਮ ਕਾਮਾ ਨੇ ਕ੍ਰਿਸ਼ਨਾ ਜੀ ਵਰਮਾ ਅਤੇ ਰੇਵਾ ਭਾਈ ਰਾਣਾ ਜੀ ਨਾਲ ਮਿਲ ਕੇ ਆਜ਼ਾਦ ਹਿੰਦੋਸਤਾਨ ਦਾ ਇਹ ਉਪਰੋਕਤ ਝੰਡਾ ਤਿਆਰ ਕੀਤਾ ਸੀ।



(ਜਰਮਨ ਦੇ ਸਹਿਰ ਸਟੁੱਟਗਾਰਡ ਵਿੱਚ ਕਾਨਫਰੈਂਸ ਵਿੱਚ ਸੰਬੋਧਨ ਕਰਨ ਸਮੇਂ ਮੈਡਮ ਕਾਮਾ-18 ਅਗਸਤ, 1907)

ਮੈਡਮ ਕਾਮਾ ਨੂੰ ਕਦੇ ਵੀ ਆਪਣਾ ਇਸਤਰੀ ਹੋਣਾ ਦੇਸ਼ ਦੀ ਅਜ਼ਾਦੀ ਦੀ ਲੜਾਈ ਵਿੱਚ ਰੋੜਾ ਮਹਿਸੂਸ ਨਹੀਂ ਸੀ ਹੋਇਆ। ਉਸ ਦਾ ਤਾਂ ਇਹ ਮੰਨਣਾ ਸੀ ਕਿ ਕੋਈ ਵੀ ਅਜਿਹੀ ਕੌਮ ਨਹੀਂ ਜਿਸ ਵਿੱਚ ਔਰਤਾਂ-ਮਰਦਾਂ ਨੇ ਮਿਲਕੇ ਇਕੱਠੇ ਲੜਦੇ ਹੋਏ ਆਪਣੀ ਅਜ਼ਾਦੀ ਦੀ ਕੀਮਤ ਇਸਤਰੀ ਜਾਤੀ ਦੇ ਬਲੀਦਾਨ ਬਿਨਾ ਤਾਰੀ ਹੋਵੇ। ਉਹ ਸਮਝਦੀ ਸੀ ਕਿ ਸਾਨੂੰ ਭਾਰਤੀਆਂ (ਇਸਤਰੀਆਂ-ਪੁਰਸ਼ਾਂ) ਨੂੰ ਆਪਣੀ ਅਜ਼ਾਦੀ ਦੀ ਕੀਮਤ ਤਾਂ ਦੇਣੀ ਹੀ ਪਵੇਗੀ। ਅਸੀਂ ਵੀ ਆਪਣੀ ਅਜ਼ਾਦੀ ਦੀ ਕੀਮਤ ਤਾਰਨੀ ਹੈ। ਉਹ ਇਨਕਲਾਬ ਨੂੰ ਪਵਿੱਤਰ ਚੀਜ਼ ਮੰਨਦੀ ਸੀ। ਉਹ ਚਾਹੁੰਦੀ ਸੀ ਕਿ ਭਾਰਤ ਛੇਤੀ ਮੁਕਤੀ ਪ੍ਰਾਪਤ ਕਰ ਲਵੇ। ਉਸਦੀ ਇਹ ਬੜੀ ਭਾਰੀ ਇੱਛਾ ਸੀ ਕਿ ਉਸਦੇ ਜੀਵਨ ਕਾਲ ਸਮੇਂ ਭਾਰਤ ਅਜ਼ਾਦ ਹੋ ਜਾਵੇ ਅਤੇ ਇਸਦੀ ਏਕਤਾ ਸਦਾ ਬਣੀ ਰਹੇ। ਉਹ ਆਪਣੇ ਭਾਸ਼ਣਾਂ ਵਿੱਚ ਅਤੇ ਆਪਣੀ ਲੇਖਣੀ ਰਾਹੀਂ ਵੀ ਇਹ ਹੀ ਕਹਿੰਦੀ ਸੀ ਕਿ "ਭਾਰਤ ਭਾਰਤੀਆਂ ਦਾ ਹੈ ਅਤੇ ਅਸੀਂ ਸਾਰੇ ਇਸ ਲਈ ਸਮੱਰਪਤ ਹਾਂ। ਇਸ ਉਦੇਸ਼ ਦੀ ਪੂਰਤੀ ਲਈ ਸਾਨੂੰ ਸੰਘਰਸ਼ ਲਗਾਤਾਰ ਜਾਰੀ ਰੱਖਣਾ ਹੈ"।

ਮੈਡਮ ਕਾਮਾ ਜਿਸ ਦਾ ਭਾਰਤ ਦੀ ਅਜ਼ਾਦੀ- ਪੂਰਨ ਸਵਰਾਜ- ਲਈ ਆਪਣਾ ਨਜ਼ਰੀਆ ਬਹੁਤ ਸਾਫ ਸੀ। ਉਹ ਸਭ ਧਰਮਾਂ ਦੇ ਲੋਕਾਂ ਨੂੰ ਇਕ ਹੀ ਸੂਤਰ ਵਿੱਚ ਪਰੋ ਕੇ ਰੱਖਣਾ ਚਾਹੁੰਦੀ ਸੀ। ਉਹ ਹਮੇਸ਼ਾ ਇਨ੍ਹਾਂ ਦੀ ਜੁਝਾਰੂ ਸ਼ਕਤੀ ਦੀ ਪ੍ਰਸੰਸਾ ਵੀ ਕਰਦੀ-ਸੀ। ਉਸਨੇ ਹਿੰਦੂ-ਮੁਸਲਮਾਨ ਏਕਤਾ ਉਪਰ ਹਮੇਸ਼ਾ ਜ਼ੋਰ ਹੀ ਨਹੀਂ ਦਿੱਤਾ

ਸਗੋਂ ਇਸ ਦੇ ਲਈ ਘਾਲਣਾ ਵੀ ਘਾਲੀਆਂ ਸਨ। ਉਸਦੇ ਭਾਸ਼ਨਾਂ ਦਾ ਨੌਜਵਾਨਾਂ 'ਤੇ ਵਿਸ਼ੇਸ਼ ਪ੍ਰਭਾਵ ਪਿਆ। ਮੈਡਮ ਕਾਮਾ ਇੱਕ ਸੁਲਝੀ ਹੋਈ ਭਾਸ਼ਨ ਕਰਤਾ, ਜਰਨਲਿਸਟ ਅਤੇ ਜੱਥੇਬੰਦਕ ਆਗੂ ਵਜੋਂ ਇਨਕਲਾਬੀਆਂ ਵਿੱਚ ਮਸ਼ਹੂਰ ਹੋ ਗਈ ਸੀ। ਬਰਤਾਨਵੀ ਸਰਕਾਰ ਮੈਡਮ ਕਾਮਾ ਦੀ "ਦਾ ਇੰਡੀਅਨ ਸੋਸ਼ਿਆਲੋਜਿਸਟ" ਵਿੱਚ ਛਪੀ ਅਪੀਲ ਤੋਂ ਬਹੁਤ ਖਫਾ ਹੋ ਗਈ ਸੀ। ਜਦੋਂ ਬਹੁਤ ਸਾਰੇ ਅਖਬਾਰਾਂ ਅਤੇ ਰਸਾਲਿਆਂ ਨੇ ਉਸ ਨਾਲ ਇਕਮੱਤ ਹੋਣ ਦਾ ਹੈਰਾਨੀਜਨਕ ਵਿਖਾਵਾ ਕੀਤਾ ਸੀ ਤਾਂ ਇਸ ਤੋਂ ਛੇਤੀ ਪਿੱਛੋਂ 'ਹਾਊਸ ਆਫ ਕਾਮਨਜ਼' ਜਿਹੜਾ ਬਰਤਾਨਵੀ ਸਾਮਰਾਜ ਦਾ ਮੁੱਖ ਪਾਰਲੀਆਮੈਂਟ ਹੈ, ਵਿੱਚ ਇਸ ਮੁੱਦੇ ਨੂੰ ਬਹੁਤ ਹੀ ਗੰਭੀਰਤਾ ਨਾਲ ਲਿਆ ਗਿਆ ਸੀ ਅਤੇ ਇਸ ਵਿਰੁੱਧ ਸਖਤ ਕਦਮ ਚੁੱਕਣ ਦਾ ਨਿਰਣਾ ਵੀ ਲਿਆ ਗਿਆ ਸੀ।

ਆਪਣੇ ਇਨ੍ਹਾਂ ਵਿਚਾਰਾਂ ਕਾਰਨ ਹੀ ਲੰਡਨ ਵਿੱਚ ਮੈਡਮ ਕਾਮਾ ਬਹੁਤ ਹੀ ਮਸ਼ਹੂਰ ਅਤੇ ਪ੍ਰਭਾਵਸ਼ਾਲੀ ਆਗੂ ਦੇ ਰੂਪ ਵਿੱਚ ਜਾਣੀ ਜਾਣ ਲੱਗ ਪਈ ਸੀ। ਉਸ ਨੇ ਇਸ ਸਾਰੇ ਸਮੇਂ ਭਾਰਤ ਵਿੱਚ ਅਤੇ ਭਾਰਤ ਤੋਂ ਬਾਹਰ ਰਹਿੰਦੇ ਭਾਰਤੀ ਕ੍ਰਾਂਤੀਕਾਰੀਆਂ ਨੂੰ ਮਾਇਕ ਸਹਾਇਤਾ ਦੇਣੀ ਜਾਰੀ ਰੱਖੀ ਹੋਈ ਸੀ। ਉਥੋਂ ਦੀ ਸਰਕਾਰ ਮੈਡਮ ਕਾਮਾ ਨੂੰ ਇੱਕ ਅਜਿੱਤ ਤੇ ਖਤਰਨਾਕ ਬਾਗੀ ਸਮਝਣ ਲੱਗ ਪਈ ਸੀ ਜਿਨ੍ਹਾਂ ਨੂੰ ਕਾਬੂ ਕਰਨਾ ਉਨ੍ਹਾਂ ਲਈ ਬਹੁਤ ਹੀ ਲਾਜ਼ਮੀ ਹੋ ਚੁੱਕਾ ਸੀ। ਉਹ ਮੈਡਮ ਕਾਮਾ ਉੱਤੇ ਕਤਲ ਕੇਸ ਪਾਉਣ ਲਈ ਤਜਵੀਜਾਂ ਬਨਾਉਣ ਲੱਗ ਪਏ ਸਨ। ਇਨ੍ਹਾਂ ਹਾਲਾਤਾਂ ਵਿੱਚ ਮੈਡਮ ਕਾਮਾ ਨੂੰ ਆਪਣੀਆਂ ਸਰਗਰਮੀਆਂ ਅੰਡਰਗਰਾਊਂਡ ਕਰਨੀਆਂ ਪੈ ਰਹੀਆਂ ਸਨ। ਇਸ ਕਾਰਨ ਬਰਤਾਨੀਆਂ ਵਿੱਚ ਰਹਿੰਦੇ ਭਾਰਤੀ ਇਨਕਲਾਬੀਆਂ ਲਈ ਆਪਣੀਆਂ ਸਰਗਰਮੀਆਂ ਨੂੰ ਜਾਰੀ ਰੱਖਣਾ ਹੋਰ ਵੀ ਔਕੜਾਂ ਭਰਪੂਰ ਬਣਦਾ ਜਾ ਰਿਹਾ ਸੀ। ਇਸ ਸਾਜਸ਼ ਦੀ ਭਿਣਕ ਮਿਲਦੇ ਸਾਰ ਹੀ ਮੈਡਮ ਕਾਮਾ ਬੜੇ ਹੀ ਗੁਪਤ ਢੰਗ ਨਾਲ ਬਚਦੀ ਬਚਾਉਂਦੀ ਲੰਡਨ ਛੱਡ ਕੇ ਪੈਰਿਸ ਚਲੀ ਗਈ ਸੀ ਜਿੱਥੇ ਉਸਦੇ ਸਾਥੀ ਸਰਦਾਰ ਰਾਣਾ ਪਹਿਲਾਂ ਹੀ ਰਹਿ ਰਹੇ ਸਨ। ਇਸ ਨਾਲ ਲੰਡਨ ਵਿੱਚ ਮੈਡਮ ਕਾਮਾ ਦੀਆਂ ਸਰਗਰਮੀਆਂ ਦੇ ਸ਼ਾਨਦਾਰ ਯੋਗਦਾਨ ਨੂੰ ਵੱਡੀ ਸੱਟ ਵੀ ਲੱਗੀ ਸੀ।

ਸਟੁੱਟਗਾਰਟ ਤੋਂ ਪਿੱਛੋਂ ਮੈਡਮ ਕਾਮਾ ਅਮਰੀਕਾ ਚਲੀ ਗਈ। ਉਥੇ ਉਹ ਭਾਰਤੀਆਂ ਦੀਆਂ ਠਹਿਰਾਂ (ਰਿਹਾਇਸ਼ਾਂ) ਅਤੇ ਕੰਮ ਕਰਨ ਵਾਲੀਆਂ ਥਾਵਾਂ ਤੇ ਬਹੁਤ ਘੁੰਮੀ ਫਿਰੀ ਸੀ। ਆਪਣੀ ਅਮਰੀਕਾ ਫੇਰੀ ਦੇ ਦੌਰਾਨ ਉਸਨੇ ਲੋਕਾਂ ਨੂੰ ਭਾਰਤ ਦੀ ਆਜ਼ਾਦੀ ਲਈ ਕੀਤੇ ਜਾਣ ਵਾਲੇ ਸੰਘਰਸ਼ਾਂ ਦੀ ਜਾਣਕਾਰੀ ਦਿੱਤੀ ਸੀ। ਉਹ ਆਪਣੇ ਵਿਚਾਰਾਂ ਦਾ ਪ੍ਰਗਟਾਵਾ ਕਰਦੇ ਕਹਿੰਦੀ ਸੀ "ਜਿਹੜੀ ਬ੍ਰਤਾਨਵੀ ਸਰਕਾਰ, ਭਾਰਤ ਵਿੱਚ ਆਪਣੇ ਰਾਜ ਨੂੰ ਪਾਰਲੀਮਾਨੀ ਜਮਹੂਰੀਅਤ ਦੀ ਮਾਂ (mother of parlimantry democracy) ਦੱਸਦੀ ਹੈ, ਉਹ ਸਭ ਝੂਠ ਅਤੇ ਫੋਕੀਆਂ ਡੀਂਗਾਂ ਹੀ ਹਨ। ਉਹ ਮੱਕਾਰ ਹਨ। ਬ੍ਰਤਾਨਵੀ ਸਰਕਾਰ ਵਲੋਂ ਉਥੇ ਪੜ੍ਹੇ-ਲਿਖੇ ਸੰਘਰਸ਼ ਕਰਦੇ ਭਾਰਤੀਆਂ ਦੀ ਆਵਾਜ਼ ਨੂੰ ਦਬਾਉਣ ਲਈ ਤਰ੍ਹਾਂ ਤਰ੍ਹਾਂ ਦੇ ਅਨੈਤਿਕ ਜ਼ੁਲਮ- ਮਾਰਨਾ-ਕੁੱਟਣਾ, ਗ੍ਰਿਫਤਾਰ ਕਰਨਾ, ਜੇਲ੍ਹਾਂ ਦੀਆਂ ਕਾਲ-ਕੋਠੜੀਆਂ ਵਿੱਚ ਬੰਦ ਕਰਕੇ ਅਣਮਨੁੱਖੀ ਤਸੀਹੇ ਦੇਣਾ, ਗੋਲੀਆਂ ਨਾਲ ਭੁੰਨ ਦੇਣਾ, ਫਾਂਸੀਆਂ 'ਤੇ ਲਟਕਾਉਣਾ ਆਦਿ ਢਾਏ ਜਾ ਰਹੇ ਹਨ।" ਉਥੇ ਵਿਚਰਦਿਆਂ ਉਹ ਬਹੁਤ ਸਾਰੇ ਲੀਡਰਾਂ ਨੂੰ ਵੀ ਮਿਲੀ ਸੀ ਅਤੇ ਥੋੜੇ ਸਮੇਂ ਦੌਰਾਨ ਹੀ ਉਥੇ ਲੋਕਾਂ ਵਿੱਚ ਹਰਮਨ ਪਿਆਰੀ ਹੋ ਗਈ ਸੀ। ਮੈਡਮ ਕਾਮਾ ਪਹਿਲੀ ਮਈ

1909 ਨੂੰ ਪੈਰਿਸ ਪਹੁੰਚ ਗਈ ਸੀ।

ਪੈਰਿਸ ਵਿੱਚ ਪਹੁੰਚਣ ਤੇ ਫਰਾਂਸ ਦੇ ਸੋਸ਼ਲਿਸਟਾਂ ਨੇ ਮੈਡਮ ਕਾਮਾ ਦਾ ਨਿੱਘਾ ਸਵਾਗਤ ਕੀਤਾ।ਮੈਡਮ ਕਾਮਾ ਨੇ ਪੈਰਿਸ ਵਿੱਚ ਪਹੁੰਚਣ ਉਪਰੰਤ ਆਪਣੀਆਂ ਇਨਕਲਾਬੀ ਸਰਗਰਮੀਆਂ ਨੂੰ ਬਹੁਤ ਹੀ ਜੋਰ-ਸ਼ੋਰ ਨਾਲ ਚਾਲੂ ਕੀਤਾ। ਉਥੇ ਰਹਿੰਦਿਆਂ ਉਸਨੇ ਇਨਕਲਾਬ ਨੂੰ ਸਮਝਣ ਅਤੇ ਹੰਢਾਉਣ ਲਈ ਰੂਸ ਦੀ ਇਨਕਲਾਬੀ ਲਹਿਰ ਦਾ ਗਹਿਰਾਈ ਨਾਲ ਅਧਿਐਨ ਕੀਤਾ। ਉਹ ਰੂਸ ਦੇ 1905 ਦੇ ਇਨਕਲਾਬ ਤੋਂ ਪਿੱਛੋਂ ਉਥੋਂ ਦੀ ਜਨਤਾ ਅਤੇ ਮਜ਼ਦੂਰ ਜਮਾਤ ਦੇ ਇਨਕਲਾਬ ਵਿਚਲੇ ਰੋਲ ਬਾਰੇ ਸਮਝਣ ਦੀ ਇਛੁੱਕ ਸੀ। ਉਹ ਇਹ ਜਾਣ ਚੁੱਕੀ ਸੀ ਕਿ ਸੰਘਰਸ਼ਾਂ ਨੂੰ ਜਿੱਤਣ ਲਈ ਜੱਥੇਬੰਦਕ ਢੰਗਾਂ ਨਾਲ ਜਨਤਕ ਲਹਿਰਾਂ ਨੂੰ ਉਸਾਰਨਾ ਬਹੁਤ ਹੀ ਜਰੂਰੀ ਹੁੰਦਾ ਹੈ। ਉਨ੍ਹਾਂ ਲਹਿਰਾਂ ਰਾਹੀਂ ਵਾਰ ਵਾਰ ਕੀਤੇ ਜਾਂਦੇ ਐਕਸ਼ਨਾਂ ਨਾਲ ਹੀ ਵੱਡੇ ਤੋਂ ਵੱਡੇ ਸੰਘਰਸ਼ਾਂ ਦੀ ਜਿੱਤ ਹੋ ਸਕਦੀ ਹੈ ਨਾ ਕਿ ਕਿਸੇ ਖਾਸ ਦਹਿਸ਼ਤਗਰਦ-ਹਿੰਸਕ ਛੋਟੇ-ਮੋਟੇ ਗਰੁਪਾਂ ਨਾਲ। ਹੌਲੀ ਹੌਲੀ ਉਸਦਾ ਸੰਪਰਕ ਰੂਸ ਦੇ ਮੇਖਾਈਲ ਪਾਵਲੋਵਿਚ, ਮੈਕਸਿਮ ਗੋਰਕੀ ਅਤੇ ਹੋਰ ਵੱਖ ਵੱਖ ਦੇਸ਼ਾਂ ਦੇ ਇਨਕਲਾਬੀ ਆਗੂਆਂ ਨਾਲ ਹੋ ਗਿਆ ਜਿਨ੍ਹਾਂ ਨਾਲ ਉਸਦਾ ਖੁੱਲ ਕੇ ਵਿਚਾਰ-ਵਟਾਂਦਰਾ ਹੋਣ ਲੱਗਿਆ। ਉਸ ਦਾ ਪੈਰਿਸ ਵਾਲਾ ਘਰ ਦੁਨੀਆਂ ਦੇ ਕ੍ਰਾਂਤੀਕਾਰੀਆਂ ਲਈ ਸੁਰੱਖਿਆ ਦਾ ਕੇਂਦਰ ਬਣ ਗਿਆ ਸੀ। ਇੱਥੇ ਭਾਰਤੀ 'ਜਨਰਲ' ਬਪਟ, ਹੇਮਚੰਦਰ ਦਾਸ ਤੋਂ ਬਿਨਾ ਰੂਸੀ ਇਨਕਲਾਬ ਦੇ ਪਿਤਾ 'ਲੈਨਿਨ ਵੀ ' ਉਸ ਦੇ ਘਰ ਆਏ ਸਨ ਅਤੇ ਮੈਡਮ ਕਾਮਾ ਨਾਲ ਵਿਚਾਰ ਵਟਾਂਦਰਾ ਵੀ ਕੀਤਾ ਸੀ। ਸਾਵਰਕਰ ਨੇ ਵੀ ਭਾਰਤ ਦੀ ਪਹਿਲੀ ਆਜ਼ਾਦੀ ਦੀ ਲੜਾਈ ਦਾ ਇਤਿਹਾਸ ਲਿਖਣ ਦਾ ਹੌਸਲਾ ਮੈਡਮ ਕਾਮਾ ਤੋਂ ਪ੍ਰਾਪਤ ਕੀਤਾ ਸੀ।

ਪੈਰਿਸ ਆ ਕੇ ਹੀ ਉਸਦੇ ਨਜ਼ਰੀਏ ਵਿੱਚ ਕੌਮੀ ਸੁਤੰਤਰਤਾ, ਸਾਮਰਾਜ ਅਤੇ ਸਮਾਜਵਾਦੀ ਲਹਿਰ ਪ੍ਰਤੀ ਇੱਕ ਬੁਨਿਆਦੀ ਤਬਦੀਲੀ ਆਈ ਸੀ। ਇਹ ਉਸ ਦੀ ਦੂਰਦਰਸ਼ਤਾ ਅਤੇ ਤੇਜ਼ ਬੁੱਧੀ ਹੀ ਸੀ ਕਿ ਉਸਨੇ ਵੱਖ ਵੱਖ ਕੌਮੀ ਸੁਤੰਤਰਤਾ ਦੀਆਂ ਸੰਗਰਾਮੀ ਲਹਿਰਾਂ ਅਤੇ ਵਿਦੇਸ਼ਾਂ ਵਿੱਚ ਵੱਖ-ਵੱਖ ਦੇਸ਼ਾਂ ਦੇ ਇਨਕਲਾਬੀਆਂ ਨਾਲ ਆਪਣੀ ਨੇੜਤਾ ਪੈਦਾ ਕਰਕੇ ਉਨ੍ਹਾਂ ਨਾਲ ਆਪਣੇ ਗਹਿਰੇ ਵਿਚਾਰਧਾਰਕ ਸਬੰਧ ਕਾਇਮ ਕੀਤੇ ਸਨ। ਇਸੇ ਕਾਰਨ ਪੈਰਿਸ ਵਿੱਚ ਰਹਿੰਦਿਆਂ ਮੈਡਮ ਕਾਮਾ ਤੁਰਕੀ, ਆਇਰਲੈਂਡ, ਮਿਸ਼ਰ ਅਤੇ ਮਰਾਕੋ ਆਦਿ ਦੇਸ਼ਾਂ ਦੀਆਂ ਕੌਮੀ ਮੁਕਤੀ ਸੰਘਰਸ਼ਾਂ ਦੀਆਂ ਲਹਿਰਾਂ ਵਿੱਚ ਵੀ ਬਰਾਬਰ ਦੀ ਦਿਲਚਸਪੀ ਰੱਖਣ ਲੱਗ ਪਈ ਸੀ। ਹੁਣ ਤੱਕ ਉਸ ਨੇ ਭਾਰਤ ਦੇ ਸੁਤੰਤਰਤਾ ਸੰਗਰਾਮ ਅਤੇ ਤੱਤਕਾਲੀਨ ਗੁਲਾਮ ਦੇਸ਼ਾਂ ਦੇ ਲੋਕਾਂ ਦੇ ਕੌਮੀ ਮੁਕਤੀ ਸੰਗਰਾਮਾਂ ਵਿਚਕਾਰ ਆਪਸੀ ਸਬੰਧਾਂ ਦੀ ਲੋੜ ਨੂੰ ਵੀ ਚੰਗੀ ਤਰ੍ਹਾਂ ਸਮਝ ਲਿਆ ਸੀ। ਇਸ ਦੇ ਨਾਲ ਹੀ ਉਸ ਨੇ ਹੌਲੀ ਹੌਲੀ ਆਪਣੇ ਨਵੇਂ ਕੌਮਾਂਤਰੀਵਾਦੀ ਦ੍ਰਿਸ਼ਟੀਕੋਣ ਨੂੰ ਵੀ ਵਿਕਸਤ ਕਰ ਲਿਆ ਸੀ।

ਇਸ ਸਾਰੇ ਘਟਨਾਕ੍ਰਮ ਦੇ ਨਾਲ ਹੀ ਸਨ 1909 ਵਿੱਚ ਵਿਨਾਇਕ ਸਾਵਰਕਰ, ਜਿਹੜਾ ਉਸ ਸਮੇਂ ਭਾਰਤ ਵਿੱਚ ਇਨਕਲਾਬੀ ਸਰਗਰਮੀਆਂ ਵਿੱਚ ਰੁੱਝਿਆ ਹੋਇਆ ਸੀ ਨੂੰ ਨਾਸਕ ਸਾਜਿਸ਼ ਕੇਸ ਵਿੱਚ ਫੜ ਲਿਆ ਗਿਆ ਸੀ। ਬਰਤਾਨਵੀ ਸਰਕਾਰ ਨੇ ਉਸ ਨੂੰ ਹਥਿਆਰਾਂ ਦੀ ਸਮੱਗਲਿੰਗ ਵਿੱਚ ਵਗਲ ਲਿਆ ਸੀ। ਵਿਨਾਇਕ ਸਾਵਰਕਰ 'ਤੇ ਇਲਜ਼ਾਮ ਸੀ ਕਿ ਉਸ ਨੇ ਇੱਕ ਸੂਟਕੇਸ ਵਿੱਚ 20 ਬਰਾਊਨਿੰਗ ਆਟੋਮੈਟਿਕ

ਪਿਸਤੌਲ ਅਤੇ ਬਾਰੂਦ ਇੱਕ ਚਤੁਰਭੁੱਜ ਨਾਂ ਦੇ ਵਿਅਕਤੀ, ਜਿਹੜਾ ਉਸ ਸਮੇਂ "ਇੰਡੀਆ ਹਾਊਸ" ਦਾ ਰਸੋਈਆ ਸੀ, ਤੋਂ ਬੰਬਈ ਵਿਖੇ ਪ੍ਰਾਪਤ ਕੀਤੇ ਸਨ। ਉਨ੍ਹਾਂ ਉਤੇ ਦੋਸ਼ ਮੜ੍ਹਿਆ ਗਿਆ ਸੀ ਕਿ ਵਿਦੇਸ਼ਾਂ ਵਿੱਚ ਰਹਿੰਦੇ ਸਮੇਂ ਉਨ੍ਹਾਂ ਨੇ ਹੀ ਇਹ ਆਟੋਮੈਟਿਕ ਪਿਸਤੌਲ ਬੰਬਈ ਭੇਜੇ ਸਨ। 1 ਜੁਲਾਈ 1907 ਨੂੰ ਮਦਨ ਲਾਲ ਢੀਂਗਰਾ ਨੇ ਜਿਸ ਪਿਸਤੌਲ ਨਾਲ ਇੱਕ ਰਾਜਨੀਤਕ ਡੀ. ਸੀ. ਕਰਨਲ ਸਰ ਵਿਲੀਅਮ ਕਰਜਨ ਵੇਲੀ ਨੂੰ ਗੋਲੀ ਮਾਰ ਕੇ ਮਾਰ ਦਿੱਤਾ ਸੀ, ਉਹ ਪਿਸਤੌਲ ਵੀ ਇਨ੍ਹਾਂ ਪਿਸਤੌਲਾਂ ਦੇ ਨਾਲ ਦੀ ਹੀ ਵਿਖਾਈ ਗਈ ਸੀ। ਮਦਨ ਲਾਲ ਢੀਂਗਰਾ ਨੂੰ ਤਾਂ 17 ਅਗਸਤ 1907 ਨੂੰ ਲੰਡਨ ਵਿੱਚ ਫ਼ਾਂਸੀ ਲਾ ਦਿੱਤਾ ਗਿਆ ਸੀ ਜਿਸ ਕਾਰਨ ਉਹ ਪਹਿਲਾ ਭਾਰਤੀ ਸ਼ਹੀਦ ਬਣਿਆ ਜਿਸ ਨੇ ਲੰਡਨ ਵਿੱਚ ਭਾਰਤ ਦੀ ਆਜ਼ਾਦੀ ਲਈ ਸ਼ਹੀਦੀ ਪ੍ਰਾਪਤ ਕੀਤੀ ਸੀ। ਅਜਿਹੇ ਹੀ ਕੁੱਝ ਹਥਿਆਰ ਦੇਸ਼ ਦੇ ਵੱਖ ਵੱਖ ਭਾਗਾਂ ਤੋਂ ਵੀ ਫੜੇ ਦਿਖਾਏ ਗਏ ਸਨ। ਮਗਰੋਂ ਉਹੋ ਚਤੁਰਭੁਜ ਜਿਹੜਾ ਰਸੋਈਆ ਸੀ ਵਾਅਦਾ ਮੁਆਫ ਗਵਾਹ ਬਣ ਗਿਆ ਅਤੇ ਉਹ ਯੂਰਪ ਵਿੱਚ ਰਹਿੰਦੇ ਕਈ ਇਨਕਲਾਬੀਆਂ 'ਤੇ ਹਥਿਆਰ ਸਮੱਗਲਿੰਗ ਕਰਨ ਦੇ ਦੋਸ਼ਾਂ ਵਿੱਚ ਸਰਕਾਰੀ ਗਵਾਹ ਬਣ ਕੇ ਉਭਰਿਆ ਸੀ।

ਮੈਡਮ ਕਾਮਾ ਨੂੰ ਜਦੋਂ ਵੀਰ ਸਾਵਰਕਰ ਦਾ ਬਰਤਾਨਵੀ ਸਰਕਾਰ ਵਲੋਂ ਫੜੇ ਜਾਣ ਵਾਰੇ ਪਤਾ ਲੱਗਿਆ, ਉਸਨੇ ਤੁਰੰਤ ਹੀ ਇੱਕ ਕ੍ਰਾਂਤੀਕਾਰੀ ਨੂੰ ਬਚਾਉਣਾ ਆਪਣਾ ਫਰਜ਼ ਸਮਝ ਲਿਆ ਸੀ। ਇੱਕ ਸੱਚੇ ਇਨਕਲਾਬੀ ਵਾਂਗੂ ਉਹ ਆਪਣੇ ਇਨਕਲਾਬੀ ਸਾਥੀਆਂ ਨੂੰ ਬਚਾਉਣ ਲਈ ਕਿਸੇ ਵੀ ਹੱਦ ਤੱਕ ਜਾ ਸਕਦੀ ਸੀ। ਮੈਡਮ ਕਾਮਾ ਨੇ ਇਸ ਮਸਲੇ ਵਿੱਚ ਅੱਗੇ ਹੋ ਕੇ ਬੇਮਿਸਾਲ ਹੌਸਲੇ ਦਾ ਸਬੂਤ ਦਿੰਦਿਆਂ ਆਪਣੇ ਇਨਕਲਾਬੀ ਸਾਥੀਆਂ ਨਾਲ ਵਫਾਦਾਰੀ ਅਤੇ ਪਿਆਰ ਦਾ ਸਬੂਤ ਦਿੱਤਾ ਸੀ। ਉਸ ਨੇ ਬਹਾਦਰੀ ਵਾਲਾ ਬੇਮਿਸਾਲੀ ਕਦਮ ਚੁੱਕਦਿਆਂ ਪੈਰਸ ਵਿਚਲੇ ਬਰਤਾਨਵੀ ਰਾਜਦੂਤ ਨੂੰ ਆਪਣੇ ਦਸਤਖਤਾਂ ਵਾਲਾ ਲਿਖਤੀ ਹਲਫੀਆ ਬਿਆਨ ਦਿੱਤਾ ਸੀ ਕਿ ਭਾਰਤ ਬਰਾਊਨਿੰਗ ਪਿਸਤੌਲ ਭੇਜਣ ਵਾਲਾ ਹੋਰ ਕੋਈ ਨਹੀਂ ਬਲਕਿ ਉਹ ਖੁਦ ਹੀ ਸੀ। ਇਹ ਉਨ੍ਹਾਂ ਦੀ ਕਿੱਡੀ ਵੱਡੀ ਕੁਰਬਾਨੀ ਸੀ? ਉਸਨੇ ਇਹ ਸਭ ਕੁੱਝ ਇਨਕਲਾਬੀ ਲਹਿਰ ਨੂੰ ਅਤੇ ਬਰਤਾਨਵੀ ਪੁਲਿਸ ਦੇ ਵਿਛਾਏ ਜਾਲ ਤੋਂ ਆਪਣੇ ਭਰੋਸੇ ਯੋਗ ਸਾਥੀਆਂ ਨੂੰ ਬਚਾਉਣ ਲਈ ਕਿੱਡਾ ਵੱਡਾ ਉਦਮ ਕੀਤਾ ਸੀ। ਇਹ ਉਨ੍ਹਾਂ ਦੀ ਸਾਵਰਕਰ ਨੂੰ ਬਰਤਾਨਵੀ ਸਰਕਾਰ ਦੇ ਚੁੰਗਲ ਵਿੱਚੋਂ ਛੁਡਾਉਣ ਲਈ ਹੈਰਾਨੀ ਭਰਪੂਰ ਅਤੇ ਸ਼ਲਾਘਾ ਯੋਗ ਕਦਮ ਸੀ। ਮੈਡਮ ਕਾਮਾ ਆਪਣੇ ਦੇਸ਼ ਨੂੰ ਬਰਤਾਨਵੀ ਸਰਕਾਰ ਤੋਂ ਮੁਕਤ ਕਰਾਉਣ ਲਈ ਵੱਡੇ ਤੋਂ ਵੱਡੇ ਖਤਰੇ ਸਹੇੜਦੀ ਰਹੀ ਸੀ। ਉਹ ਵੱਡੀ ਤੋਂ ਵੱਡੀ ਕੁਰਬਾਨੀਆਂ ਕਰਨ ਵਾਲੀ ਪਹਿਲੀ ਭਾਰਤੀ ਔਰਤ ਸੀ।

ਬ੍ਰਿਟਿਸ਼ ਸਰਕਾਰ ਦੇ ਕੂਟਨੀਤਕ ਪ੍ਰਭਾਵ ਅਧੀਨ ਵਿਨਾਇਕ ਸਾਵਰਕਰ ਨੂੰ ਫ਼ਰਾਂਸ ਸਰਕਾਰ ਨੇ ਰਾਜਨੀਤਕ ਸ਼ਰਨ ਦੇਣ ਤੋਂ ਇਨਕਾਰ ਕਰ ਦਿੱਤਾ ਅਤੇ ਉਸਨੂੰ ਮੁੜ ਬਰਤਾਨਵੀ ਸਰਕਾਰ ਦੇ ਹਵਾਲੇ ਕਰ ਦਿੱਤਾ ਸੀ। ਪੈਰਸ ਵਿੱਚ ਮੈਡਮ ਕਾਮਾ ਨੇ ਇਸ ਰਾਜਨੀਤਕ ਮਸਲੇ ਨੂੰ ਕੌਮਾਂਤਰੀ ਪੱਧਰ ਤੇ ਚੁੱਕਿਆ ਸੀ। ਉਹ ਉਸ ਸਮੇਂ ਫ਼ਰਾਂਸ ਦੇ ਵੱਡੇ ਤੋਂ ਵੱਡੇ ਸੋਸ਼ਲਿਸਟ ਲੀਡਰਾਂ ਨੂੰ ਅਤੇ ਵੱਡੀਆਂ ਵੱਡੀਆਂ ਰਾਜਨੀਤਕ ਹਸਤੀਆਂ ਨੂੰ ਵੀ ਮਿਲੀ ਸੀ ਅਤੇ ਉਨ੍ਹਾਂ ਨਾਲ ਇਸ ਮੁੱਦੇ ਨੂੰ ਲੈ ਕੇ ਖੁੱਲ ਕੇ ਵਿਚਾਰਾਂ ਵੀ ਕੀਤੀਆਂ ਸਨ। ਮੈਡਮ ਕਾਮਾ ਨੇ ਸਾਵਰਕਰ ਦੀ ਫ਼ਰਾਂਸ ਵਿੱਚ ਮੁੜ ਵਾਪਸੀ ਦੇ

ਮੁੱਦੇ ਤੇ ਉਥੋਂ ਦੀ ਪ੍ਰੈਸ ਨੂੰ ਵੀ ਪਹੁੰਚ ਕੀਤੀ ਸੀ। ਫ਼ਰਾਂਸ ਵਿਚਲੇ ਸੋਸ਼ਲਿਸਟ ਗਰੁੱਪ ਮੈਡਮ ਕਾਮਾ ਦੇ ਇਨ੍ਹਾਂ ਉਪਰਾਲਿਆਂ ਕਾਰਨ ਹੀ ਉਸਦੇ ਸਮੱਰਥਨ ਵਿੱਚ ਸਭ ਤੋਂ ਅੱਗੇ ਲੱਗ ਗਏ ਸਨ। ਇਸ ਨਾਲ ਮੈਡਮ ਕਾਮਾ ਕੌਮਾਂਤਰੀ ਪੱਧਰ 'ਤੇ ਅਤੇ ਯੂਰਪ ਵਿੱਚ ਬਹੁਤ ਹੀ ਹਰਮਨ ਪਿਆਰੀ, ਮਾਨਤਾ ਪ੍ਰਾਪਤ ਇਨਕਲਾਬੀ ਆਗੂ ਹੋਣ ਦਾ ਮਾਨ ਪ੍ਰਾਪਤ ਕਰ ਚੁੱਕੀ ਸੀ।

ਇਸ ਪ੍ਰਕਾਰ ਮੈਡਮ ਕਾਮਾ ਨੇ ਭਾਰਤ ਵਿੱਚ ਇਨਕਲਾਬੀ ਲਹਿਰ ਲਈ ਆਪਣੀ ਸਾਰੀ ਦੌਲਤ, ਸ਼ਕਤੀ ਅਤੇ ਜੀਵਨ ਅਰਪਨ ਕਰ ਦਿੱਤਾ ਸੀ। ਇਹ ਉਸ ਦੀ ਰਾਜਨੀਤਕ ਸਮਝ ਹੀ ਸੀ ਜਿਸਦੇ ਸਹਾਰੇ ਉਸ ਨੇ ਆਪਣਾ ਆਪ ਸੁਤੰਤਰਤਾ ਸੰਗਰਾਮ ਨੂੰ ਸਫਲ ਬਨਾਉਣ ਲਈ ਸਮੱਰਪਤ ਕਰ ਦਿੱਤਾ ਸੀ। ਉਸ ਦੀ ਇਹ ਹਾਰਦਿਕ ਇੱਛਾ ਸੀ ਕਿ ਉਸ ਦੇ ਜਿਉਂਦੇ ਜੀਅ ਭਾਰਤ ਨੂੰ ਬਰਤਾਨਵੀ ਸਾਮਰਾਜ ਤੋਂ ਆਜ਼ਾਦੀ ਪ੍ਰਾਪਤ ਹੋ ਜਾਵੇ। ਆਪਣੇ ਜੀਵਨ ਮਨੋਰਥ ਨੂੰ ਪ੍ਰਾਪਤ ਕਰਨ ਲਈ ਉਸ ਨੇ ਦੂਜੇ ਸਵਤੰਤਰ ਦੇਸ਼ਾਂ ਵਿੱਚ ਲੜੇ ਗਏ ਸੰਗਰਾਮਾਂ ਸਬੰਧੀ ਬਹੁਤ ਗਹਿਰਾ ਅਧਿਐਨ ਵੀ ਕੀਤਾ ਸੀ। ਮੈਡਮ ਕਾਮਾ ਬਹੁਤ ਸਾਰੀਆਂ ਵਿਦੇਸ਼ੀ ਭਾਸ਼ਾਵਾਂ ਵਿੱਚ ਮਹਾਰਤ ਪ੍ਰਾਪਤ ਹੋਣ ਕਾਰਨ ਕੌਮਾਂਤਰੀ ਪੱਧਰ ਦੇ ਵੱਖ ਵੱਖ ਇਨਕਲਾਬੀ ਲੀਡਰਾਂ ਨਾਲ ਸੰਪਰਕ ਕਰਨ ਵਿੱਚ ਅਸਾਨੀ ਨਾਲ ਸਫਲ ਹੋ ਗਈ ਸੀ। ਇਸ ਵਿਸਤ੍ਰਿਤ ਰਾਜਨੀਤਕ ਘੇਰੇ ਵਿੱਚ ਰਹਿੰਦਿਆਂ ਇਨਕਲਾਬੀ ਵਿਚਾਰਾਂ ਦੇ ਆਦਾਨ-ਪ੍ਰਦਾਨ ਅਤੇ ਗਹਿਰਾਈ ਭਰਪੂਰ ਅਧਿਐਨ ਕਾਰਨ ਹੀ ਉਸ ਦਾ ਦ੍ਰਿਸ਼ਟੀਕੋਣ ਦੇਸ਼ ਦੀ ਆਜ਼ਾਦੀ ਪ੍ਰਾਪਤੀ ਦੇ ਸੰਗਰਾਮ ਤੋਂ ਸ਼ੁਰੂ ਹੋ ਕੇ 'ਸਮਾਜਵਾਦੀ ਮਾਰਕਸਵਾਦੀ ਇਨਕਲਾਬ' ਵੱਲ ਬਦਲ ਗਿਆ ਸੀ।

ਮੈਡਮ ਕਾਮਾ ਖੱਬੇ ਪੱਖੀ ਵਿਚਾਰਾਂ ਦੀ ਸੀ। ਉਹ ਰੂਸੀ ਬਾਲਸ਼ਵਿਕਾਂ ਦੇ ਵਿਚਾਰਾਂ ਦਾ ਸਮੱਰਥਨ ਕਰਦੀ ਸੀ। 1925 ਵਿੱਚ ਭਾਰਤ ਲਈ ਰਵਾਨਾ ਹੋਣ ਤੋਂ ਪਹਿਲਾਂ ਜਦੋਂ ਡਾ. ਭੁਪਿੰਦਰ ਨਾਥ ਦੱਤਾ, ਜਿਹੜੇ ਇੱਕ ਮਾਰਕਸਵਾਦੀ ਇਨਕਲਾਬੀ ਸਨ ਅਤੇ ਉਨ੍ਹਾਂ ਨੇ ਵਿਰੇਂਦਰ ਕੁਮਾਰ ਘੋਸ਼ ਨਾਲ ਮਿਲ ਕੇ ਬੰਗਾਲ ਵਿੱਚ 'ਯੁਗਾਂਤਰ' ਅਤੇ 'ਬੰਦੇ ਮਾਤਰਮ' ਜਿਹੇ ਪਰਚੇ ਵੀ ਕੱਢੇ ਸਨ, ਮੈਡਮ ਕਾਮਾ ਨੂੰ ਮਿਲੇ ਸਨ। ਉਸ ਸਮੇਂ ਉਸ ਨੇ ਅੰਗਰੇਜ਼ੀ ਮਿਲੀ ਫ਼ਰਾਂਸੀਸੀ ਭਾਸ਼ਾ ਵਿੱਚ ਉਨ੍ਹਾਂ ਨੂੰ ਕਿਹਾ " ਆਪਣਾ ਝੰਡਾ ਐਡਮਿਰਲ ਟੋਜ਼ੋ ਵਾਂਗ ਉਚਾ ਰੱਖਣਾ। ਭਾਰਤ ਦੇ ਮਜ਼ਦੂਰਾਂ ਅਤੇ ਕਿਸਾਨਾ ਨੂੰ ਜੱਥੇਬੰਦ ਕਰਨਾ।"

ਸਟੁੱਟਗਾਰਟ ਵਿੱਚ ਦੂਸਰੀ ਸੋਸ਼ਲਿਸ਼ਟ ਕਾਨਫਰੰਸ ਸਮੇਂ ਮੈਡਮ ਕਾਮਾ ਵਲੋਂ ਪੇਸ਼ ਕੀਤਾ ਗਿਆ ਮਤਾ ਵੀ ਬੜੀ ਹੀ ਦ੍ਰਿੜਤਾ ਨਾਲ ਜ਼ਾਹਰ ਕਰਦਾ ਹੈ ਕਿ ਉਸ ਦੇ ਰਾਜਨੀਤਕ ਵਿਚਾਰ ਇਸ ਯਥਾਰਥ ਨੂੰ ਸਥਾਪਤ ਕਰਦੇ ਹਨ ਕਿ ਉਹ ਕੌਮਾਂਤਰੀ ਖੱਬੇਪੱਖੀ ਅਤੇ ਧਰਮ ਨਿਰਪੱਖ ਵਿਚਾਰਧਾਰਾ ਵਾਲੀ ਪ੍ਰਬੁੱਧ ਚਿੰਤਕ ਵੀ ਸੀ। ਉਸ ਦੀ ਇਸੇ ਵਿਚਾਰਧਾਰਾ ਕਾਰਨ ਵਿਦੇਸ਼ਾਂ ਵਿਚਲੇ ਭਾਰਤੀ ਇਨਕਲਾਬੀਆਂ ਲਈ ਇਹ ਝੰਡਾ ਭਾਰਤ ਦੀ ਆਜ਼ਾਦੀ ਦਾ ਪੱਕਾ ਪ੍ਰਤੀਕ ਬਣ ਗਿਆ ਸੀ। ਉਸ ਦੀ ਇਸ ਮਹੱਤਵਪੂਰਨ ਦੇਣ ਦਾ ਅਹਿਸਾਸ ਉਸ ਸਮੇਂ ਕੀਤਾ ਗਿਆ ਜਦੋਂ 31 ਦਸੰਬਰ 1929 ਦੇ ਲਹੌਰ 'ਇੰਡੀਅਨ ਨੈਸ਼ਨਲ ਕਾਂਗਰਸ' ਦੇ ਸੈਸ਼ਨ ਸਮੇਂ ਤਿਰੰਗੇ ਝੰਡੇ ਨੂੰ ਬਾਕਾਇਦਾ ਪਰਵਾਨ ਕੀਤਾ ਗਿਆ ਅਤੇ ਅੱਧੀ ਰਾਤ ਨੂੰ ਲਹਿਰਾ ਕੇ ਆਜ਼ਾਦੀ ਦਾ ਮਤਾ ਪਾਸ ਕੀਤਾ ਗਿਆ ਸੀ। ਇਹ ਉਹੀ ਮਤਾ ਸੀ ਜਿਸਨੂੰ ਮੈਡਮ ਕਾਮਾ ਉਸ ਇਜਲਾਸ ਤੋਂ ਵੀਹ-ਬਾਈ ਵਰ੍ਹੇ ਪਹਿਲਾਂ 18 ਅਗਸਤ 1907 ਨੂੰ ਸਟੁੱਟਗਾਰਟ ਵਿੱਚ ਪੇਸ਼ ਕਰ ਚੁੱਕੀ ਸੀ।

ਮੈਡਮ ਕਾਮਾ ਪਹਿਲੀ ਦੇਸ਼ ਭਗਤ ਭਾਰਤੀ ਸੀ ਜਿਸ ਨੂੰ ਕੌਮਾਂਤਰੀਵਾਦ ਅਤੇ ਸਮਾਜਵਾਦ ਦੀ ਵਿਚਾਰਧਾਰਾ ਦੀ ਬਹੁਤ ਡੂੰਘੀ ਸਮਝ ਸੀ। ਇਸ ਤਰ੍ਹਾਂ ਇਸ ਮਹਾਨ ਹਸਤੀ ਨੇ ਭਾਰਤ ਦੀ ਆਜ਼ਾਦੀ ਦੇ ਸੰਘਰਸ਼ ਵਿੱਚ ਆਪਣਾ ਸਾਰਾ ਜੀਵਨ ਸਮੱਰਪਤ ਕੀਤਾ ਹੋਇਆ ਸੀ।

"ਉਹ ਪਹਿਲੀ ਇਨਕਲਾਬੀ ਭਾਰਤੀ ਇਸਤਰੀ ਸੀ ਜਿਹੜੀ ਲੈਨਿਨ ਤੋਂ ਬਹੁਤ ਪ੍ਰਭਾਵਤ ਅਤੇ ਉਤਸ਼ਾਹਤ ਹੋਈ ਸੀ।" ਇੱਕ ਉਘੇ ਇਨਕਲਾਬੀ ਵਰਿੰਦਰ ਲਾਲ ਚਟੋਪਾਧਿਆ ਨੇ 18 ਮਾਰਚ 1934 ਨੂੰ ਲੈਨਿਨ ਗਰਾਦ ਵਿੱਚ ਬੋਲਦਿਆਂ ਮੈਡਮ ਕਾਮਾ ਦੇ ਸਬੰਧ ਵਿੱਚ ਇਹ ਸ਼ਬਦ ਆਖੇ ਸਨ। ਉਨ੍ਹਾਂ ਨੇ ਦੱਸਿਆ ਸੀ " ਜਦੋਂ 1910 ਵਿੱਚ ਮੈਂ ਪੈਰਸ ਵਿੱਚ ਭਾਰਤੀ ਰਾਜਨੀਤਕ ਅਵਾਸੀਆਂ ਦੇ ਗਰੁੱਪ ਵਿੱਚ ਸ਼ਾਮਲ ਹੋਇਆ ਸੀ ਉਦੋਂ ਮੈਂ ਪਹਿਲੀ ਵਾਰ ਲੈਨਿਨ ਦਾ ਨਾਂਅ ਮੈਡਮ ਕਾਮਾ ਕੋਲੋਂ ਸੁਣਿਆ ਸੀ। ਉਸ ਗਰੁੱਪ ਵਿੱਚ ਉਦੋਂ ਇੱਕ ਇਨਕਲਾਬੀ ਇਸਤਰੀ ਭੀਖਾ ਜੀ ਕਾਮਾ ਸੀ, ਜਿਹੜੀ ਸੋਸ਼ਲਿਸਟ ਵਿਚਾਰਾਂ ਦੀ ਬਣ ਗਈ ਸੀ ਅਤੇ ਫ਼ਰਾਂਸੀਸੀ ਸੋਸ਼ਲਿਸਟ ਪਾਰਟੀ ਵਿੱਚ ਸ਼ਾਮਲ ਹੋ ਗਈ ਸੀ। ਉਹ ਸਾਨੂੰ ਲੈਨਿਨ ਅਤੇ ਰੂਸੀ ਸੋਸ਼ਲ-ਡੈਮੋਕਰੇਟਾਂ, ਉਨ੍ਹਾਂ ਦੇ ਜੰਗ ਵਾਰੇ ਦ੍ਰਿਸ਼ਟੀਕੋਣਾਂ ਅਤੇ ਕੌਮਾਂ ਦੇ ਆਤਮ ਨਿਰਣੇ ਦੇ ਅਧਿਕਾਰਾਂ ਵਾਰੇ ਆਮ ਤੌਰ ਤੇ ਦੱਸਦੀ ਹੁੰਦੀ ਸੀ। ਮੈਡਮ ਕਾਮਾ ਰੂਸੀ ਇਨਕਲਾਬੀ ਘਟਨਾਵਾਂ ਖਾਸ ਕਰ 1917 ਦੇ ਇਨਕਲਾਬ ਸਬੰਧੀ ਬੜੀ ਦਿਲਚਸਪੀ ਰੱਖਦੀ ਹੁੰਦੀ ਸੀ। ਉਹ ਇਨਕਲਾਬੀ ਲਹਿਰ ਵਿੱਚ ਮਜ਼ਦੂਰ ਜਮਾਤ ਦੀ ਭੂਮਿਕਾ ਵਾਰੇ ਜਾਨਣਾ ਚਾਹੁੰਦੀ ਸੀ। ਉਸ ਨੇ ਮਾਰਕਸੀ ਸਿਧਾਂਤਾਂ ਵਾਰੇ ਸਾਹਿਤ ਦਾ ਅਧਿਐਨ ਵੀ ਬਹੁਤ ਗੰਭੀਰਤਾ ਨਾਲ ਕੀਤਾ ਸੀ।"

ਸੱਚ ਤਾਂ ਇਹ ਹੈ ਕਿ ਪੈਰਸ ਵਿੱਚ ਰਹਿੰਦਿਆਂ ਜਿਉਂ ਹੀ ਮੈਡਮ ਕਾਮਾ ਨੂੰ ਰੂਸੀ ਇਨਕਲਾਬ ਵਾਰੇ ਜਾਣਕਾਰੀ ਮਿਲਣ ਲੱਗੀ ਸੀ ਉਸ ਸਮੇਂ ਤੋਂ ਹੀ ਉਹ ਰੂਸੀ ਸਾਹਿਤ ਤੋਂ ਵਿਸ਼ੇਸ਼ ਕਰਕੇ ਗੋਰਕੀ ਦੀਆਂ ਲਿਖਤਾਂ ਤੋਂ ਬਹੁਤ ਪ੍ਰਭਾਵਤ ਹੋਣ ਲੱਗ ਪਈ ਸੀ। ਉਹ ਉਸਦੀ ਰਚਨਾ 'ਬਾਜ਼ ਦਾ ਗੀਤ' ਤੋਂ ਇਨੀ ਪ੍ਰਭਾਵਤ ਹੋਈ ਸੀ ਕਿ ਉਹ ਰਚਨਾ ਉਸ ਦੇ ਮਨ ਨੂੰ ਟੁੰਬ ਗਈ ਸੀ। ਇਸੇ ਕਰਕੇ ਮੈਡਮ ਕਾਮਾ ਨੇ ਪਾਵਲੋਵਿਚ ਨੂੰ ਉਸ ਗੀਤ ਦਾ ਫਰਾਂਸੀਸੀ ਵਿੱਚ ਅਨੁਵਾਦ ਕਰਨ ਲਈ ਕਿਹਾ ਸੀ। ਜਦੋਂ ਉਸ ਨੂੰ ਉਹ ਅਨੁਵਾਦ ਮਿਲਿਆ ਤਾਂ ਉਹ ਏਨੀ ਖੁਸ਼ ਹੋਈ ਕਿ ਉਸ ਦੇ ਮੂੰਹੋਂ ਆਪ ਮੁਹਾਰੇ ਹੀ ਸ਼ਬਦ ਨਿਕਲੇ ਸਨ, "ਵਾਹ! ਇਹ ਤਾਂ ਕਿਸੇ ਲੇਖ ਨਾਲੋਂ ਵੀ ਕਿਤੇ ਵਧੀਆ ਹੈ।" ਇਸ ਮਗਰੋਂ ਉਸ ਦਾ ਗੋਰਕੀ ਨਾਲ ਪੱਤਰ-ਵਿਹਾਰ ਵੀ ਚੱਲਦਾ ਰਿਹਾ। ਇੱਕ ਵਾਰ ਗੋਰਕੀ ਨੇ ਮੈਡਮ ਕਾਮਾ ਨੂੰ ਆਪਣੇ ਰੂਸੀ ਰਸਾਲੇ "ਰਸ਼ੀਅਨ ਡੈਮੋਕਰੇਸੀ" ਲਈ ਇੱਕ ਲੇਖ ਲਿਖ ਕੇ ਭੇਜਣ ਲਈ ਕਿਹਾ ਸੀ ਜਿਸ ਵਿੱਚ ਉਨ੍ਹਾਂ ਲਿਖਿਆ ਸੀ ਕਿ "ਰੂਸੀ ਇਸਤਰੀਆਂ ਤੁਹਾਡੇ ਤੋਂ ਇਹ ਜਾਣ ਕੇ ਬੜੀਆਂ ਸ਼ੁਕਰ ਗੁਜ਼ਾਰ ਹੋਣਗੀਆਂ ਕਿ ਭਾਰਤ ਦੇ ਜਮਹੂਰੀਅਤ ਪਸੰਦ ਲੋਕ ਅਤੇ ਇਸਤਰੀਆਂ ਕਿਵੇਂ ਰਹਿੰਦੇ ਹਨ ਅਤੇ ਕਿਵੇਂ ਸੰਘਰਸ਼ ਕਰਦੇ ਹਨ?" ਮੈਡਮ ਕਾਮਾ ਨੇ ਜਵਾਬ ਵਿੱਚ ਆਪਣੀ ਮਜਬੂਰੀ ਦੱਸਦਿਆਂ ਲਿਖਿਆ ਸੀ "ਮੈਂ ਪੂਰੀ ਕੋਸ਼ਿਸ਼ ਕਰਾਂਗੀ ਲਿਖ ਕੇ ਭੇਜਣ ਦੀ ਪ੍ਰੰਤੂ ਇਸ ਵੇਲੇ ਮੇਰੀ ਸਾਰੀ ਸ਼ਕਤੀ ਅਤੇ ਮੇਰਾ ਸਾਰਾ ਸਮਾਂ ਮਾਤ-ਭੂਮੀ ਦੀ ਸੁਤੰਤਰਤਾ ਦੇ ਸੰਘਰਸ਼ ਲਈ ਲੱਗਿਆ ਹੋਇਆ ਹੈ। ਫਿਰ ਵੀ ਤੁਹਾਡੀ ਮੰਗ ਨੂੰ, ਆਸ ਹੈ, ਜ਼ਰੂਰ ਪੂਰਾ ਕਰਾਂਗੀ।"

'ਬੁਲੂ ਰਾਏ ਚੌਧਰੀ ਦੀ ਲਿਖਤ ਵਿੱਚੋਂ।' ਬੁਲੂ ਰਾਏ ਚੌਧਰੀ ਦੀ ਮੈਡਮ ਕਾਮਾ

ਵਾਰੇ ਲਿਖੀ ਪੁਸਤਕ ਦੇ ਹਵਾਲੇ ਅਨੁਸਾਰ ਇਹ ਚਿੱਠੀਆਂ ਰੂਸੀ ਲੇਖਕਾਂ ਦੇ ਅਜਾਇਬ ਘਰ ਵਿੱਚ ਮੈਡਮ ਕਾਮਾ ਦੀ ਫੋਟੋ ਤੇ ਉਸ ਨਾਲ ਲਹਿਰਾਉਂਦੇ ਹੋਏ ਭਾਰਤੀ ਤਿਰੰਗੇ ਝੰਡੇ ਨਾਲ ਸਾਂਭੀਆਂ ਹੋਈਆਂ ਹਨ।

ਮੈਡਮ ਭੀਮਾ ਜੀ ਰੁਸਤਮ ਜੀ ਕਾਮਾ ਨਾਲ ਮੈਕਸਮ ਗੋਰਕੀ ਦਾ ਚਿੱਠੀ ਪੱਤਰ---

1. ਮੈਕਸਮ ਗੋਰਕੀ ਵਲੋਂ ਮੈਡਮ ਕਾਮਾ ਨੂੰ ਲਿਖਿਆ ਪੱਤਰ :----

ਸਤਿਕਾਰ ਯੋਗ ਮੈਡਮ ਕਾਮਾ,

ਮੇਰੇ ਵਲੋਂ ਲਿਖੇ ਪੱਤਰ ਦਾ ਉਤਰ ਦੇਣ ਲਈ ਤੁਹਾਡਾ ਬਹੁਤ ਹੀ ਧੰਨਵਾਦ ਕਰਦਾ ਹਾਂ। ਮੈਂ ਤੁਹਾਨੂੰ ਇਕ ਹੋਰ ਕਸ਼ਟ ਦੇਣਾ ਚਾਹੁੰਦਾ ਹਾਂ, " ਤੁਸੀਂ ਪ੍ਰੈਸ ਲਈ, ਭਾਰਤ ਦੀਆਂ ਇਸਤਰੀਆਂ : ਉਹਨਾ ਦੀ ਦਸ਼ਾ ਅਤੇ ਭਾਰਤ ਦੇ ਸੁਤੰਤਰਤਾ ਸੰਗਰਾਮ ਵਿੱਚ ਉਨ੍ਹਾਂ ਦੀ ਭੂਮਿਕਾ ਸਬੰਧੀ ਇੱਕ ਲੇਖ ਭੇਜਣਾ। ਕੀ ਤੁਹਾਡੇ ਲਈ ਸੰਭਵ ਹੋਵੇਗਾ? ਰੂਸੀ ਜਮਹੂਰੀਅਤ ਅਤੇ ਰੂਸੀ ਇਸਤਰੀਆਂ ਤੁਹਾਡੇ ਬਹੁਤ ਧੰਨਵਾਦੀ ਹੋਣਗੇ ਜੇਕਰ ਤੁਸੀਂ ਗੰਗਾ ਕਿਨਾਰੇ ਵਸਦੇ ਮਹਾਨ ਭਾਰਤੀ ਲੋਕਾਂ ਵਾਰੇ, ਜਮਹੂਰੀਅਤ ਪਸੰਦਾਂ ਅਤੇ ਭਾਰਤ ਦੀਆਂ ਇਸਤਰੀਆਂ ਵਾਰੇ ਜਾਣਕਾਰੀ ਦੇ ਸਕੋ।"

ਬਹੁਤ ਹੀ ਧੰਨਵਾਦ ਸਹਿਤ
ਐਮ. ਗੋਰਕੀ

2. ਬੀ. ਆਰ. ਕਾਮਾ ਵਲੋਂ ਐਮ. ਗੋਰਕੀ ਨੂੰ ਮੋੜਵਾਂ ਪੱਤਰ :---

ਸ਼੍ਰੀ ਮਾਨ ਜੀ,

ਤੁਹਾਡੇ ਵਲੋਂ ਭੇਜੇ 26 ਡਾਲਰ ਦੇ ਮਨੀ ਆਰਡਰ ਲਈ ਬਹੁਤ ਬਹੁਤ ਧੰਨਵਾਦ ਪਰਵਾਨ ਕਰਨਾ। ਇਸ ਦੇ ਨਾਲ ਹੀ ਤੁਹਾਡਾ ਖ਼ਤ ਵੀ ਮਿਲ ਗਿਆ ਹੈ। ਜਿਸ ਵਿੱਚ ਤੁਸੀਂ ਜ਼ਮਹੂਰੀਅਤ ਅਤੇ ਰੂਸੀ ਇਸ਼ਤਰੀਆਂ ਲਈ, ਰਸਾਲਿਆਂ ਲਈ ਲੇਖ ਲਿਖਣ ਨੂੰ ਕਿਹਾ ਹੈ। ਇਸ ਵੇਲੇ ਮੇਰੀ ਸਾਰੀ ਸ਼ਕਤੀ ਅਤੇ ਸਾਰਾ ਸਮਾਂ ਦੇਸ਼ ਲਈ ਅਤੇ ਸੰਘਰਸ਼ਾਂ ਨੂੰ ਸਮੱਰਪਤ ਹੈ। ਫਿਰ ਵੀ, ਜੇ ਕਰ ਮੈਂ ਆਪਣੇ ਦੇਸ਼ ਦੇ ਉਦੇਸ਼ਾਂ ਨੂੰ ਸਮੱਰਪਤ ਲੇਖ ਲਿਖ ਸਕੀ ਤਾਂ ਮੈਂ ਜ਼ਰੂਰ ਹੀ ਆਪਣੀ ਸਾਰੀ ਸ਼ਕਤੀ ਤੁਹਾਡੇ ਹੁਕਮ ਨੂੰ ਪੂਰਾ ਕਰਨ ਲਈ ਲਾ ਦੇਵਾਂਗੀ। ਮੈਂ ਤੁਹਾਨੂੰ ਸਪਸ਼ਟ ਕਹਿ ਦੇਣਾ ਚਾਹੁੰਦੀ ਹਾਂ ਕਿ ਜੇ ਕਰ ਲੇਖ ਦਾ ਕੋਈ ਸੇਵਾ ਫਲ ਭੇਜ ਸਕੋ ਤਾਂ ਮੈਂ ਬਹੁਤ ਧੰਨਵਾਦ ਕਰਾਂਗੀ। ਮੈਂ ਤੁਹਾਨੂੰ ਸਾਵਰਕਰ ਦੀ ਇਕ ਕਿਤਾਬ ਵੀ ਭੇਜ ਰਹੀ ਹਾਂ।

ਭੈਣਾਂ ਵਾਲੇ ਪਿਆਰ ਨਾਲ,
ਬੀ. ਆਰ. ਕਾਮਾ

3. ਬੀ ਆਰ. ਕਾਮਾ ਵਲੋਂ ਲਿਖਿਆ ਇੱਕ ਹੋਰ ਪੱਤਰ---

ਸ਼੍ਰੀ ਮਾਨ ਜੀ,

ਮੈਂ ਤੁਹਾਨੂੰ ਬੀ. ਐਮ. (ਬੰਦੇ ਮਾਤਰਮ) ਦੀਆਂ ਕੁੱਝ ਕਾਪੀਆਂ ਅਤੇ ਕੁੱਝ ਮੇਰੇ ਦੇਸ਼ ਦੀ ਇਨਕਲਾਬੀ ਲਹਿਰ ਵਾਰੇ ਸਾਹਿਤ ਭੇਜ ਰਹੀ ਹਾਂ। ਬੀ. ਐਮ. ਲਈ

ਚੰਦਾ ਭੇਜਣਾ ਤਾਂ ਸ਼ਾਇਦ ਤੁਹਾਡੇ ਲਈ ਸੰਭਵ ਨਹੀਂ ਹੈ ਪ੍ਰੰਤੂ ਮੈ ਮੈਕਸਮ ਗੋਰਕੀ ਲਈ ਇਸ ਦੀਆਂ ਕੁੱਝ ਕਾਪੀਆਂ ਭੇਜਣ ਦੀ ਖੁਸ਼ੀ ਲੈ ਰਹੀ ਹਾਂ।

ਜੇ ਤੁਸੀਂ ਚਾਹੋ ਤਾਂ ਕਾਮਰੇਡ ਸਾਵਰਕਰ ਦੀ ਕਿਤਾਬ ਵੀ ਖਰੀਦ ਸਕਦੇ ਹੋ।

ਭੈਣਾਂ ਵਾਲੇ ਸਤਿਕਾਰ ਨਾਲ

ਬੀ. ਆਰ. ਕਾਮਾ।

4. ਇੱਕ ਹੋਰ ਦਸਤਾਵੇਜ ਵਿੱਚੋਂ---

1913 ਵਿੱਚ ਭਾਰਤ ਦੇ ਗ੍ਰਹਿ ਮੰਤਰਾਲੇ ਦੀ ਸੀ. ਆਈ. ਡੀ. ਦੇ ਸੂਚਨਾ ਵਿਭਾਗ ਦੀ ਹਿਸਟਰੀ ਸ਼ੀਟ ਅਨੁਸਾਰ " ਉਹ ਉਸ ਸਮੇਂ ਪੈਰਸ ਵਿਚਲੇ ਇਨਕਲਾਬੀ ਲਹਿਰ ਦੇ ਜਾਣੇ-ਪਹਿਚਾਣੇ ਆਗੂਆਂ ਵਿੱਚੋਂ ਇੱਕ ਸੀ। ਹਿੰਦੂਆਂ ਵਲੋਂ ਸਨਮਾਨ ਵਿੱਚ ਉਸ ਨੂੰ ਕਿਸੇ ਦੇਵਤਾ ਦਾ ਅਵਤਾਰ ਵੀ ਕਿਹਾ ਜਾਂਦਾ ਹੈ।"

ਬਰਤਾਨਵੀ ਸਰਕਾਰ ਮੈਡਮ ਕਾਮਾ ਦੇ ਰਾਜਨੀਤਕ ਵਿਚਾਰਾਂ ਤੋਂ ਇੰਨੀ ਖਫ਼ਾ ਸੀ ਕਿ ਉਸਨੂੰ 'ਭਗੌੜਾ' ਦੋਸ਼ੀ ਕਰਾਰ ਦਿੱਤਾ ਹੋਇਆ ਸੀ। ਉਸ ਨੇ 1910 ਵਿੱਚ ਫਰਾਂਸ ਸਰਕਾਰ ਨੂੰ ਮੈਡਮ ਕਾਮਾ ਨੂੰ ਉਨ੍ਹਾਂ ਦੀ (ਬਰਤਾਨੀਆਂ ਦੀ)'ਵਿਦੇਸ਼ੀ ਅਪਰਾਧੀ' ਕਹਿ ਕੇ ਉਸਨੂੰ ਉਨ੍ਹਾਂ ਦੇ ਵਾਪਸ ਹਵਾਲੇ ਕਰਨ ਲਈ ਅਪੀਲ ਵੀ ਕੀਤੀ ਸੀ। ਫਰਾਂਸ ਦੀ ਸਰਕਾਰ ਨੇ ਮੈਡਮ ਕਾਮਾ ਨੂੰ ਉਨ੍ਹਾਂ ਦੇ ਹਵਾਲੇ ਕਰਨ ਤੋਂ ਸਾਫ ਇਨਕਾਰ ਕਰ ਦਿੱਤਾ ਜਿਸ ਤੋਂ ਅੱਗ-ਬਬੂਲਾ ਹੋ ਕੇ ਬਰਤਾਨਵੀ ਸਰਕਾਰ ਨੇ ਮੈਡਮ ਕਾਮਾ ਦੀ ਭਾਰਤ ਵਿਚਲੀ ਸਾਰੀ ਜਾਇਦਾਦ ਕੁਰਕ ਕਰ ਲਈ ਸੀ।

ਜਿਉਂ ਹੀ ਪਹਿਲਾ ਸੰਸਾਰ ਯੁੱਧ ਸ਼ੁਰੂ ਹੋਇਆ ਮੈਡਮ ਕਾਮਾ ਨੇ ਆਪਣੇ ਅਖ਼ਬਾਰ ਵਿੱਚ ਭਾਰਤੀ ਫੌਜੀਆਂ ਨੂੰ ਹਥਿਆਰ ਸੁੱਟ ਦੇਣ ਦੀ ਅਪੀਲ ਵੀ ਕੀਤੀ ਸੀ। ਉਨ੍ਹਾਂ ਦਾ ਕਹਿਣਾ ਸੀ ਕਿ ਭਾਰਤ ਦਾ ਇਸ ਯੁੱਧ ਨਾਲ ਕੋਈ ਵੀ ਲਾਗਾ-ਦੇਗਾ ਨਹੀਂ। ਉਹ ਇਸ ਸਬੰਧੀ ਫੌਜੀਆਂ ਨੂੰ ਮਿਲਣ ਲਈ ਪੈਰਸ ਤੋਂ ਮਾਰਸੇਈ (marseilles) ਵੀ ਗਈ ਸੀ ਪ੍ਰੰਤੂ ਫਰਾਂਸ ਸਰਕਾਰ ਨੇ ਉਸ ਨੂੰ 'ਵਿੱਚੀ ਅਤੇ ਦੱਖਣੀ ਫਰਾਂਸ ਦੇ ਬੋਰਡੋਕਸ' (vichy & Bordeaux) ਤੱਕ ਹੀ ਜਾਣ ਦਿੱਤਾ ਸੀ। ਇਸ ਤੋਂ ਅੱਗੇ ਜਾਣ ਉਤੇ ਰੋਕ ਲਗਾ ਦਿੱਤੀ ਸੀ। ਉੱਥੇ ਹੀ ਫਰਾਂਸ ਸਰਕਾਰ ਨੇ ਬਰਤਾਨਵੀ ਸਰਕਾਰ ਦੀ 'ਮੈਡਮ ਕਾਮਾ' ਨੂੰ ਉਨ੍ਹਾਂ ਦੇ ਹਵਾਲੇ ਕਰਨ ਦੀ ਮੰਗ ਨੂੰ ਠੁਕਰਾਇਆ ਸੀ। ਜੇ ਕਿਤੇ ਫਰਾਂਸ ਸਰਕਾਰ ਮੈਡਮ ਕਾਮਾ ਨੂੰ ਉਨ੍ਹਾਂ ਦੇ ਹਵਾਲੇ ਕਰ ਦਿੰਦੀ ਤਾਂ ਹੋ ਸਕਦਾ ਸੀ ਕਿ ਸਾਮਰਾਜੀ ਅੰਗਰੇਜ਼ ਹਕੂਮਤ ਉਸ ਨੂੰ ਫਾਂਸੀ ਚੜ੍ਹਾ ਦਿੰਦੀ ਜਾਂ ਮਾਰ-ਮੁਕਾਉਣ ਲਈ ਗੋਲੀ ਵੀ ਮਾਰ ਸਕਦੀ ਸੀ। ਆਖਰਕਾਰ ਬੇਬਸ ਹੋਈ ਬਰਤਾਨੀਆਂ ਸਰਕਾਰ ਨੇ, ਫਰਾਂਸ, ਜਿਹੜਾ ਉਸਦਾ ਯੁੱਧ ਭਾਈਵਾਲ ਵੀ ਸੀ, ਤੋਂ ਮੰਗ ਕੀਤੀ ਕਿ ਉਹ ਉਸ ਨੂੰ ਆਪਣੇ ਅਧੀਨ ਕਿਸੇ ਹੋਰ ਦੇਸ਼ ਵਿੱਚ ਹੀ ਜਲਾਵਤਨ ਕਰ ਦੇਣ। ਇਸ ਮੌਕੇ ਰੂਸੀ ਇਨਕਲਾਬ ਦੇ ਹਾਮੀ ਫਰਾਂਸੀਸੀ ਸੋਸ਼ਲਿਸਟਾਂ ਦੀ ਮਦਦ ਨਾਲ ਹੀ ਮੈਡਮ ਕਾਮਾ ਨੂੰ ਫਰਾਂਸ ਵਿੱਚ ਹੀ ਰਹਿਣ ਦੀ ਆਗਿਆ ਪ੍ਰਾਪਤ ਕਰਨ ਵਿੱਚ ਸਫਲਤਾ ਪ੍ਰਾਪਤ ਤਾਂ ਹੋ ਗਈ ਸੀ ਪ੍ਰੰਤੂ ਉਸਨੂੰ ਨਜ਼ਰਬੰਦ ਕਰਕੇ ਰੱਖਣ ਲਈ ਮਜ਼ਬੂਰ ਕਰ ਦਿੱਤਾ ਗਿਆ ਸੀ।

ਇਸ ਤਰ੍ਹਾਂ ਮੈਡਮ ਕਾਮਾ ਫਰਾਂਸ ਵਿੱਚ ਨਜ਼ਰਬੰਦ ਕੈਦੀ ਦੀ ਔਖੀ ਜ਼ਿੰਦਗੀ ਜਿਊਣ ਕਾਰਨ ਉਸਦੀ ਸਿਹਤ ਬਹੁਤ ਹੀ ਬਿਗੜ ਚੁੱਕੀ ਸੀ। ਬਰਤਾਨਵੀ ਸਰਕਾਰ

ਨੇ ਉਸਨੂੰ ਭਾਰਤ ਵਾਪਸ ਆਉਣ ਦੀ ਆਗਿਆ ਤੋਂ ਵਾਰ ਵਾਰ ਇਨਕਾਰ ਕੀਤਾ ਸੀ ਕਿਉਂਕਿ ਮੈਡਮ ਕਾਮਾ ਨੇ ਭਾਰਤ ਜਾਣ ਲਈ ਉਨ੍ਹਾਂ ਦੀਆਂ ਸ਼ਰਤਾਂ ਮੰਨਣ 'ਤੇ ਇਨਕਾਰ ਕਰ ਦਿੱਤਾ ਸੀ। ਮੈਡਮ ਕਾਮਾ ਆਪਣੇ ਦੇਸ਼ ਨੂੰ ਬਹੁਤ ਪਿਆਰ ਕਰਦੀ ਸੀ ਇਸ ਲਈ ਉਹ ਆਪਣਾ ਅੰਤਮ ਸਾਹ ਵੀ ਆਪਣੇ ਦੇਸ਼ ਵਿੱਚ ਹੀ ਲੈਣਾ ਚਾਹੁੰਦੀ ਸੀ। 28 ਜਨਵਰੀ 1962 ਦੇ 'ਇਲੈਸਟਰਡ ਵੀਕਲੀ ਆਫ ਇੰਡੀਆ' ਵਿੱਚ ਏ. ਕੇ. ਸੇਠ ਦਾ ਇੱਕ ਲੇਖ 'ਬੀ. ਕੇ. ਕਾਮਾ: ਯਾਦਾਂ ਦਾ ਇੱਕ ਤਮਗਾ,' ਜਿਹੜਾ ਲੇਖਕ ਦੀ ਮੈਡਮ ਕਾਮਾ ਨਾਲ ਲਈ ਗਈ ਇੰਟਰਵਿਊ 'ਤੇ ਅਧਾਰਤ ਸੀ, ਛਪਿਆ ਸੀ। ਉਸ ਵਿੱਚ ਲੇਖਕ ਉਸ ਮਹਾਨ ਵੀਰਾਂਗਣ ਦੀ ਕੁਰਬਾਨੀ ਨੂੰ ਬਿਆਨ ਕਰਦਾ ਹੋਇਆ ਇੱਕ ਜਗ੍ਹਾ ਲਿਖਦਾ ਕਿ ਜਦੋਂ ਮੈਂ ਮੈਡਮ ਕਾਮਾ ਨੂੰ ਪੁੱਛਿਆ " ਤੁਸੀਂ ਭਾਰਤ ਮੁੜ ਕਿਉਂ ਨਹੀਂ ਪਰਤਦੇ?"ਤਾਂ ਉਸਦਾ ਜਵਾਬ ਸੀ " ਕਿਉਂਕਿ ਬਰਤਾਨਵੀ ਸਰਕਾਰ ਮੇਰੀਆਂ ਕੀਤੀਆਂ ਹੋਈਆਂ ਰਾਜਨੀਤਕ ਸਰਗਰਮੀਆਂ ਦੀ ਲਿਖਤੀ ਮੁਆਫੀ ਮੰਗਦੀ ਹੈ ਅਤੇ ਇਹ ਵੀ ਵਾਅਦਾ ਮੰਗਦੀ ਹੈ ਕਿ ਮੈਂ ਮੁੜ ਕਦੇ ਵੀ ਰਾਜਨੀਤੀ ਵਿੱਚ ਭਾਗ ਨਹੀਂ ਲਵਾਂਗੀ।" ਮੈਡਮ ਕਾਮਾ ਨੇ ਸ਼੍ਰੀ ਸੇਠ ਨੂੰ ਅੱਗੇ ਕਿਹਾ ਸੀ, " ਮੈਂ ਅਜਿਹਾ ਕਦੇ ਵੀ ਨਹੀਂ ਕਰ ਸਕਦੀ। ਮੈਂ ਰਾਜਨੀਤਕ ਸਰਗਰਮੀਆਂ ਨਹੀਂ ਛੱਡਾਂਗੀ ਸਗੋਂ ਮੈਂ ਤਾਂ ਸਾਰੇ ਭਾਰਤ ਵਿੱਚ ਰਾਜਨੀਤਕ ਜਲਸਿਆਂ ਨੂੰ ਸੰਬੋਧਨ ਕਰਨਾ ਵੀ ਚਾਹਾਂਗੀ। " ਭਾਵੇਂ ਉਸਦੀ ਇਹ ਦਿਲੀ ਤਮੰਨਾ ਕਦੇ ਵੀ ਪੂਰੀ ਨਹੀਂ ਹੋਈ ਪ੍ਰੰਤੂ ਉਸਦੇ ਆਪਣੇ ਦੇਸ਼ ਲਈ ਇਹ ਅਡੋਲ ਅਤੇ ਅਜਿੱਤ ਜਜ਼ਬਾਤ ਅੱਜ ਵੀ ਕੁਰਬਾਨੀਆਂ ਦੇ ਆਕਾਸ਼ ਵਿੱਚ ਸਿਤਾਰੇ ਵਾਂਗ ਚਮਕਦੇ ਸਾਫ ਦਿਖਾਈ ਦਿੰਦੇ ਹਨ।

ਇਸੇ ਤਰ੍ਹਾਂ 23 ਅਗਸਤ 1936 ਨੂੰ ਸ਼੍ਰੀ ਹੇਰਨ ਚਟੋਪਾਧਿਆ ਨੇ 'ਕੇਸਰੀ ਹਿੰਦ' ਵਿੱਚ ਮੈਡਮ ਕਾਮਾ ਦੇ ਦਿਹਾਂਤ ਵਾਰੇ ਲੇਖ ਲਿਖਿਆ ਸੀ। ਉਸ ਲੇਖ ਵਿੱਚ ਜ਼ਿਕਰ ਕੀਤਾ ਸੀ ਕਿ ਉਸਨੇ ਇੱਕ ਵਾਰ ਹੇਰਨ ਮੁਕਰਜੀ ਨਾਲ ਗੱਲਬਾਤ ਕਰਦਿਆਂ ਦੱਸਿਆ ਸੀ, " ਮੈਨੂੰ ਬਹੁਤ ਸਾਰੇ ਲੋਕ ਪੁੱਛਦੇ ਹਨ ਕਿ ਮੈਂ ਭਾਰਤ ਨੂੰ ਮੁੜ ਕੇ ਕਿਉਂ ਨਹੀਂ ਗਈ ਜਦੋਂ ਕਿ ਮੈਂ ਭਾਰਤ ਨੂੰ ਇੰਨਾ ਪਿਆਰ ਕਰਦੀ ਹਾਂ? ਇਹ ਸਵਾਲ ਪੁੱਛਣ ਵਾਲਿਆਂ ਨੂੰ ਯਕੀਨ ਨਹੀਂ ਹੈ ਕਿ ਜਿਹੜੇ ਅਸੀਂ ਵਿਦੇਸ਼ਾਂ ਵਿੱਚ ਸਰਗਰਮ ਹਾਂ, ਅਸੀਂ ਭਾਰਤ ਨੂੰ ਬੇਹੱਦ ਪਿਆਰ ਕਰਦੇ ਹਾਂ ਅਤੇ ਅਸੀਂ ਉਸ ਲਈ ਇਹ ਸਾਰੇ ਦੁੱਖ ਝੱਲ ਰਹਿੰਦੇ ਹਾਂ। ਉਸਨੇ ਸਾਨੂੰ ਜਨਮ ਦਿੱਤਾ, ਪਾਲਿਆ ਅਤੇ ਅਸੀਂ ਉਸਦੀ ਪਵਿੱਤਰ ਹਵਾ ਵਿੱਚ ਸਾਹ ਲਏ ਹਨ।" ਕੁੱਝ ਪਲ ਰੁਕ ਕੇ ਫਿਰ ਬੋਲੀ , " ਹੇਰਨ, ਮੈਂ ਤੈਨੂੰ ਦੱਸਦੀ ਹਾਂ ਕਿ ਮੈਂ ਸਹੁੰ ਖਾਧੀ ਹੋਈ ਹੈ ਕਿ ਵਿਦੇਸ਼ੀ ਪਾਸਪੋਰਟ 'ਤੇ ਮੈਂ ਭਾਰਤ ਨਹੀਂ ਜਾਣਾ। ਮੈਂ ਕਿਉਂ ਜਾਵਾਂ?"


1935 ਵਿੱਚ ਉਸ ਦੀ ਸਿਹਤ ਬਹੁਤ ਹੀ ਖਰਾਬ ਹੋ ਗਈ ਸੀ। ਉਦੋਂ ਉਹ 74 ਵਰ੍ਹਿਆਂ ਦੀ ਹੋ ਗਈ ਸੀ। ਇਸੇ ਕਾਰਨ ਫੇਰ ਉਸਨੂੰ ਇੱਕ ਸਪੈਸ਼ਲ ਕੇਸ ਮੰਨ ਕੇ ਆਪਣੇ ਘਰ ਵਾਪਸ ਆਉਣ ਦੀ ਆਗਿਆ ਦਿੱਤੀ ਗਈ ਸੀ। ਅਖੀਰ ਨੂੰ ਬਿਮਾਰੀ ਦੀ ਬਹੁਤ ਹੀ ਮਾੜੀ ਹਾਲਤ ਵਿੱਚ ਉਹ ਭਾਰਤ ਵਾਪਸ ਆਈ ਸੀ ਅਤੇ ਭਾਰਤ ਪਹੁੰਚਦੇ ਹੀ ਉਹ ਸਿੱਧੇ ਪਾਰਸੀ ਚੈਰੀਟੇਬਲ ਹਸਤਪਤਾਲ ਵਿੱਚ ਦਾਖਲ ਹੋ ਗਈ ਸੀ। ਬਿਨਾ ਕਿਸੇ ਨੂੰ ਆਪਣੀ ਜਾਣਕਾਰੀ ਦੱਸਿਆਂ ਇੱਥੇ ਹੀ ਉਹ ਦਸ ਮਹੀਨਿਆਂ ਦੀ ਬਿਮਾਰੀ ਪਿੱਛੋਂ ਬਿਨਾ ਕਿਸੇ ਦੀ ਦੇਖ-ਭਾਲ ਅਤੇ ਕਿਸੇ ਨੂੰ ਮਿਲੇ ਅਣਜਾਣੇ ਲੋਕਾਂ

ਵਾਂਗ, ਉਹ ਮਹਾਨ ਪਹਿਲੀ ਭਾਰਤੀ ਇਨਕਲਾਬੀ ਯੋਧਾ ਆਪਣੇ ਅੰਤਮ ਸਵਾਸ ਮਾਤ-ਭੂਮੀ ਦੇ ਲੇਖੇ ਲਾ ਕੇ ਇਸ ਦੁਨੀਆਂ ਨੂੰ ਸਦਾ ਲਈ ਅਲਵਿਦਾ ਕਹਿ ਗਈ ਸੀ।

ਇਸ ਸਭ ਕੁੱਝ ਦੇ ਹੁੰਦੇ ਹੋਏ ਵੀ ਆਜ਼ਾਦ ਭਾਰਤ ਵਿੱਚ ਉਸ ਮਹਾਨ ਕ੍ਰਾਂਤੀਕਾਰੀ, ਕੌਮਾਂਤਰੀ ਇਨਕਲਾਬੀ ਵੀਰਾਂਗਣ ਦੀ ਯਾਦ ਵਿੱਚ ਕੋਈ ਯਾਦਗਾਰ ਨਹੀਂ ਮਿਲਦੀ। ਭਾਰਤ ਜਿਸ ਨੂੰ ਉਹ ਅਥਾਹ ਪਿਆਰ ਕਰਦੀ ਸੀ ਅਤੇ ਇਸਦੀ ਆਜ਼ਾਦੀ ਲਈ ਹੱਸਦੇ ਹੱਸਦੇ ਆਪਣੀ ਜ਼ਿੰਦਗੀ ਦੀਆਂ ਸਾਰੀਆਂ ਦੁਨਿਆਵੀ ਸੁੱਖ-ਸੁਵਿਧਾਵਾਂ ਤਿਆਗ ਦਿੱਤੀਆਂ ਸਨ, ਜਿਸ ਕੌਮ ਲਈ ਉਸ ਨੇ ਘਰ-ਪਰਿਵਾਰ, ਰਿਸ਼ਤੇ-ਨਾਤੇ ਸਭ ਤਿਆਗ ਦਿੱਤੇ ਅਤੇ ਕਠੋਰ ਜਿੰਦਗੀ ਬਤੀਤ ਕੀਤੀ ਸੀ। ਇਹ ਸਭ ਕੁੱਝ ਆਪਣੇ ਪਿਆਰੇ ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਕੀਤਾ ਸੀ ਉਸ ਲਈ ਉਹ ਇੱਕ ਅਣਗੌਲੀ ਅਤੇ ਲਾਵਾਰਸ ਵੀਰਾਂਗਣ ਬਣਾ ਕੇ ਇਤਿਹਾਸ ਦੇ ਗਹਿਰੇ ਪੰਨਿਆਂ ਵਿੱਚ ਗੁਆਚੀ ਪਈ ਹੈ। ਉਸ ਨੂੰ ਉਮੀਦ ਸੀ ਕਿ ਉਹ ਆਪਣੇ ਅੰਤਮ ਸਾਹ ਨਿਕਲਣ ਤੋਂ ਪਹਿਲਾਂ ਪਿਆਰੇ ਭਾਰਤ ਨੂੰ ਆਜ਼ਾਦ ਹੋਇਆ ਜਰੂਰ ਦੇਖੇਗੀ ਪ੍ਰੰਤੂ ਅਜਿਹਾ ਨਾ ਹੋ ਸਕਿਆ। ਅੱਜ ਵੀ ਉਸ ਮਹਾਂਨ ਵੀਰਾਂਗਣਾ ਦੀ ਕੋਈ ਵੀ ਕੌਮੀ ਯਾਦਗਾਰੀ ਨਿਸ਼ਾਨੀ ਦੇਖਣ ਨੂੰ ਨਹੀਂ ਮਿਲਦੀ। ਕਿੱਡੇ ਅਫਸੋਸ ਦੀ ਗੱਲ ਹੈ ਕਿ ਕੌਮਾਂਤਰੀ ਪੱਧਰ 'ਤੇ ਸੱਚੀ-ਸੁੱਚੀ ਇਨਕਲਾਬੀ ਯੋਧਾ ਦੇ ਤੌਰ ਤੇ ਪਹਿਚਾਣੀ ਜਾਂਦੀ ਇੱਕ ਅਨਮੋਲ ਵੀਰਾਂਗਣਾ ਦੀਆਂ ਘਾਲਣਾਵਾਂ ਤੇ ਕੁਰਬਾਨੀਆਂ ਨੂੰ ਆਜ਼ਾਦ ਭਾਰਤ ਦੀਆਂ ਸਮੇਂ ਸਮੇਂ ਦੀਆਂ ਸਰਕਾਰਾਂ ਨੇ ਅਣਜਾਣਾ ਅਤੇ ਅਣਗੌਲਿਆ ਹੀ ਬਣਾ ਕੇ ਰੱਖਿਆ ਹੋਇਆ ਹੈ!!

ਇਨਕਲਾਬੀ ਆਗੂ ਦੁਰਗਾ ਭਾਬੀ

ਇਨਕਲਾਬੀ ਲਹਿਰ ਦੀ ਸਿਰਮੌਰ ਆਗੂ 'ਦੁਰਗਾ ਦੇਵੀ' ਜਿਸਨੂੰ ਸਾਰੇ ਕ੍ਰਾਂਤੀਕਾਰੀ ਬਹੁਤ ਹੀ ਮਾਨ-ਸਨਮਾਨ ਨਾਲ 'ਦੁਰਗਾ ਭਾਬੀ' ਕਹਿੰਦੇ ਸਨ, ਅੱਜ ਵੀ ਉਹ 'ਦੁਰਗਾ ਭਾਬੀ' ਕਰਕੇ ਹੀ ਜਾਣੀ ਜਾਂਦੀ ਹੈ। ਉਨ੍ਹਾਂ ਦਾ ਜਨਮ 7 ਅਕਤੂਬਰ, 1907 ਵਿੱਚ ਅਲਾਹਾਬਾਦ ਵਿਖੇ ਪੰਡਤ ਬਾਂਕੇ ਬਿਹਾਰੀ ਲਾਲ ਨਾਗਰ ਬ੍ਰਾਹਮਣ ਦੇ ਘਰ ਹੋਇਆ। ਉਨ੍ਹਾਂ ਦੀ ਮਾਤਾ ਜੀ ਦਾ ਨਾਂ ਯਮੁਨਾ ਦੇਵੀ ਸੀ। ਸ਼੍ਰੀ ਬਾਂਕੇ ਬਿਹਾਰੀ ਲਾਲ ਪੇਸ਼ੇ ਪੱਖੋਂ ਜ਼ਿਲਾ ਜੱਜ ਰਹਿ ਚੁੱਕੇ ਸਨ। ਸੁਰਤ ਸੰਭਾਲਣ ਤੋਂ ਪਹਿਲਾਂ ਹੀ ਸਨ 1908 ਵਿੱਚ ਦੁਰਗਾ ਦੇਵੀ ਦੇ ਮਾਤਾ ਸ੍ਰੀਮਤੀ ਯਮੁਨਾ ਦੇਵੀ ਜੀ ਦਾ ਦੇਹਾਂਤ ਹੋ ਗਿਆ ਸੀ। ਘਰੇਲੂ ਕੰਮ-ਕਾਰ ਦੀ ਤੰਗੀ ਅਤੇ ਨੰਨ੍ਹੀ ਜਿਹੀ ਬੱਚੀ ਦੁਰਗਾ ਦੇਵੀ ਦੀ ਪਰਵਰਿਸ਼ ਕਾਰਨ ਪਿਤਾ ਬਾਂਕੇ ਬਿਹਾਰੀ ਲਾਲ ਨੇ ਦੂਸਰੀ ਸ਼ਾਦੀ ਕਰ ਲਈ ਸੀ। ਬਾਂਕੇ ਬਿਹਾਰੀ ਲਾਲ ਜੀ ਦੀ ਇੱਕ ਵਿਧਵਾ ਭੈਣ ਵੀ ਉਸੇ ਘਰ ਰਹਿੰਦੀ ਸੀ, ਉਹ ਸੁਭਾਅ ਪੱਖੋਂ ਬੇਫਿਕਰ, ਲੜਾਕੀ ਅਤੇ ਡਾਢੀ ਸੀ। ਸੋ ਦੁਰਗਾ ਦਾ ਲਾਲਨ-ਪਾਲਣ ਬੜੇ ਅਮੀਰ ਘਰਾਂ ਦੇ ਬੱਚਿਆਂ ਦੀ ਤਰ੍ਹਾਂ ਵਿਧਵਾ ਭੂਆ ਦੀ ਦੇਖ-ਰੇਖ ਵਿਚ ਹੀ ਕੀਤਾ ਗਿਆ ਸੀ। ਪਿਤਾ ਬਾਂਕੇ ਬਿਹਾਰੀ ਜੀ ਨੇ ਆਪਣੀ ਲਾਡਲੀ ਬੇਟੀ ਦੁਰਗਾ ਨੂੰ ਚੰਗੀ ਵਿਦਿਆ ਦਿਵਾਉਣ ਲਈ ਮਿਸ਼ਨ ਸਕੂਲ ਵਿੱਚ ਪੜ੍ਹਨ ਪਾ ਦਿੱਤਾ ਸੀ। ਉਹ ਹਾਲੇ ਤੀਸਰੀ ਜਮਾਤ ਵਿੱਚ ਹੀ ਪੜ੍ਹਦੀ ਸੀ ਕਿ ਦੁਰਗਾ ਨਾਲ ਇੱਕ ਦੁਖਦ ਘਟਨਾ ਘਟ ਗਈ ਸੀ ਜਿਸ ਨੇ ਉਸਦਾ ਬਚਪਨ ਹੀ ਬਦਲ ਕੇ ਰੱਖ ਦਿੱਤਾ ਸੀ। ਦੁਰਗਾ ਦੇ ਬਚਪਨ ਵਿੱਚ ਹੀ ਉਸਦੇ ਕੰਨਾਂ ਨੂੰ ਵਿੰਨ ਕੇ ਛੋਟੇ ਛੋਟੇ ਬੁੰਦੇ ਪਾ ਦਿੱਤੇ ਸਨ, ਇਹ ਉਨ੍ਹਾਂ ਦਾ ਰਿਵਾਜ ਸੀ। ਉਸਦੇ ਬੁੰਦੇ ਸੋਨੇ ਦੇ ਸਨ, ਸਕੂਲ ਵਿਚ ਕਿਸੇ ਨੇ ਉਸ ਦੇ ਕੰਨਾਂ ਵਿੱਚੋਂ ਉਨ੍ਹਾਂ ਨੂੰ ਉਤਾਰ ਲਿਆ ਸੀ ਜਿਸ ਕਾਰਨ ਬੱਚੀ ਦੁਰਗਾ ਨੂੰ ਆਪਣੀ ਭੂਆ ਤੋਂ ਬਹੁਤ ਮਾਰ ਵੀ ਖਾਣੀ ਪਈ ਸੀ ਨਾਲੇ ਉਸ ਦਿਨ ਤੋਂ ਸਕੂਲ ਪੜ੍ਹਨ ਜਾਣਾ ਬੰਦ ਕਰ ਦਿੱਤਾ ਗਿਆ ਸੀ। ਇਸ ਕਾਰਨ ਉਸਦੀ ਪੜ੍ਹਾਈ (ਤੀਸਰੀ ਕਲਾਸ) ਮਾਮੂਲੀ ਹਿੰਦੀ ਪੜ੍ਹਨ ਲਿਖਣ ਤੱਕ ਦੀ ਹੀ ਸੀ।



ਸਕੂਲੀ ਪੜ੍ਹਾਈ ਬੰਦ ਹੋ ਗਈ ਤੇ ਘਰ ਵਿੱਚ ਹੀ ਥੋੜੀ ਬਹੁਤੀ ਧਾਰਮਿਕ

ਕਿਤਾਬਾਂ ਪੜ੍ਹਨੀਆਂ ਸ਼ੁਰੂ ਕਰ ਦਿੱਤੀਆਂ ਗਈਆਂ ਸਨ। ਬੱਚੀ ਦੁਰਗਾ ਨੂੰ ਸਕੂਲ ਛੱਡਣਾ ਬਹੁਤ ਦੁਖਦਾਈ ਲੱਗਿਆ। ਆਪਣੀ ਭੂਆ ਦੇ ਸਖਤ ਸੁਭਾਅ ਅਤੇ ਛੋਟੀ ਤੋਂ ਛੋਟੀ ਗਲਤੀ ਤੇ ਪੈਣ ਵਾਲੀ ਮਾਰ ਅਤੇ ਝਿੜਕਾਂ ਕਾਰਨ ਉਹ ਘਰ ਵਿੱਚ ਵੀ ਡਰੀ-ਡਰੀ, ਸਹਿਮੀ-ਸਹਿਮੀ ਰਹਿਣ ਲੱਗ ਪਈ। ਮਈ 1919 ਵਿੱਚ, ਗਿਆਰਾਂ ਸਾਲ ਦੀ ਉਮਰ ਵਿੱਚ ਹੀ ਉਨ੍ਹਾਂ ਦਾ ਬਾਲ-ਵਿਵਾਹ ਪੰਡਤ ਸ਼ਿਵ ਚਰਨ ਵੋਹਰਾ, ਜਿਹੜੇ ਕਿ ਨਾਗਰ ਬ੍ਰਾਹਮਣ ਸਨ, ਦੇ ਸਪੁੱਤਰ ਭਗਵਤੀ ਚਰਨ ਵੋਹਰਾ ਨਾਲ ਕਰ ਦਿੱਤਾ ਗਿਆ ਸੀ। ਦੁਰਗਾ ਦੇਵੀ ਦਾ ਸਹੁਰਾ ਪਰਿਵਾਰ ਵੀ ਉਸ ਸਮੇਂ ਚੰਗੇ ਅਮੀਰ ਪਰਿਵਾਰਾਂ ਵਿੱਚੋਂ ਜਾਣਿਆਂ ਜਾਂਦਾ ਸੀ। ਪੰਡਤ ਸ਼ਿਵ ਚਰਨ ਵੋਹਰਾ ਰੇਲਵੇ ਵਿੱਚ ਚੰਗੇ ਅਫ਼ਸਰ ਸਨ ਅਤੇ ਉਨ੍ਹਾਂ ਨੂੰ ਰਾਓ ਦਾ ਖਿਤਾਬ ਵੀ ਮਿਲਿਆ ਹੋਇਆ ਸੀ। ਉਨ੍ਹਾਂ ਸਮਿਆਂ ਵਿੱਚ ਲੜਕੀਆਂ ਨੂੰ ਦਾਜ ਦੇਣਾ ਕੋਈ ਬੁਰਾਈ ਨਹੀਂ ਮੰਨੀ ਜਾਂਦੀ ਸੀ ਇਸੇ ਲਈ ਬਾਂਕੇ ਬਿਹਾਰੀ ਲਾਲ ਵਲੋਂ ਆਪਣੀ ਧੀ ਦੁਰਗਾ ਦੇਵੀ ਦਾ ਵਿਆਹ ਬੜੀ ਸ਼ਾਨੋ-ਸ਼ੌਕਤ ਨਾਲ ਕੀਤਾ ਗਿਆ ਤੇ ਉਨ੍ਹਾਂ ਨੇ ਦਾਜ ਵਿੱਚ ਇੱਕ ਘੋੜਾ-ਬੱਘੀ ਅਤੇ ਮੋਟਰਸਾਈਕਲ ਵੀ ਦਿੱਤਾ ਗਿਆ ਸੀ।

ਭਗਵਤੀ ਚਰਨ ਵੋਹਰਾ ਦੀ ਇਹ ਦਿਲੀ ਤਮੰਨਾ ਸੀ ਕਿ ਉਸ ਦੀ ਸ਼ਾਦੀ ਸਾਦੇ ਤਰੀਕੇ ਨਾਲ, ਉਸਦੇ ਵਿਚਾਰਾਂ ਵਾਲੀ ਅਤੇ ਉਸ ਦੀ ਤਰ੍ਹਾਂ ਹੀ ਆਪਣੇ ਦੇਸ਼ 'ਤੇ ਮਰ-ਮਿਟਣ ਵਾਲੀ ਲੜਕੀ ਨਾਲ ਹੋਵੇ। ਉਸ ਸਮੇਂ ਮਾਂ-ਬਾਪ ਆਪਣੇ ਬੱਚਿਆਂ ਦੇ ਵਿਆਹ ਸਬੰਧੀ ਉਨ੍ਹਾਂ ਦੀ ਮਰਜ਼ੀ ਜਾਂ ਇੱਛਾ ਜਾਨਣ ਦੀ ਕੋਸ਼ਿਸ਼ ਕਰਨਾ ਤਾਂ ਦੂਰ ਸਗੋਂ ਲੋੜ ਵੀ ਮਹਿਸੂਸ ਨਾਹੀਂ ਸੀ ਕਰਦੇ। ਬੱਚਿਆਂ ਦਾ ਆਪਣੀ ਮਰਜ਼ੀ ਅਨੁਸਾਰ ਸ਼ਾਦੀ-ਵਿਆਹ ਕਰਨਾ ਉਹ ਆਪਣਾ ਅਧਿਕਾਰ ਸਮਝਦੇ ਸਨ। ਭਗਵਤੀ ਚਰਨ ਵੋਹਰਾ ਨਾਲ ਦੁਰਗਾ ਦੇਵੀ ਦਾ ਵਿਆਹ ਵੀ ਉਨ੍ਹਾਂ ਦੇ ਮਾਤਾ-ਪਿਤਾ ਦੀ ਇੱਛਾ ਅਨੁਸਾਰ ਹੀ ਹੋਇਆ ਸੀ। ਉਹ ਸੁਭਾਅ ਪੱਖੋਂ ਬਹੁਤ ਹੀ ਸ਼ਰਮੀਲੀ, ਸੰਸਕਾਰੀ ਅਤੇ ਗੁਣਵਾਨ ਲੜਕੀ ਸੀ। ਉਸ ਨੇ ਇਨਕਲਾਬੀ ਰਸਤੇ ਤੇ ਚੱਲਣਾ ਕਦੇ ਸੋਚਿਆ ਵੀ ਨਹੀਂ ਸੀ। ਭਗਵਤੀ ਚਰਨ ਵੋਹਰਾ ਨੇ ਦਸਵੀਂ ਪਾਸ ਕਰਨ ਪਿੱਛੋਂ ਐਫ. ਸੀ. ਕਾਲਜ, ਲਹੌਰ ਤੋਂ ਇੰਟਰਮੀਡੀਏਟ ਦਾ ਇਮਤਿਹਾਨ ਪਾਸ ਕੀਤਾ ਸੀ। ਸਨ 1921 ਵਿੱਚ ਮਹਾਤਮਾ ਗਾਂਧੀ ਵਲੋਂ ਅਰੰਭੇ ਅਸਹਿਯੋਗ ਅੰਦੋਲਨ ਤੋਂ ਪ੍ਰਭਾਵਤ ਹੋ ਕੇ ਉਨ੍ਹਾਂ ਨੇ ਸਿਖਿਆਂ ਦੀਆਂ ਸਰਕਾਰੀ ਸੰਸਥਾਵਾਂ ਦਾ ਬਾਈਕਾਟ ਕੀਤਾ ਸੀ ਅਤੇ ਆਪਣਾ ਕਾਲਜ ਛੱਡ ਕੇ ਨੈਸ਼ਨਲ ਕਾਲਜ ਲਹੌਰ ਵਿੱਚ ਦਾਖਲਾ ਲੈ ਲਿਆ ਸੀ। ਇਹ ਕਾਲਜ ਲਾਲਾ ਲਾਜਪਤਰਾਏ ਨੇ ਸ਼ੁਰੂ ਕੀਤਾ ਸੀ ਅਤੇ ਇੱਥੋਂ ਹੀ ਉਨ੍ਹਾਂ ਨੇ ਆਪਣੀ ਬੀ. ਏ. ਦੀ ਪੜ੍ਹਾਈ ਪੂਰੀ ਕੀਤੀ ਸੀ। ਮਹਾਤਮਾਂ ਗਾਂਧੀ ਵਲੋਂ ਅਸਿਹਯੋਗ ਅੰਦੋਲਨ ਬਿਨਾਂ ਸ਼ਰਤ ਵਾਪਸ ਲੈ ਲੈਣ ਕਾਰਨ ਬਹੁਤ ਸਾਰੇ ਨੌਜਵਾਨ ਕਾਂਗਰਸ ਦਾ ਸਾਥ ਛੱਡ ਕੇ ਕ੍ਰਾਂਤੀਕਾਰੀ ਦਲ ਵਿੱਚ ਸ਼ਾਮਲ ਹੋ ਗਏ ਸਨ। ਭਗਵਤੀ ਚਰਨ ਵੋਹਰਾ ਵੀ ਕ੍ਰਾਂਤੀਕਾਰੀ ਵਿਚਾਰਾਂ ਵੱਲ ਖਿੱਚਿਆ ਗਿਆ। ਉਸ ਨੇ ਉਥੋਂ ਰਹਿੰਦੇ ਕ੍ਰਾਂਤੀਕਾਰੀ ਵਿਚਾਰਧਾਰਾ ਦੀਆਂ ਬਹੁਤ ਸਾਰੀਆਂ ਕਿਤਾਬਾਂ ਪੜ੍ਹੀਆਂ ਅਤੇ ਵਿਚਾਰ ਸੁਣੇ ਜਿਨ੍ਹਾਂ ਦਾ ਅਸਰ ਉਨ੍ਹਾਂ ਦੇ ਮਨ ਉਤੇ ਆਪਣੀ ਅਮਿੱਟ ਛਾਪ ਛੱਡ ਗਿਆ।

ਹਾਲਾਂ ਕਿ ਦੁਰਗਾ ਦੇਵੀ ਨੂੰ ਆਪਣੀ ਪੜ੍ਹਾਈ ਅੱਧ ਵਿੱਚਕਾਰ ਛੁੱਟ ਜਾਣ ਦਾ ਬੜਾ ਦੁੱਖ ਤਾਂ ਹੋਇਆ ਸੀ ਪ੍ਰੰਤੂ ਭਗਵਤੀ ਚਰਨ ਵੋਹਰਾ ਦੇ ਉਤਸਾਹਤ ਕਰਨ

ਤੇ ਉਨ੍ਹਾਂ ਨੇ ਆਪਣੀ ਪੜ੍ਹਾਈ ਕਰਨ ਦਾ ਸੁਪਨਾ ਪੂਰਾ ਕਰ ਲਿਆ ਸੀ। ਪਰਿਵਾਰਕ ਮਿੱਤਰ ਯਸ਼ਪਾਲ ਨਾਲ 1926 ਵਿੱਚ ਪੰਜਾਬ ਯੂਨੀਵਰਸਿਟੀ ਤੋਂ ਹਿੰਦੀ-ਪ੍ਰਭਾਕਰ ਦਾ ਇਮਤਿਹਾਨ ਪਾਸ ਕਰ ਲਿਆ ਸੀ, ਤੇ ਛੇਤੀ ਹੀ ਕੰਨਿਆ ਮਹਾਵਿਦਿਆਲਿਆ ਵਿੱਚ ਹਿੰਦੀ ਦੀ ਅਧਿਆਪਕ ਲੱਗ ਗਈ ਸੀ, ਜਿੱਥੇ ਉਹ ਮਈ-ਜੂਨ 1930 ਤੱਕ ਪੜ੍ਹਾਉਂਦੀ ਰਹੀ, ਜਦੋਂ ਕਿ ਉਹਦੇ ਗ੍ਰਿਫ਼ਤਾਰੀ ਵਾਰੰਟ ਜਾਰੀ ਹੋ ਗਏ ਸਨ। ਮੈਟ੍ਰਿਕ ਦਾ ਇਮਤਿਹਾਨ ਤਾਂ ਉਹਨੇ ਕਾਫ਼ੀ ਪਛੜ ਕੇ 1934 ਵਿੱਚ ਆਪਣੀ ਰਿਹਾਈ ਪਿਛੋਂ ਉਸੇ ਸੰਸਥਾ ਭਾਵ ਕੰਨਿਆ ਮਹਾਂਵਿਦਿਆਲਿਆ ਤੋਂ ਪਾਸ ਕੀਤਾ ਸੀ। ਭਗਵਤੀ ਚਰਨ ਦੇ ਕ੍ਰਾਂਤੀਕਾਰੀ ਅਤੇ ਦੇਸ਼ ਪ੍ਰੇਮ ਦੇ ਵਿਚਾਰਾਂ ਤੋਂ ਪ੍ਰਭਾਵਤ ਹੋ ਕੇ ਭਾਬੀ ਦੇ ਹੌਸਲੇ ਅਤੇ ਸੋਚ ਵਿੱਚ ਬਹੁਤ ਬਦਲਾਵ ਆ ਗਿਆ ਸੀ। ਉਹ ਆਪ ਵੀ ਭਗਵਤੀ ਚਰਨ ਨੂੰ ਜਾਨਣ, ਪਹਿਚਾਨਣ ਅਤੇ ਸਮਝਣ ਲਈ ਉਸ ਦੀਆਂ ਸਰਗਰਮੀਆਂ ਨੂੰ ਬਿਨਾ ਕਿਸੇ ਤਕਰਾਰ ਕੀਤੇ ਵਾਚਣ ਅਤੇ ਉਨ੍ਹਾਂ ਵਿੱਚ ਸਹਾਈ ਹੋਣ ਲੱਗ ਪਈ ਸੀ।

ਦੁਰਗਾ ਦੇਵੀ ਬਚਪਨ ਤੋਂ ਹੀ ਬਹੁਤ ਘੱਟ ਬੋਲਦੀ ਸੀ। ਵਿਆਹ ਪਿੱਛੋਂ ਵੀ ਉਹ ਇਕ ਆਗਿਆਕਾਰ ਬਹੂ,ਅਤੇ ਆਪਣੇ ਪਤੀ ਭਗਵਤੀ ਚਰਨ ਵੋਹਰਾ ਵਲੋਂ ਦਰਸਾਏ ਰਸਤੇ ਤੇ ਚੱਲਣ ਵਾਲੀ ਇੱਕ ਆਗਿਆਕਾਰ ਪਤਨੀ ਸਿੱਧ ਹੋਈ। ਵਿਆਹ ਤੋਂ ਚਾਰ ਕੁ ਮਹੀਨੇ ਪਿੱਛੋਂ ਦੀ ਗੱਲ ਹੈ ਕਿ ਪੰਡਤ ਸ਼ਿਵ ਚਰਨ ਵੋਹਰਾ ਨੇ "ਰਾਏ ਸਾਹਿਬ" ਦਾ ਖਿਤਾਬ ਮਿਲਣ ਕਾਰਨ ਆਪਣੇ ਘਰ ਵਿੱਚ ਇੱਕ ਵੱਡੀ ਪਾਰਟੀ ਦਾ ਪ੍ਰਬੰਧ ਕੀਤਾ ਜਿਸ ਵਿੱਚ ਅੰਗਰੇਜ਼ ਅਫਸਰਾਂ ਨੇ ਵੀ ਸ਼ਾਮਲ ਹੋਣਾ ਸੀ। ਭਗਵਤੀ ਚਰਨ ਵੋਹਰਾ ਨੂੰ ਆਪਣੇ ਪਿਤਾ ਜੀ ਦੇ ਅੰਗਰੇਜ਼ ਅਫਸਰਾਂ ਨਾਲ ਸਬੰਧ ਚੰਗੇ ਨਹੀਂ ਸਨ ਲਗਦੇ ਅਤੇ ਨਾ ਹੀ ਉਹ ਉਨ੍ਹਾਂ ਦੀਆਂ ਪਾਰਟੀਆਂ ਤੋਂ ਖੁਸ਼ ਹੁੰਦੇ ਸਨ। ਪਿਉ-ਪੁੱਤ ਵਿੱਚ ਵਿਚਾਰਾਂ ਦੇ ਆਪਸੀ ਵਿਰੋਧ ਕਾਰਨ ਉਹ ਆਪਣੇ ਪਿਤਾ ਜੀ ਨੂੰ ਅਜਿਹਾ ਕਰਨ ਤੋਂ ਰੋਕ ਵੀ ਨਹੀਂ ਸਕਦੇ ਸਨ ਪ੍ਰੰਤੂ ਅਕਸਰ ਆਪ ਅਜਿਹੇ ਮੌਕਿਆਂ ਤੇ ਗੈਰ ਹਾਜਰ ਹੀ ਰਹਿੰਦੇ ਸਨ। ਭਗਵਤੀ ਜੀ ਆਪਣੇ ਪਿਤਾ ਜੀ ਵਲੋਂ ਦਿੱਤੀ ਜਾਣ ਵਾਲੀ ਉਸ ਪਾਰਟੀ ਵਿੱਚ ਵੀ ਸ਼ਾਮਲ ਰਹਿਣਾ ਨਹੀਂ ਸੀ ਚਾਹੁੰਦੇ ਇਸ ਲਈ ਉਨ੍ਹਾਂ ਨੇ ਆਪਣੀ ਪਤਨੀ ਦੁਰਗਾ ਦੇਵੀ ਨੂੰ ਇਹ ਕਹਿ ਕੇ ਜ਼ਿੰਮੇਵਾਰੀ ਦੇ ਦਿੱਤੀ ਕਿ "ਮੈਨੂੰ ਕੋਈ ਬਹੁਤ ਹੀ ਜਰੂਰੀ ਕੰਮ ਆ ਗਿਆ ਹੈ ਜਿਸ ਲਈ ਮੈਨੂੰ ਜਾਣਾ ਪੈ ਗਿਆ, ਹੁਣ ਤੂੰ ਮੇਰੇ ਪਿੱਛੋਂ ਸਥਿਤੀ ਨੂੰ ਸੰਭਾਲ ਲੈਣਾ" ਕਹਿ ਕੇ ਚਲੇ ਗਏ। ਉਨ੍ਹਾਂ ਦੇ ਜਾਣ ਤੋਂ ਪਿੱਛੋਂ ਬੜੀ ਹੀ ਹੁਸ਼ਿਆਰੀ ਨਾਲ ਭਾਬੀ ਨੇ ਸਾਰੇ ਹਾਲਾਤ ਨੂੰ ਸੰਭਾਲ ਲਿਆ ਸੀ।

ਉਹ ਘਰ ਵਿੱਚਲੇ ਵਾਤਾਵਰਨ ਨੂੰ ਸਮਝਣ ਲਈ, ਆਪਣੇ ਪਤੀ ਦੇ ਰੋਜ਼ਾਨਾ ਦੇ ਵਿਵਹਾਰ ਅਤੇ ਗਤੀਵਿਧੀਆਂ ਨੂੰ ਦੇਖਦੀ ਅਤੇ ਸੋਚਦੀ ਰਹਿੰਦੀ ਸੀ। ਉਹ ਸਮਝਦੀ ਸੀ ਕਿ "ਭਾਵੇਂ ਪਿਤਾ ਸ਼੍ਰੀ ਸਿਵ ਚਰਨ ਵੋਹਰਾ ਉਸ ਵੇਲੇ ਦੇ ਅਮੀਰ ਲੋਕਾਂ ਵਿੱਚ ਮੰਨੇ-ਪ੍ਰਮੰਨੇ ਵਿਅਕਤੀ ਸਨ ਪ੍ਰੰਤੂ ਭਗਵਤੀ ਚਰਨ ਦੀ ਸੋਚਣੀ ਅਤੇ ਵਿਚਾਰਧਾਰਾ ਉਨ੍ਹਾਂ ਤੋਂ ਬਿਲਕੁਲ ਹੀ ਉਲਟ ਸੀ। ਉਹ ਬਰਤਾਨਵੀ ਹਕੂਮਤ ਵਲੋਂ ਰੋਜ਼ਾਨਾ ਹੀ ਆਮ ਲੋਕਾਂ ਨਾਲ ਕੀਤੇ ਜਾਂਦੇ ਦੁਰਵਿਵਹਾਰ ਤੋਂ ਚਿੰਤਤ ਹੁੰਦੇ ਸਨ। ਉਨ੍ਹਾਂ ਦੀ ਸੋਚਣੀ ਅਤੇ ਆਦਰਸ਼ਾਂ ਉਤੇ ਪਿਤਾ ਜੀ ਦਾ ਕੋਈ ਪ੍ਰਭਾਵ ਨਹੀਂ ਸੀ ਦਿਖਾਈ ਦਿੰਦਾ। ਉਹ ਆਪਣੇ ਦੇਸ਼ ਨੂੰ ਸਾਮਰਾਜਵਾਦੀ ਅੰਗਰੇਜ਼ ਸਰਕਾਰ ਤੋਂ ਹਰ ਹਾਲਤ ਵਿੱਚ ਅਜ਼ਾਦ ਕਰਵਾ ਕੇ ਆਪਣੇ ਦੇਸ਼ ਵਾਸੀਆਂ ਨੂੰ ਪੂਰਨ ਆਜ਼ਾਦੀ ਦਿਵਾਉਣਾ ਚਾਹੁੰਦੇ ਸਨ।

ਉਹ ਅਤੇ ਉਸਦੇ ਸਾਥੀ ਉਸ ਸਮਾਜ ਦੀ ਸਿਰਜਣਾ ਕਰਨ ਦੇ ਆਪਣੇ ਸੁਪਨਿਆਂ ਨੂੰ ਸਾਕਾਰ ਹੋਏ ਦੇਖਣਾ ਚਾਹੁੰਦੇ ਸਨ ਜਿਸ ਦੇ ਅੰਦਰ ਮਨੁੱਖ ਹੱਥੋਂ ਕਿਸੇ ਮਨੁੱਖ ਦੀ ਲੁੱਟ ਨਾ ਕੀਤੀ ਜਾਵੇ। ਹਰ ਵਿਅਕਤੀ ਨੂੰ ਰੋਟੀ, ਕਪੜਾ ਅਤੇ ਮਕਾਨ ਮਿਲੇ ਅਤੇ ਹਰ ਹੱਥ ਨੂੰ ਕੰਮ ਮਿਲੇ ਜਿਸ ਨਾਲ ਦੇਸ਼ ਅੰਦਰ ਖੁਸ਼ਹਾਲੀ ਪਨਪੇ।" ਉਹ ਦੇਖਦੀ ਸੀ ਕਿ ਭਗਵਤੀ ਚਰਨ ਉੱਤੇ ਪਿਤਾ ਦੀ ਪਰਵਰਿਸ਼ ਅਤੇ ਧਨ-ਦੌਲਤ ਦਾ ਕੋਈ ਵੀ ਰੰਗ ਨਹੀਂ ਸੀ ਚੜ੍ਹਿਆ।

ਸਨ 1920 ਵਿੱਚ ਅਚਾਨਕ ਹੀ ਪੰਡਤ ਸ਼ਿਵ ਚਰਨ ਵੋਹਰਾ ਦੀ ਮੌਤ ਹੋ ਗਈ। ਆਪਣੇ ਪਿੱਛੇ ਉਹ ਭਗਵਤੀ ਚਰਨ ਲਈ ਤਿੰਨ ਮਕਾਨ ਤੇ ਤੀਹ ਹਜ਼ਾਰ ਰੁਪਿਆ ਛੱਡ ਕੇ ਗਏ ਸਨ ਜਿਸ ਨੂੰ ਉਸ ਨੇ ਅੱਗੇ ਚੱਲ ਕੇ ਪਾਰਟੀ ਕੰਮਾਂ ਲਈ ਇਸਤੇਮਾਲ ਕੀਤਾ ਸੀ। ਜ਼ਿੰਦਗੀ ਬੀਤਣ ਦੇ ਨਾਲ ਨਾਲ ਭਗਵਤੀ ਚਰਨ ਦੀਆਂ ਗੱਲਾਂ ਅਤੇ ਉਨ੍ਹਾਂ ਦੁਆਰਾ ਕੀਤੇ ਜਾਂਦੇ ਫੈਸਲਿਆਂ ਵਾਰੇ ਦੁਰਗਾ ਭਾਬੀ ਸੋਚ ਸੋਚ ਕੇ ਬਹੁਤ ਹੀ ਗਰਵ ਮਹਿਸੂਸ ਕਰਦੀ ਸੀ ਤੇ ਸੋਚਦੀ " ਜਿਹੜੇ ਰੁਪਏ, ਤਿੰਨ ਮਕਾਨ ਭਗਵਤੀ ਚਰਨ ਦੇ ਵਰਤਣ ਲਈ ਪਿਤਾ ਜੀ ਛੱਡ ਗਏ ਸਨ, ਉਨ੍ਹਾਂ ਨੇ ਉਹ ਸਭ ਕੁੱਝ ਬਿਨਾ ਕਿਸੇ ਸੰਕੋਚ ਦੇ ਆਪਣੇ ਇਨਕਲਾਬੀ ਸਾਥੀਆਂ ਲਈ ਵਰਤਣ ਦਾ ਫੈਸਲਾ ਕਰ ਲਿਆ ਸੀ। ਉਨ੍ਹਾਂ ਦਾ ਘਰ ਇਨਕਲਾਬੀਆਂ ਦਾ ਘਰ ਬਣ ਗਿਆ ਅਤੇ ਆਉਣ ਵਾਲੇ ਸਾਰੇ ਇਨਕਲਾਬੀ ਸਾਥੀ ਦੁਰਗਾ ਦੇਵੀ ਨੂੰ ਭਾਬੀ ਬੁਲਾਉਂਦੇ ਸਨ।" ਇਸ ਸਭ ਤੇ ਉਹ ਆਪ ਬਹੁਤ ਫਖਰ ਮਹਿਸੂਸ ਕਰਦੀ ਸੀ ਕਿ ਉਨ੍ਹਾਂ ਦਾ ਘਰ ਇਨਕਲਾਬੀਆਂ ਦੀਆਂ ਗਤੀਵਿਧੀਆਂ ਅਤੇ ਉਨ੍ਹਾਂ ਦਾ ਪੱਕਾ ਠਿਕਾਣਾ ਬਣ ਗਏ ਸਨ। ਇਥੇ ਹੀ ਇਨਕਲਾਬ ਨਾਲ ਸਬੰਧਤ ਸਾਹਿਤ ਤਿਆਰ ਕਰਨ, ਵੰਡਣ ਅਤੇ ਸੰਭਾਲਣ ਦਾ ਕੰਮ ਹੁੰਦਾ ਰਿਹਾ ਸੀ। ਇਹ ਮਕਾਨ ਠਹਿਰ ਤੋਂ ਇਲਾਵਾ ਅੰਗਰੇਜ਼ਾਂ ਹੱਥੋਂ ਸ਼ਹੀਦ ਹੋਏ ਅਨੇਕਾਂ ਮਹਾਨ ਇਨਕਲਾਬੀਆਂ ਦਾ ਬਦਲਾ ਲੈਣ ਵਾਸਤੇ ਅਤੇ ਅੰਗਰੇਜ਼ਾਂ ਦੇ ਬੋਲੇ ਕੰਨਾਂ ਤੱਕ ਆਪਣੀ ਅਵਾਜ਼ ਪਹੁੰਚਾਉਣ ਵਾਸਤੇ ਬੰਬ ਬਣਾਉਣ ਲਈ ਵੀ ਵਰਤੇ ਜਾਂਦੇ ਸਨ।

ਦੁਰਗਾ ਭਾਬੀ ਨੂੰ ਕੰਨਿਆਂ ਮਹਾਂ ਵਿਦਿਆਲਿਆ ਲਹੌਰ ਵਿਖੇ ਅਧਿਆਪਕਾ ਦੀ ਨੌਕਰੀ ਲੱਗ ਗਈ ਸੀ। ਹੌਲੀ ਹੌਲੀ ਉਹ ਸ਼ਰਮਾਕਲ ਲੜਕੀ ਆਪਣੀ ਨੌਕਰੀ ਦੇ ਨਾਲ ਨਾਲ ਇਨਕਲਾਬੀਆਂ ਨਾਲ ਵੀ ਕੰਮ ਕਰਨ ਲੱਗ ਪਈ ਸੀ ਜਿਹੜੀ ਪਿੱਛੋਂ ਜਾ ਕੇ ਬਹੁਤ ਹੀ ਦਲੇਰ ਤੇ ਕੁਰਬਾਨੀਆਂ ਭਰਪੂਰ ਦੇਸ਼ਭਗਤ ਵੀਰਾਂਗਣ ਦੀ ਮਿਸਾਲ ਸਾਬਤ ਹੋਈ। ਉਹ ਆਪਣੀ ਸਾਰੀ ਆਮਦਨ ਵੀ ਕ੍ਰਾਂਤੀਕਾਰੀ ਕੰਮ ਚਲਾਉਣ ਲਈ ਹੀ ਵਰਤਦੀ ਸੀ। ਇਸ ਇਨਕਲਾਬੀ ਘਰ ਦਾ ਸਾਰਾ ਖਰਚ ਵੋਹਰਾ ਪਰਿਵਾਰ ਵਲੋਂ ਹੀ ਕੀਤਾ ਜਾਂਦਾ ਸੀ। 3 ਦਿਸੰਬਰ, 1925 ਨੂੰ ਦੁਰਗਾ ਭਾਬੀ ਨੇ ਇੱਕ ਲੜਕੇ ਨੂੰ ਜਨਮ ਦਿੱਤਾ ਜਿਸ ਦਾ ਨਾਂਅ ਉਨ੍ਹਾਂ ਨੇ ਸੁਚਿੰਦਰ 'ਸ਼ੱਚੀ' ਰੱਖਿਆ। ਉਹ ਸਕੂਲ ਜਾਣ ਸਮੇਂ ਬਾਲਕ 'ਸ਼ੱਚੀ' ਨੂੰ ਆਪਣੇ ਗੁਆਂਢੀ ਸ਼ਾਸ਼ਤਰੀ ' ਉਦੇ ਵੀਰ ' ਦੇ ਘਰ ਹੀ ਛੱਡ ਕੇ ਜਾਂਦੀ ਸੀ। ਸ਼ਾਸ਼ਤਰੀ ਉਦੇ ਵੀਰ ਵੀ ਨੈਸ਼ਨਲ ਕਾਲਜ ਵਿੱਚ ਸੰਸਕ੍ਰਿਤ ਦੇ ਪ੍ਰੋਫੈਸਰ ਸਨ ਅਤੇ ਉਨ੍ਹਾਂ ਦਾ ਪਰਿਵਾਰ ਬਾਲਕ 'ਸ਼ੱਚੀ ' ਦੀ ਬਹੁਤ ਚੰਗੀ ਤਰ੍ਹਾਂ ਦੇਖ-ਭਾਲ ਕਰਦਾ ਹੁੰਦਾ ਸੀ। 'ਸ਼ੁਚੀ' ਵੀ ਉਸ ਪਰਿਵਾਰ ਦਾ ਹਿੱਸਾ ਬਣ ਗਿਆ ਸੀ।

ਪ੍ਰੋਫੈਸਰ ਜੈਚੰਦ ਅਜਿਹੇ ਨੇਤਾਵਾਂ ਵਿੱਚੋਂ ਸਨ ਜਿਹੜੇ ਆਪ ਸੰਘਰਸ਼ਾਂ ਤੋਂ

ਤਾਂ ਬਹੁਤ ਦੂਰ ਰਹਿੰਦੇ ਸਨ ਪ੍ਰੰਤੂ ਆਪਣਾ ਨਾਂ ਹਮੇਸ਼ਾ ਨੇਤਾਗਿਰੀ ਵਿੱਚ ਸਭ ਤੋਂ ਉਪਰ ਰੱਖਣਾ ਚਾਹੁੰਦੇ ਸਨ। ਉਹ ਆਪਣੇ ਇਸ ਸਵਾਰਥ ਨੂੰ ਨੇਪਰੇ ਚਾੜਨ ਲਈ ਕਿਸੇ ਵੀ ਹੱਦ ਤੱਕ ਜਾ ਸਕਦੇ ਸਨ। ਉਨ੍ਹਾਂ ਨੇ ਅਜਿਹਾ ਹੀ ਕੁੱਝ ਭਗਵਤੀ ਭਾਈ ਲਈ ਵੀ ਕੀਤਾ ਸੀ। ਇਹ ਉਨ੍ਹਾਂ ਦਿਨਾਂ ਦੀ ਘਟਨਾ ਹੈ ਜਦੋਂ ਭਗਵਤੀ ਭਾਈ ਪੰਜਾਬ ਦੀ ਕ੍ਰਾਂਤੀਕਾਰੀ ਪਾਰਟੀ ਦੇ ਨੇਤਾ ਸਨ ਅਤੇ ਸਭ ਮੈਂਬਰਾਂ ਤੇ ਪਾਰਟੀ ਫੰਡ ਇਕੱਠਾ ਕਰਨ ਦੀ ਜਿੰਮੇਵਾਰੀ ਲਗਾਈ ਗਈ ਸੀ। ਸ਼ੁਸ਼ੀਲਾ ਦੀਦੀ, ਜਿਹੜੀ ਭਗਵਤੀ ਚਰਨ ਵੋਹਰਾ ਦੀ ਮੂੰਹ ਬੋਲੀ ਭੈਣ ਸੀ ਅਤੇ ਪਾਰਟੀ ਦੀ ਸਰਗਰਮ ਕਾਰਜਕਰਤਾ ਵੀ ਸੀ, ਉਸਨੇ ਆਪਣੇ ਹਿੱਸੇ ਦੇ ਫੰਡ ਲਈ ਆਪਣੇ ਹੱਥਾਂ ਵਿੱਚੋਂ ਸੋਨੇ ਦੀਆਂ ਚੂੜੀਆਂ ਉਤਾਰ ਕੇ ਪਾਰਟੀ ਫੰਡ ਲਈ ਦੇ ਦਿੱਤੀਆਂ ਸਨ। ਉਹ ਦੁਰਗਾ ਭਾਬੀ ਨਾਲ ਪਾਰਟੀ ਕੰਮਾਂ ਵਿੱਚ ਵੀ ਹਮੇਸ਼ਾ ਲੱਗੀ ਰਹਿੰਦੀ ਸੀ। ਪ੍ਰੋਫੈਸਰ ਜੈਚੰਦ ਦਾ ਮਨ ਸ਼ੀਲਾ ਦੀਦੀ ਦੀਆਂ ਪਾਰਟੀ ਫੰਡ ਲਈ ਦਿੱਤੀਆਂ ਚੂੜੀਆਂ ਨੂੰ ਦੇਖ ਕੇ ਲਲਚਾ ਗਿਆ। ਉਸਨੇ ਚੂੜੀਆਂ ਹਥਿਆਉਣ ਲਈ ਚਾਲ ਚੱਲਣੀ ਚਾਹੀ ਕਿਉਂਕਿ ਪ੍ਰੋਫੈਸਰ ਹੋਣ ਕਰਕੇ ਸਾਰੇ ਕ੍ਰਾਂਤੀਕਾਰੀ ਉਸਦੀ ਇੱਜ਼ਤ ਕਰਦੇ ਸਨ। ਉਹ ਇਹ ਵੀ ਚੰਗੀ ਤਰ੍ਹਾਂ ਜਾਣਦਾ ਸੀ ਕਿ ਉਸਦੀ ਹਰ ਗਲਤ ਧਾਰਨਾ ਨੂੰ ਸਮਝ ਸਕਣਾ ਅਤੇ ਤੁਰੰਤ ਉਸਦਾ ਜਵਾਬ ਦੇਣ ਦੀ ਹਿੰਮਤ ਵੀ ਭਗਵਤੀ ਚਰਨ ਹੀ ਕਰ ਸਕਦਾ ਸੀ। ਭਗਵਤੀ ਭਾਈ ਦੀ ਗੈਰ ਹਾਜਰੀ ਵਿੱਚ ਮੌਕੇ ਦਾ ਫਾਇਦਾ ਉਠਾਉਂਦੇ ਹੋਏ ਉਸਨੇ ਕਿਹਾ "ਪਾਰਟੀ ਫੰਡ ਲਈ ਸ਼ੁਸ਼ੀਲਾ ਦੀਦੀ, ਵਲੋਂ ਦਿੱਤੀਆਂ ਆਪਣੀਆਂ ਸੋਨੇ ਦੀਆਂ ਚੂੜੀਆਂ ਨੂੰ ਉਹ ਆਪਣੀ ਭਾਣਜੀ ਦੇ ਵਿਆਹ ਵਿੱਚ ਦੇ ਦੇਵੇਗਾ ਅਤੇ ਉਨ੍ਹਾਂ ਚੂੜੀਆਂ ਦੀ ਕੀਮਤ ਦੇ ਪੈਸੇ ਉਹ ਪਾਰਟੀ ਫੰਡ ਵਿੱਚ ਜਮਾਂ ਕਰਾ ਦੇਵੇਗਾ।" ਜਦੋਂ ਭਗਵਤੀ ਚਰਨ ਵੋਹਰਾ ਨੂੰ ਦੁਰਗਾ ਦੇਵੀ ਤੋਂ ਇਸ ਘਟਨਾ ਦਾ ਪਤਾ ਲੱਗਿਆ ਤਾਂ ਉਸਨੇ ਜੈਚੰਦ ਦੇ ਇਰਾਦੇ ਨੂੰ ਰੱਦ ਕਰਦੇ ਕਿਹਾ " ਜੇ ਕਰ ਸ਼ੁਸ਼ੀਲਾ, ਜਿਸਨੂੰ ਇਹ ਚੂੜੀਆਂ ਉਸਦੀ ਮਾਂ ਨੇ ਆਪਣੇ ਮਰਨ ਸਮੇਂ ਉਸਨੂੰ ਵਿਆਹ ਵਿੱਚ ਦੇਣ ਲਈ ਦਿੱਤੀਆਂ ਸਨ, ਉਹ ਇਨ੍ਹਾਂ ਤੋਂ ਬਿਨਾ ਰਹਿ ਸਕਦੀ ਹੈ ਤਾਂ ਜੈਚੰਦ ਦੀ ਭਾਣਜੀ ਕਿਉਂ ਨਹੀਂ ਰਹਿ ਸਕਦੀ? ਇਹ ਨਹੀਂ ਹੋ ਸਕਦਾ। ਇਹ ਚੂੜੀਆਂ ਪਾਰਟੀ ਫੰਡ ਲਈ ਹੀ ਵਰਤੀਆਂ ਜਾਣਗੀਆਂ।" ਭਗਵਤੀ ਭਾਈ ਦੇ ਮੂੰਹਫੱਟ ਜਵਾਬ ਤੋਂ ਜੈਚੰਦ ਚਿੜ ਗਿਆ ਅਤੇ ਉਦੋਂ ਤੋਂ ਹੀ ਉਸ ਨੇ ਮਨੋ-ਮਨੀ ਵੋਹਰਾ ਨੂੰ ਮੌਕਾ ਮਿਲਣ ਤੇ ਨੀਵਾਂ ਦਿਖਾਉਣ ਦਾ ਫੈਸਲਾ ਵੀ ਕਰ ਲਿਆ ਸੀ।

ਭਗਵਤੀ ਚਰਨ ਦੀ ਦੂਰਅੰਦੇਸ਼ੀ, ਪਾਰਟੀ ਦੇ ਕੰਮ ਕਰਨ ਦੀ ਅਥਾਹ ਕੁਸ਼ਲਤਾ ਅਤੇ ਲਿਆਕਤ ਅੱਗੇ ਆਪਣੇ ਆਪ ਨੂੰ ਛੋਟਾ, ਕਮਜ਼ੋਰ ਦਿਖਣ ਦੇ ਡਰ ਤੋਂ ਪ੍ਰੇਸ਼ਾਨ ਜੈਚੰਦ ਵਿਦਿਆਲੰਕਾਰ ਜੋ ਨੈਸ਼ਨਲਲ ਕਾਲਜ ਲਹੌਰ ਵਿਖੇ ਪ੍ਰੋਫੈਸਰ ਵੀ ਸਨ, ਨੇ ਭਗਵਤੀ ਚਰਨ ਵੋਹਰਾ ਨੂੰ ਕ੍ਰਾਂਤੀਕਾਰੀ ਸਾਥੀਆਂ ਵਿੱਚੋਂ ਨਿਖੇੜਨ ਖਾਤਰ ਇੱਕ ਚਾਲ ਚੱਲੀ ਸੀ। ਉਸਨੇ ਆਪਣੇ ਈਰਖਾਲੂ ਇਰਾਦਿਆਂ ਨੂੰ ਸਫਲ ਬਨਾਉਣ ਖਾਤਰ ਉਸਨੂੰ ਬਦਨਾਮ ਕਰਨ ਲਈ 'ਪੁਲਿਸ ਦਾ ਮੁਖਬਰ ਹੋਣ' ਦਾ ਇਲਜ਼ਾਮ ਵੋਹਰਾ ਉਤੇ ਲਾਇਆ ਸੀ। ਆਪਣੀ ਕੂਟਨੀਤਕ ਚਾਲ ਨਾਲ ਵੋਹਰਾ ਵਿਰੁੱਧ, ਉਸ ਨੇ ਇੱਕ ਇੱਕ ਸਾਥੀ ਨੂੰ ਦੱਸ ਕੇ ਇਹ ਉਪਰੋਕਤ ਅਫਵਾਹ ਫੈਲਾ ਦਿੱਤੀ ਸੀ। ਜੰਗਲ ਵਿੱਚ ਲੱਗੀ ਧੁੱਖਦੀ ਅੱਗ ਦੀ ਤਰ੍ਹਾਂ ਇਹ ਫੈਲਾਈ ਝੂਠੀ ਅਫਵਾਹ ਕਿਸੇ ਵੀ ਕ੍ਰਾਂਤੀਕਾਰੀ ਅੰਦਰ ਕਦੇ ਵੀ ਭਾਂਬੜ ਦਾ ਰੂਪ ਧਾਰ ਕੇ ਵੋਹਰਾ ਦੀ ਜਾਨ ਵੀ ਲੈ ਸਕਦੀ ਸੀ। ਹਾਲਾਤ ਬਿਗੜਦੇ

ਦੇਖ ਤੇਜ਼ ਦਿਮਾਗ ਭਗਵਤੀ ਚਰਨ ਵੋਹਰਾ ਲਹੌਰ ਰਹਿਣਾ ਠੀਕ ਨਾ ਸਮਝ ਕੇ ਬਿਨਾ ਦੁਰਗਾ ਨੂੰ ਕੁਝ ਦੱਸੇ ਕਲਕੱਤੇ ਚਲੇ ਗਏ ਸਨ। ਕਲਕੱਤੇ ਪਹੁੰਚ ਕੇ ਉਥੋਂ ਦੇ ਕ੍ਰਾਂਤੀਕਾਰੀ ਸਾਥੀਆਂ ਨਾਲ ਮਿਲ ਕੇ ਸਰਗਰਮੀਆਂ ਸ਼ੁਰੂ ਕਰ ਦਿੱਤੀਆਂ ਅਤੇ ਨਾਲ ਹੀ ਉਥੇ ਰਹਿ ਕੇ ਬੰਬ ਬਨਾਉਣ ਦੀ ਵਿੱਧੀ ਵੀ ਸਿੱਖਣ ਲੱਗ ਗਏ ਸਨ। ਦੂਰਅੰਦੇਸ਼ੀ ਭਗਵਤੀ ਚਰਨ ਨੇ ਲਹੌਰ ਛੱਡ ਕੇ ਕਲਕੱਤੇ ਜਾਣ ਵੇਲੇ 500 ਰੁਪਏ ਆਪਣੀ ਪਤਨੀ ਦੁਰਗਾ ਨੂੰ ਦਿੱਤੇ ਅਤੇ ਕਿਹਾ ਕਿ " ਜੇਕਰ ਕਿਸੇ ਵੀ ਮੁਸ਼ਕਲ ਸਮੇਂ ਸੁਖਦੇਵ ਨੂੰ ਰੁਪਿਆਂ ਦੀ ਜਰੂਰਤ ਪਵੇ ਤਾਂ ਉਸਨੂੰ ਇਹ ਦੇ ਦੇਣਾ।"

ਆਪਣੀ ਸਾਰੀ ਕਮਾਈ ਤੇ ਘਰ ਪਾਰਟੀ ਲਈ ਵਰਤਣ ਵਾਲੀ, ਸਭ ਕ੍ਰਾਂਤੀਕਾਰੀਆਂ ਦੀ ਕ੍ਰਾਂਤੀਕਾਰੀ 'ਭਾਬੀ' ਨੇ ਵੋਹਰਾ ਦੇ ਪੰਜਾਬ ਛੱਡਣ ਪਿੱਛੋਂ ਵੀ ਉਸੇ ਤਰ੍ਹਾਂ, ਉਸੇ ਸ਼ਿੱਦਤ ਨਾਲ ਕੰਮ ਕੀਤਾ। ਭਾਵੇਂ ਉਹ ਜਾਣਦੀ ਸੀ ਕਿ ਚੰਦਰ ਸ਼ੇਖਰ ਅਜ਼ਾਦ, ਜਿਨ੍ਹਾਂ ਦਾ ਭਗਵਤੀ ਭਾਈ ਨਾਲ ਸੁਮੇਲ ਕਰਵਾਉਣ ਲਈ ਵੀ ਬਾਅਦ ਵਿੱਚ ਦੁਰਗਾ ਭਾਬੀ ਨੇ ਬਹੁਤ ਵੱਡਾ ਉਪਰਾਲਾ ਕੀਤਾ ਸੀ, ਨੇ ਪਾਰਟੀ ਸਿਧਾਂਤ 'ਤੇ ਪਹਿਰਾ ਦਿੰਦੇ ਹੋਏ ਭਗਵਤੀ ਚਰਨ ਨਾਲ ਉਸ ਤੇ ਲੱਗੇ ਇਲਜ਼ਾਮ ਤੋਂ ਪ੍ਰੇਸ਼ਾਨ ਹੋ ਕੇ ਬੋਲਣਾ ਵੀ ਛੱਡ ਦਿੱਤਾ ਸੀ। ਘਰ ਪਹਿਲਾਂ ਦੀ ਤਰ੍ਹਾਂ ਹੀ ਕ੍ਰਾਂਤੀਕਾਰੀਆਂ ਦਾ ਠਿਕਾਣਾ ਵੀ ਬਣਿਆ ਰਿਹਾ ਅਤੇ ਆਪਣੇ ਪਤੀ 'ਤੇ ਲੱਗੇ ਝੂਠੇ 'ਕਲੰਕ' ਨਾਲ ਪੀੜ੍ਹਤ ਦੁਰਗਾ ਭਾਬੀ ਨੇ ਆਪਣੇ ਇਰਾਦੇ ਹੋਰ ਵੀ ਮਜ਼ਬੂਤ ਬਣਾ ਕੇ ਕੰਮ ਕੀਤਾ।

ਸਾਂਡਰਸ ਦੇ ਕਤਲ ਤੋਂ ਪਿੱਛੋਂ ਹਾਲਾਤ ਬਹੁਤ ਹੀ ਸੰਕਟਮਈ ਹੋ ਗਏ ਸਨ। ਪੈਸਿਆਂ ਦੀ ਬਹੁਤ ਕਮੀ ਆ ਗਈ ਸੀ। ਪੁਲਿਸ ਹਰਲ ਹਰਲ ਕਰਦੀ ਕ੍ਰਾਂਤੀਕਾਰੀਆਂ ਦਾ ਪਿੱਛਾ ਕਰਦੀ ਫਿਰਦੀ ਸੀ। ਉਹ ਪਿੱਛਾ ਕਰਦੀ ਕਦੇ ਵੀ ਆ ਕੇ ਭਗਤ ਸਿੰਘ, ਸੁਖਦੇਵ, ਰਾਜਗੁਰੂ ਅਤੇ ਆਜ਼ਾਦ ਨੂੰ ਪਕੜ ਸਕਦੀ ਸੀ। ਕੰਮ ਚਲਾਉਣ ਲਈ ਉਨ੍ਹਾਂ ਕੋਲ ਫੰਡ ਵੀ ਨਹੀਂ ਸੀ ਰਿਹਾ, ਬਹੁਤ ਹੀ ਤੰਗੀ ਦੇ ਦਿਨ ਸਨ ਦੂਸਰੇ ਪਾਸੇ ਉਨ੍ਹਾਂ ਨੂੰ ਬਚਾਉਣਾ ਵੀ ਬਹੁਤ ਜਰੂਰੀ ਹੋ ਗਿਆ ਸੀ। ਸੁਖਦੇਵ ਨੂੰ ਬਸ ਇੱਕ ਹੀ ਰਸਤਾ ਸਮਝ ਵਿੱਚ ਆ ਰਿਹਾ ਸੀ, "ਇਸ ਕੰਮ ਲਈ ਭਾਬੀ ਹੀ ਮਦਦ ਕਰ ਸਕਦੀ ਹੈ ਕਿਉਂ ਨਾ ਉਸਨੂੰ ਮਿਲਿਆ ਜਾਵੇ? ਪੁਲਿਸ ਕਿਸੇ ਵੀ ਵਕਤ ਉਨ੍ਹਾਂ ਤੱਕ ਪਹੁੰਚ ਸਕਦੀ ਸੀ।" ਸੁਖਦੇਵ ਨੇ ਦੁਰਗਾ ਭਾਬੀ ਕੋਲ ਪਹੁੰਚ ਕੇ ਉਸ ਮੁਸ਼ਕਲ ਦੀ ਘੜੀ ਤੋਂ ਬਚਾਓ ਕਰਨ ਲਈ ਮਦਦ ਮੰਗੀ ਤੇ ਦੱਸਿਆ ਕਿ ' ਉਨ੍ਹਾਂ ਨੇ ਚੰਦਰ ਸ਼ੇਖਰ ਆਜ਼ਾਦ ਤੇ ਭਗਤ ਸਿੰਘ ਨਾਲ ਮਿਲ ਕੇ ਭਗਤ ਸਿੰਘ ਨੂੰ ਉਥੋਂ ਬਾਹਰ ਕੱਢਣ ਦੀ ਯੋਜਨਾ ਬਣਾਈ ਹੈ।' ਦੂਰਦਰਸ਼ੀ ਦੁਰਗਾ ਭਾਬੀ ਸਮਝ ਗਈ ਸੀ ਕਿ ਇਸ ਵਕਤ ਉਨ੍ਹਾਂ ਨੂੰ ਰੁਪਿਆਂ ਦੀ ਲੋੜ ਹੈ। ਉਸਨੇ ਤੁਰੰਤ ਉਹੀ 500 ਰੁਪਏ ਜਿਹੜੇ ਵੋਹਰਾ ਨੇ ਫੜਾਏ ਸਨ, ਲਿਆ ਕੇ ਸੁਖਦੇਵ ਨੂੰ ਦੇ ਦਿੱਤੇ। ਇਸ ਦੇ ਨਾਲ ਹੀ ਸੁਖਦੇਵ ਨੇ ਦੂਜੀ ਮਦਦ ਲਈ ਭਾਬੀ ਨੂੰ ਭਗਤ ਸਿੰਘ ਦੇ ਨਾਲ ਉਨ੍ਹਾਂ ਦੀ ਪਤਨੀ ਬਣ ਕੇ ਜਾਣ ਲਈ ਕਿਹਾ ਤਾਂ ਵਕਤ ਦੇ ਖਤਰੇ ਨੂੰ ਸਮਝ ਕੇ ਉਸ ਨੇ ਫੌਰਨ ਹੀ ਉਸ ਲਈ ਵੀ ਹਾਂ ਕਰ ਦਿੱਤੀ ਸੀ। ਉਹ ਇਹ ਵੀ ਜਾਣਦੀ ਸੀ ਕਿ ਅਜਿਹੇ ਮੌਕੇ ਪਕੜੇ ਜਾਣ ਦੇ ਕੀ ਸਿੱਟੇ ਹੋ ਸਕਦੇ ਸਨ? ਇਹ ਜਾਣਦੇ ਹੋਏ ਵੀ ਉਸਨੇ ਜਰਾ ਜਿੰਨੀ ਵੀ ਪਰਵਾਹ ਨਹੀਂ ਕੀਤੀ।

ਭਗਤ ਸਿੰਘ ਨੂੰ ਲਹੌਰ ਤੋਂ ਕਲਕੱਤੇ ਲਿਜਾਣ ਲਈ ਦੁਰਗਾ ਭਾਬੀ ਉਨ੍ਹਾਂ ਦੀ ਪਤਨੀ ਬਣੀ ਅਤੇ ਆਪਣੇ ਢਾਈ ਸਾਲ ਦੇ ਪੁੱਤਰ ਨੂੰ ਵੀ ਨਾਲ ਲੈ ਕੇ ਗਈ ਸੀ

ਜਿਸਨੂੰ ਭਗਤ ਸਿੰਘ ਨੇ ਚੁੱਕਿਆ ਹੋਇਆ ਸੀ। ਇਸ ਸਮੇਂ ਚੰਦਰ ਸ਼ੇਖਰ ਆਜ਼ਾਦ ਇੱਕ ਸਾਧ ਦੇ ਰੂਪ ਵਿੱਚ ਅਤੇ ਰਾਜਗੁਰੂ ਇੱਕ ਕੁਲੀ ਦੇ ਭੇਸ ਵਿੱਚ ਉਨ੍ਹਾਂ ਦੇ ਨਾਲ ਹੀ ਲਹੌਰੋਂ ਨਿਕਲੇ ਸਨ। ਕਾਨ੍ਹਪੁਰ ਸਟੇਸ਼ਨ ਤੇ ਚੰਦਰ ਸ਼ੇਖਰ ਆਜ਼ਾਦ ਉੱਤਰ ਗਏ। ਲਖਨਊ ਪਹੁੰਚ ਕੇ ਉਨ੍ਹਾਂ ਨੇ ਕੁੱਝ ਵਕਤ ਗੱਡੀ ਦੇ ਇੰਤਜਾਰ ਲਈ ਵਿਸ਼ਰਾਮ ਘਰ ਵਿੱਚ ਬਿਤਾਏ ਫੇਰ ਨਿਸ਼ਚਤ ਕੀਤੀ ਯੋਜਨਾ ਅਨੁਸਾਰ ਇਥੋਂ ਰਾਜਗੁਰੂ ਵੀ ਉਨ੍ਹਾਂ ਤੋਂ ਅਲੱਗ ਹੋ ਗਿਆ। ਇਹ ਕੰਮ ਕੋਈ ਆਮ ਔਰਤ ਨਹੀਂ ਸੀ ਕਰ ਸਕਦੀ, ਜਿਸ ਨੂੰ ਇਨ੍ਹਾਂ ਖਤਰਿਆਂ ਨਾਲ ਖਿਲਵਾੜ ਕਰਨਾ ਸਮਝ ਆ ਜਾਂਦੈ, ਉਹ ਹੀ ਅਜਿਹਾ ਕਰ ਸਕਦੈ ਨੇ। ਮਹਾਨ ਕ੍ਰਾਂਤੀਕਾਰੀ ਦੁਰਗਾ ਭਾਬੀ ਦੀ ਇਹ ਬਹੁਤ ਹੀ ਜੋਖਮ ਭਰਪੂਰ ਪਹਿਲ ਕਦਮੀ ਸੀ। ਉਹ ਆਪਣੇ ਛੋਟੇ ਜਿਹੇ ਪੁੱਤਰ ਦੀ ਜਾਨ ਦੀ ਵੀ ਪਰਵਾਹ ਨਾ ਕਰਦੇ ਹੋਏ ਕਦੇ ਵੀ ਵਾਪਰਨ ਵਾਲੇ ਜਾਨਲੇਵਾ ਖਤਰਿਆਂ ਨਾਲ ਟੱਕਰ ਲੈਣ ਲਈ ਤੁਰ ਪਈ ਸੀ। ਉਸ ਵਕਤ ਕਿਉਂਕਿ ਭਗਤ ਸਿੰਘ ਇੱਕ ਅੰਗਰੇਜ਼ ਅਫਸਰ ਦੇ ਭੇਸ ਵਿੱਚ ਸੀ ਅਤੇ ਭਾਬੀ ਨੇ ਇੱਕ ਅੰਗਰੇਜ਼ ਅਫਸਰ ਦੀ ਮੇਮ ਦਾ ਰੂਪ ਧਾਰਨ ਕੀਤਾ ਹੋਇਆ ਸੀ। ਲਹੌਰ-ਤੋਂ ਕਲਕੱਤੇ ਤੱਕ ਦੇ ਪੂਰੇ ਸਫਰ ਵਿੱਚ ਜਾਨ ਜ਼ੋਖਮ ਵਿੱਚ ਸੀ। ਭਗਵਤੀ ਚਰਨ ਵੋਹਰਾ ਨੂੰ ਉਨ੍ਹਾਂ ਦੇ ਕਲਕੱਤਾ ਪਹੁੰਚਣ ਦੀ ਸੂਚਨਾ ਤਾਰ ਰਾਹੀਂ ਪਹਿਲਾਂ ਮਿਲ ਚੁੱਕੀ ਸੀ। ਉਹ ਜਦੋਂ ਭਗਤ ਸਿੰਘ ਨਾਲ ਇਸ ਅਨੋਖੇ ਰੂਪ ਵਿੱਚ ਕਲਕੱਤਾ ਸਟੇਸ਼ਨ ਤੇ ਪਹੁੰਚੀ ਤਾਂ ਅੱਗੇ ਭਗਵਤੀ ਚਰਨ ਖੜੇ ਮਿਲੇ। ਉਨ੍ਹਾਂ ਨੇ ਦੁਰਗਾ ਵੋਹਰਾ ਨੂੰ ਭਗਤ ਸਿੰਘ ਨਾਲ ਇਸ ਰੂਪ ਵਿੱਚ ਦੇਖ ਕੇ ਬਹੁਤ ਮਾਣ ਮਹਿਸੂਸ ਕੀਤਾ ਅਤੇ ਖੁਸ਼ੀ ਵਿੱਚ ਭਾਬੀ ਦੀ ਪਿੱਠ ਨੂੰ ਥਪਥਪਾਉਂਦੇ ਇਹ ਵੀ ਕਹਿ ਦਿੱਤਾ ਕਿ "ਅਸਲ ਵਿੱਚ ਸਾਡਾ ਵਿਆਹ ਅੱਜ ਹੀ ਹੋਇਆ ਹੈ। ਮੈਨੂੰ ਅੱਜ ਇਹ ਸਭ ਦੇਖ ਕੇ ਬਹੁਤ ਖੁਸ਼ੀ ਹੋ ਰਹੀ ਹੈ।" ਇਹ ਦੁਰਗਾ ਭਾਬੀ ਦਾ ਬਹੁਤ ਹੀ ਉਦਮੀ ਅਤੇ ਦਲੇਰਾਨਾ ਕਦਮ ਸੀ।

ਇਹ ਗੱਲ ਅਪ੍ਰੈਲ 1929 ਦੀ ਹੈ, ਉਸ ਸਮੇਂ ਸੁਖਦੇਵ ਕਿਸੇ ਪਾਰਟੀ ਪ੍ਰੋਗਰਾਮ ਕਾਰਨ ਪਾਰਟੀ ਦੀ ਸੈਂਟਰਲ ਕਮੇਟੀ ਦੀ ਮੀਟਿੰਗ ਵਿੱਚ ਸ਼ਾਮਲ ਨਹੀਂ ਹੋ ਸਕਿਆ ਸੀ। ਉਦੋਂ ਸੈਂਟਰਲ ਕਮੇਟੀ ਨੇ ਭਗਤ ਸਿੰਘ ਦੀ ਅਸੈਂਬਲੀ ਵਿੱਚ ਆਪ ਜਾ ਕੇ ਬੰਬ ਸੁੱਟਣ ਦੀ ਗੱਲ ਨੂੰ ਰੱਦ ਕਰ ਦਿੱਤਾ ਸੀ। ਸੁਖਦੇਵ ਤੇ ਚੰਦਰ ਸ਼ੇਖਰ ਆਜ਼ਾਦ ਦੋਵੇਂ ਹੀ ਇਹ ਚੰਗੀ ਤਰ੍ਹਾਂ ਸਮਝਦੇ ਸਨ ਕਿ ਪਾਰਟੀ ਦੀ ਅਵਾਜ਼ ਲੋਕਾਂ ਤੱਕ ਤਾਂ ਹੀ ਪਹੁੰਚ ਸਕਦੀ ਹੈ ਜੇ ਕਰ ਅਸੈਂਬਲੀ ਵਿੱਚ ਬੰਬ ਭਗਤ ਸਿੰਘ ਹੀ ਸੁੱਟਣ ਜਾਏ ਅਤੇ ਆਪਣੀ ਗ੍ਰਿਫਤਾਰੀ ਵੀ ਦੇਵੇ ਪ੍ਰੰਤੂ ਸੈਂਟਰਲ ਕਮੇਟੀ ਨੇ ਇਹ ਗੱਲ ਮੰਨੀ ਨਹੀ ਸੀ। ਸੁਖਦੇਵ ਤੇ ਭਗਤ ਸਿੰਘ ਨੇ ਚੰਦਰ ਸ਼ੇਖਰ ਆਜ਼ਾਦ ਨੂੰ ਪਾਰਟੀ ਦੀ ਸੈਂਟਰਲ ਕਮੇਟੀ ਦੀ ਤਤਕਾਲੀ ਮੀਟਿੰਗ ਬੁਲਾਉਣ ਲਈ ਅਤੇ ਉਥੇ ਭਗਤ ਸਿੰਘ ਦੁਆਰਾ ਅਸੈਂਬਲੀ ਵਿੱਚ ਬੰਬ ਆਪ ਜਾ ਕੇ ਸੁੱਟਣ ਵਾਲੀ ਗੱਲ ਦੀ ਅਹਿਮੀਅਤ ਤੇ ਕਮੇਟੀ ਦਾ ਫੈਸਲਾ ਕਰਵਾਉਣ ਲਈ, ਜੋਰ ਪਾਇਆ। ਚੰਦਰ ਸ਼ੇਖਰ ਆਜ਼ਾਦ ਦੇ ਕਹਿਣ ਤੇ ਫਿਰ ਦੁਵਾਰਾ ਪਾਰਟੀ ਦੀ ਸੈਂਟਰਲ ਕਮੇਟੀ ਦੀ ਤਤਕਾਲੀ ਮੀਟਿੰਗ ਬੁਲਾਈ ਗਈ। ਆਜ਼ਾਦ ਤੇ ਸੁਖਦੇਵ ਦੋਵੇਂ ਹੀ ਚੰਗੀ ਤਰ੍ਹਾਂ ਜਾਣਦੇ ਸਨ ਕਿ ਇਸ ਤਰ੍ਹਾਂ ਮਿਸ਼ਨ ਵਿੱਚ ਤਾਂ ਸਫਲਤਾ ਮਿਲ ਜਾਵੇਗੀ ਪ੍ਰੰਤੂ ਆਪਣੇ ਸਭ ਤੋਂ ਸੂਝਵਾਨ ਅਤੇ ਵਿਦਵਾਨ ਸਾਥੀ ਨੂੰ ਸਦਾ ਸਦਾ ਲਈ ਆਪਣੇ ਹੱਥੀਂ ਹੀ ਗੁਆ ਦੇਣਗੇ। ਅਸੈਂਬਲੀ ਵਿੱਚ ਬੰਬ ਸੁਟਣ ਤੇ ਮੁੜ ਵਿਚਾਰ

ਹੋਈ। ਬੰਬ ਸੁਟਣ ਦਾ ਦਿਨ ਵੀ ਨਿਸ਼ਚਤ ਕਰਕੇ ਇਸ ਕੰਮ ਦੀ ਜਿੰਮੇਵਾਰੀ ਭਗਤ ਸਿੰਘ ਦੀ ਹੀ ਲਗਾਈ ਗਈ ਅਤੇ ਨਾਲ ਹੀ ਇਹ ਵੀ ਫੈਸਲਾ ਕੀਤਾ ਗਿਆ ਕਿ ਭਗਤ ਸਿੰਘ ਬੰਬ ਸੁੱਟਣ ਪਿਛੋਂ ਉਸੇ ਥਾਂ ਹੀ ਖੜਾ ਰਹਿ ਕੇ ਆਪਣੀ ਗ੍ਰਿਫਤਾਰੀ ਵੀ ਦੇਵੇਗਾ। ਫੈਸਲਾ ਤਾਂ ਹੋ ਗਿਆ ਪ੍ਰੰਤੂ ਚੰਦਰ ਸ਼ੇਖਰ ਆਜ਼ਾਦ ਅਤੇ ਸੁਖਦੇਵ ਆਪਣੇ ਆਪ ਨੂੰ ਬਹੁਤ ਖਾਲੀ ਖਾਲੀ ਤੇ ਟੁੱਟਿਆ ਹੋਇਆ ਮਹਿਸੂਸ ਕਰਦੇ ਸਨ। ਉਹ ਚੰਗੀ ਤਰ੍ਹਾਂ ਜਾਣਦੇ ਸਨ ਕਿ ਇਸ ਫੈਸਲੇ ਦੇ ਲਾਗੂ ਹੋਣ ਨਾਲ ਭਗਤ ਸਿੰਘ ਸਦਾ ਲਈ ਉਨ੍ਹਾਂ ਨਾਲੋਂ ਵਿਛੜ ਜਾਵੇਗਾ। ਸੁਖਦੇਵ ਦੂਸਰੇ ਦਿਨ ਲਹੌਰ ਪਹੁੰਚਿਆ। ਉਸ ਦੀਆਂ ਰੋ ਰੋ ਕੇ ਅੱਖਾਂ ਵੀ ਸੁੱਜੀਆਂ ਹੋਈਆਂ ਸਨ ਕਿਉਂਕਿ ਉਹ ਜਾਣਦਾ ਸੀ ਕਿ ਉਹ ਆਪਣੇ ਸਭ ਤੋਂ ਪਿਆਰੇ ਮਿੱਤਰ ਨੂੰ ਮੌਤ ਵੱਲ ਧੱਕ ਕੇ ਆਇਆ ਸੀ ਜਿਸ ਨੂੰ ਸ਼ਾਇਦ ਫੇਰ ਕਦੀ ਵੀ ਮਿਲ ਸਕਣਾ ਸੰਭਵ ਨਹੀਂ ਹੋਵੇਗਾ। ਇਸੇ ਕਾਰਨ ਉਸਨੂੰ ਮਹਿਸੂਸ ਹੋਇਆ ਕਿ ਹਰ ਹਾਲ ਉਸਨੂੰ ਭਗਤ ਸਿੰਘ ਨੂੰ ਭਗਵਤੀ ਪਰਿਵਾਰ ਤੇ ਸੁਸ਼ੀਲਾ ਦੀਦੀ ਨਾਲ ਜਰੂਰ ਮਿਲਾ ਦੇਣਾ ਚਾਹੀਦੈ। ਉਸ ਨੇ ਭਗਵਤੀ ਚਰਨ ਵੋਹਰਾ ਨੂੰ ਭੇਜੇ ਸੁਨੇਹੇ ਵਿੱਚ ਭਗਤ ਸਿੰਘ ਵਾਰੇ ਇਹ ਸਭ ਕੁੱਝ ਦੱਸ ਦਿੱਤਾ ਸੀ।

ਉਸ ਸਮੇਂ ਦੁਰਗਾ ਭਾਬੀ ਸਿਆਲਕੋਟ ਗਈ ਹੋਈ ਸੀ। ਉਸਨੂੰ ਭਗਵਤੀ ਚਰਨ ਵਲੋਂ ਤੁਰੰਤ ਹੀ ਦਿੱਲੀ ਪਹੁੰਚਣ ਦਾ ਸੁਨੇਹਾ ਭੇਜ ਦਿੱਤਾ ਗਿਆ। ਸੁਨੇਹੇ ਵਿੱਚ ਕਿਹਾ ਗਿਆ ਕਿ "ਉਸ ਨੇ ਲਹੌਰ ਹੁੰਦੇ ਹੋਏ ਦਿੱਲੀ ਪਹੁੰਚਣਾ ਹੈ। ਪੁਰਾਣੀ ਦਿੱਲੀ ਦੇ ਸਟੇਸ਼ਨ 'ਤੇ ਉਹ ਅਤੇ ਸੁਸ਼ੀਲਾ ਦੀਦੀ ਉਸਦਾ ਇੰਤਜ਼ਾਰ ਕਰਨਗੇ।" ਸੁਨੇਹਾ ਮਿਲਣ ਸਾਰ ਹੀ ਉਹ ਆਪਣੇ ਨਾਲ ਆਪਣੇ ਢਾਈ ਸਾਲਾ ਬੱਚੇ ਸ਼ੁਚੀ ਨੂੰ ਲੈ ਕੇ ਤੁਰੰਤ ਦਿੱਲੀ ਪੁੱਜੀ। ਉਥੋਂ ਸਾਰੇ ਜਾਣੇ ਨੇੜੇ ਹੀ ਬਾਗ ਵਿੱਚ ਗਏ ਜਿੱਥੇ ਪਹਿਲਾਂ ਹੀ ਸੁਖਦੇਵ ਤੇ ਭਗਤ ਸਿੰਘ ਮੌਜੂਦ ਸਨ। ਦੁਰਗਾ ਭਾਬੀ ਖਾਣਾ ਆਪਣੇ ਨਾਲ ਘਰੋਂ ਬਣਾ ਕੇ ਲਿਆਈ ਸੀ। ਉਥੇ ਹੀ ਬੈਠਿਆਂ ਸਾਰਿਆਂ ਨੇ ਮਿਲ ਬੈਠ ਕੇ ਉਹ ਖਾਣਾ ਵੀ ਖਾਧਾ ਅਤੇ ਸ਼ਹੀਦੀ ਪਰਿਵਾਰ ਦੀਆਂ ਰਹੁ-ਰੀਤਾਂ ਦਾ ਪਾਲਨ ਵੀ ਕੀਤਾ ਗਿਆ। ਅਸੰਬਲੀ ਵੱਲ ਜਾਣ ਦਾ ਭਗਤ ਸਿੰਘ ਦਾ ਸਮਾਂ ਨਜ਼ਦੀਕ ਆ ਰਿਹਾ ਸੀ। ਸੁਸ਼ੀਲਾ ਦੀਦੀ ਨੇ ਆਪਣੀ ਉਂਗਲ ਵਿੱਚ ਸੂਈ ਮਾਰ ਕੇ ਖੂਨ ਕੱਢਿਆ ਤੇ ਉਸੇ ਖੂਨ ਦਾ ਟਿੱਕਾ ਭਗਤ ਸਿੰਘ ਦੇ ਮੱਥੇ 'ਤੇ ਲਗਾ ਦਿੱਤਾ ਗਿਆ। ਇੱਕ ਦੂਜੇ ਨਾਲ 'ਇਨਕਲਾਬ-ਜ਼ਿੰਦਾਬਾਦ' ਦੇ ਨਾਹਰਿਆਂ ਦਾ ਆਦਾਨ-ਪ੍ਰਦਾਨ ਬਾਹਵਾਂ ਉਲਾਰ ਕੇ ਅਤੇ ਮੁੱਕੇ ਵੱਟ ਕੇ "ਅੰਗਰੇਜ਼ ਸਰਕਾਰ-ਮੁਰਦਾਬਾਦ" ਦੀ ਗੂੰਜ ਵਿੱਚ ਕਰਨ ਉਪਰੰਤ ਭਗਤ ਸਿੰਘ ਉਨ੍ਹਾਂ ਤੋਂ ਵਿਦਾ ਹੋ ਕੇ ਅਸੈਂਬਲੀ ਵੱਲ ਚਲਿਆ ਗਿਆ।

ਇਸ ਮਗਰੋਂ ਦੁਰਗਾ ਭਾਬੀ, ਸ਼ੁੱਚੀ ਅਤੇ ਸੁਸ਼ੀਲਾ ਦੀਦੀ ਇੱਕ ਟਾਂਗੇ ਵਿੱਚ ਬੈਠ ਗਏ ਅਤੇ ਸੁਖਦੇਵ ਸਾਇਕਲ 'ਤੇ ਅਸੈਂਬਲੀ ਹਾਲ ਪਹੁੰਚਕੇ ਉਸਦੇ ਆਲੇ-ਦੁਆਲੇ ਚੱਕਰ ਲਗਾਉਂਦੇ ਰਹੇ ਸਨ। ਜਦੋਂ ਸ. ਭਗਤ ਸਿੰਘ ਅਤੇ ਦੱਤ ਹੋਰਾਂ ਨੇ ਅਸੈਂਬਲੀ ਵਿੱਚ ਬੰਬ ਸੁੱਟਿਆ ਤਾਂ ਉਥੇ ਭਗਦੜ ਮੱਚ ਗਈ ਸੀ ਪ੍ਰੰਤੂ ਉਹ ਦੋਵੇਂ ਹੀ ਆਪਣੀ ਥਾਂ ਤੋਂ ਨਾ ਹਿੱਲੇ। ਉਥੇ ਹੀ ਖੜੇ ਰਹੇ। ਚਾਰੇ ਪਾਸੇ ਪੁਲਿਸ ਹੀ ਪੁਲਿਸ ਫਿਰਦੀ ਨਜ਼ਰ ਆ ਰਹੀ ਸੀ। ਜਦੋਂ ਪੁਲਿਸ ਭਗਤ ਸਿੰਘ ਅਤੇ ਬਟੁਕੇਸ਼ਵਰ ਦੱਤ ਨੂੰ ਫੜ ਕੇ ਅਲੱਗ ਅਲੱਗ ਗੱਡੀਆਂ ਵਿੱਚ ਜੇਲ੍ਹ ਲਿਜਾ ਰਹੀ ਸੀ ਤਾਂ ਸੁਸ਼ੀਲਾ ਦੀਦੀ, ਦੁਰਗਾ ਅਤੇ ਸੁਚਿੰਦਰ ਨੇ ਆਪਣੇ ਟਾਂਗੇ ਵਿੱਚ ਬੈਠਿਆ ਹੀ ਉਨ੍ਹਾਂ ਨੂੰ ਅਲਵਿਦਾ ਕਿਹਾ ਸੀ। ਸ਼ੁਚੀ ਜੋ ਭਗਤ

ਸਿੰਘ ਨੂੰ ਬਹੁਤ ਪਿਆਰ ਕਰਦਾ ਸੀ, ਨੇ ਜਦੋਂ ਭਗਤ ਸਿੰਘ ਨੂੰ ਦੇਖਿਆ ਤੇ "ਲੰਬੂ ਚਾਚਾ" ਕਹਿ ਕੇ ਚੀਕਿਆ ਤਾਂ ਝੱਟ ਹੀ ਦੁਰਗਾ ਭਾਬੀ ਨੇ ਉਸ ਬੱਚੇ ਦਾ ਮੂੰਹ ਹੱਥ ਨਾਲ ਬੰਦ ਕਰ ਦਿੱਤਾ ਤਾਂ ਕਿ ਪੁਲਿਸ ਵਾਲਿਆਂ ਤੱਕ ਅਵਾਜ਼ ਨਾ ਪਹੁੰਚ ਸਕੇ। ਪੁਲਿਸ ਵਾਲਿਆਂ ਨੇ ਤਾਂ ਮੁੜ ਕੇ ਨਾ ਦੇਖਿਆ ਪ੍ਰੰਤੂ ਬੱਚੇ 'ਸ਼ੱਚੀ' ਦੀ ਆਵਾਜ਼ ਭਗਤ ਸਿੰਘ ਤੱਕ ਪਹੁੰਚ ਗਈ ਸੀ। ਉਸ ਨੇ ਤੁਰੰਤ ਮੁੜ ਕੇ ਦੇਖਿਆ ਪਰ ਪੁਲਿਸ ਦੀ ਗੱਡੀ ਸਭ ਨੂੰ ਚੀਰਦੀ ਹੋਈ ਤੇਜ਼ੀ ਨਾਲ ਜਾ ਰਹੀ ਸੀ। ਦੇਖਦੇ ਦੇਖਦੇ ਹੀ ਉਹ ਅੱਖਾਂ ਤੋਂ ਓਝਲ ਹੋ ਗਏ ਸਨ। ਆਪਣੇ ਕਿਸੇ ਬਹੁਤ ਹੀ ਪਿਆਰੇ ਤੇ ਨਜ਼ਦੀਕੀ ਨੂੰ ਇਸ ਤਰ੍ਹਾਂ ਕੁਰਬਾਨੀ ਦੇ ਰਸਤੇ ਤੇ ਜਾਂਦਾ ਦੇਖਣ ਲਈ ਕਿੱਡੇ ਵੱਡੇ ਜੇਰੇ, ਜ਼ਬਤ ਅਤੇ ਧੀਰਜ ਦੀ ਲੋੜ ਹੁੰਦੀ ਹੈ। ਇਸ ਦੀ ਮਿਸਾਲ ਉਸ ਇਨਕਲਾਬੀ ਦੁਰਗਾ ਭਾਬੀ ਦੇ ਇਸ ਅਦਭੁੱਤ ਕਾਰਨਾਮੇ ਵਿੱਚ ਹੀ ਵੇਖੀ ਜਾ ਸਕਦੀ ਹੈ। (ਦੁਰਗਾ ਭਾਬੀ ਦੀ ਲਿਖਤ ਵਿੱਚੋਂ)

ਸਮਾਂ ਕਿੰਨੀ ਤੇਜ਼ੀ ਨਾਲ ਭੱਜ ਰਿਹਾ ਸੀ। ਘਟਨਾਵਾਂ ਦਾ ਵਹਿਣ ਵੀ ਇਸ ਦੌੜ ਵਿੱਚ ਪੂਰੇ ਵੇਗ ਅਤੇ ਸ਼ਕਤੀ ਨਾਲ ਉਸਦਾ ਮੁਕਾਬਲਾ ਕਰ ਰਿਹਾ ਸੀ। 10 ਜੁਲਾਈ 1929 ਨੂੰ ਲਹੌਰ ਕੇਸ ਦੀ ਸੁਣਵਾਈ ਸ਼ੁਰੂ ਹੋਂਦਿਆਂ ਹੀ ਲਹੌਰ ਸਰਗਰਮੀਆਂ ਦਾ ਧੁਰਾ ਬਣ ਗਿਆ ਸੀ। ਬਹੁਤ ਸਾਰੇ ਕ੍ਰਾਂਤੀਕਾਰੀ ਇਥੋਂ ਦੀਆਂ ਜੇਲ੍ਹਾਂ ਵਿੱਚ ਮੁਨੀਮ ਬਣ ਕੇ ਅੰਦਰਲੀ ਸਾਰੀ ਜਾਣਕਾਰੀ ਲੈਂਦੇ ਸਨ। ਇਸ ਸਮੇਂ ਦੁਰਗਾ ਭਾਬੀ ਨੂੰ ਵੀ ਲਹੌਰ ਵਿਖੇ ਰੂਹਪੋਸ਼ ਹੋਣਾ ਪਿਆ ਸੀ। ਉਹ ਜੇਲ੍ਹੀਂ ਬੰਦ ਕ੍ਰਾਂਤੀਕਾਰੀਆਂ ਦੇ ਰਿਸ਼ਤੇਦਾਰਾਂ ਨੂੰ ਆਪਣੇ ਹੀ ਘਰ ਵਿੱਚ ਸੰਭਾਲਦੀ ਰਹਿੰਦੀ ਸੀ। ਉਸ ਨੇ ਆਪਣਾ ਸਾਰਾ ਕੰਮ ਰੂਹਪੋਸ਼ ਹੋ ਕੇ ਕਰਨਾ ਸ਼ੁਰੂ ਕੀਤਾ ਸੀ। ਆਉਣ ਵਾਲੇ ਕ੍ਰਾਂਤੀਕਾਰੀਆਂ ਦੇ ਰਿਸ਼ਤੇਦਾਰਾਂ, ਪਰਿਵਾਰਕ ਜੀਆਂ ਅਤੇ ਰੂਹਪੋਸ਼ ਕ੍ਰਾਂਤੀਕਾਰੀਆਂ ਦੀ ਰਿਹਾਇਸ਼ ਅਤੇ ਖਾਣ-ਪੀਣ ਨੂੰ ਅਸਾਨ ਅਤੇ ਸੁਚੱਜਾ ਬਨਾਉਣ ਵਿੱਚ ਕੋਈ ਵੀ ਘਾਟ ਨਹੀਂ ਸੀ ਹੋਣ ਦਿੱਤੀ ਭਾਵੇਂ ਭਾਬੀ ਦੀ ਮਦਦ ਕਰਨ ਲਈ ਯੱਸ਼ਪਾਲ ਦੀ ਭੈਣ ਪ੍ਰੇਮਲਤਾ, ਭਰਾ ਧਰਮਪਾਲ ਤੇ ਸੁਸ਼ੀਲਾ ਦੀਦੀ ਪੂਰੀ ਤਰ੍ਹਾਂ ਸਹਿਯੋਗ ਕਰਦੇ ਸਨ ਪ੍ਰੰਤੂ ਉਹ ਆਪ ਰਸੋਈ ਦਾ ਸਾਰਾ ਕੰਮ 'ਲੰਗਰ' ਆਦਿ ਤਿਆਰ ਕਰਨ ਲਈ ਸਵੇਰੇ ਸੱਤ ਵਜੇ ਸ਼ੁਰੂ ਕਰਦੀ ਤੇ ਦੇਰ ਰਾਤ ਤੱਕ ਕੰਮ ਕਰਦੀ ਰਹਿੰਦੀ ਸੀ।

ਸਰਦਾਰ ਕਿਸ਼ਨ ਸਿੰਘ ਦੀ ਅਗਵਾਈ ਵਿੱਚ ਬਣੀ ਡਿਫੈਂਸ ਕਮੇਟੀ ਦਾ ਹੈਡਕੁਆਟਰ ਵੀ ਲਹੌਰ ਵਿੱਚ ਹੀ ਸੀ। ਉਥੇ ਜੇਲ੍ਹਾਂ ਵਿੱਚ ਬੰਦ ਸਾਥੀਆਂ ਨਾਲ ਮੇਲ-ਮਿਲਾਪ ਰੱਖਣ, ਵਕੀਲਾਂ ਨਾਲ ਤਾਲ-ਮੇਲ ਕਰਨ ਦਾ ਕੰਮ ਬੜੇ ਹੀ ਸੁਚੱਜੇ ਢੰਗ ਨਾਲ ਚਲਾਇਆ ਜਾਂਦਾ ਸੀ। ਇਸ ਮਾਮਲੇ ਵਿੱਚ ਵੀ ਦੁਰਗਾ ਭਾਬੀ ਹੀ ਸੀ ਜਿਹੜੀ ਜੇਲ੍ਹੀਂ ਬੰਦ ਸਾਥੀਆਂ ਨਾਲ ਮੇਲ-ਮਿਲਾਪ ਅਤੇ ਵਕੀਲਾਂ ਨਾਲ ਰਾਬਤਾ ਕਾਇਮ ਰੱਖਣ ਵਿੱਚ ਮੋਹਰੀ ਭੂਮਿਕਾ ਨਿਭਾਉਂਦੀ ਰਹੀ ਸੀ। ਉਹ ਸਾਰੇ ਹਾਲਾਤ ਨਾਲ ਜੁੜੀ ਹੋਣ ਕਾਰਨ ਉਨ੍ਹਾਂ ਨੂੰ ਚੰਗੀ ਤਰ੍ਹਾਂ ਸਮਝਦੀ ਸੀ। ਦੁਰਗਾ ਹੁਣ ਭਾਬੀ ਤੋਂ ਕ੍ਰਾਂਤੀਕਾਰੀ ਵੀਰਾਂਗਣਾ ਵਿੱਚ ਬਦਲ ਚੁੱਕੀ ਸੀ। ਉਹ ਪਹਿਲਾਂ ਵਾਲੀ ਬਹੂ ਨਹੀਂ ਸੀ ਰਹੀ ਬਲਕਿ ਇੱਕ ਇਨਕਲਾਬੀ ਵਾਂਗ ਵਿਚਰਨ ਵਾਲੀ ਗਤੀਸ਼ੀਲ ਵਿਅਕਤੀ ਬਣ ਗਈ ਸੀ। ਇਹ ਸਭ ਕੁੱਝ ਵੀ ਉਹ ਆਪਣੇ ਪਤੀ ਭਗਵਤੀ ਚਰਨ ਕਾਰਨ ਹੀ ਕਰ ਸਕੀ ਸੀ ਕਿਉਂਕਿ ਭਗਵਤੀ ਚਰਨ ਦੀ ਵਿਚਾਰਧਾਰਾ, ਮਿਸ਼ਨ ਪ੍ਰਤੀ ਪ੍ਰਤੀਬੱਧਤਾ, ਨੇਪਰੇ ਚਾੜ੍ਹਨ ਦੀ ਲਗਾਤਾਰ ਲਗਨ ਅਤੇ ਕੰਮ ਕਰਨ ਦੀ ਸ਼ਕਤੀ ਨੇ ਹੀ ਆਹਿਸਤਾ ਆਹਿਸਤਾ ਭਾਬੀ

ਨੂੰ ਇਨਕਲਾਬੀ ਬਨਣ ਦੀ ਸਮਰੱਥਾ ਦਿੱਤੀ ਸੀ। ਇਹੋ ਕਾਰਨ ਸੀ ਕਿ ਦੁਰਗਾ ਭਾਬੀ ਨੇ ਸਾਰੇ ਕੰਮ ਬੜੀ ਹੀ ਸਹਿਜਤਾ ਨਾਲ ਬਿਨਾ ਕਿਸੇ ਖੇਚਲ ਨੂੰ ਮਹਿਸੂਸ ਕੀਤੇ ਨਿਭਾਏ ਸਨ।

ਹੋਰ ਤਾਂ ਹੋਰ ਇੱਥੇ ਹੀ ਆਜ਼ਾਦ ਅਤੇ ਭਗਵਤੀ ਵਿਚਾਲੇ ਪਾੜਾ ਮੇਲਣ ਦਾ ਕੰਮ ਵੀ ਭਾਬੀ ਰਾਹੀਂ ਹੀ ਬਣਿਆ ਸੀ। ਜਦੋਂ ਆਜ਼ਾਦ ਨੂੰ ਕਾਸ਼ੀ ਰਾਮ ਵਲੋਂ ਭਗਵਤੀ ਚਰਨ ਤੇ ਲੱਗੇ ਦੋਸ਼ਾਂ ਨੂੰ ਨਿਰਦੋਸ਼ ਸਾਬਤ ਕਰਦੇ ਹੋਏ ਆਪਣੀ ਰਾਏ ਜੇਲ੍ਹ ਅੰਦਰੋਂ ਭਗਤ ਸਿੰਘ ਅਤੇ ਹੋਰ ਕ੍ਰਾਂਤੀਕਾਰੀ ਸਾਥੀਆਂ ਨਾਲ ਹੋਈ ਗੱਲਬਾਤ ਤੇ ਅਧਾਰਤ ਸੂਚਨਾ ਦਿੱਤੀ ਗਈ ਤਾਂ ਉਸਨੂੰ ਭਗਵਤੀ ਚਰਨ ਦੀ ਨਿਰਦੋਸ਼ਤਾ 'ਤੇ ਯਕੀਨ ਹੋ ਗਿਆ ਸੀ। ਭਾਵੇਂ ਪਹਿਲਾਂ ਵੀ ਆਜ਼ਾਦ ਨੂੰ ਭਗਵਤੀ ਚਰਨ ਦੀ ਪਾਰਟੀ ਪ੍ਰਤੀ ਵਫ਼ਾਦਾਰੀ, ਦੇਸ਼ ਪਿਆਰ ਅਤੇ ਉਸ ਦੁਆਰਾ ਕੀਤੀ ਜਾਂਦੀ ਹਰ ਕਿਸਮ ਦੀ ਕੁਰਬਾਨੀ ਤੇ ਕੋਈ ਵੀ ਕਿਸੇ ਕਿਸਮ ਦਾ ਸ਼ੱਕ ਨਹੀਂ ਸੀ ਪ੍ਰੰਤੂ ਫਿਰ ਵੀ ਪਾਰਟੀ ਅਸੂਲਾਂ ਦੀ ਪਾਲਣਾ ਕਰਦੇ ਹੋਏ ਉਨ੍ਹਾਂ ਨੇ ਭਗਵਤੀ ਭਾਈ ਨਾਲ ਦੂਰੀਆਂ ਬਣਾਈਆਂ ਹੋਈਆਂ ਸਨ। ਆਪਣੇ ਭਗਵਤੀ 'ਤੇ ਇਸ ਵਿਸ਼ਵਾਸ਼ ਨੂੰ ਹੋਰ ਪੱਕਿਆਂ ਕਰਨ ਲਈ ਹੀ ਫੇਰ ਉਨ੍ਹਾਂ ਨੇ ਆਪਣੇ ਦੋਸਤ ਵੈਸ਼ਮਪਾਇਨ ਨੂੰ ਭਗਤ ਸਿੰਘ ਅਤੇ ਦੱਤ ਨੂੰ ਛਡਾਉਣ ਸਬੰਧੀ ਯੋਜਨਾ ਬਨਾਉਣ ਲਈ ਅਤੇ ਲਹੌਰ ਜੇਲ੍ਹ ਦੀ ਸਥਿਤੀ ਨੂੰ ਦੁਰਗਾ ਭਾਬੀ ਤੋਂ ਦੂਰ ਰਹਿ ਕੇ ਜਾਚਣ ਦਾ ਨਿਰਦੇਸ ਕਰਕੇ ਭੇਜਿਆ ਸੀ। ਇਸ ਦੇ ਨਾਲ ਹੀ ਉਨ੍ਹਾਂ ਨੇ ਵੈਸ਼ਮਪਾਇਨ ਰਾਹੀਂ ਭਗਤ ਸਿੰਘ ਨੂੰ ਸ਼ਹਿਰ ਵਿੱਚ ਇਸ ਦੇ ਰਹਿਣ ਲਈ ਕਿਸੇ ਭਰੋਸੇਯੋਗ ਵਿਅਕਤੀ ਤੋਂ ਚੰਗਾ ਪ੍ਰਬੰਧ ਕਰਵਾ ਦੇਣ ਲਈ ਵੀ ਅਖਵਾ ਭੇਜਿਆ ਸੀ। ਜੇਲ੍ਹ ਵਿੱਚੋਂ ਭਗਤ ਸਿੰਘ ਨੇ ਵੈਸ਼ਮਪਾਇਨ ਦੀ ਰਿਹਾਇਸ਼ ਦਾ ਪ੍ਰਬੰਧ ਉਸਨੂੰ ਬਿਨਾ ਦੱਸੇ ਦੁਰਗਾ ਦੇ ਹਵਾਲੇ ਕਰ ਦਿੱਤਾ ਸੀ।

ਦੁਰਗਾ ਭਾਬੀ ਬਹੁਤ ਦਿਨ ਵੈਸ਼ਮਪਾਇਨ ਦੇ ਸਾਹਮਣੇ ਨਹੀਂ ਆਈ ਸੀ। ਜਦੋਂ ਵੈਸ਼ਮਪਾਇਨ ਨੂੰ ਵਾਪਸ ਜਾਣ ਲਈ ਪੈਸਿਆਂ ਦੀ ਜਰੂਰਤ ਪਈ ਤਾਂ ਉਸਦੀ ਹੈਰਾਨੀ ਦੀ ਕੋਈ ਹੱਦ ਨਾ ਰਹੀ ਜਦੋਂ ਇੰਦਰਪਾਲ ਤੋਂ ਉਨ੍ਹਾਂ ਲਈ ਦੁਰਗਾ ਭਾਬੀ ਦੁਆਰਾ ਕੀਤੇ ਗਏ ਪੈਸਿਆਂ ਅਤੇ ਟਿਕਟ ਦੇ ਪ੍ਰਬੰਧ ਵਾਰੇ ਸਾਰੀ ਜਾਣਕਾਰੀ ਮਿਲੀ। ਦੁਰਗਾ ਭਾਬੀ ਦੇ ਅਜਿਹੇ ਵਰਤਾਵ ਤੋਂ ਵੈਸ਼ਮਪਾਇਨ ਇੱਕ ਵਾਰ ਤਾਂ ਬਹੁਤ ਹੈਰਾਨ ਹੋਇਆ ਪ੍ਰੰਤੂ ਅਖੀਰ ਵਿੱਚ ਜਦੋਂ ਉਸਦਾ ਦੁਰਗਾ ਭਾਬੀ ਨਾਲ ਮੇਲ ਹੋਇਆ ਤਾਂ ਸਭ ਗੱਲ ਸਮਝ ਆ ਗਈ ਸੀ। ਜਾਣ ਲੱਗੇ ਉਹ ਚੰਦਰ ਸ਼ੇਖਰ ਆਜ਼ਾਦ ਨੂੰ ਭਗਵਤੀ ਭਾਈ ਨਾਲ ਮਿਲਾਉਣ ਦਾ ਦੁਰਗਾ ਭਾਬੀ ਨਾਲ ਵਾਅਦਾ ਕਰਕੇ ਆਜ਼ਾਦ ਕੋਲ ਕਾਨ੍ਹਪੁਰ ਪਹੁੰਚਿਆ ਸੀ। ਉਸਨੇ ਜਾ ਕੇ ਆਜ਼ਾਦ ਨਾਲ ਲਹੌਰ ਦੀਆਂ ਸਾਰੀਆਂ ਗੱਲਾਂ ਸਾਂਝੀਆਂ ਕੀਤੀਆਂ ਸਨ। ਆਜ਼ਾਦ ਦਾ ਸਾਰਾ ਸ਼ੱਕ ਦੂਰ ਕਰਕੇ ਫੇਰ ਵੈਸ਼ਮਪਾਇਨ ਦਿੱਲੀ ਗਿਆ। ਉੱਥੋਂ ਉਹ ਭਗਵਤੀ ਭਾਈ ਅਤੇ ਯੱਸ਼ਪਾਲ ਨੂੰ ਨਾਲ ਲੈ ਕੇ ਕਾਨ੍ਹਪੁਰ ਪਹੁੰਚਿਆ, ਜਿੱਥੇ 'ਚਟਾਈ ਮੁਹਾਲ' ਦੇ ਮਾਰਵਾੜੀ ਬਾਸੇ ਵਿੱਚ ਉਨ੍ਹਾਂ ਦੇ ਠਹਿਰਨ ਦਾ ਪ੍ਰਬੰਧ ਕੀਤਾ ਗਿਆ ਸੀ। ਉੱਥੇ ਹੀ ਫੇਰ ਆਜ਼ਾਦ ਨਾਲ ਭਗਵਤੀ ਭਾਈ ਦਾ ਇੱਕ ਲੰਬੇ ਸਮੇਂ ਤੋਂ ਪਿੱਛੋਂ ਮਿਲਨ ਹੋਇਆ ਸੀ। ਇਹ ਦੋਵਾਂ ਦਾ ਅਥਾਹ ਪਿਆਰ ਅਤੇ ਅਟੁੱਟ ਵਿਸ਼ਵਾਸ਼ ਹੀ ਸੀ ਕਿ ਦੋਵੇਂ ਸਾਥੀਆਂ ਨੇ ਗਲੇ ਮਿਲ ਕੇ ਆਪਣੇ ਪਵਿੱਤਰ ਹੰਝੂਆਂ ਨਾਲ ਦੇਰ ਤੋਂ ਦਿਲਾਂ 'ਤੇ ਜੰਮਿਆ ਭਾਰ ਸਾਫ ਕੀਤਾ ਸੀ। ਦੋਵਾਂ ਸਾਥੀਆਂ

ਦੇ ਉਸ ਮਿਲਣ ਪਿੱਛੋਂ ਉਨ੍ਹਾਂ ਦੇ ਮਨ ਸਾਫ ਕੁੰਦਨ ਵਰਗੇ ਹੋ ਗਏ ਸਨ। ਵਿੱਛੜੇ
ਸਾਥੀਆਂ ਨੂੰ ਮਿਲਾਉਣ ਵਾਲੀ ਕ੍ਰਾਂਤੀਕਾਰੀ ਭਾਬੀ ਦੁਰਗਾ ਦੇ ਦੂਰਦਰਸ਼ੀ ਨਜ਼ਰੀਏ
ਅਤੇ ਵਿਸਵਾਸ਼ ਭਰਪੂਰ ਸ਼ਰਧਾ ਨਾਲ ਕੀਤੇ ਗਏ ਉਪਰਾਲਿਆਂ ਦੇ ਕਾਰਨ ਹੀ ਅੰਤ
ਨੂੰ ਭਗਵਤੀ ਭਾਈ 'ਤੇ ਪ੍ਰੋ. ਜੈਚੰਦ ਵਿਦਿਆਲੰਕਾਰ ਵਲੋਂ ਈਰਖਾ ਭਰਪੂਰ ਦੁਸ਼ਟ
ਇਰਾਦਿਆਂ ਅਤੇ ਸਾਜਸ਼ ਅਧੀਨ ਲੱਗਾਏ ਗਏ ਦੋਸ਼ ਝੂਠੇ ਅਤੇ ਨਿਰਾਧਾਰ ਸਾਬਤ
ਹੋਏ ਸਨ। ਇਸ ਤਰ੍ਹਾਂ ਦੋ ਸੱਚੇ ਕ੍ਰਾਂਤੀਕਾਰੀਆਂ ਵਿੱਚ ਪਾਈ ਗਈ ਖਾਈ ਦੇ ਪੂਰੇ
ਜਾਣ ਕਾਰਨ ਕ੍ਰਾਂਤੀ ਨੂੰ ਅਣਪੂਰਿਆ ਜਾਣ ਵਾਲਾ ਘਾਟਾ ਪੂਰਾ ਕੀਤਾ ਗਿਆ।

ਮਈ 1930 ਵਿੱਚ ਸ. ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਨੂੰ ਜੇਲ੍ਹ ਵਿੱਚੋਂ
ਕੱਢਣ ਲਈ ਯੋਜਨਾ ਬਣਾਈ ਗਈ। ਇਸ ਕਾਰਵਾਈ ਦਾ ਦਿਨ 1 ਜੂਨ 1930
ਨਿਸ਼ਚਤ ਕੀਤਾ ਗਿਆ ਅਤੇ ਇਸ ਨੂੰ ਨੇਪਰੇ ਚਾੜ੍ਹਨ ਦੀ ਜਿੰਮੇਵਾਰੀ ਭਗਵਤੀ ਚਰਨ
ਦੀ ਲਗਾਈ ਗਈ ਸੀ। 28 ਮਈ ਨੂੰ ਭਗਵਤੀ ਚਰਨ, ਸੁਖਦੇਵ ਰਾਜ ਅਤੇ ਵੈਸ਼ਮਪਾਇਨ
ਰਾਵੀ ਦੇ ਕਿਨਾਰੇ ਜੰਗਲ ਵਿੱਚ ਬੰਬ ਟੈਸਟ ਕਰਨ ਗਏ ਸਨ। ਅਚਾਨਕ ਟੈਸਟ ਕਰਦੇ
ਵਕਤ ਬੰਬ ਭਗਵਤੀ ਚਰਨ ਦੇ ਹੱਥ ਵਿੱਚ ਹੀ ਫਟ ਗਿਆ ਅਤੇ ਉਹ ਬੁਰੀ ਤਰ੍ਹਾਂ
ਫੱਟੜ ਹੋ ਗਏ ਸਨ। ਇਸ ਤਰ੍ਹਾਂ ਉਹ ਆਪਣੀ ਅਸਿਹ ਤਕਲੀਫ ਨੂੰ ਖਿੜੇ ਮੱਥੇ ਸਹਿੰਦੇ
ਹੋਏ ਪਿੱਛੇ ਰਹਿ ਗਏ ਅਧੂਰੇ ਕਾਰਜ ਨੂੰ ਹਰ ਹਾਲ ਵਿੱਚ ਨੇਪਰੇ ਚਾੜ੍ਹਨ ਲਈ ਸਾਥੀਆਂ
ਨੂੰ ਅਲਵਿਦਾ ਕਹਿੰਦੇ ਸਦਾ ਲਈ ਵਿੱਛੋੜਾ ਦੇ ਕੇ ਚਲੇ ਗਏ ਸਨ। ਭਗਵਤੀ ਚਰਨ
ਦੀ ਅਸਿਹ ਮੌਤ ਵਾਰੇ ਘਰ ਪਤਾ ਲੱਗਿਆ ਤਾਂ ਸਭ-ਆਜ਼ਾਦ, ਮਦਨ ਗੋਪਾਲ, ਛੈਲ
ਬਿਹਾਰੀ, ਧੰਨਵੰਤਰੀ-ਆਪਣੀਆਂ ਉਦਾਸ ਅੱਖਾਂ ਝੁਕਾਈ ਗਮ ਵਿੱਚ ਬੈਠੇ ਸਨ। ਸੁਸ਼ੀਲਾ
ਦੀਦੀ ਇੱਕ ਪਾਸੇ ਆਪਣਾ ਸਿਰ ਫੜੀ ਬੈਠੀ ਸੀ ਅਤੇ ਦੁਰਗਾ ਭਾਬੀ, ਸੁੰਨ, ਇੱਕਦਮ
ਪੱਥਰ ਦੀ ਮੂਰਤੀ ਬਣੀ ਹੋਈ ਸੀ। ਕੁੱਝ ਦੇਰ ਪਿੱਛੋਂ ਉਹ ਸੰਭਲਦੀ ਹੋਈ ਆਪਣੀ ਜਗ੍ਹਾ
ਤੋਂ ਲੜਖੜਾਂਦੇ ਉਠ ਕੇ ਅਜ਼ਾਦ, ਵੈਸ਼ਮਪਾਇਨ, ਸੁਖਦੇਵ ਰਾਜ, ਛੈਲਬਿਹਾਰੀ ਅਤੇ
ਬੱਚਨ ਨੂੰ ਸਾਂਤਵਨਾ ਦੇਣ ਦੀ ਕੋਸ਼ਿਸ਼ ਕੀਤੀ ਪ੍ਰੰਤੂ ਛੇਤੀ ਹੀ ਆਪ ਢੇਰੀ ਹੋ ਗਈ।
ਆਜ਼ਾਦ ਅਤੇ ਵੈਸਮਪਾਇਨ ਨੇ ਉਸਨੂੰ ਫੜ ਕੇ ਅੰਦਰ ਮੰਜੇ ਤੇ ਲਿਟਾਇਆ। ਸੁਸ਼ੀਲਾ
ਦੀਦੀ ਦੁਰਗਾ ਭਾਬੀ ਨੂੰ ਸੰਭਾਲਦੀ ਰਹੀ। ਆਪਣੀਆਂ ਅੱਖਾਂ ਪੂੰਝਦੇ ਹੋਏ ਆਜ਼ਾਦ
ਨੇ ਕਿਹਾ "ਤੂੰ ਆਪਣਾ ਸਭ ਕੁੱਝ ਪਾਰਟੀ ਲਈ ਕੁਰਬਾਨ ਕਰ ਦਿੱਤਾ ਹੈ। ਤੇਰੇ ਪਤੀ
ਆਪਣੇ ਫਰਜ਼ ਨੂੰ ਅਸੀਂ ਕਦੇ ਵੀ ਨਹੀਂ ਭੁੱਲਾਂਗੇ।" ਸਭਨਾ ਲਈ ਉਹ ਰਾਤ ਬੜੀ
ਭਿਆਨਕ ਰਾਤ ਸੀ। ਦੁਰਗਾ ਭਾਬੀ ਦੇ ਆਪਣੇ ਪਤੀ ਦੇ ਅਖੀਰਲੇ ਦਰਸ਼ਨ ਕਰਨ
ਲਈ ਵਾਰ ਵਾਰ ਕਹਿਣ ਤੇ ਆਜ਼ਾਦ ਨੇ ਇਹ ਕਹਿੰਦੇ ਉਸਨੂੰ ਰੋਕਿਆ ਕਿ " ਪੁਲਿਸ
ਦਾ ਕੋਈ ਪਤਾ ਨਹੀਂ ਕਦੋਂ ਆ ਜਾਵੇ? ਆਪ ਦੋਹਾਂ ਨੂੰ ਭਗਵਤੀ ਭਾਈ ਦਾ ਮੂੰਹ
ਦੇਖਣ ਲਈ ਲੈ ਕੇ ਜਾਣਾ ਸਭ ਲਈ ਇੱਕ ਵੱਡਾ ਖਤਰਾ ਬਣ ਸਕਦਾ ਹੈ। ਇਸ
ਵੇਲੇ ਤੁਹਾਨੂੰ ਆਪਣੇ ਆਪ ਤੇ ਜ਼ਬਤ ਰੱਖਣ ਦੀ ਜ਼ਰੂਰਤ ਹੈ।"

ਆਪਣੇ ਪਤੀ ਦੇ ਇਸ ਤਰ੍ਹਾਂ ਅਚਾਨਕ ਚਲਾਣਾ ਕਰ ਜਾਣ ਤੇ ਉਹ ਰੋ ਵੀ
ਨਹੀਂ ਸਕਦੀ ਸੀ। ਉਹ ਸਮਝ ਚੁੱਕੀ ਸੀ ਕਿ ਆਪਣੀਆਂ ਜਾਨਾਂ ਦੀ ਕੁਰਬਾਨੀ ਕਰਕੇ
ਆਪਣੇ ਪਿਆਰੇ ਵਤਨ ਨੂੰ ਵਿਦੇਸ਼ੀ ਚੁੰਗਲ ਵਿੱਚੋਂ ਆਜ਼ਾਦ ਕਰਵਾਉਣ ਵਾਲੇ ਮਹਾਨ
ਇਨਸਾਨਾਂ ਨੂੰ ਆਪਣੇ ਮਿਸ਼ਨ ਦੀ ਕਾਮਯਾਬੀ ਲਈ ਆਪਣੇ ਅਖੀਰਲੇ ਸਾਹਾਂ ਤੱਕ
ਅਨੇਕਾਂ ਹੀ ਕੁਰਬਾਨੀਆਂ ਦੇਣੀਆਂ ਹੁੰਦੀਆਂ ਹਨ। ਠੀਕ ਇਸੇ ਤਰ੍ਹਾਂ ਇਸ ਵੀਰਾਂਗਣਾ

ਨੇ ਵੀ ਆਪਣੇ ਸਭ ਤੋਂ ਪਿਆਰੇ ਰਿਸ਼ਤੇ ਦੇ ਵਿਛੜਨ ਸਮੇਂ ਵੀ ਦੂਸਰੇ ਸਾਥੀਆਂ ਦੇ ਵਾਂਗੂੰ ਆਪਣੇ ਹੰਝੂਆਂ ਨੂੰ ਆਪਣੇ ਅੰਦਰ ਹੀ ਸਮੋ ਲਿਆ ਸੀ ਅਤੇ ਚੁੱਪਚਾਪ ਬਿਨਾ ਕਿਸੇ ਬੁਖਲਾਹਟ ਦੇ ਅੱਖਾਂ ਅੱਡੀ ਕਿਸੇ ਦੇ ਆਉਣ ਦੀ ਰਾਹ ਵੇਖ ਰਹੀ ਸੀ। ਤੁਰੰਤ ਹੀ ਅਜ਼ਾਦ ਬਾਹਰੋਂ ਉਠ ਕੇ ਦੁਰਗਾ ਭਾਬੀ ਦੇ ਕਮਰੇ ਵਿੱਚ ਆਏ ਅਤੇ ਆਪਣੀਆਂ ਨਮ ਅੱਖਾਂ ਤੇ ਭਰੇ ਦਿਲ ਨਾਲ ਭਾਬੀ ਨੂੰ ਧਰਵਾਸ-ਦਿੰਦੇ ਹੋਏ ਆਪਣੀ ਸੰਵੇਦਨਾ ਜਾਹਰ ਕੀਤੀ "ਅੱਜ ਤੋਂ ਤੂੰ ਸਾਡੀ ਸਭਨਾ ਦੀ ਮਾਂ-ਭੈਣ ਹੈ। ਤੂੰ ਪਾਰਟੀ ਲਈ ਆਪਣਾ ਸਭ ਕੁੱਝ ਵਾਰ ਦਿੱਤਾ ਹੈ। ਅਸੀਂ ਸਾਰੇ ਤੇਰੇ ਰਿਣੀ ਹਾਂ। ਤੇਰੇ ਪ੍ਰਤੀ ਆਪਣੇ ਫਰਜ਼ ਨੂੰ ਕਦੇ ਨਹੀਂ ਭੁਲਾਂਗੇ"। ਧੰਨ ਸੀ ਉਹ ਮਹਾਨ ਵੀਰਾਂਗਣਾ ਜਿਸਨੇ ਆਪਣੇ ਪਹਾੜ ਜਿੱਡੇ ਦੁੱਖ ਨੂੰ, ਆਪਣੇ ਹੰਝੂਆਂ ਨੂੰ ਆਪਣੇ ਅੰਦਰ ਜਜ਼ਬ ਕਰ ਕੇ ਇੱਕ ਸੱਚੇ ਇਨਕਲਾਬੀ ਦੀ ਤਰ੍ਹਾਂ ਆਪਣੇ ਕਾਜ਼ ਵਿੱਚ ਲੱਗ ਜਾਣ ਦਾ ਫੈਸਲਾ ਲਿਆ ਸੀ।

ਭਗਤ ਸਿੰਘ, ਸੁਖਦੇਵ ਅਤੇ ਰਾਜਗੁਰੂ ਨੂੰ ਜੇਲ੍ਹ ਵਿੱਚੋਂ ਛੁਡਵਾਉਣ ਦਾ ਦਿਨ ਪੂਰਬ ਨਿਸ਼ਚਤ ਸੀ ਅਤੇ ਭਗਵਤੀ ਚਰਨ ਵੋਹਰਾ ਦਾ ਮੌਤ ਦੀ ਗੋਦ ਵਿੱਚ ਸੌਣ ਤੋਂ ਪਹਿਲਾਂ ਪਾਸ ਖੜੇ ਆਪਣੇ ਸਾਥੀਆਂ ਨੂੰ ਵੀ ਇਹ ਹੀ ਸੁਨੇਹਾ ਸੀ ਕਿ 'ਐਕਸ਼ਨ ਜਰੂਰ ਕੀਤਾ ਜਾਵੇ'। ਐਕਸ਼ਨ ਤਾਂ ਹੋਣਾ ਹੀ ਸੀ। 1ਜੂਨ 1930 ਨੂੰ ਅਜ਼ਾਦ ਦੀ ਐਕਸ਼ਨ ਕਰਨ ਦੀ ਗੱਲ ਦਾ ਦੁਰਗਾ ਭਾਬੀ ਨੂੰ ਵੀ ਪਤਾ ਲੱਗ ਗਿਆ ਸੀ। ਉਹ ਆਜ਼ਾਦ ਕੋਲ ਆਈ ਤੇ ਕਹਿਣ ਲੱਗੀ," ਇਹ ਜਿੰਮੇਵਾਰੀ ਭਗਵਤੀ ਚਰਨ ਦੀ ਸੀ ਹੁਣ ਇਹ ਮੌਕਾ ਮੈਨੂੰ ਦਿੱਤਾ ਜਾਵੇ। ਇਸ ਕੰਮ ਨੂੰ ਕਰਨ ਦਾ ਪਹਿਲਾ ਹੱਕ ਵੀ ਮੇਰਾ ਬਣਦਾ ਹੈ। ਮੈਂ ਹੀ ਇਸ ਕੰਮ ਨੂੰ ਪੂਰਾ ਕਰਾਂਗੀ।" ਅਜ਼ਾਦ ਦੇ ਦੁਬਾਰਾ ਸਮਝਾਉਣ ਤੇ ਕਿ ਅਜਿਹਾ ਕੋਈ ਵੀ ਕਦਮ ਚੁੱਕਣ ਤੋਂ ਪਹਿਲਾਂ 'ਬੱਚੇ ਸ਼ੁੱਚੀ' ਵਾਰੇ ਵੀ ਸੋਚਣਾ ਹੋਵੇਗਾ। ਉਸਦੀ ਦੇਖਭਾਲ ਤੇਰੇ ਤੋਂ ਬਿਨਾ ਕੌਣ ਕਰੇਗਾ? ਇਸ ਤੇ ਤੁਰੰਤ ਹੀ ਭਾਬੀ ਨੇ ਇਹ ਕਹਿ ਕੇ ਆਪਣੇ ਮਿਸ਼ਨ ਪ੍ਰਤੀ ਦ੍ਰਿੜਤਾ ਦਿਖਾ ਦਿੱਤੀ " ਸ਼ੁੱਚੀ, ਮੇਰਾ ਨਹੀਂ ਹੁਣ ਤਾਂ ਇਹ ਤੁਹਾਡਾ ਸਭ ਦਾ ਹੀ ਹੈ"। ਅਜ਼ਾਦ ਦੇ ਫਿਰ ਜ਼ੋਰ ਦੇ ਕੇ ਕਹਿਣ ਤੇ "ਇਸ ਵਾਰ ਤੁਸੀਂ ਮੰਨ ਜਾਵੋ। ਐਕਸ਼ਨ ਤਾਂ ਹੁੰਦੇ ਹੀ ਰਹਿਣੇ ਨੇ। ਮੌਕਾ ਆਉਣ ਤੇ ਤੁਹਾਨੂੰ ਜਰੂਰ ਸੌਂਪਿਆ ਜਾਵੇਗਾ।" ਦੁਰਗਾ ਭਾਬੀ ਨੂੰ ਆਪਣੇ 'ਭਈਆ ਜੀ' (ਆਜ਼ਾਦ) ਦੀ ਗੱਲ ਮੰਨਣ ਲਈ ਮਜ਼ਬੂਰ ਹੋਣਾ ਪਿਆ।

ਭਗਵਤੀ ਚਰਨ ਦੀ ਮੌਤ ਤੋਂ ਕੁੱਝ ਦਿਨਾਂ ਮਗਰੋਂ ਬਹੁਤ ਤੇਜ ਗਰਮੀ ਕਾਰਨ ਅਲਮਾਰੀ ਵਿੱਚ ਰੱਖੇ ਬਾਕੀ ਦੇ ਚਾਰ ਬੰਬ ਵੀ ਫਟ ਗਏ ਤਾਂ ਉਹ ਸਾਰੇ (ਸੁਖਦੇਵ, ਚੰਦਰ ਸ਼ੇਖਰ ਅਜ਼ਾਦ, ਛੈਲਬਿਹਾਰੀ ਅਤੇ ਵਿਸ਼ਮਪਾਇਨ) ਉਸ ਬੰਗਲੇ ਨੂੰ ਛੱਡ ਗਏ ਸਨ ਜਿਹੜਾ ਕੁੱਝ ਕੁ ਦਿਨ ਪਹਿਲਾਂ ਹੀ ਬੈਂਰਸਟਲ ਰੋਡ ਤੇ ਕਿਰਾਏ ਤੇ ਲਿਆ ਸੀ। ਇਸ ਮਹਾਨ ਵੀਰਾਂਗਣਾ ਨੂੰ ਹਾਲਾਤ ਨੇ ਇੰਨੀ ਮਜ਼ਬੂਰ ਕਰ ਦਿੱਤਾ ਸੀ ਕਿ ਉਹ ਆਪਣੇ ਇਨਕਲਾਬੀ ਪਤੀ ਦੀ ਹੋਈ ਦਰਦਨਾਕ ਮੌਤ 'ਤੇ ਹੰਝੂ ਵੀ ਨਾ ਬਹਾ ਸਕੀ। ਸਭ ਕੁੱਝ ਆਪਣੇ ਅੰਦਰ ਹੀ ਸਮੇਟ ਕੇ ਰਹਿ ਗਈ ਸੀ। ਭਗਵਤੀ ਚਰਨ ਤੇ ਯਸ਼ਪਾਲ ਦੇ ਵਾਇਸਰਾਏ ਦੀ ਟਰੇਨ 'ਤੇ ਬੰਬ ਸੁੱਟਣ ਪਿੱਛੋਂ ਇਲਾਕੇ ਵਿੱਚ ਭਾਰੀ ਗਿਣਤੀ ਵਿੱਚ ਪੁਲਿਸ ਕ੍ਰਾਂਤੀਕਾਰੀਆਂ ਦਾ ਕਾਰਾ ਸਮਝ ਕੇ ਉਨ੍ਹਾਂ ਦਾ ਪਿੱਛਾ ਕਰਨ ਲੱਗੀ ਸੀ। ਇਨ੍ਹਾਂ ਨੇ ਸੰਘਣੀ ਅਬਾਦੀ ਵਾਲੇ ਇਲਾਕੇ ਵਿੱਚ ਬਹਾਵਲ ਰੋਡ ਤੇ ਇੱਕ ਬੰਗਲਾ ਕਿਰਾਏ 'ਤੇ ਲਿਆ। ਉਥੇ ਹੀ ਇਨ੍ਹਾਂ ਨੇ ਭਗਤ ਸਿੰਘ ਤੇ ਉਸ ਦੇ ਸਾਥੀਆਂ ਨੂੰ ਛੁਡਾਉਣ

ਲਈ ਤਕਰੀਬਨ ਇੱਕ ਦਰਜਨ ਬੰਬ ਬਣਾਏ ਸਨ। ਭਗਵਤੀ ਚਰਨ ਦੀ ਮੌਤ ਵੀ ਇਨ੍ਹਾਂ ਬੰਬਾਂ ਦੇ ਪ੍ਰੀਖਣ ਕਾਰਨ ਹੀ ਹੋਈ ਸੀ। ਕੁੱਝ ਦਿਨਾਂ ਬਾਅਦ ਅਲਮਾਰੀ ਵਿੱਚ ਰੱਖੇ ਬੰਬ ਗਰਮੀ ਕਾਰਨ ਅਚਾਨਕ ਫਟ ਗਏ ਤਾਂ ਤੁਰੰਤ ਹੀ ਉਨ੍ਹਾਂ ਨੇ ਉਹ ਮਕਾਨ ਛੱਡਣ ਦਾ ਫੈਸਲਾ ਕਰ ਲਿਆ ਕਿਉਂ ਕਿ ਪੁਲਿਸ ਕਿਸੇ ਸਮੇਂ ਵੀ ਉਥੇ ਪਹੁੰਚ ਸਕਦੀ ਸੀ। ਇਸ ਪਿੱਛੋਂ ਦੁਰਗਾ ਭਾਬੀ 15 ਦਿਨ ਇੱਕ ਇੰਜਨੀਅਰ ਦੇ ਘਰ ਇੱਕ ਕਮਰੇ ਵਿੱਚ ਨਜ਼ਰਬੰਦ ਦੀ ਤਰ੍ਹਾਂ ਰਹੀ ਸੀ। ਬੱਸ ਨੌਕਰਾਨੀ ਉਨ੍ਹਾਂ ਵਾਸਤੇ ਖਾਣਾ ਲੈ ਕੇ ਆਉਂਦੀ ਸੀ ਅਤੇ ਬਿਨਾ ਕੁੱਝ ਬੋਲੇ ਵਾਪਸ ਚਲੀ ਜਾਂਦੀ ਸੀ।

ਅਜ਼ਾਦ ਅਤੇ ਭਗਤ ਸਿੰਘ ਭਗਵਤੀ ਚਰਨ 'ਤੇ ਬਹੁਤ ਹੀ ਵਿਸ਼ਵਾਸ ਕਰਦੇ ਸਨ। ਉਹ ਉਸ ਜੋੜੀ ਦੀਆਂ ਆਪਣੇ ਕ੍ਰਾਂਤੀਕਾਰੀ ਕੰਮਾਂ ਲਈ ਹਰ ਪ੍ਰਕਾਰ ਦੀਆਂ ਕੁਰਬਾਨੀਆਂ ਨੂੰ ਵੀ ਬਹੁਤ ਮਹਿਸੂਸ ਕਰਦੇ ਸਨ। ਭਗਵਤੀ ਚਰਨ ਦੀ ਮੌਤ ਤੋਂ ਪਿੱਛੋਂ ਅਜ਼ਾਦ ਦੁਰਗਾ ਭਾਬੀ ਅਤੇ ਸ਼ੀਲਾ ਦੀਦੀ ਦੇ ਸਰਪਰਸਤ ਬਣ ਗਏ ਸਨ। ਉਨ੍ਹਾਂ ਨੇ ਇੱਕ ਦਿਨ ਦੋਵਾਂ ਹੀ ਔਰਤਾਂ ਨੂੰ ਨਕਲੀ ਨਾਵਾਂ ਨਾਲ ਕਾਲਜ ਵਿੱਚ ਦਾਖਲ ਕਰਵਾ ਦਿੱਤਾ ਅਤੇ ਹੋਸਟਲ ਵਿੱਚ ਰਿਹਾਇਸ਼ ਕਰ ਦਿੱਤੀ ਸੀ। ਇਹ ਸਭ ਕੁੱਝ ਉਨ੍ਹਾਂ ਨੇ ਉਨ੍ਹਾਂ ਦੋਵਾਂ ਦੀ ਸੁਰੱਖਿਆ ਲਈ ਕੀਤਾ ਸੀ ਪ੍ਰੰਤੂ ਉਹ ਥਾਂ ਵੀ ਉਨ੍ਹਾਂ ਲਈ ਸੁਰੱਖਿਅਤ ਨਹੀਂ ਸੀ। ਬੰਬ ਫਟਣ ਪਿੱਛੋਂ ਉਨ੍ਹਾਂ ਦੇ ਆਪਣੇ ਘਰ ਤਾਂ ਪੁਲਿਸ ਨੇ ਸੀਲ ਕਰ ਦਿੱਤੇ ਸਨ। ਪੁਲਿਸ ਹਰ ਵਕਤ ਉਨ੍ਹਾਂ ਦੇ ਪਿੱਛੇ ਲੱਗੀ ਹੋਈ ਸੀ।

ਕੁੱਝ ਸਮੇਂ ਤੱਕ ਦੁਰਗਾ ਭਾਬੀ ਤੇ ਸੁਸ਼ੀਲਾ ਦੀਦੀ ਫੇਰ ਇਲਾਹਾਬਾਦ ਵਿੱਚ ਇੱਕ ਜਰਨਲਿਸਟ ਸੁਰਿੰਦਰ ਸ਼ਰਮਾ ਦੇ ਘਰ ਰਹੀਆਂ। ਉਨ੍ਹਾਂ ਨੇ ਪਤੀ ਦੀ ਮੌਤ ਤੋਂ ਪਿੱਛੋਂ ਆਪਣੇ ਇਨਕਲਾਬੀ ਕੰਮ ਬੰਦ ਨਹੀਂ ਕੀਤੇ ਸਗੋਂ ਹੋਰ ਵੀ ਦ੍ਰਿੜਤਾ ਨਾਲ ਆਪਣੇ ਪਤੀ ਦੇ ਮਿਸ਼ਨ ਨੂੰ ਪੂਰਾ ਕਰਨ ਵਿੱਚ ਲੱਗ ਪਈ ਸੀ। ਯੋਜਨਾ ਬਣੀ ਕਿ ਬੰਬਈ ਦੇ ਗਵਰਨਰ 'ਹੇਲੀ' ਨੂੰ ਗੋਲੀ ਮਾਰ ਦਿੱਤੀ ਜਾਵੇ ਕਿਉਂਕਿ ਉਹ ਪਹਿਲਾਂ ਪੰਜਾਬ ਦਾ ਵੀ ਗਵਰਨਰ ਰਹਿ ਚੁੱਕਾ ਸੀ। ਪੰਜਾਬ ਵਿੱਚ ਰਹਿੰਦੇ ਸਮੇਂ ਗਵਰਨਰ ਹੇਲੀ ਨੇ ਉਥੋਂ ਦੇ ਲੋਕਾਂ ਦੀ ਬਰਤਾਨਵੀ ਸਰਕਾਰ ਵਿਰੁਧ ਉਠਦੀ ਹਰ ਅਵਾਜ਼ ਨੂੰ ਕੁਚਲਣ ਲਈ ਬੜੀ ਹੀ ਬੇਰਹਿਮੀ ਨਾਲ ਤਸ਼ੱਦਦ ਕੀਤੇ ਸਨ। ਇਸ ਲਈ ਢੁੱਕਦਾ ਮੌਕਾ ਦੇਖ ਕੇ ਉਸਦਾ ਬਦਲਾ ਲੈਣ ਲਈ ਇਹ ਯੋਜਨਾ ਬਣਾਈ ਗਈ ਸੀ ਅਤੇ ਇਸ ਕਾਰਵਾਈ ਦੀ ਅਗਵਾਈ ਪ੍ਰਿਥੀ ਸਿੰਘ ਨੇ ਕਰਨੀ ਸੀ। ਦੁਰਗਾ ਭਾਬੀ ਆਪਣੇ ਬੇਟੇ ਸ਼ਚਿੰਦਰ ਨੂੰ ਨਾਲ ਲੈ ਕੇ ਉਸ ਦੀ ਮਦਦ ਲਈ ਬੰਬਈ ਪਹੁੰਚ ਗਈ ਅਤੇ ਉਥੇ ਉਹ ਵਿਸ਼ਵਨਾਥ ਵੈਸ਼ਮਪਾਇਨ ਦੇ ਇੱਕ ਰਿਸ਼ਤੇਦਾਰ ਦੇ ਘਰ ਠਹਿਰੀ ਸੀ। ਗਵਰਨਰ ਲੋਕਾਂ ਨੂੰ ਮਿਲਣ ਲਈ ਆਪਣੇ ਬੰਗਲੇ ਦੇ ਲਾਅਨ ਵਿੱਚ ਬੈਠਦਾ ਹੁੰਦਾ ਸੀ। ਉਸਨੂੰ ਹੋਣ ਵਾਲੇ ਕਿਸੇ ਵੀ ਖਤਰੇ ਤੋਂ ਬਚਾਉਣ ਲਈ ਪੁਲਿਸ ਦੀ ਨਿਗਰਾਨੀ ਵੀ ਬਹੁਤ ਵੱਧਾ ਦਿੱਤੀ ਗਈ ਸੀ। ਯੋਜਨਾ ਸੀ ਕਿ ਦੁਰਗਾ ਭਾਬੀ ਇੱਕ ਪਾਰਸੀ ਔਰਤ ਦੇ ਭੇਸ ਵਿੱਚ ਗਵਰਨਰ ਨੂੰ ਮਿਲਣ ਜਾਏਗੀ ਅਤੇ ਜਦੋਂ ਉਹ ਗੱਲਬਾਤ ਵਿੱਚ ਲਗਾ ਲਵੇਗੀ ਤਾਂ ਨਾਲ ਵਾਲੇ ਇਨਕਲਾਬੀ ਸਾਥੀ ਉਸਦੇ ਗੋਲੀ ਮਾਰ ਦੇਣਗੇ। ਕਿਸੇ ਕਾਰਨ ਯੋਜਨਾ ਵਿੱਚ ਦੋ ਦਿਨ ਦੀ ਦੇਰ ਹੋ ਗਈ ਸੀ। 9 ਅਕਤੂਬਰ,1930 ਨੂੰ ਇਹ ਲੋਕ ਜਦੋਂ ਲੈਮਿੰਗਟਨ ਰੋਡ ਤੇ ਜਾ ਰਹੇ ਸਨ ਤਾਂ 'ਟੇਲਰ' ਨਾਂਅ ਦਾ ਇੱਕ ਫੌਜੀ ਅਫਸਰ ਜਿਸਨੂੰ ਦੁਰਗਾ ਭਾਬੀ ਗਵਰਨਰ ਸਮਝ ਬੈਠੀ ਨੇ ਉਸ ਉਤੇ ਗੋਲੀ ਚਲਾ ਦਿੱਤੀ ਅਤੇ ਉਹ ਜਖਮੀ ਹੋ ਗਿਆ

ਸੀ। ਇਸ ਗੋਲੀ ਕਾਂਡ ਕਾਰਨ ਸ਼ਹਿਰ ਵਿੱਚ ਭਗਦੜ ਮੱਚ ਗਈ ਅਤੇ ਦੋਸ਼ੀਆਂ ਨੂੰ ਫੜਨ ਲਈ ਪੁਲਿਸ ਚਾਰੇ ਪਾਸੇ ਫਿਰਨ ਲੱਗੀ ਸੀ।

ਲੈਮਿੰਗਟਨ ਰੋਡ ਦੇ ਗੋਲੀ ਕਾਂਡ ਵਿੱਚ ਸਿੱਧੇ ਤੌਰ ਤੇ ਸ਼ਾਮਲ ਹੋਣ ਕਾਰਨ ਦੁਰਗਾ ਭਾਬੀ ਅਤੇ ਚੌਦਾਂ ਹੋਰ ਵਿਅਕਤੀਆਂ ਦੇ ਖਿਲਾਫ ਗ੍ਰਿਫਤਾਰੀ ਵਾਰੰਟ ਜਾਰੀ ਹੋ ਗਏ ਸਨ। ਉਨ੍ਹਾਂ ਵਿੱਚੋਂ ਬਾਰਾਂ ਤਾਂ ਫੜ ਲਏ ਗਏ ਅਤੇ ਸ਼੍ਰੀਮਤੀ ਦੁਰਗਾ ਦੇਵੀ (ਸ਼ਾਰਦਾ) , ਪ੍ਰਿਥੀ ਸਿੰਘ ਆਜ਼ਾਦ ਉਰਫ ਨਾਨਾ ਸਾਹਿਬ ਅਤੇ ਸੁਖਦੇਵ ਰਾਜ ਉਰਫ ਬੁੱਧੀਮਾਨ ਨੂੰ ਭਗੌੜਾ ਕਰਾਰ ਕਰ ਦਿੱਤਾ ਗਿਆ ਸੀ। ਇਸ ਘਟਨਾ ਪਿੱਛੋਂ ਫੇਰ ਦੁਰਗਾ ਭਾਬੀ ਰੂਹ-ਪੋਸ਼ ਹੋ ਗਈ ਅਤੇ ਕਾਨਪੁਰ ਪਹੁੰਚ ਗਈ ਸੀ। ਕੁੱਝ ਦਿਨਾਂ ਲਈ 'ਸ਼ਚਿੰਦਰ' ਦੇ ਰਹਿਣ ਦਾ ਪ੍ਰਬੰਧ ਪਿੱਛੇ ਹੀ ਕਿਸੇ ਸੱਜਣ ਦੇ ਘਰ ਕੀਤਾ ਗਿਆ ਸੀ। ਹਾਲਾਤ ਨੂੰ ਭਾਂਪਦੇ ਹੋਏ ਬੱਚੇ 'ਸ਼ੁੱਚੀ' ਨੂੰ ਛੇਤੀ ਹੀ ਬਾਬੂ ਸਾਹਿਬ ਸਾਵਰਕਰ ਨੇ ਕਿਸੇ ਹੋਰ ਸੁਰੱਖਿਅਤ ਥਾਂ ਭੇਜ ਦਿੱਤਾ ਜਿੱਥੋਂ ਅਸਾਨੀ ਨਾਲ ਉਹ ਆਪਣੀ ਮਾਂ ਪਾਸ ਪਹੁੰਚ ਸਕਦਾ ਸੀ। ਰੂਹ-ਪੋਸ਼ ਜੀਵਨ ਅਤੇ ਵਕਤ ਕਦੇ ਵੀ ਟਿਕ ਕੇ ਨਹੀਂ ਰਹਿ ਸਕਦਾ, ਨਾਂ ਅਤੇ ਥਾਵਾਂ ਬਦਲਣੀਆਂ ਹੀ ਪੈਂਦੀਆਂ ਹਨ। ਇਸ ਸਾਰੇ ਸਮੇਂ ਦੌਰਾਂਨ ਦੁਰਗਾ ਜਿਆਦਾ ਵਕਤ ਅਲਾਹਾਬਾਦ ਵਿੱਚ ਟੰਡਨ ਦੇ ਘਰ ਰਹੀ ਸੀ। ਚੰਦਰ ਸ਼ੇਖਰ ਆਜ਼ਾਦ ਦੀ ਸ਼ਹੀਦੀ ਪਿੱਛੋਂ ਪਾਰਟੀ ਦਾ ਕੰਮ ਰੁਕ ਜਿਹਾ ਗਿਆ ਸੀ। ਉਹ ਕੁੱਝ ਕਰ ਤਾਂ ਸਕਦੇ ਨਹੀਂ ਸਨ, ਪਰ ਪੁਲਿਸ ਉਸੇ ਤਰ੍ਹਾਂ ਉਨ੍ਹਾਂ ਦੇ ਪਿਛੇ ਲੱਗੀ ਹੋਈ ਸੀ। ਪੁਲਿਸ ਨਾ ਤਾਂ ਫੜਦੀ ਸੀ ਤੇ ਨਾ ਹੀ ਪਿਛਾ ਛੱਡਦੀ ਸੀ, ਸ਼ਾਇਦ ਉਹ ਸੋਚਦੀ ਸੀ ਕਿ ਦੁਰਗਾ ਕਦੇ ਨਾਂ ਕਦੇ ਤਾਂ ਕਿਸੇ ਗ੍ਰਿਫਤਾਰੀਉ ਬਚੇ ਕਿਸੇ ਦੂਸਰੇ ਸਾਥੀ ਕੋਲ ਜਾਵੇਗੀ ਹੀ, ਪੁਲਿਸ ਨੂੰ ਉਹਦਾ ਥਹੁ-ਪਤਾ ਲੱਗ ਹੀ ਜਾਏਗਾ। ਆਪਣੀ ਰੂਹ-ਪੋਸ਼ ਦੀ ਜ਼ਿੰਦਗੀ ਤੋਂ ਤੰਗ ਆ ਕੇ ਇੱਕ ਦਿਨ ਉਹ ਅਤੇ ਟੰਡਨ ਦਿੱਲੀ ਪਹੁੰਚ ਕੇ ਇੱਕ ਹੋਟਲ ਵਿੱਚ ਠਹਿਰੇ ਪ੍ਰੰਤੂ ਚਿੱਟ ਕੱਪੜੀਏ ਪੁਲਸੀਏ ਉਥੇ ਵੀ ਉਨ੍ਹਾਂ ਦੇ ਪਿੱਛੇ ਹੀ ਲੱਗੇ ਰਹੇ। ਅਖੀਰ ਤੰਗ ਆ ਕੇ ਉਸਨੇ ਆਪਣਾ ਮਨ ਲਹੌਰ ਪਹੁੰਚ ਕੇ ਗ੍ਰਿਫਤਾਰੀ ਦੇਣ ਦਾ ਬਣਾ ਲਿਆ।

ਲਹੌਰ ਜਾ ਕੇ ਉਸਨੇ 'ਫ੍ਰੀ ਪ੍ਰੈਸ ਆਫ ਇੰਡੀਆ' ਦੇ ਦਫਤਰ ਪਹੁੰਚ ਕੇ ਸਭ ਕੁੱਝ ਦੱਸਦਿਆਂ ਕਿਹਾ "ਮੈਂ ਹੁਣੇ ਘਰ ਪਹੁੰਚ ਰਹੀ ਹਾਂ, ਤੇ 10-11 ਵਜੇ ਸਵੇਰੇ ਹੀ ਉਹ ਘਰ ਪਹੁੰਚ ਗਈ।" ਉਸੇ ਵੇਲੇ ਹੀ ਪੁਲਿਸ ਨਾਲ ਭਰੀਆਂ ਦੋ ਲਾਰੀਆਂ ਵੀ ਪਹੁੰਚ ਗਈਆਂ। ਘਰ ਅੰਦਰ ਆਉਣ ਵਾਲੇ ਪੁਲਿਸ ਵਾਲਿਆਂ ਨੇ ਰਫਲਾਂ ਤੇ ਸੰਗੀਨਾਂ ਚੜ੍ਹਾਈਆਂ ਹੋਈਆਂ ਸਨ। ਉਨ੍ਹਾਂ ਨੇ ਬਿਨਾ ਵਕਤ ਗੁਆਏ ਉਸਨੂੰ ਫੜ ਕੇ ਲਹੌਰ ਦੇ ਕਿਲੇ ਵਿੱਚ ਲੈ ਆਂਦਾ ਜਿੱਥੇ 1818 ਐਕਟ ਅਧੀਨ ਉਸਨੂੰ ਛੇ ਮਹੀਨੇ ਦੀ ਕੈਦ ਅਤੇ ਪਿੱਛੋਂ ਉਸਦੀ ਪੰਜਾਬ ਅਤੇ ਦਿੱਲੀ ਅੰਦਰ ਦਾਖਲ ਹੋਣ ਤੇ ਮਨਾਹੀ ਵੀ ਲਗਾ ਦਿੱਤੀ ਗਈ। ਇਸ ਤਰ੍ਹਾਂ ਦੋ ਸਾਲ ਚਾਰ ਮਹੀਨੇ ਦੇ ਰੂਹ-ਪੋਸ਼ ਜੀਵਨ ਤੋਂ ਬਾਅਦ 14 ਸਤੰਬਰ, 1932 ਨੂੰ ਦੁਰਗਾ ਭਾਬੀ ਨੇ ਲਹੌਰ ਵਿਖੇ ਆਪਣਾ ਆਤਮ-ਸਮੱਰਪਣ ਕਰ ਦਿੱਤਾ ਸੀ।

ਇਸ ਸਬੰਧੀ 'ਦੀ ਟ੍ਰਿਬਿਊਨ' 16 ਸਤੰਬਰ 1932 ਵਿੱਚ ਛਪੀ ਰਿਪੋਰਟ ਹੇਠ ਲਿਖੇ ਅਨੁਸਾਰ-

'ਦੀ ਟ੍ਰਿਬਿਊਨ,' 16 ਸਤੰਬਰ, 1932-ਸ਼੍ਰੀਮਤੀ ਭਗਵਤੀ ਚਰਨ ਅਤੇ ਪ੍ਰੋਫੈਸਰ ਟੰਡਨ ਗ੍ਰਿਫਤਾਰ

ਅਚਾਨਕ ਫ੍ਰੀ ਪ੍ਰੈਸ, ਲਾਹੌਰ ਦੇ ਦਫਤਰ ਪਹੁੰਚ ਕੇ, ਪੁਲਿਸ ਨੂੰ ਆਪਣੇ ਪਹੁੰਚਣ ਦੀ ਇਤਲਾਲ ਦੇ ਦਿੱਤੀ—

ਲਾਹੌਰ ਸਤੰਬਰ 14:--*ਭਗਵਤੀ ਚਰਨ ਦੀ ਪਤਨੀ ਦੁਰਗਾ ਦੇਵੀ ਅਤੇ ਪ੍ਰੋ: ਸੰਪੂਰਨ ਸਿੰਘ ਟੰਡਨ ਨੂੰ ਗਵਾਲਮੰਡੀ ਥਾਨੇ ਦੀ ਪੁਲਿਸ ਨੇ ਸ਼੍ਰੀਮਤੀ ਦੁਰਗਾ ਦੇਵੀ ਦੇ ਮਿਲਖੀ ਰਾਮ ਗਲੀ ਸਥਿਤ ਮਕਾਨ ਤੋਂ ਗ੍ਰਿਫਤਾਰ ਕੀਤਾ ਹੈ।*

ਉਹਨਾਂ ਦੋਹਾਂ ਨੂੰ ਲਾਹੌਰ ਤੇ ਦਿੱਲੀ ਸਾਜਿਸ਼ ਕੇਸਾਂ 'ਚ ਭਗੌੜੇ ਕਰਾਰ ਦਿੱਤਾ ਗਿਆ ਸੀ ਤੇ ਉਹਨਾਂ ਦੀ ਗ੍ਰਿਫਤਾਰੀ ਲਈ, ਕ੍ਰਮਵਾਰ 500 ਰੁਪੈ ਤੇ 200 ਰੁਪੈ ਇਨਾਮ ਵੀ ਐਲਾਨੇ ਹੋਏ ਸੀ।

ਇਹ ਦੋਵੇ ਮਫਰੂਰ ਸਵੇਰੇ ਫ੍ਰੀ ਪ੍ਰੈਸ ਦੇ ਦਫਤਰ ਆਏ ਤੇ ਉਥੇ ਉਹ ਪੁਲਿਸ ਲਈ ਲਿਖਤੀ ਸੂਚਨਾ ਛੱਡ ਗਏ ਕਿ ਉਹ ਸ੍ਰੀਮਤੀ ਦੁਰਗਾ ਦੇਵੀ ਦੇ ਮਕਾਨ ਤੇ 24 ਘੰਟੇ ਰਹਿਣਗੇ ਤੇ ਪੁਲਿਸ ਜਦੋਂ ਚਾਹੇ ਉਹਨਾਂ ਨੂੰ ਉਥੋਂ ਗ੍ਰਿਫਤਾਰ ਕਰ ਸਕਦੀ ਹੈ।

ਮਈ 1933 ਤੋਂ ਜੂਨ 1933 ਤੱਕ ਉਨ੍ਹਾਂ ਖਿਲਾਫ ਨਜ਼ਰਬੰਦੀ ਦੇ ਹੁਕਮ ਜਾਰੀ ਕਰ ਦਿੱਤੇ ਗਏ ਸਨ। ਜਦੋਂ ਇਹ ਹੁਕਮ ਰੱਦ ਕੀਤੇ ਗਏ ਤਾਂ ਉਨ੍ਹਾਂ ਲਈ ਪੰਜਾਬ ਅਤੇ ਦਿੱਲੀ ਤੋਂ ਨਿਸਕਾਸ਼ਤ ਹੋਣ ਦੇ ਹੁਕਮ ਜਾਰੀ ਕਰ ਦਿੱਤੇ ਗਏ ਸਨ। ਉਸ ਪਿੱਛੋਂ ਦੁਰਗਾ ਭਾਬੀ ਨੇ ਗਾਜ਼ੀਆਬਾਦ ਵਿਖੇ ਪਿਆਰੇ ਲਾਲ ਗਰਲਜ਼ ਸਕੂਲ ਵਿਚ ਲੱਗਭਗ ਦੋ ਸਾਲ ਅਧਿਆਪਕਾ ਦੀ ਨੌਕਰੀ ਕੀਤੀ ਸੀ। ਉਥੇ ਪੜ੍ਹਾਉਂਦੇ ਸਮੇਂ ਵੀ ਉਸ ਨੇ ਆਪਣੀਆਂ ਗਤੀਵਿਧੀਆਂ ਜਾਰੀ ਰੱਖੀਆਂ ਸਨ। ਉਹ ਕਲਾਸ ਵਿੱਚ ਪੜ੍ਹਾਉਂਦੇ ਹੋਏ ਬੱਚਿਆਂ ਨੂੰ ਦੇਸ ਭਗਤੀ ਦੇ ਰਸਤੇ 'ਤੇ ਚੱਲਣ ਲਈ ਪ੍ਰੇਰਦੀ ਅਤੇ ਉਨ੍ਹਾਂ ਅੰਦਰ ਆਪਣੇ ਦੇਸ਼ ਦੀ ਆਜ਼ਾਦੀ ਪ੍ਰਾਪਤੀ ਲਈ ਮਰ-ਮਿਟਣ ਦਾ ਜਜ਼ਬਾ ਆਪਣੇ ਵਿਚਾਰਾਂ ਰਾਹੀਂ ਭਰਦੀ ਸੀ। ਦੁਰਗਾ ਭਾਬੀ ਜੇਲ੍ਹ ਵਿੱਚ ਝੱਲੇ ਤਸੀਹਿਆਂ ਅਤੇ ਰਿਹਾਈ ਤੋਂ ਪਿੱਛੋਂ ਆਪਣੇ ਉਪਰ ਲੱਗੀਆਂ ਪਾਬੰਦੀਆਂ ਦੌਰਾਨ ਇੱਕ ਥਾਂ ਤੋਂ ਦੂਜੀ ਥਾਂ ਰੂਹ-ਪੋਸ਼ ਹੋ ਕੇ ਰਹਿਣ ਕਾਰਨ ਬਹੁਤ ਬਿਮਾਰ ਰਹਿਣ ਲੱਗ ਗਈ ਸੀ। ਉਸ ਨੂੰ ਆਂਤੜੀਆਂ ਦੀ ਗੰਭੀਰ ਇਨਫੈਕਸ਼ਨ ਹੋ ਜਾਣ ਕਾਰਨ ਹਰੀਜਨ ਕਲੋਨੀ ਦਿੱਲੀ ਵਿਖੇ ਸੈਨੀਟੋਰੀਅਮ ਹਸਤਪਤਾਲ ਵਿੱਚ ਦਾਖਲ ਕਰਵਾ ਦਿੱਤਾ ਗਿਆ ਜਿੱਥੇ ਉਹ ਕਾਫੀ ਲੰਬੇ ਸਮੇਂ ਤੱਕ ਜੇਰੇ ਇਲਾਜ ਰਹੇ ਸਨ।

1937 ਵਿੱਚ ਦੁਰਗਾ ਭਾਬੀ ਦਿੱਲੀ ਕਾਂਗਰਸ ਕਮੇਟੀ ਦੀ ਪੀ. ਸੀ. ਸੀ. ਦੀ ਪ੍ਰਧਾਨ ਚੁਣੀ ਗਈ ਸੀ। ਇਥੇ ਵੀ ਉਹ ਚੈਨ ਨਾਲ ਨਹੀਂ ਬੈਠੇ ਸਗੋਂ 1938 ਵਿੱਚ ਦਿੱਲੀ ਪੀ. ਸੀ. ਸੀ. ਦੀ ਅਗਵਾਈ ਵਿੱਚ ਕੁੱਝ ਸਾਥੀਆਂ ਵਲੋਂ ਇੱਕ ਹੜਤਾਲ ਕੀਤੀ ਗਈ ਸੀ ਜਿਸ ਵਿੱਚ ਬਾਕੀ ਸਾਥੀਆਂ ਸਮੇਤ ਉਨ੍ਹਾਂ ਨੂੰ ਵੀ ਗ੍ਰਿਫਤਾਰ ਕਰ ਲਿਆ ਗਿਆ ਸੀ। ਉਸ ਮਗਰੋਂ ਉਸੇ ਸਾਲ ਉਹ ਲਖਨਊ ਚਲੀ ਗਈ ਸੀ ਅਤੇ ਆਪਣੀ ਦਿੱਲੀ ਪੀ. ਸੀ. ਸੀ. ਦੀ ਮੈਂਬਰਸ਼ਿਪ ਯੂ. ਪੀ. ਦੀ ਕਾਂਗਰਸ ਕਮੇਟੀ ਵਿੱਚ ਬਦਲਵਾ ਲਈ ਸੀ। ਉਥੇ ਉਨ੍ਹਾਂ ਨੂੰ ਤ੍ਰਿਪੁਰਾ ਕਾਂਗਰਸ ਲਈ ਆਜ਼ਮਗੜ੍ਹ ਤੋਂ ਡੈਲੀਗੇਟ ਚੁਣਿਆ

ਗਿਆ ਸੀ। 1939 ਵਿੱਚ ਉਨ੍ਹਾਂ ਨੇ ਮਦਰਾਸ ਤੋਂ ਮਾਂਟੈਸਰੀ ਦੀ ਸਿਖਲਾਈ ਪ੍ਰਾਪਤ ਕੀਤੀ ਅਤੇ ਜੁਲਾਈ 1940 ਵਿੱਚ ਵਾਪਸ ਆ ਕੇ ਲਖਨਊ ਵਿੱਚ ਗਰੀਬਾਂ ਦੇ ਬੱਚਿਆਂ ਲਈ ਜਿਹੜੇ ਫੀਸਾਂ ਦੇਣ ਦੇ ਅਸਮੱਰਥ ਸਨ, ਮਾਂਟੈਸਰੀ ਸਕੂਲ ਦੀ ਸਥਾਪਨਾ ਕੀਤੀ ਜਿਹੜਾ ਹੁਣ ਲਖਨਊ ਮਾਂਟੈਸਰੀ ਇੰਟਰਮੀਡੀਏਟ ਕਾਲਜ ਬਣ ਗਿਆ ਹੈ। ਇੱਥੇ ਰਹਿ ਕੇ ਉਨ੍ਹਾਂ ਨੇ ਦੇਸ਼ ਦੀ ਉਸਾਰੂ ਸੇਵਾ ਕੀਤੀ ਸੀ। ਉਹ ਜਾਣਦੀ ਸੀ ਕਿ ਦੇਸ਼ ਨੂੰ ਕ੍ਰਾਂਤੀਕਾਰੀ, ਸਘੰਰਸ਼ਾਂ ਵਿੱਚ ਨਿਤਰਨ ਵਾਲੇ ਤੇ ਹਰ ਕਿਸਮ ਦੀਆਂ ਕੁਰਬਾਨੀਆਂ ਕਰਨ ਵਾਲੇ ਦੇਸ਼ ਪ੍ਰੇਮੀਆਂ ਦੀ ਬਹੁਤ ਜਰੂਰਤ ਹੈ। ਉਸਨੇ ਆਪਣੇ ਕ੍ਰਾਂਤੀਕਾਰੀ ਜੀਵਨ ਤੋਂ ਪ੍ਰਾਪਤ ਕੀਤੇ ਤਜ਼ਰਬਿਆਂ ਤੋਂ ਦੇਸ਼ ਲਈ ਯੋਗਤਾ ਭਰਪੂਰ ਨੌਜਵਾਨ ਨਾਗਰਿਕ ਤਿਆਰ ਕਰਨ ਲਈ ਸਿੱਖਿਆ ਦੇਣ ਦਾ ਕੰਮ ਸ਼ੁਰੂ ਕੀਤਾ ਸੀ। ਆਪਣੇ ਦ੍ਰਿੜ ਸੰਕਲਪ ਨਾਲ ਇਥੇ ਰਹਿੰਦੇ ਹੋਏ ਹੀ ਉਸ ਮਹਾਂਨ ਵੀਰਾਂਗਣਾ ਨੇ ਬੱਚਿਆਂ ਨੂੰ ਛੋਟੇ ਹੁੰਦੇ ਤੋਂ ਹੀ ਉਨ੍ਹਾਂ ਅੰਦਰਲੇ ਗੁਣਾਂ ਨੂੰ ਪ੍ਰਫੁੱਲਤ ਕਰਦੇ ਇਸ ਸੰਸਥਾ ਰਾਹੀਂ ਬੇਹਤਰੀਨ ਨਾਗਰਿਕ ਬਣਾਉਣ ਵਿੱਚ ਆਪਣਾ ਬਾਕੀ ਦਾ ਜੀਵਨ ਲਗਾ ਦਿੱਤਾ ਸੀ। 90 ਸਾਲ ਦੀ ਉਮਰ ਵਿੱਚ ਲਖਨਊ ਵਿਖੇ ਹੀ ਉਨ੍ਹਾਂ ਦਾ ਦੇਹਾਂਤ ਹੋ ਗਿਆ ਸੀ।

ਦੇਸ਼ ਨੂੰ 15 ਅਗਸ਼ਤ, 1947 ਨੂੰ ਆਜ਼ਾਦੀ ਮਿਲ ਗਈ ਸੀ। ਆਜ਼ਾਦ ਭਾਰਤ ਦੀ ਜਿਨ੍ਹਾਂ ਲੋਕਾਂ ਦੇ ਹੱਥਾਂ ਵਿੱਚ ਵਾਗਡੋਰ ਆਈ ਉਨ੍ਹਾਂ ਨੇ ਅਣਗਿਣਤ ਹਿੰਦੀਆਂ ਦੀਆਂ ਲਹੂ-ਵੀਟਵੀਂਆਂ ਕੁਰਬਾਨੀਆਂ ਨਾਲ ਸਿੰਜੀ ਇਸ ਆਜ਼ਾਦੀ ਨੂੰ ਆਪਣੇ ਲਈ ਤਾਂ ਵਰਤ ਲਿਆ ਪ੍ਰੰਤੂ ਆਪਣੀ ਸੱਤਾ ਦੇ ਲਾਲਚ ਵਿੱਚ ਉਨ੍ਹਾਂ ਦੇਸ਼ ਭਗਤਾਂ ਦੇ ਵਿਰਸੇ ਨੂੰ ਅਣਦੇਖਿਆ ਕਰ ਦਿੱਤਾ ਜਿਨ੍ਹਾਂ ਨੇ ਅੰਗਰੇਜ਼ਾਂ ਨਾਲ ਸੰਘਰਸ਼ ਕਰਦਿਆਂ ਕਾਲੇ ਪਾਣੀਆਂ ਦੀਆਂ ਕਾਲ-ਕੋਠੜੀਆਂ ਦੀਆਂ ਭਿਆਨਕ ਸਜ਼ਾਵਾਂ ਕੱਟੀਆਂ, ਫਾਂਸੀ ਦੇ ਤਖਤਿਆਂ ਤੇ ਹੱਸ ਹੱਸ ਆਪਣੀਆਂ ਜਾਨਾਂ ਦੇ ਦਿੱਤੀਆਂ, ਅੰਗਰੇਜ਼ ਸਰਕਾਰ ਵਲੋਂ ਚਲਾਈਆਂ ਗਈਆਂ ਗੋਲੀਆਂ ਦੇ ਸ਼ਿਕਾਰ ਹੋਏ ਅਤੇ ਜਲਾਵਤਨੀਆਂ ਦੇ ਨਰਕੀ ਜੀਵਨ ਭੋਗੇ ਸਨ ਭੂੰਨ। ਇੱਥੋਂ ਤੱਕ ਕਿ ਬਰਤਾਨਵੀ ਸਰਕਾਰ ਵਲੋਂ ਆਜ਼ਾਦੀ ਦੇ ਦਿਵਾਨਿਆਂ ਦੇ ਜਹਾਜਾਂ ਤੱਕ ਨੂੰ ਸਮੁੰਦਰ ਦੇ ਡੂੰਘੇ ਪਾਣੀਆਂ ਵਿੱਚ ਡੁਬੋ ਕੇ ਮਾਰ-ਮੁਕਾ ਦੇਣ ਦੀਆਂ ਚਾਲਾਂ ਵੀ ਚੱਲੀਆਂ ਗਈਆਂ ਸਨ ਅਤੇ ਉਨ੍ਹਾਂ ਵਿੱਚੋਂ ਜਿਹੜੇ ਬਚ ਕੇ ਆਏ ਉਨ੍ਹਾਂ ਨੂੰ ਜਲਾ-ਵਤਨੀਆਂ, ਰਿਹਾਇਸ-ਗਾਹਾਂ ਅੰਦਰ ਹੀ ਕੈਦ ਕਰਨ ਦੀਆਂ ਘਿਨਾਉਣੀਆਂ ਹਰਕਤਾਂ ਰਾਹੀਂ ਦੁਰਗਾ ਭਾਬੀ ਜਿਹੀਆਂ ਅਨੇਕਾਂ ਹੀ ਵੀਰਾਂਗਣਾਂ ਨੂੰ ਆਪਣੇ ਹੰਝੂਆਂ ਨੂੰ ਪੀ ਲੈਣ ਲਈ ਵੀ ਮਜ਼ਬੂਰ ਕੀਤਾ ਗਿਆ ਸੀ।

ਸਿਤਮ ਤਾਂ ਇਸ ਗੱਲ ਦਾ ਹੈ ਕਿ ਆਜ਼ਾਦੀ ਦਾ ਦਿਨ ਹੋਵੇ ਜਾਂ 8 ਮਾਰਚ ਦਾ ਕੌਮਾਂਤਰੀ ਇਸਤਰੀ ਦਿਵਸ, ਆਜ਼ਾਦ ਭਾਰਤ ਦੀਆਂ ਸਰਕਾਰਾਂ ਨੇ ਅੱਜ ਤੱਕ ਕਦੇ ਵੀ ਅਜਿਹੀਆਂ ਅਣਗਿਣਤ ਵੀਰਾਂਗਣਾਂ ਦੀਆਂ ਦੇਸ਼ ਪ੍ਰਤੀ ਕੀਤੀਆਂ ਗਈਆਂ ਲਾਮਿਸਾਲ ਕੁਰਬਾਨੀਆਂ ਨੂੰ ਨਾ ਤਾਂ ਯਾਦ ਕੀਤਾ ਅਤੇ ਨਾ ਹੀ ਸਨਮਾਨਿਤ ਕੀਤਾ, ਸਗੋਂ ਉਨ੍ਹਾਂ ਨੂੰ ਸਦਾ ਅਣਗੌਲਿਆ ਹੀ ਕੀਤਾ ਗਿਆ। ਦੇਸ਼ ਦੀਆਂ ਹਰ ਰੰਗ ਦੀਆਂ ਸੱਤਾਧਾਰੀ ਪਾਰਟੀਆਂ ਵਿੱਚ ਇਹ ਤਾਂ ਹੋੜ ਲੱਗੀ ਹੋਈ ਹੈ ਕਿ ਕਿਸੇ ਨਾ ਕਿਸੇ ਤਰ੍ਹਾਂ ਆਪਣੇ ਪਰਿਵਾਰਕ ਜੀਆਂ ਜਾਂ ਆਪਣੇ ਚਹੇਤਿਆਂ ਦੇ ਨਾਂਅ ਦੇ ਬੁੱਤ ਜਾਂ ਯਾਦਗਾਰਾਂ ਤਾਂ ਬਣਵਾ ਲਈਏ ਪ੍ਰੰਤੂ ਅਸਲੀ ਦੇਸ਼ ਭਗਤਾਂ ਨੂੰ ਇਤਿਹਾਸ ਦੇ ਪੰਨਿਆਂ ਉਤੇ ਲਿਆਉਣ ਦੀ ਕਿਸੇ ਨੂੰ ਵੀ ਚਿੰਤਾ ਨਹੀਂ ਹੋਈ। ਇਨ੍ਹਾਂ ਲੋਕਾਂ ਨੇ ਰਾਜਸੱਤਾ ਆਪਣੇ

ਪਰਿਵਾਰ ਦੀ ਹੀ ਵਿਰਾਸਤ ਬਣਾ ਕੇ ਅੱਗੇ ਤੋਂ ਅੱਗੇ ਆਪਣੇ ਨੂੰਹ-ਪੁੱਤ, ਧੀ-ਜਵਾਈ, ਪੋਤੇ-ਦੋਹਤਿਆਂ ਦੇ ਨਾਂ ਹੀ ਕਰ ਰੱਖੀ ਹੈ। ਜਿਨ੍ਹਾਂ ਦੇਸ਼ ਭਗਤਾਂ ਦੀਆਂ ਘਾਲਣਾਵਾਂ ਰਾਹੀਂ ਆਜ਼ਾਦੀ ਪ੍ਰਾਪਤ ਹੋਈ ਸੀ ਉਨ੍ਹਾਂ ਮਹਾਨ ਹਸਤੀਆਂ ਨੂੰ ਯਾਦ ਕਰਨਾ ਤਾਂ ਦੂਰ ਉਨ੍ਹਾਂ ਦੁਆਰਾ ਕੀਤੇ ਗਏ ਸੰਘਰਸ਼ਾਂ ਦੀ ਮਹੱਤਤਾ ਨੂੰ ਵੀ ਮਿੱਟੀ ਵਿੱਚ ਰੋਲ ਦਿੱਤਾ ਹੈ। ਇਸ ਨਾਲੋਂ ਵੀ ਸਭ ਤੋਂ ਵੱਡੀ ਦੁਖਦਾਈ ਗੱਲ ਤਾਂ ਇਹ ਹੈ ਕਿ ਇਨ੍ਹਾਂ ਮਹਾਨ ਜੋਧਿਆਂ ਉਤੇ ਅੰਗਰੇਜ਼ਾਂ ਵਲੋਂ ਲਗਾਏ ਗਏ ਦੇਸ਼-ਧ੍ਰੋਹੀ ਦੇ ਦੋਸ਼ਾਂ ਅਤੇ ਗੈਰਮਨੁੱਖੀ ਸਜਾਵਾਂ ਪ੍ਰਤੀ ਅੱਜ ਤੱਕ ਕਿਸੇ ਵੀ ਸਰਕਾਰ ਵਲੋਂ ਕੋਈ ਨਿਖੇਧੀ ਮਤਾ, ਕਾਨੂੰਨ ਜਾਂ ਐਲਾਨਨਾਮਾ ਵੀ ਜਾਰੀ ਨਹੀਂ ਕੀਤਾ ਗਿਆ।

ਦੁਰਗਾ ਭਾਬੀ ਵਾਰੇ ਉਪਲੱਬਦ ਭਾਂਤ-ਭਾਂਤ ਦੇ ਦਸਤਾਵੇਜ਼ਾਂ, ਰਿਪੋਰਟਾਂ, ਮੁਲਾਕਾਤਾਂ ਦੀ ਸਾਰਣੀ---

ੳ.--ਮਹਾਤਮਾ ਗਾਂਧੀ ਨਾਲ ਸਿਆਸੀ ਮੁਲਾਕਾਤਾਂ---

(1). ਪਹਿਲੀ ਮੁਲਾਕਾਤ---1931(ਦੁਰਗਾ ਭਾਬੀ ਦੀ ਜ਼ਬਾਨੀ)

ਮੈਂ ਪਹਿਲੀ ਵਾਰੀ ਗਾਂਧੀ ਜੀ ਨੂੰ 1931 ਦੌਰਾਨ ਉਸ ਵੇਲੇ ਮਿਲੀ ਸੀ ਜਦੋਂ ਗਾਂਧੀ ਤੇ ਵਾਇਸਰਾਏ ਇਰਵਨ ਵਿਚਾਲੇ ਗੱਲਬਾਤ ਚੱਲ ਰਹੀ ਸੀ। ਮੈਂ ਗਾਂਧੀ ਜੀ ਨੂੰ ਸਿਆਸੀ ਕੈਦੀਆਂ ਦੀ ਰਿਹਾਈ ਦੀ ਸੂਰਤ ਨੂੰ ਸਮਝੌਤੇ ਦੇ ਮੁੱਦੇ ਵਜੋਂ ਪੇਸ਼ ਕਰਨ ਲਈ ਰਾਜ਼ੀ ਕਰਨ ਲਈ ਗਾਂਧੀ ਜੀ ਕੋਲ ਪਹੁੰਚ ਕੀਤੀ ਸੀ। ਮੈਂ ਰਘੂਨੰਦਨ ਸ਼ਰਨ ਤੇ ਸੁਸ਼ੀਲਾ ਦੀਦੀ ਨਾਲ ਡਾ. ਅਨਸਾਰੀ ਦੀ ਕੋਠੀ ਤੇ ਗਾਂਧੀ ਜੀ ਨੂੰ ਮਿਲੀ ਸਾਂ। ਉਥੇ ਪਹੁੰਚ ਕੇ ਅਸੀਂ ਪਹਿਲਾਂ ਪੰਡਤ ਜਵਾਹਰ ਲਾਲ ਨਹਿਰੂ ਨੂੰ ਮਿਲੇ, ਜੋ ਸਾਨੂੰ ਬੜੇ ਚਾਅ ਨਾਲ ਮਿਲਿਆ ਸੀ। ਸਾਡੀ ਗਾਂਧੀ ਜੀ ਨਾਲ ਹੋਣ ਜਾ ਰਹੀ ਮੁਲਾਕਾਤ ਦੇ ਉਦੇਸ਼ ਬਾਰੇ ਤਾਂ ਉਹਨੇ ਕੁੱਝ ਕਹਿਣੋਂ ਸੰਕੋਚ ਹੀ ਕੀਤਾ, ਪਰ ਉਹਦੇ ਹਾਵ-ਭਾਵ ਤੋਂ ਲੱਗਦਾ ਸੀ ਕਿ ਉਹ ਇਸ ਬਾਰੇ 'ਕੁੱਝ ਨਾ ਕੁੱਝ' ਕੀਤੇ ਜਾਣ ਦੇ ਹੱਕ ਵਿੱਚ ਸੀ।

ਗਾਂਧੀ ਜੀ ਨੇ ਸਾਨੂੰ ਵੇਖਦੇ ਸਾਰ ਹੀ 'ਸਮਝ ਲਿਆ' ਕਿ ਜਿਵੇਂ ਅਸੀਂ ਰੂਹਪੋਸ਼ੀ ਦੀ ਜ਼ਿੰਦਗੀ ਤੋਂ ਤੰਗ ਆਕੇ, ਆਪਣੇ ਵਿਰੁੱਧ ਜਾਰੀ ਵਾਰੰਟ ਵਾਪਸ ਕਰਵਾਉਣ ਦੀ ਮਨਸ਼ਾ ਨਾਲ ਆਏ ਹੋਈਏ। ਸੋ ਮੇਰੇ ਮੂੰਹ ਖੋਲ੍ਹਣੋਂ ਪਹਿਲਾਂ ਹੀ ਉਹਨਾਂ ਫਰਮਾਇਆ, "ਤੂੰ ਜਾ ਕੇ ਪੁਲਿਸ ਦੇ ਪੇਸ਼ ਹੋ ਜਾ, ਮੈਂ ਤੇਰੇ ਲਈ ਕੁੱਝ ਕਰਨ ਦਾ ਚਾਰਾ ਕਰਾਂਗਾ।"

ਮੈਂ ਬੜੇ ਦੁਖੀ ਮਨ ਨਾਲ ਕਿਹਾ, "ਅਸੀਂ ਇੱਥੇ ਆਪਣੇ ਵਾਸਤੇ ਨਹੀਂ ਆਏ, ਬਲਕਿ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਹੋਰਾਂ ਲਈ ਆਏ ਹਾਂ ਕਿ ਤੁਸੀਂ ਉਹਨਾਂ ਦੇ ਮਾਮਲੇ 'ਚ ਦਖ਼ਲ ਦਿਓ।"

"ਉਹ ਹਿੰਸਾਵਾਦੀ ਨੇ", ਗਾਂਧੀ ਜੀ ਦਾ ਦੋ ਟੂਕ ਜਵਾਬ ਸੀ।

ਫੇਰ 'ਮਹਾਤਮਾ ਜੀ' ਨੇ 'ਐਧਰ-ਓਧਰ' ਦੀਆਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ ਤੇ ਅਸੀਂ ਵਾਪਸ ਆ ਗਏ।

(2) ਦੂਜੀ ਮੁਲਾਕਾਤ:- 1938

ਮੈਂ ਦੂਜੀ ਵਾਰ ਉਹਨਾਂ ਨੂੰ ਸੱਤ ਸਾਲ ਪਿਛੋਂ 1938 'ਚ ਮਿਲੀ ਸਾਂ, ਜਦੋਂ 1937 ਦੀਆਂ ਅਸੈਂਬਲੀ ਚੋਣਾਂ ਪਿਛੋਂ ਪਹਿਲੀ ਵਾਰੀ ਕੁਝ ਸੂਬਿਆਂ ਵਿੱਚ ਕਾਂਗਰਸੀ

ਸਰਕਾਰਾਂ ਬਣੀਆਂ ਸਨ। ਅਸੀਂ ਆਪਣੇ ਦੋ ਜੇਲ੍ਹੀਂ ਸਾਥੀਆਂ ਭਗਵਾਨ ਦਾਸ ਮਾਹੌਰ ਅਤੇ ਸਦਾਸ਼ਿਵਰਾਵ ਮਲਕਾਪੁਰਕੁਰ ਦੀ ਰਿਹਾਈ ਲਈ ਮਿਲਣ ਗਏ ਸਾਂ, ਜੋ ਭੁਸਾਵਲ ਕੇਸ 'ਚ ਲੰਮੀ ਕੈਦ ਭੁਗਤ ਚੁੱਕੇ ਹੋਏ ਸਨ। ਅਸੀਂ ਉਹਨਾਂ ਨੂੰ ਇਹ ਕਹਿਣਾ ਸੀ ਕਿ ਉਹ ਇਸ ਮਾਮਲੇ 'ਚ ਦਖ਼ਲ ਦੇਕੇ ਉਹਨਾਂ ਦੀ ਰਿਹਾਈ ਸੁਨਿਸਚਿਤ ਕਰਨ। ਸਾਡੀ ਇਹ ਮੁਲਾਕਾਤ ਗੱਡੀ ਵਿੱਚ ਹੋਈ, ਜਦੋਂ ਉਹ ਲਾਹੌਰ ਤੋਂ ਗੁਜਰਾਤ ਸਹਿਰ ਵੱਲ ਨੂੰ ਜਾ ਰਹੇ ਸਨ। ਨਾਰੋਜੀ ਭੈਣ, ਜੋ ਮੇਰੀ ਦਿੱਲੀ ਰਿਹਾਇਸ਼ ਦੌਰਾਨ ਮੇਰੇ ਕੋਲ ਆਕੇ ਠਹਿਰਦੇ ਹੁੰਦੇ ਸਨ, ਉਹਨਾਂ ਨੇ ਮੇਰੀ ਇਹ ਮੁਲਾਕਾਤ ਕਰਵਾਈ ਸੀ, ਤੇ ਜੋ ਮੁਲਾਕਾਤ ਵੇਲੇ ਵੀ ਮੌਜੂਦ ਸਨ।

ਮੈਂ ਗਾਂਧੀ ਜੀ ਨੂੰ ਏਕਾਂਤ ਵਿੱਚ ਮਿਲਣ ਦੀ ਬੇਨਤੀ ਕੀਤੀ ਕਿਉਂਕਿ ਉਸ ਵੇਲੇ ਪਿਆਰੇ ਲਾਲ ਭੋਲਾਭਾਈ ਦੇਸਾਈ, ਸੁਸ਼ੀਲਾ ਨਯੀਅਰ, ਆਦਿ ਉਹਨਾਂ ਕੋਲ ਬੈਠੇ ਹੋਏ ਸਨ। ਸੋ ਅਸੀਂ ਉਸ ਵੱਡੇ ਸਾਰੇ ਡੱਬੇ ਦੇ ਇਕ ਵੱਖਰੇ ਜਿਹੇ ਕੋਨੇ ਤੇ ਬੈਠ ਕੇ ਗਲਬਾਤ ਕੀਤੀ।

ਉਸ ਵੇਲੇ ਦੀ ਯੂ.ਪੀ. ਦੀ ਕਾਂਗਰਸੀ ਸਰਕਾਰ ਦੀ ਕਿਸੇ ਕੈਦੀ ਨੂੰ ਉਹਦੀ ਕੈਦ ਦੀ ਮਿਆਦ ਪੁਗਣ ਤੋਂ ਪਹਿਲਾਂ ਰਿਹਾਈ ਲਈ ਸ਼ਰਤ ਰੱਖੀ ਹੋਈ ਸੀ ਕਿ ਉਹ ਲਿਖਤੀ ਤੌਰ ਤੇ ਭਰੋਸਾ ਦੇਵੇ ਕਿ ਉਹ ਹੁਣ ਹਿੰਸਾ ਵਿੱਚ ਯਕੀਨ ਨਹੀਂ ਰੱਖਦਾ ਤੇ ਅੱਗੇ ਤੋਂ ਕੋਈ ਹਿੰਸਕ ਕਾਰਵਾਈ ਨਹੀਂ ਕਰੇਗਾ। ਅਸੀਂ ਆਪਣੇ ਵੱਲੋਂ ਸਰਕਾਰ ਨੂੰ ਇਹ ਮਨਾਉਣ ਲਈ ਉਪਰਾਲਾ ਕਰ ਰਹੇ ਸਾਂ ਕਿ ਇਹਨਾਂ ਨੂੰ ਬਿਨਾ ਸ਼ਰਤ ਰਿਹਾ ਕਰ ਦਿੱਤਾ ਜਾਵੇ। ਸਾਡੇ ਦੋਵੇਂ ਸਾਥੀ ਕਿਸੇ ਕੀਮਤ ਤੇ ਵੀ ਨਿੱਜੀ ਤੌਰ ਤੇ ਕੋਈ ਅਜੇਹਾ ਭਰੋਸਾ ਲਿਖਤੀ ਰੂਪ ਵਿੱਚ ਦੇਣ ਲਈ ਤਿਆਰ ਨਹੀਂ ਸਨ, ਹਾਲਾਂਕਿ ਬਦਲ ਚੁਕੇ ਹਾਲਾਤ ਵਿੱਚ ਹਿੰਸਕ ਕਾਰਵਾਈਆਂ ਦੀ ਕੋਈ ਤੁਕ ਰਹਿ ਨਹੀਂ ਸੀ ਗਈ।

ਇਸ ਮਾਮਲੇ 'ਚ ਬੰਬਈ ਸਰਕਾਰ ਨਾਲ (ਯੂ.ਪੀ. ਸਰਕਾਰ ਦਾ) ਪੱਤਰ ਵਿਹਾਰ ਹੋ ਰਿਹਾ ਸੀ, ਕਿਉਂਕਿ ਭੁਸਾਵਲ ਉਦੋਂ ਬੰਬਈ ਸੂਬੇ ਵਿੱਚ ਪੈਂਦਾ ਸੀ ਅਤੇ ਮੇਰੇ ਕੋਲ ਸੰਬੰਧਤ ਮਿਸਲ ਦੀ ਕਾਪੀ ਵੀ ਸੀ। ਗਾਂਧੀ ਜੀ ਇਹ ਮੰਨਣ ਲਈ ਤਿਆਰ ਨਹੀਂ ਸਨ ਕਿ ਇਹ ਰਿਹਾਈ (ਯੂ.ਪੀ.) ਸਰਕਾਰ ਦੇ ਹੱਥ-ਵੱਸ ਹੈ, ਪਰ ਉਹ ਰਿਹਾਅ ਕਰ ਨਹੀਂ ਰਹੀ। ਮੇਰੇ ਉਹਨਾਂ ਨੂੰ ਮਿਸਲ ਵਿਖਾਉਣ ਤੇ ਉਹਨਾ ਕਿਹਾ, "ਮੈਂ ਪੂਰੀ ਵਾਹ ਲਾਵਾਂਗਾ।"

ਪਿਛੋਂ ਫਿਰ ਮੈਨੂੰ ਉਹਨਾਂ ਨੇ ਮੇਰੇ ਨਿੱਜੀ ਰਹਿਣ-ਸਹਿਣ ਬਾਰੇ ਤੇ ਬੱਚੇ ਬਾਰੇ ਸੁਆਲ ਪੁਛਣੇ ਸ਼ੁਰੂ ਕਰ ਦਿੱਤੇ, ਜੋ ਉਹਨਾਂ ਦੀ 'ਜਾਦੂ ਦੀ ਛੜੀ' ਸੀ।

ਅ---ਭਾਬੀ ਪੁਲਿਸ ਅੱਗੇ ਪੇਸ਼

ਮੇਰੀ (ਦੁਰਗਾ ਦੇ) ਰੂਪੋਸ਼ੀ ਦੌਰਾਨ ਜਿਨੀ ਥਾਂਈਂ ਮੈਨੂੰ ਰਹਿਣਾ ਪਿਆ ਸੀ, ਉਹਨਾਂ 'ਚੋਂ ਸਭ ਤੋਂ ਜ਼ਿਆਦਾ ਵਾਰੀ ਮੈਂ ਅਲਾਹਾਬਾਦ ਟੰਡਨ ਜੀ ਦੇ ਘਰ ਰਹਿੰਦੀ ਰਹੀ ਸਾਂ। ਹੁਣ ਆਜ਼ਾਦ 'ਭਈਆ' ਦੀ ਸ਼ਹੀਦੀ ਪਿਛੋ ਪਾਰਟੀ ਦੀ ਹੋਂਦ ਤਾਂ ਰਹੀ ਨਾ ਸੀ। ਮੈਨੂੰ ਲੈ ਦੇ ਕੇ ਦਿੱਲੀ ਜਾਣਾ ਹੀ ਸੁਝਿਆ। ਹੁਣ ਅਸੀਂ ਕੁਝ ਕਰ ਤਾਂ ਸਕਦੇ ਨਹੀਂ ਸਾਂ, ਪਰ ਪੁਲਿਸ ਉਸੇ ਤਰ੍ਹਾਂ ਸਾਡੇ ਪਿਛੇ ਪਈ ਹੋਈ ਸੀ; ਬਲਕਿ ਹੁਣ ਪੁਲਿਸ ਨਾ ਤਾਂ ਮੈਨੂੰ ਫੜੇ ਤੇ ਨਾ ਹੀ ਮੇਰਾ ਪਿਛਾ ਛੱਡੇ। ਸ਼ਾਇਦ ਉਹ ਸੋਚ ਕੇ ਕਿ ਮੈਂ ਕਦੇ

ਨਾਂ ਕਦੇ ਤਾਂ ਕਿਸੇ ਗ੍ਰਿਫਤਾਰੀਉ ਬਚੇ ਸਾਥੀ ਕੋਲ ਜਾਵਾਂਗੀ ਹੀ, ਤੇ ਪੁਲਿਸ ਨੂੰ ਉਹਦਾ ਥਹੁ-ਪਤਾ ਲੱਗ ਹੀ ਜਾਏਗਾ, ਤੇ ਫਿਰ ਉਹ ਗ੍ਰਿਫਤਾਰੀਓਂ ਬਚ ਨਹੀਂ ਸਕੇਗਾ। ਜਿਹੜੇ ਵੀ ਦਿੱਲੀ ਦੇ ਹੋਟਲ 'ਚ ਅਸੀਂ ਦੋਵੇਂ ਠਹਿਰੀਏ, ਉਥੇ ਚਿੱਟ ਕਪੜੀਏ ਸਾਡੇ ਤੇ ਕੜੀ ਨਿਗਰਾਨੀ ਰੱਖਦੇ।

ਅਖੀਰ ਮੈਂ ਇੱਕ ਦਿਨ ਮਨ ਬਣਾ ਲਿਆ ਕਿ ਸ਼ਰੇਆਮ ਲਾਹੌਰ ਪਹੁੰਚ ਕੇ ਗ੍ਰਿਫਤਾਰ ਹੋ ਜਾਵਾਂ। ਲਾਹੌਰ ਪਹੁੰਚ ਕੇ ਸਿੱਧੀ ਮੈਂ 'ਫ੍ਰੀ ਪ੍ਰੈਸ ਔਫ ਇੰਡੀਆ' ਦੇ ਦਫ਼ਤਰ ਜਾਕੇ ਇਹ ਸਭ ਕੁੱਝ ਦਸਦਿਆਂ ਕਿਹਾ ਕਿ ਮੈਂ ਹੁਣ ਆਪਣੇ ਘਰ ਪਹੁੰਚ ਰਹੀ ਹਾਂ, ਤੇ 10-11 ਵਜੇ ਸਵੇਰੇ ਘਰ ਜਾ ਪਹੁੰਚੀ। ਉਸੇ ਵੇਲੇ ਦੋ ਲਾਰੀਆਂ ਵਿੱਚ ਸਵਾਰ ਪੁਲਿਸ ਉਥੇ ਆ ਧਮਕੀ। ਜਿਹੜੇ ਪੁਲਸੀਏ ਘਰ ਅੰਦਰ ਆਏ ਉਹਨਾਂ ਰਾਈਫ਼ਲਾਂ ਤੇ ਸੰਗੀਨਾਂ ਵੀ ਚੜ੍ਹਾ ਰੱਖੀਆਂ ਹੋਈਆਂ ਸਨ। ਮੈਨੂੰ ਫੜ ਕੇ ਲਾਹੌਰ ਦੇ ਕਿਲ੍ਹੇ 'ਚ ਲੈ ਗਏ, ਜਿੱਥੇ ਮੈਨੂੰ 1818 ਐਕਟ ਅਧੀਨ ਛੇ ਮਹੀਨੇ ਦੀ ਕੈਦ ਤੇ ਪਿਛੋਂ ਤਿੰਨ ਸਾਲ ਮੇਰੇ ਲਈ ਪੰਜਾਬ ਅਤੇ ਦਿੱਲੀ ਅੰਦਰ ਦਾਖਿਲ ਹੋਣਾ ਵਰਜਿਤ ਕਰ ਦਿੱਤਾ।

ਏ--ਅਖ਼ਬਾਰੀ ਰਿਪੋਰਟ — "ਦੀ ਟ੍ਰਿਬਿਊਨ", 16 ਸਤੰਬਰ 1932:

ਸ਼੍ਰੀਮਤੀ ਭਗਵਤੀ ਚਰਨ ਅਤੇ ਪ੍ਰੋਫੈਸਰ ਟੰਡਨ ਗ੍ਰਿਫਤਾਰ

ਅਚਾਨਕ ਫ੍ਰੀ ਪ੍ਰੈਸ, ਲਾਹੌਰ ਦੇ ਦਫ਼ਤਰ ਪਹੁੰਚ ਕੇ, ਪੁਲਿਸ ਨੂੰ ਆਪਣੇ ਪਹੁੰਚਣ ਦੀ ਇਤਲਾਲ ਦੇ ਦਿੱਤੀ—

ਲਾਹੌਰ ਸਤੰਬਰ 14:

ਭਗਵਤੀ ਚਰਨ ਦੀ ਪਤਨੀ ਦੁਰਗਾ ਦੇਵੀ ਅਤੇ ਪ੍ਰੋ: ਸੰਪੂਰਨ ਸਿੰਘ ਟੰਡਨ ਨੂੰ ਗਵਾਲਮੰਡੀ ਥਾਨੇ ਦੀ ਪੁਲਿਸ ਨੇ ਸ਼੍ਰੀਮਤੀ ਦੁਰਗਾ ਦੇਵੀ ਦੇ ਮਿਲਖੀ ਰਾਮ ਗਲੀ ਸਥਿਤ ਮਕਾਨ ਤੋਂ ਗ੍ਰਿਫਤਾਰ ਕੀਤਾ ਹੈ।

ਉਹਨਾਂ ਦੋਹਾਂ ਨੂੰ ਲਾਹੌਰ ਤੇ ਦਿੱਲੀ ਸਾਜਿਸ਼ ਕੇਸਾਂ 'ਚ ਭਗੌੜੇ ਕਰਾਰ ਦਿੱਤਾ ਗਿਆ ਸੀ ਤੇ ਉਹਨਾਂ ਦੀ ਗ੍ਰਿਫਤਾਰੀ ਲਈ, ਕ੍ਰਮਵਾਰ 500 ਰੁਪੈ ਤੇ 200 ਰੁਪੈ ਇਨਾਮ ਵੀ ਐਲਾਨੇ ਹੋਏ ਸੀ।

ਇਹ ਦੋਵੇ ਮਫਰੂਰ ਸਵੇਰੇ ਫ੍ਰੀ ਪ੍ਰੈਸ ਦੇ ਦਫ਼ਤਰ ਆਏ ਤੇ ਉਥੇ ਉਹ ਪੁਲਿਸ ਲਈ ਲਿਖਤੀ ਸੂਚਨਾ ਛੱਡ ਗਏ ਕਿ ਉਹ ਸ੍ਰੀਮਤੀ ਦੁਰਗਾ ਦੇਵੀ ਦੇ ਮਕਾਨ ਤੇ 24 ਘੰਟੇ ਰਹਿਣਗੇ ਤੇ ਪੁਲਿਸ ਜਦੋਂ ਚਾਹੇ ਉਹਨਾਂ ਨੂੰ ਉਥੋਂ ਗ੍ਰਿਫਤਾਰ ਕਰ ਸਕਦੀ ਹੈ।

ਸ---ਪ੍ਰੈਸ ਲਈ ਬਿਆਨ

ਜਿਹੜਾ ਬਿਆਨ ਕਥਿਤ ਮਫਰੂਰ ਵਿਅਕਤੀਆਂ ਵਲੋਂ ਫ੍ਰੀ ਪ੍ਰੈਸ ਲਈ ਜਾਰੀ ਕੀਤਾ ਗਿਆ, ਉਹਦੇ ਵਿੱਚ ਦਰਜ ਹੈ ਕਿ ਪਿਛਲੇ ਹਫ਼ਤੇ ਉਹਨਾਂ ਨੂੰ ਦਿੱਲੀ ਪੁਲਿਸ ਨੇ ਘੇਰੀ ਰੱਖਿਆ ਸੀ, ਪਰ ਗ੍ਰਿਫਤਾਰ ਨਹੀਂ ਸੀ ਕੀਤਾ ਅਤੇ ਉਦੋਂ ਤੋਂ ਹੀ ਲਗਾਤਾਰ ਪੁਲਿਸ ਉਹਨਾਂ ਦਾ ਪਰਛਾਵੇਂ ਵਾਂਗ ਪਿਛਾ ਕਰ ਰਹੀ ਹੈ ਤੇ ਉਹਨਾ ਦੀ ਜਾਹਿਰਾ ਤੌਰ ਤੇ ਸਾਡੇ ਉਹਨਾਂ ਦੋਸਤਾਂ ਦੀ ਪਛਾਣ ਕਰਨ ਦੀ ਹੈ ਜੋ ਸਾਡੀ ਇਸ ਮੁਸ਼ਕਿਲ ਵਿੱਚ ਸਾਡੀ ਸਹਾਇਤਾ ਕਰ ਰਹੇ ਹਨ, ਤਾਕਿ ਅਸੀਂ ਥੱਕ-ਹਾਰ ਕੇ ਉਹਨਾਂ ਦੋਸਤਾਂ ਕੋਲ ਸਹਾਇਤਾ ਲਈ ਪਹੁੰਚ ਕਰੀਏ। ਪਰ ਇਸ ਮਕਸਦ ਵਿੱਚ ਉਹਨਾਂ ਨੂੰ ਕੋਈ ਕਾਮਯਾਬੀ ਮਿਲ ਨਹੀਂ ਪਾਈ। ਇਹਨਾਂ ਹਾਲਾਤਾਂ ਨੂੰ ਧਿਆਨ ਵਿੱਚ ਰੱਖਦਿਆਂ ਅਸੀਂ

ਗ੍ਰਿਫਤਾਰ ਹੋਣ ਦਾ ਫੈਸਲਾ ਕੀਤਾ ਹੈ। ਉਹਨਾਂ ਇਹ ਵੀ ਦਾਅਵਾ ਕੀਤਾ ਕਿ ਉਹਨਾਂ ਬਾਰੇ ਸਰਕਾਰੀ ਐਲਾਨ ਸਚਾਈ ਤੋਂ ਕੋਹਾਂ ਦੂਰ ਹੈ।

ਹੁਣ ਪਤਾ ਲੱਗਾ ਹੈ ਕਿ ਪ੍ਰੋਫੈਸਰ ਸੰਪੂਰਨ ਸਿੰਘ ਨੂੰ ਲਾਹੌਰ ਕਿਲ੍ਹੇ ਤੇ ਸ਼੍ਰੀਮਤੀ ਵੋਹਰਾ ਨੂੰ ਜਨਾਨਾ ਜੇਲ੍ਹ ਲੈ ਜਾਇਆ ਗਿਆ ਹੈ।

ਙ--ਕੁੱਝ ਹੋਰ ਵੇਰਵੇ-----

ਦੱਸਿਆ ਜਾਂਦਾ ਹੈ ਕਿ ਦੋਵੇਂ ਮਫ਼ਰੂਰ ਮਕਾਨ ਤੇ 12 ਕੁ ਵਜੇ ਪਹੁੰਚੇ, ਜੋ ਕਿ ਆਂਢ-ਗਵਾਂਢ ਲਈ ਇਕ ਅਚੰਭਾ ਸੀ। ਡੀ.ਐਸ.ਪੀ., ਸੀ.ਆਈ.ਡੀ., ਦੋ ਪੁਲਿਸ ਇਨਸਪੈਕਟਰ, ਗਵਾਲ ਮੰਡੀ ਦਾ ਥਾਨੇਦਾਰ ਸਬ ਇਨਸਪੈਕਟਰ ਹਰਬੰਸ ਲਾਲ, ਤੇ ਰਿਵਾਲਵਰਾਂ-ਰਾਈਫਲਾਂ ਨਾਲ ਲੈਸ ਕੋਈ ਦੋ ਦਰਜਨ ਪੁਲਿਸ ਕਾਨਸਟੇਬਲ, ਲੱਗਭਗ 6 ਵਜੇ ਮੋਟਰ ਗੱਡੀਆਂ ਰਾਹੀਂ ਮਕਾਨ ਤੇ ਪਹੁੰਚੇ ਸਨ।

ਇੱਕ ਸਬ-ਇਨਸਪੈਕਟਰ ਨੇ ਘਰ ਦਾ ਦਰਵਾਜ਼ਾ ਖੜਕਾਇਆ, ਜੋ ਅੰਦਰੋਂ ਬੰਦ ਸੀ। ਸ੍ਰੀਮਤੀ ਦੁਰਗਾ ਦੇਵੀ ਆਈ ਤੇ ਦਰਵਾਜ਼ਾ ਖੋਲ੍ਹ ਦਿੱਤਾ ਤੇ ਥਾਨੇਦਾਰ ਨੂੰ ਪੁਛਿਆ, "ਉਹ ਕੀ ਚਾਹੁੰਦਾ ਹੈ?" ਉਸਦਾ ਜਵਾਬ ਸੀ ਕਿ ਉਹ ਉਹਨੂੰ ਗ੍ਰਿਫਤਾਰ ਕਰਨਾ ਚਾਹੁੰਦਾ ਹੈ। "ਮੈਂ ਤੋਂ ਸਵੇਰ ਦੀ ਤੁਹਾਡੀ ਉਡੀਕ ਕਰ ਰਹੀ ਹਾਂ" ਦੁਰਗਾ ਦੇਵੀ ਨੇ ਕਿਹਾ।

ਉਹ ਬਾਹਰ ਆ ਗਈ ਤੇ ਆਪਣੇ ਆਪ ਨੂੰ ਪੁਲਿਸ ਦੇ ਹਵਾਲੇ ਕਰ ਦਿੱਤਾ। ਰਿਵਾਲਵਰ ਫੜੀ ਪੁਲਿਸ ਘਰ ਦੇ ਅੰਦਰ ਵੜਣ ਹੀ ਲੱਗੀ ਸੀ ਕਿ ਪ੍ਰੋ: ਸੰਪੂਰਨ ਸਿੰਘ ਟੰਡਨ ਨੇ ਵੀ ਘਰੋਂ ਬਾਹਰ ਆਕੇ ਪੁਲਿਸ ਨੂੰ ਗ੍ਰਿਫਤਾਰੀ ਦੇ ਦਿੱਤੀ।

ਫਿਰ ਪੁਲਿਸ ਨੇ ਉਹਨਾਂ ਦੇ ਸਾਰੇ ਸਾਮਾਨ ਦੀ ਤਲਾਸ਼ੀ ਲਈ, ਪਰ ਕੋਈ ਇਤਰਾਜਯੋਗ ਚੀਜ਼ ਨਹੀਂ ਸੀ ਪਾਈ ਗਈ।

ਪਿਛੋਂ ਦੋਹਾਂ ਨੂੰ ਲਾਰੀ 'ਚ ਬਿਠਾਕੇ ਲਾਹੌਰ ਕਿਲ੍ਹੇ ਲੇ ਜਾਇਆ ਗਿਆ।

ਕ-----ਗ੍ਰਿਫਤਾਰੀ ਪਿਛੋਂ--------

ਜਿਸ ਮੈਜਿਸਟ੍ਰੇਟ ਅੱਗੇ ਉਹਨਾਂ ਨੂੰ ਪੇਸ਼ ਕੀਤਾ ਗਿਆ ਉਹਨਾਂ ਦੋਹਾਂ ਨੂੰ ਕਾਨੂੰਨ ਅਨੁਸਾਰ 14 ਦਿਨ ਦੇ ਅਦਾਲਤੀ 'ਰਿਮਾਂਡ' ਤੇ ਜੇਲ੍ਹ ਭੇਜ ਦਿੱਤਾ, ਪਰ ਚੂੰਕਿ ਉਸ ਵੇਲੇ ਤੱਕ ਦਿੱਲੀ ਸਾਜਿਸ਼ ਕੇਸ਼ ਅਤੇ ਲਾਹੌਰ ਸਾਜਿਸ਼ ਕੇਸ, ਦੋਵੇਂ ਵੀ ਨਿਬੜ ਚੁੱਕੇ ਹੋਏ ਸਨ, ਉਹਨਾਂ ਨੂੰ ਛੱਡ ਦੇਣ ਦਾ ਹੁਕਮ ਜਾਰੀ ਕੀਤਾ ਗਿਆ। ਪਰ ਜੋ, ਪੁਲਿਸ ਅਫਸਰ ਉਨ੍ਹਾਂ ਦੇ ਨਾਲ ਗਏ ਹੋਏ ਸਨ, ਉਹਨਾਂ ਇੱਕ ਨਵੇਂ ਵਾਰੰਟ ਰਾਹੀਂ ਦੁਰਗਾ ਦੇਵੀ ਨੂੰ ਗ੍ਰਿਫਤਾਰ ਕਰ ਲਿਆ ਤੇ ਛੇ ਮਹੀਨੇ ਲਈ 1818 ਐਕਟ ਅਧੀਨ ਜੇਲ੍ਹ ਭੇਜ ਦਿੱਤਾ। ਰਿਹਾਈ ਤੇ ਤੁਰੰਤ ਪਿਛੋਂ ਤਿੰਨ ਸਾਲ ਲਈ ਪੰਜਾਬ, ਦਿੱਲੀ ਅਤੇ ਦਿੱਲੀ 'ਚ ਦਾਖਿਲ ਹੋਣ ਦੀ ਮਨਾਹੀ ਕਰ ਦਿੱਤੀ।

ਖ------ਸ਼ਹੀਦ-ਏ-ਆਜ਼ਮ ਭਗਤ ਸਿੰਘ ਦਾ ਆਖਰੀ ਅਨਮੋਲ ਪੱਤਰ

22 ਮਾਰਚ, 1931 ਨੂੰ ਦੁਰਗਾ ਭਾਬੀ ਦੇ ਨਾਂ

ਸਾਡੀ ਕ੍ਰਾਂਤੀ ਦਾ ਉਦੇਸ਼----ਸਮਾਜਵਾਦੀ ਸਰਕਾਰ ਦੀ ਸਥਾਪਨਾ

1. ਦੇਸ਼ ਭਗਤੀ ਦਾ ਜਜ਼ਬਾ----'ਦੇਸ਼ ਭਗਤੀ ਲਈ ਫਾਂਸੀ ਸਰਵਉੱਚ ਇਨਾਮ ਹੈ। ਇਸ ਇਨਾਮ ਪ੍ਰਾਪਤ ਕਰਨ ਦਾ ਮੈਨੂੰ ਮਾਣ ਪ੍ਰਾਪਤ ਹੋਇਆ ਹੈ। ਅੰਗਰੇਜ ਸਰਕਾਰ

ਸੋਚਦੀ ਹੈ ਕਿ ਮੇਰੇ ਸ਼ਰੀਰ ਨੂੰ ਨਸ਼ਟ ਕਰਕੇ ਉਹ ਸੁਰੱਖਿਅਤ ਰਹਿ ਜਾਵੇਗੀ ਪਰ ਇਹ ਉਸਦਾ ਭਰਮ ਹੈ। ਸਰਕਾਰ ਮੇਰੇ ਸ਼ਰੀਰ ਨੂੰ ਕੁਚਲ ਸਕਦੀ ਹੈ ਮੇਰੇ ਵਿਚਾਰਾਂ ਨੂੰ ਨਹੀ– ਮਾਰ ਸਕਦੀ।

2. ਸਮਾਜਵਾਦ ਕੀ ਹੈ?---ਸਾਡੇ ਪੂਰਵਜਾਂ ਨੇ ਜਿਸ 'ਵਸੁਧੈਵ ਕੁਟੰਬਕਮ' ਦੀ ਗੱਲ ਕੀਤੀ ਸੀ ਉਸਦਾ ਅਰਥ ਸਾਰੇ ਸੰਸਾਰ ਵਿੱਚ ਸਮਾਨਤਾ ਦਾ ਹੈ। ਇਹ ਸਮਾਨਤਾ ਹੋਰ ਕੁੱਝ ਨਹੀ– ਸਮਾਜਵਾਦ ਹੈ। ਸਾਡੀ ਲੜਾਈ ਸਿਰਫ ਰਾਜਨੀਤਕ ਅਜ਼ਾਦੀ ਦੀ ਨਹੀ–ਸਮਾਜਕ ਅਤੇ ਆਰਥਿਕ ਅਜ਼ਾਦੀ ਤੋਂ ਬਿਨਾਂ ਰਾਜਨੀਤਕ ਲੜਾਈ ਅਧੂਰੀ ਹੈ।

3. ਧਰਮ ਬਾਰੇ ਵਿਚਾਰ---ਕ੍ਰਾਂਤੀਕਾਰੀ ਗਤੀਵਿਧੀਆਂ ਵਿੱਚ ਅਸੀ ਲੋਕਾਂ ਨੇ ਧਰਮ ਨੂੰ ਵੱਖ ਹੀ ਰੱਖਿਆ ਹੈ ਕਿਉਕਿ ਇਸ ਨਾਲ ਤੰਗਦਿਲੀਆਂ ਵੱਧਦੀਆਂ ਹਨ ਅਤੇ ਕ੍ਰਾਂਤੀ ਦੇ ਰਸਤੇ ਵਿੱਚ ਰੁਕਾਵਟਾਂ ਆਉਣ ਲਗਦੀਆਂ ਹਨ।

4. ਜਾਤ-ਪਾਤ ਬਾਰੇ---ਸਭ ਤੋ ਪਹਿਲਾਂ ਇਹ ਫੈਸਲਾ ਕਰ ਲੈਣਾ ਚਾਹੀਦਾ ਹੈ ਕਿ ਸਾਰੇ ਮਨੁੱਖ ਬਰਾਬਰ ਹਨ। ਕਿਉਂਕਿ ਨਾ ਤਾਂ ਜਨਮ ਤੋ ਕੋਈ ਵੱਖਰਾ ਪੈਦਾ ਹੋਇਆ ਹੈ ਨਾ ਕੰਮ ਵੰਡ ਤੋ। ਇੱਕ ਵਿਅਕਤੀ ਜੇ ਕਰ ਗਰੀਬ ਪਰਿਵਾਰ ਵਿੱਚ ਪੈਦਾ ਹੋ ਗਿਆ ਤਾਂ ਕੀ ਇਸ ਲਈ ਉਹ ਸਾਰਾ ਜੀਵਨ ਮੈਲਾ ਹੀ ਸਾਫ ਕਰੇਗਾ ਅਤੇ ਕੀ ਉਸਨੂੰ ਦੁਨੀਆਂ ਵਿੱਚ ਕਿਸੇ ਤਰਾਂ ਦਾ ਵਿਕਾਸ ਦਾ ਕੰਮ ਪ੍ਰਾਪਤ ਕਰਨ ਦਾ ਕੋਈ ਹੱਕ ਨਹੀ?

' ਇਨ੍ਹਾਂ ਸਿਧਾਂਤਵਾਦੀਆਂ ਨੇ ਬਹੁਤ ਮਾੜਾ ਕੰਮ ਕੀਤਾ। ਮਨੁੱਖ ਦੇ ਅੰਦਰੋ ਮਨੁੱਖਤਾ ਨੂੰ ਖਤਮ ਕਰ ਦਿੱਤਾ। ਆਤਮ ਵਿਸ਼ਵਾਸ਼ ਅਤੇ ਲੜਨ ਦੀ ਭਾਵਨਾ ਨੂੰ ਖਤਮ ਕਰ ਦਿੱਤਾ। ਬਹੁਤ ਜ਼ੁਲਮ ਅਤੇ ਅਨਿਆਂ ਕੀਤਾ ਗਿਆ। ਅਕਸਰ ਕਿਹਾ ਜਾਂਦਾ ਹੈ ਕਿ ਇਹ ਸਾਫ ਨਹੀ ਰਹਿੰਦੇ। ਇਸ ਦਾ ਉਤਰ ਸਾਫ ਹੈ ਕਿ ਇਹ ਗਰੀਬ ਹਨ, ਗਰੀਬ ਦਾ ਇਲਾਜ ਕਰੋ। ਉਚੀਆਂ ਜਾਤਾਂ ਦੇ ਵੀ ਗਰੀਬ ਲੋਕ ਘੱਟ ਗੰਦੇ ਨਹੀ ਹੁੰਦੇ। ਗੰਦਾ ਕੰਮ ਕਰਨ ਦਾ ਵੀ ਕੋਈ ਬਹਾਨਾ ਨਹੀ ਚੱਲ ਸਕਦਾ ਕਿਉਂਕਿ ਮਾਵਾਂ ਬੱਚਿਆਂ ਦਾ ਮੈਲਾ ਸਾਫ ਕਰਨ ਨਾਲ ਅਛੂਤ ਨਹੀ ਬਣ ਜਾਂਦੀਆਂ'।

5. ਇਨਕਲਾਬੀ ਲਲਕਾਰ----ਮੈਂ ਤਾਂ ਉਨ੍ਹਾਂ ਨੂੰ ਇਹੀ ਕਹਾਂਗਾ ਕਿ ਤੁਸੀ ਅਸਲੀ 'ਸਰਵਹਾਰਾ' ਹੋ। ਸੰਗਠਨਵੱਧ ਹੋ ਜਾਵੋ। ਤੁਹਾਡੀ ਕੁੱਝ ਵੀ ਹਾਨੀ ਨਹੀ ਹੋਵੇਗੀ। ਉਠੋ! ਵਰਤਮਾਨ ਪ੍ਰਬੰਧ ਵਿਰੁੱਧ ਬਗਾਵਤ ਖੜੀ ਕਰ ਦੇਵੋ। ਹੌਲੀ ਹੌਲੀ ਹੋਣ ਵਾਲੇ ਸੁਧਾਰਾਂ ਨਾਲ ਕੁੱਝ ਨਹੀ ਬਣੇਗਾ। ਸਮਾਜਿਕ ਅੰਦੋਲਨ ਨਾਲ ਕ੍ਰਾਂਤੀ ਪੈਦਾ ਕਰ ਦੇਵੋ ਤੁਸੀ ਹੀ ਦੇਸ਼ ਦਾ ਮੁੱਖ ਅਧਾਰ ਹੋ।

6. ਪੂੰਜੀਵਾਦ ਦੀਆਂ ਲਾਹਨਤਾਂ---ਧਰਮ ਦੀਆਂ ਸਾਰੀਆਂ ਵਿਸੰਗਤੀਆਂ, ਫਿਰਕੂ ਦੰਗੇ, ਉਚ-ਨੀਚ ਦੇ ਭੇਦ-ਭਾਵ, ਲੁੱਟ-ਖਸੁੱਟ, ਭ੍ਰਿਸ਼ਟਾਚਾਰ, ਸਮਾਜਕ-ਆਰਥਿਕ ਤਣਾਅ ਆਦਿ ਸਾਰੀਆਂ ਬੁਰਾਈਆਂ ਪੂੰਜੀਵਾਦ ਦੀ ਦੇਣ ਹਨ। ਮਾਰਕਸ ਦਾ ਸਹੀ ਸਮਾਜਵਾਦ ਹੀ ਇਸ ਦਾ ਹੱਲ ਹੈ। ਸਾਡੀ ਕ੍ਰਾਂਤੀ ਦਾ ਉਦੇਸ਼ ਸਮਾਜਵਾਦੀ ਸਰਕਾਰ ਦੀ ਸਥਾਪਨਾ ਹੈ। ਮਨੁੱਖ ਦੁਆਰਾ ਮਨੁੱਖ ਦਾ, ਇੱਕ ਰਾਸ਼ਟਰ ਦੁਆਰਾ ਦੂਜੇ ਰਾਸ਼ਟਰ ਦਾ ਸ਼ੋਸ਼ਣ ਇਸਦੇ ਰਾਹੀ ਹੀ ਹਟੇਗਾ'।

7. ਫਿਰਕੂ ਦੰਗਿਆਂ ਬਾਰੇ----ਜੇ ਅਸੀ ਫਿਰਕੂ ਦੰਗਿਆਂ ਦੀ ਜੜ੍ਹ ਫੜੀਏ

ਤਾਂ ਇਸ ਦਾ ਕਾਰਨ ਵੀ ਆਰਥਿਕ ਹੀ ਹੁੰਦਾ ਹੈ। ਆਰਥਿਕਤਾ ਹੀ ਸਾਰੇ ਵਿਵਾਦਾਂ ਦੀ ਜੜ੍ਹ ਹੈ। ਭੁੱਖ ਨਾਲ ਪੀੜ੍ਹਤ ਮਨੁੱਖ ਸਾਰੇ ਸਿਧਾਂਤਾਂ ਨੂੰ ਇੱਕ ਪਾਸੇ ਰੱਖ ਦਿੰਦਾ ਹੈ। ਲੋਕਾਂ ਨੂੰ ਜਮਾਤੀ ਚੇਤਨਾ ਦੀ ਲੋੜ ਹੈ।

8. ਆਪਣੀ ਕੁਰਬਾਨੀ ਵਾਰੇ ਵਿਚਾਰ---ਮੇਰੇ ਲਈ ਤਾਂ ਇਸ ਛੋਟੀ ਜਿੰਦਗੀ ਤੋ ਪਰ੍ਹਾਂ ਵੀ ਕੁੱਝ ਨਹੀ। ਮੇਰੇ ਲਈ ਤਾਂ ਇਹ ਵਰਤਮਾਨ ਹੀ ਸੱਚ ਹੈ। ਮੈਂ ਜਾਣਦਾ ਹਾਂ ਕਿ ਜਿਸ ਪਲ ਰੱਸੀ ਦਾ ਫੰਦਾ ਮੇਰੇ ਗਲ ਵਿੱਚ ਪੈ ਗਿਆ ਅਤੇ ਮੇਰੇ ਪੈਰਾਂ ਦੇ ਹੇਠੋ ਤਖਤਾ ਖਿੱਚ ਲਿਆ ਗਿਆ, ਉਹ ਹੀ ਪੂਰਨ ਵਿਸ਼ਰਾਮ ਹੋਵੇਗਾ। ਉਹੀ ਅੰਤਮ ਪਲ ਹੋਵੇਗਾ। ਮੈਂ ਉਥੇ ਹੀ ਸਮਾਪਤ ਹੋ ਜਾਵਾਂਗਾ। ਇੱਕ ਛੋਟੀ ਜਿਹੀ ਜੂਜਦੀ ਹੋਈ ਜਿੰਦਗੀ ਜਿਸਦੀ ਕੋਈ ਗੌਰਵਸ਼ਾਲੀ ਪ੍ਰਾਪਤੀ ਨਹੀ, ਆਪਣੇ ਆਪ ਵਿੱਚ ਖੁਦ ਇੱਕ ਇਨਾਮ ਹੋਵੇਗੀ। ਬਿਨਾਂ ਕਿਸੇ ਸਵਾਰਥ ਤੋ ਇੱਥੇ ਅਤੇ ਇਥੋ ਬਾਅਦ ਕਿਸੇ ਇਨਾਮ ਦੀ ਇੱਛਾ ਤੋ ਬਿਨਾ, ਮੈਂ ਆਪਣੇ ਜੀਵਨ ਨੂੰ ਅਜ਼ਾਦੀ ਦੇ ਉਦੇਸ਼ ਲਈ ਸਮਰਪਿਤ ਕਰ ਦਿੱਤਾ ਹੈ ਕਿਉ ਕਿ ਮੈਂ ਹੋਰ ਕੁੱਝ ਕਰ ਹੀ ਨਹੀ ਸਕਦਾ ਸੀ।

9. ਅਸਲ ਮੁਕਤੀ ਕਦੋ ਮਿਲੇਗੀ? ---ਜਿਸ ਦਿਨ ਸਾਨੂੰ ਇਸ ਮਨੋਬਿਰਤੀ ਦੇ ਬਹੁਤ ਸਾਰੇ ਮਰਦ ਅਤੇ ਔਰਤਾਂ ਮਿਲ ਜਾਣਗੇ ਜਿਹੜੇ ਆਪਣੇ ਜੀਵਨ ਨੂੰ ਮਨੁੱਖਤਾ ਦੀ ਸੇਵਾ ਅਤੇ ਪੀੜਤ ਮਨੁੱਖਤਾ ਦੇ ਕਲਿਆਣ ਲਈ ਸਮੱਰਪਤ ਕਰਨ ਵਾਸਤੇ ਤਿਆਰ ਹੋਣਗੇ, ਉਸ ਦਿਨ ਮੁਕਤੀ ਦੇ ਯੁੱਗ ਦਾ ਅਸਲੀ ਅਰੰਭ ਹੋਵੇਗਾ। ਉਹ ਸੋਸ਼ਕਾਂ, ਅਤਿਆਚਾਰੀਆਂ, ਜ਼ਾਲਮਾਂ ਨੂੰ ਚਣੌਤੀ ਦੇਣ ਲਈ ਅੱਗੇ ਆਉਗੇ। ਉਹ ਇਹ ਕੁੱਝ ਇਸ ਲਈ ਨਹੀ ਕਰਨਗੇ ਕਿ ਉਨ੍ਹਾਂ ਨੇ ਰਾਜਾ ਬਣਨਾ ਹੈ ਜਾਂ ਕੋਈ ਇਨਾਮ ਪ੍ਰਾਪਤ ਕਰਨਾ ਹੈ, ਇੱਥੇ ਜਾਂ ਅਗਲੇ ਜਨਮ ਵਿੱਚ ਜਾਂ ਸਵਰਗ ਵਿੱਚ। ਉਹ ਤਾਂ ਮਨੁੱਖਤਾ ਦੀ ਗਰਦਨ ਉਤੋ ਦਾਸ ਬਿਰਤੀ ਦਾ ਜੂਲਾ ਉਤਾਰਨ ਲਈ, ਮੁਕਤੀ ਅਤੇ ਸ਼ਾਂਤੀ ਦਾ ਮਾਰਗ ਅਪਨਾਉਣ ਲਈ ਅਜਿਹਾ ਕੁੱਝ ਕਰਨਗੇ।

10. ਭਗਤ ਸਿੰਘ ਦੀ ਜਿੰਦਗੀ ਦਾ ਉਦੇਸ਼---ਮੇਰੀ ਜਿੰਦਗੀ ਦਾ ਮੂਲ ਉਦੇਸ਼ ਆਪਣੇ ਦੇਸ਼ ਨੂੰ ਫਰੰਗੀਆਂ ਤੋ ਮੁੱਕਤ ਕਰਾਕੇ ਉਸਨੂੰ ਸ਼ਕਤੀਸ਼ਾਲੀ, ਸਮਾਜਵਾਦੀ ਰਾਸ਼ਟਰ ਬਨਾਉਣਾ ਹੈ। ਅਫਸੋਸ ਇਸ ਗੱਲ ਦਾ ਹੈ ਕਿ ਭਾਰਤਵਾਸੀਆਂ ਲਈ ਜੋ ਕੁੱਝ ਕਰਨ ਦੀਆਂ ਹਸਰਤਾਂ ਸਨ ਉਨ੍ਹਾਂ ਦਾ ਹਜ਼ਾਰਵਾਂ ਹਿੱਸਾ ਵੀ ਪੂਰਾ ਨਹੀ ਕਰ ਸਕਿਆ।

'ਦਿਲ ਸੇ ਨਿਕਲੇਗੀ ਨਾ ਮਾਰ ਕਰ ਭੀ
ਵਤਨ ਕੀ ਉਲਫਤ,
ਮੇਰੀ ਮਿੱਟੀ ਸੇ ਭੀ ਖੁਸ਼ਬੂਏ ਵਤਨ ਆਏਗੀ'।

ਵੀਰਾਂਗਣਾ ਡਾਕਟਰ ਕੈਪਟਨ ਲਕਸ਼ਮੀ ਸਹਿਗਲ



ਲਕਸ਼ਮੀ ਸਹਿਗਲ, ਜਿਸਦਾ ਨਾਂ ਲਕਸ਼ਮੀ ਸਵਾਮੀਨਾਥਨ ਸੀ, ਦਾ ਜਨਮ 24 ਅਕਤੂਬਰ 1914 ਨੂੰ ਮਦਰਾਸ ਦੇ ਤਾਮਿਲ ਪਰਿਵਾਰ ਵਿਚ ਹੋਇਆ। ਉਹ ਮਾਂ ਏ. ਵੀ. ਅੰਮੂ ਕੁਟੀ ਸਵਾਮੀਨਾਥਨ ਅਤੇ ਪਿਤਾ ਐਸ ਸਵਾਮੀ ਨਾਥਨ ਦੇ ਚਾਰ ਬੱਚਿਆਂ ਵਿੱਚੋਂ ਦੂਸਰੇ ਨੰਬਰ ਦੀ ਸੰਤਾਨ ਸੀ। ਭਾਵੇਂ ਉਸਦਾ ਪਾਲਣ-ਪੋਸ਼ਣ 'ਰਈਸ ਲੋਕਾਂ ' ਦੀ ਤਰ੍ਹਾਂ ਹੋਇਆ ਪ੍ਰੰਤੂ ਉਸਦੇ ਜੀਵਨ ਉਤੇ ਦੇਸ਼ ਪਿਆਰ ਦਾ ਪ੍ਰਭਾਵ ਉਸ ਦੀ ਆਪਣੀ ਮਾਂ ਦਾ ਪਿਆ। ਇਨ੍ਹਾਂ ਦੀ ਮਾਤਾ ਏ. ਵੀ. ਅੰਮੂ ਕੁਟੀ ਸਵਾਮੀਨਾਥਨ ਕੇਰਲਾ ਦੇ ਪਾਲਾਕਾਡ ਜਿਲ੍ਹੇ ਦੇ ਅਨਾਕਾਰਾ ਕਸਬੇ ਵਿਚ ਵਾਡਾਕਾਥ ਪਰਿਵਾਰ ਤੋਂ ਸੀ। ਅੰਮੂ ਕੁੱਟੀ ਕਾਂਗਰਸ ਦੀ ਮੈਂਬਰ ਹੋਣ ਕਾਰਨ ਮਦਰਾਸ ਦੇ ਸਮਾਜ ਵਿਚ ਮਾਨਤਾ ਪ੍ਰਾਪਤ ਔਰਤ ਜਾਣੀ ਜਾਂਦੀ ਸੀ। ਉਹ ਉਸ ਸਮੇਂ ਮਦਰਾਸ ਦੀ ਸਭ ਤੋਂ ਵੱਧ ਅਗਾਂਹਵਧੂ ਅਤੇ ਉਤਮ ਔਰਤਾਂ ਵਿੱਚੋਂ ਸੀ। ਉਸ ਨੂੰ ਸ਼ਹਿਰ ਵਿਚ ਕਾਰ-ਲਾਇਸੰਸ ਪ੍ਰਾਪਤ ਕਰਨ ਵਾਲੀ ਪਹਿਲੀ ਔਰਤ ਦਾ ਮਾਣ ਵੀ ਪ੍ਰਾਪਤ ਸੀ । ਉਹ ਇਕ ਸਮਾਜ ਸੇਵਿਕਾ, ਇੱਕ ਸਰਗਰਮ ਕਾਰਜਕਰਤਾ, ਆਜ਼ਾਦੀ ਦੀ ਲੜਾਈ ਦੀ ਯੋਧਾ ਅਤੇ ਔਰਤਾਂ ਦੇ ਅਧਿਕਾਰਾ ਦੀ ਰਾਖੀ ਕਰਨ ਵਾਲੀ ਅਣਥੱਕ ਮਿਹਨਤੀ ਕਾਰਜਕਰਤਾ ਸੀ। ਅੰਮੂ ਕੁੱਟੀ 'ਏਨੀ ਬੇਸੈਂਟ ਸਮੂਹ' ਦੀ ਮੈਂਬਰ ਅਤੇ ਪ੍ਰਸੰਸਕਾਂ ਵਿੱਚੋਂ ਇਕ ਸੀ। ਉਹ ਅਕਸਰ 'ਥਿਓਸੋਫੀਕਲ ਸੋਸਾਇਟੀ' ਦੀਆਂ ਸਭਾਵਾਂ ਅਤੇ ਉਨ੍ਹਾਂ ਵਿਚ ਕਰਨ ਵਾਲੇ ਭਾਸ਼ਨਾਂ ਦੇ ਪ੍ਰਬੰਧ ਵੀ ਕਰਦੀ ਸੀ। ਲਕਸ਼ਮੀ ਦੇ ਪਿਤਾ ਐਸ. ਸਵਾਮੀਨਾਥਨ ਪਾਲਘਾਟ ਦੇ ਅਈਅਰ ਪਰਿਵਾਰ ਵਿੱਚੋਂ ਇਕ ਅਗਾਂਹ-ਵਧੂ ਵਿਚਾਰਾਂ ਦੇ ਵਕੀਲ ਸਨ ਅਤੇ ਮਦਰਾਸ ਹਾਈ ਕੋਰਟ ਵਿਚ ਜੁਰਮ ਦੇ ਕਾਨੂੰਨ ਵਿਚ ਮਹਾਰਤ ਪ੍ਰਾਪਤ ਵਕੀਲ ਦੀਆਂ ਸੇਵਾਵਾਂ ਨਿਭਾਉਂਦੇ ਸਨ। ਉਨ੍ਹਾਂ ਨੇ ਵਾਡਾਕਾਥ ਪਰਿਵਾਰ ਦੀ ਲੜਕੀ ਏ. ਵੀ. ਅੰਮੂ ਕੁੱਟੀ ਨਾਲ ਅੰਤਰ ਜਾਤੀ ਵਿਆਹ ਕਰਵਾ ਕੇ ਸਹੀ ਮਾਇਨਿਆਂ ਵਿਚ ਵਿਆਹ ਦੀ ਪ੍ਰੀਭਾਸ਼ਾ ਸਮਾਜ ਦੇ ਸਾਹਮਣੇ ਰੱਖਣ ਦੀ ਦਲੇਰੀ ਕੀਤੀ ਸੀ। ਤਾਮਿਲ ਬ੍ਰਾਹਮਣ ਬਰਾਦਰੀ ਨੇ ਉਨ੍ਹਾਂ ਦੇ ਅੰਤਰਜਾਤੀ ਵਿਆਹ ਦਾ ਸਖਤ ਵਿਰੋਧ ਕਰਕੇ ਉਨ੍ਹਾਂ ਦਾ ਸਮਾਜਿਕ ਬਾਈਕਾਟ ਕਰ ਦਿੱਤਾ ਸੀ। ਇਸ ਤੋਂ ਪਹਿਲਾਂ ਵੀ ਜਦੋਂ ਲੰਦਨ ਤੋਂ ਆਉਣ ਪਿੱਛੋਂ ਉਨ੍ਹਾਂ ਨੇ ਕੱਟੜਵਾਦੀ ਧਾਰਮਿਕ ਕੰਮਾਂ ਦਾ ਵਿਰੋਧ ਕੀਤਾ ਸੀ ਤਾਂ ਵੀ ਸਮਾਜ ਵਿਚ ਉਨ੍ਹਾਂ ਨੂੰ ਵਿਰੋਧ ਦਾ ਸਾਹਮਣਾ ਕਰਨਾ ਪਿਆ ਸੀ। ਇਸ ਤਰ੍ਹਾਂ ਲਕਸ਼ਮੀ ਸਵਾਮੀਨਾਥਨ ਵੀ ਜ਼ਾਤ-ਪਾਤ ਅਤੇ ਧਾਰਮਿਕ ਕੱਟੜਤਾ ਰਹਿਤ ਪਰਿਵਾਰਕ ਵਾਤਾਵਰਣ ਵਿਚ ਪਲੀ ਅਤੇ ਵੱਡੀ ਹੋਈ ਸੀ। ਉਨ੍ਹਾਂ ਦੇ ਘਰ ਵਿਚ ਲੜਕੀਆਂ-ਲੜਕਿਆਂ ਨਾਲ ਭੇਦ-ਭਾਵ

ਰਹਿਤ ਵਿਵਹਾਰ ਕੀਤਾ ਜਾਂਦਾ ਸੀ।

ਬਚਪਨ ਤੋਂ ਹੀ ਲਕਸ਼ਮੀ ਨੂੰ ਪੜ੍ਹਾਈ ਕਰਨ ਦੇ ਨਾਲ ਨਾਲ ਟੈਨਿਸ, ਤੈਰਾਕੀ ਅਤੇ ਘੋੜਸਵਾਰੀ ਕਰਨ ਦਾ ਵੀ ਬਹੁਤ ਸ਼ੌਕ ਸੀ। ਵੱਡੇ ਹੋਣ ਤੱਕ ਲਕਸ਼ਮੀ ਆਪਣੇ ਮਦਰਾਸ ਦੇ ' ਗਿਲਕਰਿਸਟ ਗਾਰਡਨ ਵਾਲੇ' ਘਰ ਵਿੱਚ ਆਉਣ ਜਾਣ ਵਾਲੇ ਸਿਰਕੱਢ ਦੇਸ਼ ਭਗਤਾਂ ਅਤੇ ਸਮਾਜ ਸੇਵਕਾਂ ਤੋਂ ਵੀ ਬਹੁਤ ਪ੍ਰਭਾਵਤ ਹੋ ਚੁੱਕੀ ਸੀ। ਆਪਣੀ ਛੋਟੀ ਉਮਰ ਵਿੱਚ ਹੀ ਲਕਸ਼ਮੀ ਨੇ ਦੇਸ਼ ਦੀ ਆਜ਼ਾਦੀ ਲਈ ਉਠ ਰਹੀਆਂ ਕੌਮੀ ਲਹਿਰਾਂ ਵਿੱਚ ਹਿਸਾ ਲੈਣਾ ਸ਼ੁਰੂ ਕਰ ਦਿੱਤਾ ਸੀ। ਉਸ ਨੇ 'ਸਵਦੇਸ਼ੀ ਲਹਿਰ' ਸਮੇਂ ਵਿਦੇਸ਼ੀ ਚੀਜ਼ਾਂ ਦੇ ਬਾਈਕਾਟ ਕਰਨ ਦੇ ਸੰਘਰਸ਼ ਵਿੱਚ ਅੱਗੇ ਹੋ ਕੇ ਹਿਸਾ ਲਿਆ। ਇਸ ਅੰਦੋਲਨ ਦੇ ਚੱਲਦੇ ਉਸਨੇ ਆਪਣੀ ਭੈਣ ਮ੍ਰਿਣਾਲੀ ਨਾਲ ਮਿਲ ਕੇ ਸਭ ਤੋਂ ਪਹਿਲਾਂ ਆਪਣੇ ਕੀਮਤੀ ਕੱਪੜੇ ਅਤੇ ਖਿਡੌਣਿਆਂ ਸਮੇਤ ਆਪਣੇ ਵਿਦੇਸ਼ੀ ਸਮਾਨ ਨੂੰ ਸਾੜਿਆ । ਇਨ੍ਹਾਂ ਦੋਹਾਂ ਨੇ ਭਾਰਤੀ ਕੱਪੜੇ ਪਹਿਨ ਕੇ ਵਿਦੇਸ਼ੀ ਸਮਾਨ ਦੀਆਂ ਦੁਕਾਨਾਂ ਅੱਗੇ ਜਾ ਜਾ ਕੇ ਪ੍ਰਦਰਸ਼ਨ ਅਤੇ ਪਿਕਟਿੰਗਾਂ ਦੀ ਅਗਵਾਈ ਕੀਤੀ। ਇਸ ਮਕਸਦ ਨੂੰ ਪੂਰਾ ਕਰਨ ਲਈ ਉਸਨੇ ਆਪਣੇ ਅਧਿਆਪਕਾਂ ਜਿਹੜੇ ਉਸਨੂੰ ਬਹੁਤ ਪਿਆਰ ਕਰਦੇ ਸਨ, ਦਾ ਵਿਰੋਧ ਝੱਲਕੇ ਆਪਣੇ ਜਮਾਤੀਆਂ ਅਤੇ ਦੋਸਤਾਂ ਨੂੰ ਵੀ ਨਾਲ ਜੋੜ ਲਿਆ ਸੀ। ਜਨਤਾ ਵਿੱਚ ਵਧ ਰਿਹਾ ਨਸ਼ਾ ਰੋਕਣ ਲਈ ਪ੍ਰਚਾਰ ਮੁਹਿੰਮਾਂ ਸ਼ੁਰੂ ਕੀਤੀਆਂ ਅਤੇ ਸ਼ਰਾਬ ਦੀਆਂ ਦੁਕਾਨਾਂ ਨੂੰ ਜ਼ਬਰਦਸਤੀ ਬੰਦ ਵੀ ਕਰਵਾਇਆ। ਉਹ ਜਿੰਨੀ ਸ਼ਕਲ ਪੱਖੋਂ ਸੁੰਦਰਤਾ ਦਾ ਸੋਮਾਂ ਸੀ ਉਨੀਂ ਹੀ ਵਿਚਾਰਾ ਦੀ ਧਨੀ ਵੀ ਸੀ। ਉਸਨੂੰ ਕਦੇ ਵੀ ਕਿਸੇ ਖਤਰੇ ਤੋਂ ਡਰ ਨਹੀਂ ਸੀ ਲਗਦਾ। ਇਹ ਬਹੁਤ ਹੈਰਾਨੀਜਨਕ ਗੱਲ ਸੀ ਕਿ ਉਨ੍ਹਾਂ ਦੇ ਮਕਸਦ ਅਤੇ ਉਨ੍ਹਾਂ ਦੀਆਂ ਪ੍ਰਤੀਬੱਧਤਾਵਾਂ ਦਾ ਵਿਰੋਧ ਕਰਨ ਵਾਲੇ ਵੀ ਉਨਾਂ ਨੂੰ ਪਿਆਰ ਕਰਦੇ ਸਨ ਅਤੇ ਉਹ ਸਾਰੇ ਉਨ੍ਹਾਂ ਦੇ ਪ੍ਰਸੰਸਕ ਵੀ ਸਨ।

ਲਕਸ਼ਮੀ ਦਾ ਸੁਪਨਾ ਸੀ ਕਿ ਆਜ਼ਾਦੀ ਪ੍ਰਾਪਤੀ ਮਗਰੋਂ ਭਾਰਤ ਇੱਕ ਆਜ਼ਾਦ ਸਮਾਜਵਾਦੀ ਦੇਸ਼ ਹੋਵੇ। ਕਿਉਂਕਿ ਉਸ ਸਮੇਂ ਸੋਵੀਅਤ ਰੂਸ ਵਿੱਚ ਇਨਕਲਾਬ ਦੇ ਆਉਣ ਨਾਲ ਭਾਰਤੀ ਨੌਜ਼ਵਾਨਾਂ ਨੂੰ ਸਮਾਜਵਾਦੀ ਵਿਚਾਰਧਾਰਾ ਪ੍ਰਭਾਵਤ ਕਰ ਰਹੀ ਸੀ। ਗਦਰੀਆਂ ਤੋਂ ਪਿੱਛੋਂ ਦੇਸ਼ ਦੇ ਕ੍ਰਾਂਤੀਕਾਰੀ ਨੌਜ਼ਵਾਨ 'ਭਾਰਤ ਨੌਜ਼ਵਾਨ ਸਭਾ' ਵਿੱਚ ਸੰਗਠਿਤ ਹੋ ਕੇ ਦੇਸ਼ ਦੀ ਆਜ਼ਾਦੀ ਲਈ ਆਪਣੀਆਂ ਸਰਗਰਮੀਆਂ ਜੋਰਸ਼ੋਰ ਨਾਲ ਕਰ ਰਹੇ ਸਨ। ਇਹ ਨੌਜ਼ਵਾਨ ਸਭਾ ਲਗਭਗ ਸਾਰੇ ਭਾਰਤ ਵਿੱਚ ਆਪਣੀਆਂ ਜੜ੍ਹਾਂ ਫੈਲਾ ਚੁੱਕੀ ਸੀ। ਇਸ ਦੀ ਅਗਵਾਈ-ਸਰਦਾਰ ਭਗਤ ਸਿੰਘ, ਸੁਖਦੇਵ, ਰਾਜਗੁਰੂ, ਚੰਦਰ ਸ਼ੇਖਰ ਆਜ਼ਾਦ, ਸ਼ਚਿੰਦਰਨਾਥ ਬਖਸ਼ੀ, ਸ਼ਚਿੰਦਰਨਾਥ ਸਾਨਿਆਲ, ਭਗਵਤੀ ਚਰਨ ਵੋਹਰਾ, ਦੁਰਗਾ ਭਾਬੀ , ਪੰਡਤ ਕਿਸ਼ੋਰੀ ਲਾਲ, ਵੈਸ਼ੰਪਾਇਨ ਅਤੇ ਸ਼ਿਵ ਵਰਮਾ ਆਦਿ ਕਰ ਰਹੇ ਸਨ।

ਕਰੋੜਾਂ ਨੌਜਵਾਨਾਂ ਦੀ ਤਰ੍ਹਾਂ ਸ਼ਹੀਦੇ-ਆਜਮ-ਭਗਤ ਸਿੰਘ ਲਕਸ਼ਮੀ ਦੇ ਵੀ ਆਦਰਸ਼ ਸਨ। ਉਹ ਵੀ ਉਨ੍ਹਾਂ ਦੇ ਪ੍ਰੇਰਿਕ ਵਿਚਾਰਾਂ ਅਤੇ ਕੰਮਾਂ ਤੋਂ ਪ੍ਰਭਾਵਤ ਹੋਈ ਸੀ। 1928 ਵਿੱਚ ਇੱਕ ਮੀਟਿੰਗ "ਹਿੰਦੋਸਤਾਨ ਰਿਪਬਲੀਕਨ" ਸੰਗਠਨ ਦਾ ਨਾਂ ਬਦਲ ਕੇ "ਹਿੰਦੋਸਤਾਨ ਸੋਸ਼ਲਿਸਟ ਰਿਪਬਲੀਕਨ ਐਸੋਸ਼ੀਏਸਨ" ਕਰਨ ਲਈ ਬੁਲਾਈ ਗਈ ਸੀ। ਮਦਰਾਸ ਵਿੱਚ ਉਸ ਨੇ ਸੁਣਿਆ ਸੀ ਕਿ ਭਗਤ ਸਿੰਘ ਅਤੇ ਉਨ੍ਹਾਂ ਦੇ

ਸਾਥੀ ਇਹ ਮੀਟਿੰਗ ਦਿੱਲੀ ਦੇ ਫਿਰੋਜ਼ਸ਼ਾਹ ਕੋਟਲਾ ਦੇ ਖੰਡਰਾਂ ਵਿੱਚ ਕਰਨ ਵਾਲੇ ਸਨ ਅਤੇ ਉਨ੍ਹਾਂ ਲਈ ਫੰਡ ਵੀ ਇਕੱਠਾ ਕੀਤਾ ਜਾ ਰਿਹਾ ਸੀ, ਲਕਸ਼ਮੀ ਨੇ ਉਸ ਸਮੇਂ ਇਸ ਸਭਾ ਨੂੰ 3000 ਰੁਪਏ ਇਕੱਠੇ ਕਰਕੇ ਫੰਡ ਦੇ ਰੂਪ ਵਿੱਚ ਭੇਜੇ ਸਨ। ਪੰਜਾਹ ਸਾਲਾਂ ਪਿੱਛੋਂ ਲਕਸ਼ਮੀ ਨੇ ਇੱਕ ਮੁਲਾਕਾਤ ਵਿੱਚ ਕਿਹਾ ਸੀ ਕਿ "ਭਗਤ ਸਿੰਘ ਪ੍ਰਤੀ ਉਹਨੀ ਦਿਨੀਂ ਗਾਂਧੀ ਜੀ ਦਾ ਵਿਰੋਧ ਕਰਨਾ ਸਾਡੇ ਰਸਤੇ ਦਾ ਇੱਕ ਬਹੁਤ ਵੱਡਾ ਰੋੜਾ ਬਣ ਗਿਆ ਸੀ।"

ਆਜ਼ਾਦੀ ਦੇ ਨਾਲ ਨਾਲ ਲਕਸ਼ਮੀ ਦਾ ਸੁਪਨਾ ਇੱਕ ਡਾਕਟਰ ਬਨਣ ਦਾ ਸੀ। ਉਸ ਦੀ ਇੱਛਾ ਸੀ ਕਿ ਉਹ ਡਾਕਟਰ ਬਣ ਕੇ ਗਰੀਬ ਲੋਕਾਂ, ਖਾਸ ਕਰ ਔਰਤਾਂ ਦੀ ਸੇਵਾ ਕਰੇ। ਉਸਦੀ ਇਸ ਇੱਛਾ ਦੀ ਪੂਰਤੀ ਸਨ 1938 ਵਿੱਚ ਮਦਰਾਸ ਮੈਡੀਕਲ ਕਾਲਜ਼ ਤੋਂ ਐਮ. ਬੀ. ਬੀ. ਐਸ (M.B.B.S.) ਦੀ ਡਿਗਰੀ ਪ੍ਰਾਪਤ ਕਰਕੇ ਹੋਈ ਸੀ। ਇੱਕ ਸਾਲ ਪਿੱਛੋਂ ਉਸ ਨੇ ਗਾਇਨੀਕਾਲੋਜੀ ਅਤੇ ਪ੍ਰਸੂਤੀ-ਵਿਗਿਆਨ (Gynaecology and obstertrics) ਵਿੱਚ (ਪੀ.ਜੀ.) ਡਿਪਲੋਮਾ ਵੀ ਕਰ ਲਿਆ ਸੀ। ਭਾਵੇਂ ਆਪਣੇ ਵਿਦਿਆਰਥੀ ਜੀਵਨ ਵਿੱਚ ਲਕਸ਼ਮੀ ਸਵਾਮੀਨਾਥਨ ਦੇਸ਼ ਅੰਦਰ ਚੱਲ ਰਹੇ ਆਜ਼ਾਦੀ ਦੇ ਸੰਘਰਸ਼ਾਂ ਤੋਂ ਬਹੁਤ ਹੀ ਪ੍ਰਭਾਵਤ ਸੀ ਅਤੇ ਆਜ਼ਾਦੀ ਲਈ ਉਸਦੇ ਆਪਣੇ ਅੰਦਰ ਵੀ ਜੋਸ਼ ਉਨ੍ਹਾਂ ਸੰਘਰਸ਼ਾਂ ਵਿੱਚ ਸਮੂਲੀਅਤ ਕਰਨ ਲਈ ਜ਼ਨੂੰਨ ਦੀ ਤਰ੍ਹਾਂ ਹੀ ਪਨਪ ਰਿਹਾ ਸੀ, ਪ੍ਰੰਤੂ ਉਹ ਗਾਂਧੀ ਜੀ ਦੇ ਅਸੂਲਾਂ ਨਾਲ ਸਹਿਮਤ ਨਹੀਂ ਸੀ। ਉਹ ਇਹ ਗੱਲ ਬਹੁਤ ਹੀ ਚੰਗੀ ਤਰ੍ਹਾਂ ਜਾਣਦੀ ਤੇ ਸਮਝਦੀ ਸੀ ਕਿ ਨੌਜਵਾਨ ਦੇਸ਼ ਦਾ ਭਵਿੱਖ ਹੁੰਦੇ ਹਨ ਇਸ ਲਈ ਦੇਸ਼ ਦੇ ਸੁਨਹਿਰੇ ਭਵਿੱਖ ਲਈ ਚੰਗੇ ਪੜ੍ਹੇ ਲਿਖੇ ਨੌਜਵਾਨਾਂ ਦਾ ਹੋਣਾ ਬਹੁਤ ਹੀ ਜ਼ਰੂਰੀ ਹੈ। ਉਹ ਇਹ ਵੀ ਮਹਿਸੂਸ ਕਰਦੀ ਸੀ ਕਿ ਭਾਰਤ ਨੂੰ ਆਜ਼ਾਦੀ ਮਿਲਣ ਪਿੱਛੋਂ ਚੰਗੇ ਪੜ੍ਹੇ-ਲਿਖੇ, ਕਿੱਤਾ ਮਾਹਰ ਸਿੱਖਿਆ ਪ੍ਰਾਪਤ ਨੌਜਵਾਨਾਂ ਦੀ ਜ਼ਰੂਰਤ ਹੋਵੇਗੀ। ਉਹ ਨੌਜਵਾਨਾਂ ਦਾ ਉਦਮੀ ਅਤੇ ਪੜ੍ਹੇ ਲਿਖੇ ਹੋਣਾ ਬਹੁਤ ਜਰੂਰੀ ਸਮਝਦੀ ਸੀ ਤਾਂ ਕਿ ਉਹ ਆਪਣੇ ਦੇਸ਼ ਦੀ ਆਜ਼ਾਦੀ ਦੇ ਮਹੱਤਵ ਨੂੰ ਚੰਗੀ ਤਰ੍ਹਾਂ ਸਮਝਣ ਅਤੇ ਬਿਨਾ ਕਿਸੇ ਸੰਕੋਚ ਤੋਂ ਦੇਸ਼ ਨੂੰ ਬਰਤਾਨਵੀ ਸਾਮਰਾਜ ਦੇ ਪੰਜੇ ਤੋਂ ਮੁਕਤ ਕਰਵਾਉਣ ਲਈ ਸਦਾ ਹਰ ਮੁਸ਼ਕਲ ਦਾ ਸਾਹਮਣਾ ਕਰਨ ਲਈ ਤਿਆਰ ਰਹਿਣ।

ਉਹ ਇਹ ਵੀ ਬਹੁਤ ਚੰਗੀ ਤਰ੍ਹਾਂ ਜਾਣਦੀ ਅਤੇ ਸਮਝਦੀ ਸੀ ਕਿ ਕਿਸੇ ਵੀ ਦੇਸ਼ ਦੀ ਆਜ਼ਾਦੀ ਤਿੰਨ ਗੱਲਾਂ ਤੇ ਨਿਰਭਰ ਕਰਦੀ ਹੈ। ਪਹਿਲੀ ਰਾਜਨੀਤਕ ਆਜ਼ਾਦੀ, ਜਿਹੜੀ ਬ੍ਰਤਾਨਵੀ ਸਰਕਾਰ ਨੂੰ ਦੇਸ਼ ਵਿੱਚੋਂ ਬਾਹਰ ਕੱਢ ਕੇ, ਗੁਲਾਮੀ ਦਾ ਜੂਲਾ ਉਤਾਰ ਕੇ ਸੁੱਟਣ ਪਿੱਛੋਂ ਦੇਸ਼ ਦੀ ਵਾਗਡੋਰ ਭਾਰਤੀਆਂ ਦੇ ਸੰਭਾਲਣ ਨਾਲ ਮਿਲਣੀ ਸੀ। ਦੂਸਰੀ ਆਰਥਿਕ ਆਜ਼ਾਦੀ, ਜਿਸ ਨਾਲ ਆਜ਼ਾਦ ਦੇਸ਼ ਵਿੱਚ ਹਰ ਨੌਜਵਾਨ ਨੂੰ ਬਿਨਾ ਕਿਸੇ ਭੇਦ-ਭਾਵ ਦੇ ਕੰਮ ਕਰਨ ਦੇ ਬਰਾਬਰ ਮੌਕੇ ਤੇ ਉਸ ਕੰਮ ਨੂੰ ਕਰਨ ਵਾਲਿਆਂ-ਭਾਵੇਂ ਇਸਤਰੀ ਜਾਂ ਪੁਰਸ਼ ਹੋਣ--ਨੂੰ ਬਰਾਬਰ ਦੀ ਉਜਰਤ ਦਿੱਤੀ ਜਾਵੇਗੀ ਅਤੇ ਇਹ ਆਜ਼ਾਦ ਦੇਸ਼ ਦੀ ਸਰਕਾਰਾਂ ਨੇ ਮੁਹੱਈਆ ਕਰਨੀ ਸੀ। ਤੀਸਰੀ ਵਿਚਾਰਧਾਰਕ ਆਜ਼ਾਦੀ, ਕਿਸੇ ਦੇਸ਼ ਦੀ ਇਹ ਆਜ਼ਾਦੀ ਉਥੋਂ ਦੀ ਰਾਜਸੱਤਾ ਤੇ ਕਾਬਜ ਲੋਕਾਂ ਦੀ ਨੀਤੀਆਂ ਤੇ ਨਿਰਭਰ ਕਰਦੀ ਹੈ ਕਿ ਉਹ ਪੂੰਜੀਪਤੀ ਵਰਗ ਦੇ ਲੋਕਾਂ ਦੀ ਰਾਜਸੱਤਾ ਹੈ ਜਾਂ ਸਮਾਨਤਾਵਾਦੀ ਵਿਚਾਰਾਂ ਵਾਲੇ ਲੋਕਾਂ ਦੇ ਹੱਥ ਵਿੱਚ ਹੈ।

ਆਪਣੀ ਡਾਕਟਰੀ ਦੀ ਵਿਦਿਆ ਪ੍ਰਾਪਤ ਕਰਨ ਉਪਰੰਤ ਉਹ ਸਨ 1940 ਵਿੱਚ ਬ੍ਰਿਟਿਸ਼ ਸਾਮਰਾਜ ਦੀ ਬਸਤੀ ਸਿੰਘਾਪੁਰ ਚਲੀ ਗਈ ਜਿੱਥੇ ਉਸ ਨੇ ਆਪਣਾ ਹਸਤਪਤਾਲ ਖੋਲਿਆ ਅਤੇ ਲੋਕਾਂ ਦਾ ਇਲਾਜ ਕਰਨ ਲੱਗੀ। ਉਨ੍ਹਾਂ ਦੇ ਮਰੀਜ਼ ਗਰੀਬ ਲੋਕ, ਖਾਸ ਕਰ ਭਾਰਤ ਤੋਂ ਆ ਕੇ ਵਸੇ ਬੰਧੂਆ ਮਜ਼ਦੂਰਾਂ ਦੇ ਪਰਿਵਾਰਾਂ ਵਿੱਚੋਂ ਆਉਂਦੇ ਸਨ। ਛੇਤੀ ਹੀ ਉਹ ਉਥੇ ਔਰਤ-ਰੋਗ-ਮਾਹਰਾਂ ਵਿੱਚ ਇੱਕ ਬਹੁਤ ਹੀ ਮਾਨਤਾਪ੍ਰਾਪਤ ਅਤੇ ਕਾਮਯਾਬ ਡਾਕਟਰ ਬਣ ਗਈ ਸੀ। ਇਥੇ ਆ ਕੇ ਉਹ ਨਾ ਕੇਵਲ ਇੱਕ ਯੋਗ ਡਾਕਟਰ ਹੀ ਬਣੀ ਸੀ ਸਗੋਂ ਆਪਣੇ ਵਿਚਾਰਾਂ ਸਦਕਾ ਉਹ ਸਿੰਘਾਪੁਰ ਵਿੱਚ ਰਾਸ਼ਟਰਵਾਦੀਆਂ ਦੀਆਂ ਗਤੀਵਿਧੀਆਂ ਨਾਲ ਵੀ ਜੁੜ ਗਈ ਅਤੇ ਉਹ 'ਇੰਡੀਅਨ ਇੰਡੀਪੈਂਡੈਂਸ ਲੀਗ' ਨਾਲ ਕੰਮ ਕਰਨ ਲੱਗ ਪਈ। ਉਸ ਨੇ ਭਾਰਤ ਦੀ ਆਜ਼ਾਦੀ ਦੀ ਲੜਾਈ ਵਿੱਚ ਸਰਗਰਮ ਭੂਮਿਕਾ ਨਿਭਾਈ ਜਿਸ ਦਾ ਭਾਰਤ ਵਿੱਚਲੀ ਆਜ਼ਾਦੀ ਦੀ ਲਹਿਰ ਵਿੱਚ ਇੱਕ ਬਹੁਤ ਵੱਡਾ ਯੋਗਦਾਨ ਸਾਬਤ ਹੋਇਆ ਸੀ।

ਇਸੇ ਸੰਦਰਭ ਵਿੱਚ ਜਦੋਂ ਸਿੰਘਾਪੁਰ, ਜਿਸ ਨੂੰ ਬਰਤਾਨਵੀ ਹਕੂਮਤ ਆਪਣੇ ਤਾਜ ਦਾ 'ਪਹਿਲਾ ਰਤਨ' ਮੰਨਦੀ ਸੀ ਅਤੇ ਜਿਸ ਦੀ ਬੜੀ ਹੀ ਸਾਵਧਾਨੀ ਨਾਲ ਰਾਖੀ ਕਰਦੀ ਸੀ, ਉਸ ਉਤੇ 1942 ਵਿੱਚ ਜਾਪਾਨੀਆਂ ਨੇ ਹਵਾਈ ਹਮਲਾ ਕਰ ਦਿੱਤਾ। ਕੁੱਝ ਹੀ ਘੰਟਿਆਂ ਦੀ ਲੜਾਈ ਪਿੱਛੋਂ ਜਪਾਨੀਆਂ ਨੇ ਪੂਰੇ ਦੀਪ ਨੂੰ ਆਪਣੇ ਕਬਜੇ ਵਿੱਚ ਲੈ ਲਿਆ ਅਤੇ ਬਰਤਾਨਵੀ ਫੌਜਾਂ ਨੂੰ ਆਤਮਸਮੱਰਪਣ ਕਰਨ ਲਈ ਮਜ਼ਬੂਰ ਕਰ ਦਿੱਤਾ। ਹਜਾਰਾਂ ਭਾਰਤੀਆਂ ਨੂੰ ਵੀ ਜੰਗੀ ਕੈਦੀ ਬਣਾ ਲਿਆ ਗਿਆ ਸੀ। ਸਿੰਘਾਪੁਰ ਦੀ ਇਹ ਹਾਰ ਬਰਤਾਨਵੀ ਸ਼ਕਤੀ ਦੀ ਇੱਕ ਇਤਿਹਾਸਕ ਹਾਰ ਸੀ। ਬੇਸ਼ੱਕ ਬਰਤਾਨਵੀ ਫੌਜਾਂ ਵਿੱਚ ਅਕਸਰ ਭਾਰਤੀ ਸੈਨਿਕ ਸਨ ਅਤੇ ਲੜਾਈ ਵੀ ਉਨ੍ਹਾਂ ਸਹਾਰੇ ਹੀ ਕੀਤੀ ਜਾ ਰਹੀ ਸੀ ਪ੍ਰੰਤੂ ਅੰਗਰੇਜ਼ ਅਫਸਰ ਕੇਵਲ ਆਪਣੀ ਹੀ ਚਿੰਤਾ ਕਰਦੇ ਸਨ। ਇਸ ਲਈ ਆਤਮਸਮੱਰਪਣ ਲਈ ਭਾਰਤੀ ਸੈਨਿਕਾਂ ਅਤੇ ਅਧਿਕਾਰੀਆਂ ਨੂੰ ਜਪਾਨੀਆਂ ਦੇ ਹਵਾਲੇ ਕਰਕੇ ਉਹ ਆਪਣੇ ਅਰਾਮਦਾਇਕ ਸ਼ਿਵਰਾਂ ਵਿੱਚ ਚਲੇ ਗਏ। ਭਾਰਤੀ ਸ਼ਿਪਾਹੀਆਂ ਵਿੱਚੋਂ ਬਹੁਤੇ ਅਜਿਹੇ ਵਿਅਕਤੀ ਸਨ ਜਿਨ੍ਹਾਂ 'ਤੇ ਰਾਸ਼ਟਰਵਾਦੀਆਂ ਦਾ ਬਹੁਤ ਪ੍ਰਭਾਵ ਸੀ। ਅੰਗਰੇਜ਼ਾਂ ਦਾ ਇਹ ਵਿਸ਼ਵਾਸ਼ਘਾਤ ਉਨ੍ਹਾਂ ਦਾ ਭੁਲੇਖਾ ਤੋੜਨ ਲਈ ਬਹੁਤ ਸੀ। ਜਪਾਨੀ ਆਗੂ ਵੀ ਭਾਰਤੀ ਸੈਨਿਕਾਂ ਦੀ ਇੱਕ ਅਜਿਹੀ ਫੌਜ਼ ਦੇ ਗਠਨ ਤੋਂ ਉਤਸ਼ਾਹਤ ਸਨ ਜਿਸਦੇ ਸੈਨਿਕ ਅਤੇ ਅਧਿਕਾਰੀ ਉਨ੍ਹਾਂ ਨਾਲ ਬਰਤਾਨਵੀ ਹਕੂਮਤ ਨਾਲ ਜੰਗ ਲੜਨ ਲਈ ਤਿਆਰ ਬਰ ਤਿਆਰ ਸਨ। ਇਸ ਮੌਕੇ ਡਾਕਟਰ ਲਕਸ਼ਮੀ ਸਵਾਮੀਨਾਥਨ ਜੰਗ ਵਿੱਚ ਹੋਏ ਫੱਟੜ ਫੌਜੀਆਂ ਨੂੰ ਸੰਭਾਲਣ ਵਿੱਚ ਬਹੁਤ ਬਿਅਸਤ ਹੋ ਗਈ। ਉਸ ਨੇ ਇਸ ਜੰਗ ਦੌਰਾਨ ਫੱਟੜ ਹੋਏ ਆਮ ਲੋਕਾਂ ਦੀ ਵੀ ਦੇਖ-ਭਾਲ ਕਰਨ ਵਿੱਚ ਬਹੁਤ ਸਖਤ ਮਿਹਨਤ ਕੀਤੀ।

ਇਸੇ ਦੌਰਾਨ ਉਹ ਬਹੁਤ ਸਾਰੇ ਭਾਰਤੀ ਜੰਗੀ ਕੈਦੀਆਂ ਦੇ ਸੰਪਰਕ ਵਿੱਚ ਆਈ, ਜਿਨ੍ਹਾਂ ਵਿੱਚੋਂ ਬਹੁਤ ਸਾਰੇ ਭਾਰਤੀ ਕੈਦੀ ਭਾਰਤ ਦੀ ਆਜ਼ਾਦ ਫੌਜ ਦਾ ਗਠਨ ਕਰਨ ਸਬੰਧੀ ਦਿਲਚਸਪੀ ਰੱਖਦੇ ਸਨ। ਆਤਮਸਮੱਰਪਣ ਤੋਂ ਪਿੱਛੋਂ ਦੋ ਭਾਰਤੀ ਨੌਜਵਾਨ ਅਫਸਰ ਜਿਨ੍ਹਾਂ ਨੂੰ ਡਾਕਟਰੀ ਮਦਦ ਦੀ ਲੋੜ ਸੀ ਉਹ ਡਾਕਟਰ ਦੀ ਭਾਲ ਕਰਦੇ ਫਿਰਦੇ ਸਨ, ਉਨ੍ਹਾਂ ਨੂੰ ਦੱਸਿਆ ਗਿਆ ਸੀ ਕਿ ਇੱਥੇ ਇੱਕ ਭਾਰਤੀ ਲੇਡੀ ਡਾਕਟਰ ਹੈ ਜਿਹੜੀ ਉਨ੍ਹਾਂ ਦੀ ਮਦਦ ਕਰ ਸਕਦੀ ਹੈ, ਪੁੱਛਦੇ ਪੁੱਛਦੇ ਉਹ ਡਾਕਟਰ ਲਕਸ਼ਮੀ

ਦੇ ਕਲੀਨਿਕ ਵਿੱਚ ਪਹੁੰਚੇ। ਉਨ੍ਹਾਂ ਵਿਚੋਂ ਇਕ ਪ੍ਰੇਮ ਸਹਿਗਲ ਸੀ ਜਿਹੜਾ ਨੌਜਵਾਨ ਪੰਜਾਬੀ ਸੀ ਅਤੇ ਭਾਰਤ ਦੀ ਆਜ਼ਾਦੀ ਲਈ ਜਪਾਨੀਆਂ ਦੀ ਮਦਦ ਨਾਲ ਬਣਾਈ ਜਾਣ ਵਾਲੀ ਫੌਜ਼ ਅੰਦਰ ਅਤਿਅੰਤ ਮਹੱਤਵਪੂਰਨ ਰੁਤਬਾ ਰੱਖਣ ਵਾਲਾ ਨੌਜ਼ਵਾਨ ਸੀ। ਲਕਸ਼ਮੀ ਨੇ ਉਨ੍ਹਾਂ ਦੀ ਡਾਕਟਰੀ ਮਦਦ ਹੀ ਨਹੀਂ ਕੀਤੀ ਸਗੋਂ ਛੋਟੀ ਜਿਹੀ ਗੱਲਬਾਤ ਪਿੱਛੋਂ ਉਹ ਉਨ੍ਹਾਂ ਦੇ ਮਕਸਦ ਦਾ ਇੱਕ ਮਹੱਤਵਪੂਰਨ ਹਿੱਸਾ ਵੀ ਬਣ ਗਈ ਸੀ।

ਦੂਸਰੀ ਸੰਸਾਰ ਜੰਗ ਵੀ ਪਹਿਲੀ ਵਾਂਗ ਹੀ ਦੋ ਸਾਮਰਾਜੀ ਧੜਿਆਂ ਵਿੱਚ ਹੋਣ ਵਾਲੀ ਸਾਮਰਾਜਵਾਦੀ ਜੰਗ ਸੀ । ਇੱਕ ਪਾਸੇ ਬ੍ਰਿਟੇਨ, ਅਮਰੀਕਾ, ਫਰਾਂਸ, ਤੇ ਕੁੱਝ ਹੋਰ ਯੂਰਪੀਨ ਦੇਸ਼ ਤੇ ਦੂਸਰੇ ਪਾਸੇ ਜਰਮਨ, ਜਪਾਨ ਅਤੇ ਇਟਲੀ ਧੜਾ ਸੀ। ਬਰਤਾਨਵੀ ਸਾਮਰਾਜ ਬਹੁਤ ਸਾਰੀਆਂ ਅਫਰੀਕੀ, ਏਸ਼ੀਆਈ ਮਹਾਂਦੀਪਾਂ ਦੇ ਦੇਸ਼ਾਂ 'ਤੇ ਕਾਬਜ ਸੀ। ਇਹ ਲੜਾਈ ਬਸਤੀਆਂ ਤੇ ਕਬਜੇ ਕਰਨ ਦੀ ਸੀ। ਜਰਮਨ ਅਤੇ ਇਟਲੀ ਯੂਰਪੀ ਖਿੱਤੇ ਦੇ ਦੁਆਲੇ ਦੀਆਂ ਬਸਤੀਆਂ ਅਤੇ ਜਪਾਨ ਪੂਰਬੀ ਏਸ਼ੀਆ ਦੀਆਂ ਬਸਤੀਆਂ ਉਤੇ ਕਬਜ਼ੇ ਦੀ ਲੜਾਈ ਲੜ ਰਿਹਾ ਸੀ। ਸੁਭਾਸ਼ ਚੰਦਰ ਬੋਸ ਨੇ ਜਰਮਨ ਹਾਕਮਾਂ ਤੇ ਭਾਰਤ ਨੂੰ ਬਰਤਾਨੀਆਂ ਤੋਂ ਆਜ਼ਾਦ ਕਰਵਾਉਣ ਲਈ ਮਦਦ ਲੈਣੀ ਲਾਹੇਬੰਦ ਸਮਝੀ। ਜਰਮਨ ਨਾਲ ਉਸਦਾ ਇਹ ਸਮਝੌਤਾ ਹੋ ਗਿਆ ਕਿ ਉਹ ਉਨ੍ਹਾਂ ਦੇ ਭਾਈਵਾਲ ਜਪਾਨ ਨਾਲ ਮਿਲ ਕੇ ਪੂਰਬੀ ਏਸ਼ੀਆ ਦੇ ਦੇਸ਼ਾਂ ਵਲੋਂ ਲੜੇਗਾ ਕਿਉਂਕਿ ਜਰਮਨ ਇਹ ਸਮਝਦਾ ਸੀ ਕਿ ਉਹ ਉਤਰ ਵਲੋਂ ਰੂਸ ਨੂੰ ਜਿੱਤਣ ਮਗਰੋਂ ਭਾਰਤ ਵੱਲ ਵਧੇਗਾ ਅਤੇ ਸੁਭਾਸ਼ ਪੂਰਬ ਵਲੋਂ ਜਪਾਨੀਆਂ ਦੀ ਮਦਦ ਨਾਲ ਭਾਰਤ ਨੂੰ ਘੇਰੇਗਾ ਜਿਸ ਨਾਲ ਬਰਤਾਨਵੀ ਸਾਮਰਾਜ ਦੀ ਸ਼ਕਤੀ ਖੇਰੂੰ ਖੇਰੂੰ ਹੋ ਜਾਵੇਗੀ। ਇਸ ਤਰ੍ਹਾਂ ਕਰਨ ਨਾਲ ਬ੍ਰਿਟਿਸ਼ ਸਾਮਰਾਜ ਨੂੰ ਹਰਾਉਣ ਦਾ ਉਦੇਸ਼ ਵੀ ਪੂਰਾ ਹੋ ਜਾਏਗਾ ਅਤੇ ਸੁਭਾਸ਼ ਚੰਦਰ ਬੋਸ ਦਾ ਭਾਰਤ ਨੂੰ ਆਜ਼ਾਦ ਕਰਵਾਉਣ ਦਾ ਸਪਨਾ ਵੀ ਪੂਰਾ ਹੋ ਜਾਵੇਗਾ।

ਇਸ ਸਮੇਂ ਭਾਰਤੀ ਗਦਰੀ ਰਾਸ ਬਿਹਾਰੀ ਬੋਸ ਨੇ ਮਲਾਇਆ ਤੇ ਥਾਈਲੈਂਡ ਵਿੱਚ ਕੰਮ ਕਰਦੇ ਭਾਰਤੀਆਂ ਦੇ ਕੁੱਝ ਸੰਗਠਨਾਂ ਨਾਲ ਸੰਪਰਕ ਕੀਤਾ ਹੋਇਆ ਸੀ। ਹੌਲੀ ਹੌਲੀ ਉਸਨੇ ਉਥੇ 'ਇੰਡੀਅਨ ਇੰਡੀਪੈਂਡੈਂਸ ਲੀਗ' ਬਣਾ ਲਈ ਸੀ। ਮਲਾਇਆ ਵਿੱਚ ਹੀ ਕੈਪਟਨ ਮੋਹਨ ਸਿੰਘ ਨੇ " ਇੰਡੀਅਨ ਨੈਸ਼ਨਲ ਆਰਮੀ " ਬਣਾਈ। ਇੰਡੀਅਨ ਨੈਸ਼ਨਲ ਆਰਮੀ ਵਿੱਚ ਸਿੰਘਾਪੁਰ 'ਤੇ ਕਬਜੇ ਪਿੱਛੋਂ 20,000 ਭਾਰਤੀ ਜੰਗੀ ਕੈਦੀ ਸ਼ਾਮਲ ਕਰ ਲਏ ਗਏ ਸਨ। ਜਪਾਨੀ ਮਨ ਦੇ ਸਾਫ ਨਹੀ ਸਨ, ਉਨ੍ਹਾਂ ਨੇ ਮਨਮਾਨੀਆਂ ਕਰਨੀਆਂ ਸ਼ੁਰੂ ਕਰ ਦਿੱਤੀਆਂ ਸਨ। ਸਭ ਤੋਂ ਪਹਿਲਾਂ ਉਨ੍ਹਾਂ ਨੇ ਅਫਸਰ ਬਦਲ ਦਿੱਤੇ ਤੇ ਫਿਰ ਹਥਿਆਰਾਂ ਦੀ ਸਪਲਾਈ ਵਿੱਚ ਵੀ ਤਰ੍ਹਾਂ ਤਰ੍ਹਾਂ ਦੀਆਂ ਰੁਕਾਵਟਾਂ ਖੜੀਆਂ ਕਰਨੀਆਂ ਸ਼ੁਰੂ ਕਰ ਦਿੱਤੀਆਂ ਸਨ। ਜਨਰਲ ਮੋਹਨ ਸਿੰਘ ਨੂੰ ਜਪਾਨੀਆਂ ਦੀਆਂ ਇਨ੍ਹਾਂ ਨੀਤੀਆਂ ਦਾ ਭੇਦ ਸੀ। ਹੋਰ ਜਿਆਦਾ ਦੇਰ ਤੱਕ ਉਨ੍ਹਾਂ ਤੇ ਭਰੋਸਾ ਨਹੀਂ ਕੀਤਾ ਜਾ ਸਕਦਾ ਸੀ। ਉਸਨੇ 1942 ਵਿੱਚ ਇੰਡੀਅਨ ਨੈਸ਼ਨਲ ਆਰਮੀ ਤੋੜ ਦਿੱਤੀ। ਏਧਰ ਜਨਵਰੀ, 1942 ਤੱਕ ਨੇਤਾ ਜੀ ਸੁਭਾਸ਼ ਚੰਦਰ ਬੋਸ ਨੇ ਦੋ ਦਸਤੇ ਲੱਗਭਗ 3000 ਦੇ ਬਣਾ ਲਏ ਸਨ। ਅੰਤ ਨੂੰ ਬੋਸ 2 ਜੁਲਾਈ 1943 ਨੂੰ ਸਿੰਘਾਪੁਰ ਪਹੁੰਚੇ ਤੇ 4 ਜੁਲਾਈ ਨੂੰ ਆਜ਼ਾਦੀ ਦਾ ਅੰਦੋਲਨ ਰਾਸ ਬਿਹਾਰੀ ਬੋਸ ਵਲੋਂ ਉਨ੍ਹਾਂ ਦੇ ਹਵਾਲੇ

ਕਰ ਦਿੱਤਾ ਗਿਆ। ਇਸ ਮਗਰੋਂ ਉਨ੍ਹਾਂ ਨੇ ਆਜ਼ਾਦ ਹਿੰਦ ਫੌਜ਼ ਨੂੰ ਦੁਬਾਰਾ ਸੰਗਿਠਤ ਕੀਤਾ ਅਤੇ "ਦਿੱਲੀ ਚਲੋ " ਦਾ ਨਾਅਰਾ ਦੇ ਦਿੱਤਾ।

ਦੂਸਰੀ ਸੰਸਾਰ ਜੰਗ ਮੌਕੇ ਭਾਰਤ ਦੀ ਆਜ਼ਾਦੀ ਲਈ ਅਖੀਰਲੇ ਹਥਿਆਰਬੰਦ ਸੰਘਰਸ਼ ਦੀ ਸਟੇਜ ਤੈਅ ਹੋ ਚੁੱਕੀ ਸੀ ਜਿਸ ਦੇ ਕਾਰਨ ਮਹਾਤਮਾ ਗਾਂਧੀ ਨੇ ਅਗਸਤ 1942 ਨੂੰ ' ਅੰਗਰੇਜੋ ਭਾਰਤ ਛੱਡੋ ਅੰਦੋਲਨ' ਸ਼ੁਰੂ ਕਰ ਦਿੱਤਾ ਸੀ। ਇਸ ਜੰਗ ਵਿੱਚ ਜਰਮਨੀ ਆਪਣੇ ਭਾਈਵਾਲਾਂ ਨਾਲ ਸਾਡੇ ਦੁਸ਼ਮਣ-ਬਰਤਾਨਵੀ ਸਾਮਰਾਜ ਦੇ ਵਿਰੁੱਧ ਜਿੱਤ ਪ੍ਰਾਪਤ ਕਰ ਰਹੀ ਸੀ। ਉਦੋਂ ਹੀ ਜਪਾਨ ਜਿਸ ਨੂੰ 'Nippon' ਨਿਪੋਨ ਵੀ ਕਹਿੰਦੇ ਸਨ ਆਪਣੇ ਪੱਛਮੀ ਭਾਈਵਾਲਾਂ ਦੇ ਸਹਿਯੋਗ ਨਾਲ ਪੂਰਬੀ ਏਸ਼ੀਆ ਵਿੱਚ ਲੜ ਰਿਹਾ ਸੀ। ਇਨ੍ਹਾਂ ਬਾਹਰੀ ਹਾਲਾਤਾਂ ਦੇ ਸੁਖਾਵੇਂ ਜੋੜ ਨੂੰ ਦੇਖਦੇ ਹੋਏ ਭਾਰਤੀ ਲੋਕਾਂ ਕੋਲ ਆਪਣੀ ਆਜ਼ਾਦੀ ਪ੍ਰਾਪਤ ਕਰਨ ਦਾ ਸੁਨਹਿਰੀ ਮੌਕਾ ਸੀ। ਆਜ਼ਾਦੀ ਦੀ ਜੰਗ ਦੇ ਇਤਿਹਾਸ ਵਿੱਚ ਪਹਿਲੀ ਵਾਰ ਭਾਰਤੀਆਂ ਨੇ ਵਿਦੇਸ਼ਾਂ ਵਿੱਚ ਆਪਣੀ ਆਵਾਜ਼ ਬੁਲੰਦ ਕੀਤੀ ਸੀ ਅਤੇ ਰਾਜਨੀਤਕ ਤੌਰ ਤੇ ਇੱਕ ਸੰਗਠਨ ਵਿੱਚ ਸੰਗਠਿਤ ਹੋ ਗਏ ਸਨ। ਉਹ ਸਭ ਆਪਣੇ ਆਪ ਨੂੰ ਕੇਵਲ ਭਾਰਤ ਵਾਸੀ ਹੀ ਮਹਿਸੂਸ ਕਰਦੇ ਸਨ ਅਤੇ ਇਸ ਦੀ ਆਜ਼ਾਦੀ ਲਈ ਹਰ ਤਰ੍ਹਾਂ ਦਾ ਪ੍ਰਚਾਰ ਕਰਦੇ ਹੋਏ ਮਾਰਚ ਕਰਦੇ ਅੱਗੇ ਵਧਦੇ ਸਨ। ਉਨ੍ਹਾਂ ਦੇ ਪ੍ਰਯਤਨਾਂ ਸਦਕੇ ਪੂਰਬੀ ਏਸ਼ੀਆ ਵਿੱਚ ਹੁਣ ਤੱਕ ਦੋ ਲੱਖ ਤੋਂ ਵੱਧ ਭਾਰਤੀਆਂ ਦੀ ਇੱਕ ਮਜ਼ਬੂਤ ਭਰੋਸੇਯੋਗ ਸੈਨਾ ਬਣਾਈ ਜਾ ਚੁੱਕੀ ਸੀ। ਉਨ੍ਹਾਂ ਦੇ ਅੱਗੇ ਭਾਰਤੀ 'ਆਜ਼ਾਦ ਹਿੰਦ ਫੌਜ' ਦੇ ਸੈਨਿਕ ਇੱਕ ਦੂਜੇ ਨਾਲ ਮੋਢੇ ਨਾਲ ਮੋਢੇ ਨਾਲ ਮੋਢਾ ਜੋੜ ਕੇ 'ਦਿੱਲੀ ਚਲੋ' ਦੇ ਨਾਅਰੇ ਲਾਉਂਦੀ ਅੱਗੇ ਹੀ ਅੱਗੇ ਵਧਦੀ ਜਾ ਰਹੀ ਸੀ।


ਦੂਜੇ ਪਾਸੇ ਭਾਰਤ ਵਿੱਚ ਬਰਤਾਨਵੀ ਰਾਜ ਵੀਹਵੀਂ ਸਦੀ ਦੇ ਤੀਜੇ ਦਹਾਕੇ ਦੇ ਅੰਤ ਤੱਕ ਆਪਣੇ ਜ਼ੁਲਮਾਂ ਕਾਰਨ ਭਾਰਤੀ ਲੋਕਾਂ ਦੇ ਮਨਾਂ ਵਿੱਚੋਂ ਆਪਣੀ ਭੱਲ ਗੁਆ ਚੁੱਕਾ ਸੀ। 26 ਜਨਵਰੀ 1929 ਨੂੰ ਕਾਂਗਰਸ ਪਾਰਟੀ ਦੇ ਇਜਲਾਸ ਵਿੱਚ ਲਹੌਰ ਵਿਖੇ ਰਾਵੀ ਦੇ ਕੰਢੇ ਪਾਸ ਹੋਣ ਵਾਲੇ 'ਪੂਰਨ ਆਜ਼ਾਦੀ ਪ੍ਰਾਪਤੀ' ਦੇ ਮਤੇ ਦੀ ਰੋਸ਼ਨੀ ਵਿੱਚ ਅੰਗਰੇਜ਼ ਸਰਕਾਰ ਨੇ 1930 ਵਿੱਚ ਧਰਮਾਂ, ਜਾਤਾਂ ਅਤੇ ਖਿੱਤਿਆਂ ਦੀ ਵੰਡ ਦੇ ਅਧਾਰ ਤੇ ਕੰਮ ਚਲਾਊ ਸਰਕਾਰਾਂ ਦੇ ਗਠਨ ਕੀਤੇ ਸਨ। ਇਨ੍ਹਾਂ ਚੋਣਾਂ ਦੇ ਸਿੱਟੇ ਵਜੋਂ ਹੀ ਸਨ 1931 ਤੋਂ 1937 ਤੱਕ ਭਾਰਤ ਵਿੱਚ 8 ਪ੍ਰਾਂਤਾਂ ਵਿੱਚ ਕਾਂਗਰਸ ਦੀਆਂ ਮਨਿਸਟਰੀਆਂ ਕੰਮ ਕਰਦੀਆਂ ਰਹੀਆਂ ਸਨ। ਉਨ੍ਹਾਂ ਨੇ ਇਹ ਸਾਬਤ ਕਰ ਦਿੱਤਾ ਸੀ ਕਿ ਆਜ਼ਾਦ ਭਾਰਤ ਵਿੱਚ ਸਰਕਾਰ ਬਨਾਉਣ ਅਤੇ ਕੰਮ ਕਰਨ ਦੀ ਉਨ੍ਹਾਂ ਵਿੱਚ ਯੋਗਤਾ ਅਤੇ ਸਮਰੱਥਾ ਹੈ। ਹੁਣ ਤਾਂ ਅੰਗਰੇਜ਼ੀ ਰਾਜ ਨੂੰ ਭਰਪੂਰ ਤਬਾਹ ਕਰਨ ਲਈ ਇੱਕ ਚੰਗਿਆੜੀ ਦੀ ਲੋੜ ਸੀ। ਇਸ ਚੰਗਿਆੜੀ ਨੂੰ ਜਲਾਉਣ ਦਾ ਕੰਮ ਭਾਰਤ ਦੀ " ਆਜ਼ਾਦ ਹਿੰਦ ਫੌਜ਼' ਦਾ ਸੀ। ਇਸ ਦੀ ਮਦਦ ਨੂੰ ਯਕੀਨੀ ਬਨਾਉਣ ਲਈ ਦੇਸ਼ ਦੀ ਜਨਤਾ ਅਤੇ ਬ੍ਰਿਟੇਨ ਦੀ ਭਾਰਤੀ ਫੌਜ਼ ਵਿੱਚੋਂ ਭਗੌੜੇ ਹੋਏ ਭਾਰਤੀ ਸੈਨਿਕਾਂ ਦਾ ਹੋ ਸਕਦਾ ਸੀ। ਇਸ ਨੂੰ ਨੇਪਰੇ ਚਾੜ੍ਹਨ ਵਿੱਚ ਬ੍ਰਿਟਿਸ਼ ਰਾਜ ਦੇ ਪ੍ਰਤੀਦਵੰਦੀ ਦੂਜੇ ਵਿਦੇਸ਼ੀ ਭਾਈਵਾਲਾਂ ਦਾ ਵੱਡਾ ਯੋਗਦਾਨ ਹੋ ਸਕਦਾ ਸੀ। ਇਸ ਲਈ ਪੂਰਨ ਆਜ਼ਾਦੀ ਦੀ ਪ੍ਰਾਪਤੀ ਲਈ ਭਾਰਤ ਦੀ 'ਆਜ਼ਾਦ ਹਿੰਦ ਫੌਜ਼' ਹੀ ਆਪਣੀ ਤਾਕਤ ਅਤੇ ਸੰਗਠਨ ਨਾਲ ਇਸ ਇਤਿਹਾਸਕ ਭੂਮਿਕਾ ਨੂੰ ਪੂਰਾ ਕਰ ਸਕਦੀ ਸੀ।

ਇਸ ਮੰਤਵ ਦੀ ਪੂਰਤੀ ਅਧੀਨ 2 ਜੁਲਾਈ,1943 ਵਿੱਚ ਸੁਭਾਸ਼ ਚੰਦਰ ਬੋਸ ਸਿੰਘਾਪੁਰ ਵਿੱਚ ਪਹੁੰਚੇ ਸਨ। ਸਿੰਘਾਪੁਰ ਆਉਂਦੇ ਹੀ ਉਹ ਜਿਨ੍ਹਾਂ ਤਿੰਨ ਭਾਰਤੀਆਂ ਨੂੰ ਮਿਲੇ ਉਨ੍ਹਾਂ ਵਿੱਚੋਂ ਇੱਕ ਲਕਸ਼ਮੀ ਸੀ। ਆਪਣੇ ਸਾਰੇ ਜਨਤਕ ਇਕੱਠਾਂ ਵਿੱਚ, ਨੇਤਾ ਜੀ ਬੋਲਦੇ ਹੋਏ ਕਹਿੰਦੇ ਸਨ "ਇੱਕ ਔਰਤਾਂ ਦੀ ਅਲੱਗ ਫੌਜ ਖੜੀ ਕੀਤੀ ਜਾਵੇਗੀ ਜਿਸ ਨੂੰ ਰਾਣੀ ਲਕਸ਼ਮੀ ਬਾਈ ਦੇ ਨਾਂ ਤੇ 'ਰਾਣੀ ਝਾਂਸੀ ਰੈਜਮੈਂਟ ' ਦਾ ਨਾਂ ਦਿੱਤਾ ਜਾਵੇਗਾ। ਉਹ ਆਜ਼ਾਦ ਹਿੰਦ ਫੌਜ ਦੇ ਮਰਦ ਸੈਨਿਕਾਂ ਨਾਲ ਕੰਧੇ ਨਾਲ ਕੰਧਾ ਮਿਲਾ ਕੇ ਹਿੰਦੋਸਤਾਨ ਦੀ ਆਜ਼ਾਦੀ ਲਈ ਲੜੇਗੀ ਅਤੇ ਇਸ ਨੂੰ ਸੰਪੂਰਨ ਕਰਨ ਵਿੱਚ ਆਪਣਾ ਭੱਝਵਾਂ ਯੋਗਦਾਨ ਪਾਵੇਗੀ। ਹੁਣ, ਆਜ਼ਾਦੀ ਪ੍ਰਾਪਤੀ ਦਾ ਮਿਸ਼ਨ ਪੂਰਾ ਕਰਨ ਲਈ ਫੌਜੀ ਸੰਗਠਨ ਹੱਥ ਵਿੱਚ ਹੈ ਅਤੇ ਇਹ ਭਾਰਤੀ ਲੋਕਾਂ ਦਾ ਫਰਜ਼ ਬਣਦਾ ਹੈ ਕਿ ਉਹ ਆਪਣੀ 'ਕੰਮ ਚਲਾਊ ਸਰਕਾਰ' ਬਨਾਉਣ ਅਤੇ ਉਸ ਸਰਕਾਰ ਦੇ ਝੰਡੇ ਹੇਠਾਂ ਆਪਣੀ ਆਜ਼ਾਦੀ ਪ੍ਰਾਪਤੀ ਦਾ ਅਖੀਰਲਾ ਯੁੱਧ ਲੜਨ ਪ੍ਰੰਤੂ ਭਾਰਤ ਵਿੱਚ ਜੇਲ੍ਹਾਂ ਵਿੱਚ ਬੰਦ ਆਗੂਆਂ ਅਤੇ ਘਰਾਂ ਵਿੱਚ ਬੈਠੇ ਲੋਕਾਂ ਲਈ 'ਕੰਮ ਚਲਾਊ' ਸਰਕਾਰ ਦਾ ਗਠਨ ਕਰਨਾ ਅਤੇ ਉਸ ਦੇ ਝੰਡੇ ਹੇਠਾਂ ਹਥਿਆਰ ਬੰਦ ਲੜਾਈ ਵਿੱਢਣਾ ਬਿਲਕੁਲ ਹੀ ਸੰਭਵ ਨਹੀ ਸੀ। ਇਸ ਨੂੰ ਪੂਰਾ ਕਰਨ ਦੀ ਜ਼ਿੰਮੇਵਾਰੀ ਪੂਰਬੀ ਏਸ਼ੀਆ ਵਿੱਚ 'ਆਜ਼ਾਦ ਸੰਘ-Independence League' ਜਿਸਨੂੰ ਦੇਸ਼ ਵਿਚਲੇ ਅਤੇ ਵਿਦੇਸ਼ਾਂ ਵਿੱਚਲੇ ਸਾਰੇ ਦੇਸ਼ ਭਗਤਾਂ ਦਾ ਸਮੱਰਥਨ ਪ੍ਰਾਪਤ ਹੋਵੇ, ਰਾਹੀਂ ਹੀ ਪ੍ਰਾਪਤ ਕੀਤਾ ਜਾ ਸਕਦਾ ਸੀ । ਉਹ ਆਜ਼ਾਦ ਭਾਰਤ ਦੀ 'ਕੰਮ ਚਲਾਊ' ਸਰਕਾਰ ਨੂੰ ਬਨਾਉਣ ਦਾ ਕੰਮ ਆਪਣੇ ਹੱਥਾਂ ਵਿੱਚ ਲੈ ਲੈਣ ਅਤੇ ਇਸ 'ਆਜ਼ਾਦ ਹਿੰਦ ਫੌਜ਼' ਨਾਲ ਆਪਣੀ ਆਜ਼ਾਦੀ ਦਾ ਆਖਰੀ ਯੁੱਧ ਸ਼ੁਰੂ ਕਰਨ।"

ਡਾਕਟਰ ਲਕਸ਼ਮੀ ਸਵਾਮੀਨਾਥਨ ਵੀ ਸੁਭਾਸ਼ ਚੰਦਰ ਬੋਸ ਦੇ ਜਲਸੇ ਵਿੱਚ ਦੂਰ ਖੜੀ ਉਨ੍ਹਾਂ ਦੇ ਉਹ ਜੁਝਾਰੂ ਵਿਚਾਰ ਸੁਣ ਰਹੀ ਸੀ। ਇਸ ਜਲਸੇ ਵਿੱਚ ਬਹੁਤ ਵੱਡੀ ਗਿਣਤੀ ਵਿੱਚ ਭਾਰਤੀ ਸੈਨਿਕ ਅਤੇ ਅਫਸਰ ਸ਼ਾਮਲ ਸਨ। ਲਕਸ਼ਮੀ ਨੂੰ ਹਮੇਸ਼ਾ ਹੀ ਜੁਝਾਰੂ ਰਾਸ਼ਟਰੀਅਤਾ ਨੇ ਪ੍ਰਭਾਵਤ ਕੀਤਾ ਸੀ ਜਿਹੜਾ ਕਿ ਸੁਭਾਸ਼ ਚੰਦਰ ਬੋਸ ਦੇ ਆਪਣੇ ਜਲਸੇ ਨੂੰ ਸਮਾਪਤ ਕਰਨ ਵੇਲੇ ਬੋਲੇ ਗਏ ਨਾਅਰੇ " ਤੁਸੀਂ ਮੈਨੂੰ ਖੂਨ ਦਿਉ,ਮੈਂ ਤੁਹਾਨੂੰ ਆਜ਼ਾਦੀ ਦੇਵਾਂਗਾ" ਵਿੱਚ ਝਲਕਦੀ ਸੀ। ਇਸ ਨਾਅਰੇ ਨੇ ਜੰਗ ਦੌਰਾਨ ਹੋਏ ਜ਼ਖਮੀ ਸਿਪਾਹੀਆਂ ਅਤੇ ਅਫਸਰਾਂ ਅੰਦਰ ਸੁਭਾਸ਼ ਪ੍ਰਤੀ ਇੱਕ ਪ੍ਰਸੰਸਾਮਈ ਵਫਾਦਾਰੀ ਜਗਾ ਦਿੱਤੀ। ਸਿੱਟੇ ਵਜੋਂ ਆਈ. ਐਨ. ਏ. "ਇੰਡੀਅਨ ਨੈਸ਼ਨਲ ਆਰਮੀ" ਬਣਾਈ ਗਈ। ਇਸ ਜਲਸੇ ਨੇ ਲਕਸ਼ਮੀ ਦੀ ਜਿੰਦਗੀ ਵਿੱਚ ਇੱਕ ਬਹੁਤ ਵੱਡਾ ਬਦਲਾਵ ਹੀ ਲੈ ਆਂਦਾ। ਉਸ ਸਮੇਂ ਉਥੇ ਬਹੁਤ ਸਾਰੇ ਭਾਰਤੀ ਦੇਸ਼ ਭਗਤ ਜਿਵੇਂ ਕਿ ਕੇ. ਪੀ. ਕੇਸ਼ਵ ਮੈਨਨ, ਐਸ. ਸੀ. ਗੂਹਾ, ਐਨ. ਰਾਘਵਨ, ਜਨਰਲ ਮੋਹਨ ਸਿੰਘ ਤੇ ਰਾਸ ਬਿਹਾਰੀ ਬੋਸ ਆਦਿ ਜਿਨ੍ਹਾਂ ਨੇ ਇਸ ਸਭਾ ਦੀ ਕਾਰਵਾਈ ਦੀ ਰਚਨਾ ਕੀਤੀ ਸੀ ਵੀ ਹਾਜ਼ਰ ਸਨ। ਲਕਸ਼ਮੀ ਨੇ ਉਸ ਵੇਲੇ ਹੀ ਸੋਚ ਲਿਆ ਸੀ ਕਿ ਇੱਕ ਦਿਨ ਉਹ ਵੀ ਉਸ ਫੌਜ਼ ਦਾ ਹਿੱਸਾ ਬਣੇਗੀ।

ਸੁਭਾਸ਼ ਚੰਦਰ ਬੋਸ ਨੇ ਅਜ਼ਾਦ ਹਿੰਦ ਫੌਜ ਦੇ ਉਚ ਅਧਿਕਾਰੀਆਂ ਨੂੰ ਜਾਣਕਾਰੀ ਦਿੰਦੇ ਕਿਹਾ ਕਿ ਉਹ ਭਾਰਤੀ ਔਰਤਾਂ ਦੀ ਇੱਕ ਸੈਨਾਂ ਬਨਾਉਣ ਵਾਰੇ ਫੈਸਲਾ ਲੈ ਚੁੱਕੇ ਹਨ ਅਤੇ ਉਨ੍ਹਾਂ ਨੂੰ ਇੱਕ ਅਗਵਾਈ ਕਰਨ ਵਾਲੀ ਨੇਤਾ-ਔਰਤ

ਦੀ ਜ਼ਰੂਰਤ ਹੈ। ਉਨ੍ਹਾਂ ਦੇ ਇਸ ਮਿਸ਼ਨ ਨੂੰ ਪੂਰਾ ਕਰਨ ਲਈ ਸਭ ਨੇ ਡਾਕਟਰ ਲਕਸ਼ਮੀ ਸਵਾਮੀਨਾਥਨ ਵਾਰੇ ਸਲਾਹ ਦਿੱਤੀ ਜਿਸ ਨੂੰ ਨੇਤਾ ਜੀ ਸੁਭਾਸ਼ ਨੇ ਮਿਲਣ ਦੀ ਆਪਣੀ ਇੱਛਾ ਪ੍ਰਗਟ ਵੀ ਕੀਤੀ ਅਤੇ ਤੁਰੰਤ ਹੀ ਉਸਨੂੰ ਮੀਟਿੰਗ ਵਿੱਚ ਸੱਦ ਲਿਆ ਗਿਆ। ਉਸਦੇ ਪਹੁੰਚਣ 'ਤੇ ਬਿਨਾ ਸਮਾ ਬਰਬਾਦ ਕੀਤੇ ਸੁਭਾਸ਼ ਨੇ ਉਨ੍ਹਾਂ ਨੂੰ ਆਪਣੀ ਯੋਜਨਾ ਵਾਰੇ ਦੱਸਿਆ ਅਤੇ ਇਹ ਵੀ ਕਿਹਾ ਕਿ ਆਜ਼ਾਦੀ ਦੀ ਲੜਾਈ ਵਿੱਚ ਔਰਤਾਂ ਦੀ ਭਾਗੀਦਾਰੀ ਤੋਂ ਬਿਨਾ ਸੱਚੀ ਆਜ਼ਾਦੀ ਨਹੀਂ ਮਿਲੇਗੀ। ਲਕਸ਼ਮੀ ਸਵਾਮੀਨਾਥਨ ਨਾਲ ਉਨ੍ਹਾਂ ਦੀ ਇਹ ਮੀਟਿੰਗ ਲੱਗਭਗ ਪੰਜ ਘੰਟੇ ਤੱਕ ਚੱਲੀ ਸੀ। ਅਖੀਰ ਨੂੰ ਉਸ ਨੇ ਖੁਸ਼ੀ ਪ੍ਰਗਟ ਕਰਦੇ ਹੋਏ ਨੇਤਾ ਜੀ ਦੇ ਫੈਸਲੇ ਦੀ ਹਾਂਬੀ ਵੀ ਭਰ ਦਿੱਤੀ ਅਤੇ ਅਗਲੇ ਦਿਨ ਤੋਂ ਹੀ ਨਿਧੜਕ ਹੋ ਕੇ ਸੰਗਠਨ ਬਨਾਉਣ ਦੇ ਕੰਮ ਵਿੱਚ ਜੁਟ ਗਈ ਸੀ। ਇਸ ਦੇ ਨਾਲ ਹੀ ਉਨ੍ਹਾਂ ਨੇ ਔਰਤਾਂ ਦੀ ਰੈਜ਼ਮੈਂਟ ਬਨਾਉਣ ਦੀਆਂ ਤਿਆਰੀਆਂ ਵੀ ਸ਼ੁਰੂ ਕਰ ਦਿੱਤੀਆਂ।



ਕੈਪਟਨ ਲਕਸ਼ਮੀ ਸਹਿਗਲ ਦੀ ਫੋਟੋ ਸੁਭਾਸ਼ ਚੰਦਰ ਬੋਸ ਜੀ ਨਾਲ

ਲਕਸ਼ਮੀ ਨੇ ਔਰਤਾਂ ਨੂੰ ਰੰਗਰੂਟ ਭਰਤੀ ਕਰਨ ਲਈ ਖੁੱਲਾ ਸੱਦਾ ਦਿੰਦੇ ਹੋਏ ਇੱਕ ਅਪੀਲ ਕੱਢੀ ਜਿਸ ਨੂੰ ਔਰਤਾਂ ਵਲੋਂ ਬਹੁਤ ਵੱਡਾ ਹੁੰਗਾਰਾ ਮਿਲਿਆ। ਦੇਖਦੇ ਹੀ ਦੇਖਦੇ ਦੋ-ਤਿੰਨ ਪੀੜੀਆਂ ਤੋਂ ਸਿੰਘਾਪੁਰ ਵਿੱਚ ਰਹਿਣ ਵਾਲੇ ਪਰਿਵਾਰਾਂ ਦੀਆਂ ਲੜਕੀਆਂ ਉਸਦੀ ਰੈਜ਼ਮੈਂਟ ਵਿੱਚ ਸ਼ਾਮਲ ਹੋ ਗਈਆਂ। ਲੜਕੀਆਂ ਪੜ੍ਹੀਲਿਖੀਆਂ ਅਤੇ ਆਤਮਨਿਰਭਰ ਸਨ। ਉਨ੍ਹਾਂ ਨੇ 'ਰਾਣੀ ਝਾਂਸੀ ਰੈਜ਼ਮੈਂਟ' ਵਿੱਚ ਅਧਿਕਾਰੀਆਂ ਦਾ [illegible] ਬਣਾਇਆ। 1500 ਔਰਤਾਂ ਦਾ ਸੈਨਿਕ-ਟਰੇਨਿੰਗ ਕੈਂਪ ਚਲਾਇਆ ਗਿਆ, 200

ਔਰਤਾਂ ਨੂੰ ਨਰਸਿੰਗ ਸਟਾਫ ਦੇ ਰੂਪ ਵਿੱਚ ਟਰੇਨਿੰਗ ਦਿੱਤੀ ਗਈ। ਦੂਸਰੀ ਬਰਾਂਚ ਰੰਗੂਨ-ਬਰਮਾ ਵਿੱਚ ਸ਼ੁਰੂ ਕੀਤੀ ਗਈ। ਜਿਆਦਾਤਰ ਰੰਗਰੂਟ ਦੱਖਣੀ ਭਾਰਤੀ ਸਨ, ਇਸ ਸਭ ਦੇ ਹੁੰਦੇ ਤਿਨ ਮਹੀਨਿਆਂ ਵਿੱਚ ਹੀ ਸਭ ਨੇ ਹਿੰਦੀ ਵੀ ਸਿੱਖ ਲਈ ਸੀ। ਇਸ ਤਰ੍ਹਾਂ ਲਕਸ਼ਮੀ ਦੀ ਅਗਵਾਈ ਵਿੱਚ " ਰਾਣੀ ਝਾਂਸੀ ਰੈਜ਼ਮੈਂਟ " ਲਈ ਸਿੰਘਾਪੁਰ ਅਤੇ ਰੰਗੂਨ ਵਿੱਚ ਟਰੇਨਿੰਗ ਸ਼ੁਰੂ ਹੋ ਗਈ ਜਿਹੜੀ ਤਿੰਨ ਮਹੀਨਿਆਂ ਤੱਕ ਚੱਲੀ ਸੀ। ਟਰੇਨਿੰਗ ਬਹੁਤ ਸਖਤ ਸੀ। ਭਾਰਤੀ ਫੌਜ ਵਿੱਚੋਂ ਆਏ ਸਿਖਿਅਕ ਫੌਜੀ ਹੀ ਰੰਗਰੂਟਾਂ ਨੂੰ ਟਰੇਨਿੰਗ ਦਿੰਦੇ ਸਨ। ਸਿਖਿਆਰਥੀ ਆਪਣੇ ਕੰਮ ਵਿੱਚ ਬਹੁਤ ਰੁਚੀ ਲੈਂਦੇ ਸਨ ਅਤੇ ਬਹੁਤ ਮਾਂਣ ਮਹਿਸੂਸ ਕਰਦੇ ਸਨ। ਇਸ ਤਰ੍ਹਾਂ 'ਰਾਣੀ ਝਾਂਸੀ ਰੈਜ਼ਮੈਂਟ' ਦਾ ਗਠਨ ਕੀਤਾ ਗਿਆ ਅਤੇ ਲਕਸ਼ਮੀ ਨੂੰ ਉਸ ਦੀ 'ਕੈਪਟਨ' ਦਾ ਰੈਂਕ ਦਿੱਤਾ ਗਿਆ। ਨੇਤਾ ਜੀ ਵਿੱਚ ਉਸ ਨੂੰ ਉਸ ਆਗੂ ਦਾ ਅਕਸ਼ ਦਿਖਾਈ ਦੇਣ ਲੱਗ ਪਿਆ ਸੀ ਜਿਸ ਵਿੱਚ ਉਹ ਆਪਣਾ ਪੂਰਨ ਭਰੋਸਾ ਅਤੇ ਵਫਾਦਾਰੀ ਦਾ ਵਿਸ਼ਵਾਸ਼ ਕਰ ਸਕਦੀ ਸੀ। ਨੇਤਾ ਜੀ ਸੁਭਾਸ਼ ਵਾਂਗ ਹੀ ਉਸ ਨੇ ਵੀ ਮਹਿਸੂਸ ਕਰ ਲਿਆ ਸੀ ਕਿ ਆਖੀਰ ਨੂੰ "ਆਜ਼ਾਦੀ ਹਥਿਆਰਬੰਦ ਸੰਘਰਸ਼ ਦੁਆਰਾ ਹੀ ਆਏਗੀ"।

ਅਸਲ ਵਿੱਚ 21 ਅਕਤੂਬਰ 1943 ਦਾ ਦਿਨ ਨਾ ਕੇਵਲ ਭਾਰਤ ਦੇ ਇਤਿਹਾਸ ਦਾ ਸਗੋਂ ਕੁੱਲ ਸੰਸਾਰ ਦੇ ਇਤਿਹਾਸ ਦਾ ਸੁਨਹਿਰੀ ਦਿਹਾੜਾ ਸੀ ਕਿਉਂਕਿ ਉਸ ਦਿਨ ਨੇਤਾ ਜੀ ਸੁਭਾਸ਼ ਚੰਦਰ ਬੋਸ ਨੇ ਆਪਣੀ ਅਗਵਾਈ ਵਿੱਚ ਸਵਤੰਤਰ ਭਾਰਤ ਦੀ 'ਕੰਮ ਚਲਾਊ' ਸਰਕਾਰ ਦੀ ਸਥਾਪਨਾ ਦਾ ਐਲਾਨ ਕੀਤਾ ਸੀ। ਇਹ ਘੋਸ਼ਣਾ ਨੇਤਾ ਜੀ ਨੇ ਕੇਵਲ ਆਪਣੇ ਚੁਗਿਰਦੇ ਇਕੱਠੇ ਹੋਏ ਲੋਕਾਂ ਵਿੱਚ ਹੀ ਨਹੀਂ ਸੀ ਕੀਤੀ ਬਲਕਿ ਉਸ ਇਤਿਹਾਸਕ ਮੌਕੇ ਉਸਨੇ ਇਹ ਐਲਾਨ ਸਾਰੀ ਦੁਨੀਆਂ ਦੇ ਸਾਹਮਣੇ ਘੋਸ਼ਿਤ ਕੀਤਾ ਸੀ। ਇਹ ਇੱਕ ਇਤਿਹਾਸਕ ਪਲ ਇਸ ਲਈ ਸੀ ਕਿ ਇਸ ਅਸਥਾਈ ਸਰਕਾਰ ਨੂੰ ਬ੍ਰਿਟਿਸ਼ ਸਾਮਰਾਜ ਵਿਰੋਧੀ ਲੜ ਰਹੇ ਧੜੇ ਦੀਆਂ 9 ਸ਼ਕਤੀਆਂ ਨੇ ਤੁਰੰਤ ਮਾਨਤਾ ਵੀ ਦੇ ਦਿੱਤੀ ਸੀ। 23 ਅਕਤੂਬਰ 1943 ਦੀ ਅੱਧੀ ਰਾਤ ਨੂੰ ਇਸ ਸਰਕਾਰ ਨੇ ਬ੍ਰਿਟੇਨ ਦੇ ਵਿਰੁੱਧ ਜੰਗ ਦਾ ਐਲਾਨ ਕਰ ਦਿੱਤਾ ਤਾਂਕਿ ਉਨ੍ਹਾਂ ਦੀ ਅਧੀਨਗੀ ਤੋਂ ਮੁਕਤੀ ਪ੍ਰਾਪਤ ਕਰਨ ਲਈ ਹਥਿਆਰਬੰਦ ਜੰਗ ਲੜੀ ਜਾ ਸਕੇ। ਇਸ ਤਰ੍ਹਾਂ 'ਆਜ਼ਾਦ ਹਿੰਦ' ਫੌਜ਼ ਜਿਹੜੀ ਰਾਸ ਬਿਹਾਰੀ ਬੋਸ਼, ਜਨਰਲ ਮਨਮੋਹਨ ਸਿੰਘ ਅਤੇ ਹੋਰ ਸਾਥੀਆਂ ਰਾਹੀਂ ਬਣਾਈ ਗਈ ਸੀ ਨੂੰ ਨੇਤਾ ਜੀ ਸੁਭਾਸ਼ ਚੰਦਰ ਬੋਸ ਦੀ ਅਗਵਾਈ ਵਿੱਚ ਦੁਬਾਰਾ ਸੰਗਠਿਤ ਕੀਤਾ ਗਿਆ ਸੀ।

ਦੂਸਰਾ ਮਹੱਤਵ ਪੂਰਨ ਕਦਮ ਜਿਹੜਾ ਉਨ੍ਹਾਂ ਰਾਹੀਂ ਚੁੱਕਿਆ ਗਿਆ ਉਹ ਸੀ ਫੌਜੀ ਐਕਸ਼ਨਾਂ ਵਿੱਚ ਭਾਰਤੀ ਔਰਤਾਂ ਦੀ ਸਮੂਲੀਅਤ ਦਾ। ਇਸ ਤੋਂ ਪਹਿਲਾਂ ਵੀ ਸਨ 1928 ਵਿੱਚ ਵੀ ਉਹ ਕਰਨਲ ਲਤਿਕਾ ਘੋਸ਼ ਦੀ ਅਗਵਾਈ ਵਾਲੀ ਕਾਂਗਰਸ-ਇਸਤਰੀਆਂ ਦੀ ਵਾਲੰਟੀਅਰ-ਸੈਨਾ ਬਨਾਉਣ ਵਿੱਚ ਸਹਾਈ ਹੋਇਆ ਸੀ, ਜਿਸ ਨੇ ਪੂਰੀ ਵਰਦੀ ਪਾ ਕੇ ਕਲਕੱਤੇ ਦੀਆਂ ਗਲੀਆਂ ਵਿੱਚ ਮਾਰਚ ਕੀਤਾ ਸੀ। ਉਹ ਕਹਿੰਦੇ ਸਨ ਕਿ "ਭਾਰਤ ਦੀ ਅੱਧੀ ਵਸੋਂ ਔਰਤਾਂ ਦੀ ਹੈ, ਫਿਰ ਦੇਸ਼ ਦੀ ਆਜ਼ਾਦ ਹਿੰਦ ਫੌਜ਼ ਵਿੱਚ ਔਰਤਾਂ ਦੀ ਸਮੂਲੀਅਤ ਵੀ ਬਹੁਤ ਜ਼ਰੂਰੀ ਬਣਦੀ ਹੈ"।

ਸੁਭਾਸ਼ ਚੰਦਰ ਬੋਸ ਦਾ ਆਪਣੇ ਸੈਨਿਕਾਂ ਲਈ ਫੁਰਮਾਨ ਸੀ " ਸਾਡੀ ਮਾਤਰ ਭੂਮੀ ਆਜ਼ਾਦੀ ਚਾਹੁੰਦੀ ਹੈ। ਉਹ ਆਜ਼ਾਦੀ ਤੋਂ ਬਿਨਾਂ ਜਿਆਦਾ ਦੇਰ ਜ਼ਿੰਦਾ ਨਹੀਂ

ਰਹਿ ਸਕਦੀ। ਪ੍ਰੰਤੂ ਆਜ਼ਾਦੀ ਕੁਰਬਾਨੀਆਂ ਮੰਗਦੀ ਹੈ। ਕੁਰਬਾਨੀਆਂ ਤੁਹਾਡੀ ਸ਼ਕਤੀ ਦੀਆਂ, ਤੁਹਾਡੇ ਧਨ ਦੀਆਂ, ਤੁਹਾਡੀ ਸਾਰੀ ਮਾਲੀਅਤ ਦੀਆਂ ਅਤੇ ਤੁਹਾਡੀ ਸਾਰੇ ਸੁੱਖ-ਚੈਨ ਦੀਆਂ। ਇਹ ਸਭ ਕੁੱਝ ਤੁਹਾਨੂੰ ਕ੍ਰਾਂਤੀਕਾਰੀਆਂ ਦੀ ਤਰ੍ਹਾਂ ਹੀ ਜੋ ਉਨ੍ਹਾਂ ਨੇ ਕੁਰਬਾਨ ਕੀਤੇ ਸਨ-ਆਪਣੇ ਸਾਰੇ ਐਸ਼ੋ-ਅਰਾਮ, ਖੁਸ਼ੀਆਂ, ਦੌਲਤ ਅਤੇ ਜਾਇਦਾਦਾਂ ਆਦਿ ਉਹ ਤੁਹਾਨੂੰ ਜ਼ਰੂਰ ਕੁਰਬਾਨ ਕਰਨੇ ਪੈਣਗੇ।" ਉਨ੍ਹਾਂ ਦੇ ਇਸ ਫੁਰਮਾਨ ਉਤੇ ਫੁੱਲ ਚੜ੍ਹਾਉਣ ਲਈ ਹੀ ਆਜ਼ਾਦ ਹਿੰਦ ਫੌਜ ਨੇ ਆਪਣਾ ਐਕਸ਼ਨ ਸ਼ੁਰੂ ਕਰ ਦਿੱਤਾ ਸੀ।

ਨੇਤਾ ਜੀ ਦੀ ਯੋਗ ਅਗਵਾਈ ਵਿੱਚ ਆਜ਼ਾਦ ਹਿੰਦ ਫੌਜ ਭਾਰਤੀ ਸਰਹੱਦਾਂ ਵੱਲ ਜਿੱਤਾਂ ਭਰਪੂਰ ਮਾਰਚ ਕਰਦੀ ਅੱਗੇ ਵੱਧ ਰਹੀ ਸੀ। ਇਸ ਨੇ ਆਪਣਾ " ਤਿਰੰਗਾ ਝੰਡਾ" 14 ਅਪਰੈਲ 1944 ਨੂੰ ਲੱਗਭੱਗ ਸ਼ਾਮ ਦੇ 5 ਵਜੇ "ਮੋਰਾਂਗ ਕਾਂਗਲਾ " ਦੇ ਸਥਾਨ ਤੇ ਕਰਨਲ ਸ਼ੌਕਤ ਅਲੀ ਮਲਿਕ, ਜਿਹੜਾ ਬਹਾਦਰ ਗਰੁੱਪ ਦਾ ਕਮਾਂਡਰ ਸੀ, ਦੀ ਅਗਵਾਈ ਵਿੱਚ ਲਹਿਰਾ ਦਿੱਤਾ ਸੀ। ਇਸ ਥਾਂ ਤੇ ਦੇਸ਼ ਲਈ, ਉਸ ਦੀ ਇਸ ਮਹਾਨ ਕੁਰਬਾਨੀ ਦਾ ਸਨਮਾਨ ਕਰਨ ਲਈ ਉਨ੍ਹਾਂ ਦੇ ਨਾਂ ਵਿੱਚ ਹੁਣ ਵੀ ਇੱਕ ਯਾਦਗਾਰ ਖੜੀ ਹੈ।

ਇਹ ਫੌਜ ਇੱਕ ਟੁਕੜੀ ਨਹੀਂ ਸੀ ਸਗੋਂ ਇੱਕ ਪਲਟਨ ਸੀ। ਇਸ ਤਰ੍ਹਾਂ ਔਰਤਾਂ ਦੀ ਫੌਜ਼ ਦੀ ਇਹ ਇਕਾਈ ਏਸ਼ੀਆ ਵਿੱਚ ਆਪਣੀ ਕਿਸਮ ਦੀ ਪਹਿਲੀ ਸੀ। ਇਸ ਵਲੋਂ ਦਸੰਬਰ 1944 ਵਿੱਚ ਬਰ੍ਹਮਾ ਵੱਲ ਕੂਚ ਕੀਤਾ ਗਿਆ। ਰੈਜ਼ੀਮੈਂਟ ਨੇ ਜਿਆਦਾਤਰ ਗੁਰੀਲਾ ਕਾਰਵਾਈਆਂ ਵਿੱਚ ਹਿਸਾ ਲਿਆ। ਉਸਨੇ ਸ਼ੇਰਨੀ ਦੀ ਤਰ੍ਹਾਂ ਬਰ੍ਹਮਾ ਦੇ ਜੰਗਲਾਂ ਵਿੱਚ ਬਰਤਾਨਵੀ ਸ਼ਕਤੀਆਂ ਦੇ ਧੁਰੇ ਵਿਰੁੱਧ ਲੜਾਈ ਲੜੀ। ਕੈਪਟਨ ਲਕਸ਼ਮੀ ਉਸ ਸਮੇਂ ਫੌਜ਼ ਅਤੇ ਡਾਕਟਰੀ ਦੋਵੇਂ ਮੋਰਚਿਆਂ ਤੇ ਸਰਗਰਮ ਰਹੀ। ਉਹ ਕਿਸੇ ਪਾਸੇ ਨੂੰ ਵੀ ਅਣਗੌਲਿਆ ਨਹੀਂ ਸੀ ਕਰਦੀ। ਉਸ ਨੇ ਨਾ ਕੇਵਲ ਜੰਗ ਵਿੱਚ ਸੂਰਬੀਰਾਂ ਦੀ ਤਰ੍ਹਾਂ ਆਪਣਾ ਕੰਮ ਕੀਤਾ ਸਗੋਂ ਉਹ ਸੁਭਾਸ਼ ਚੰਦਰ ਬੋਸ ਦੀ ਅਗਵਾਈ ਵਿੱਚ ਬਣਾਈ ਗਈ " ਆਜ਼ਾਦ ਹਿੰਦ-ਅਸਥਾਈ ਸਰਕਾਰ" ਵਿੱਚ ਮੰਤਰੀ ਵੀ ਬਣਾਈ ਗਈ ਸੀ। ਔਰਤਾਂ ਦੇ ਸੰਗਠਨ ਦੀ ਸਰਗਰਮ ਆਗੂ ਹੋਣ ਕਾਰਨ ਲਕਸ਼ਮੀ ਸਹਿਗਲ ਰਾਣੀ ਝਾਂਸੀ ਰੈਜ਼ਮੈਂਟ ਦੀ ਕਮਾਂਡ ਦੇ ਨਾਲ ਨਾਲ ਆਪਣੇ ਮਹਿਕਮੇ ਵਿੱਚ ਵੱਡੇ ਯੋਗਦਾਨ ਵੀ ਪਾਉਂਦੀ ਰਹੀ ਸੀ।

ਦੂਸਰੀ ਸੰਸਾਰ ਜੰਗ ਵਿੱਚ ਸੁਭਾਸ਼ ਚੰਦਰ ਬੋਸ ਯੂਰਪੀ ਦੇਸ਼ਾਂ ਦੇ ਵਿਰੁੱਧ ਜਪਾਨ, ਜਰਮਨ ਅਤੇ ਇਟਲੀ ਤੇ ਅਧਾਰਤ ਦੇਸ਼ਾਂ ਦੀ ਸ਼ਕਤੀ ਨਾਲ ਮਿਲ ਕੇ ਲੜਾਈ ਲੜ ਰਹੇ ਸਨ। ਉਨ੍ਹਾਂ ਦੇਸ਼ਾਂ ਨਾਲ ਕੀਤੇ ਗਏ ਇੱਕ ਸਮਝੌਤੇ ਅਧੀਨ ਜਰਮਨੀ, ਜਪਾਨ ਤੇ ਇਟਲੀ ਦੇ ਮਿੱਤਰ ਦੇਸ਼ਾਂ ਨੇ ਸੰਸਾਰ ਜੰਗ ਜਿੱਤਕੇ ਭਾਰਤ ਦੀ ਆਜ਼ਾਦੀ ਲਈ ਨੇਤਾ ਜੀ ਸੁਭਾਸ਼ ਚੰਦਰ ਦੁਆਰਾ ਗਠਿਤ ਆਜ਼ਾਦ ਹਿੰਦ ਫੌਜ਼ ਦੀ , ਬਰਤਾਨਵੀ ਸਾਮਰਾਜ ਦੇ ਵਿਰੁੱਧ ਮਦਦ ਕਰਨੀ ਸੀ। ਪ੍ਰੰਤੂ 1945 ਵਿੱਚ ਅਮਰੀਕਾ ਦੁਆਰਾ ਜਪਾਨ ਦੇ ਦੋ ਵੱਡੇ ਸ਼ਹਿਰਾਂ ਹੀਰੋਸੀਮਾ ਅਤੇ ਨਾਗਾਸਾਕੀ ਤੇ ਐਟਮ ਬੰਬ ਸੁਟੇ ਜਾਣ ਕਾਰਨ ਮਾਨਵਤਾ ਦਾ ਘਾਣ ਕਰ ਦਿੱਤਾ ਗਿਆ। ਸਿੱਟੇ ਵਜੋਂ ਜਪਾਨ ਦੀ ਤਬਾਹੀ ਹੋ ਗਈ ਅਤੇ ਉਹ ਹਾਰ ਮੰਨ ਗਏ ਸਨ।

ਮਾਰਚ 1945 ਵਿੱਚ ਆਜ਼ਾਦ ਹਿੰਦ ਫੌਜ਼ ਦੇ ਆਗੂਆਂ ਵਲੋਂ ਇੰਮਫਾਲ ਵਿੱਚ

ਦਾਖਲ ਹੋਣ ਤੋਂ ਪਹਿਲਾਂ ਥਾਂ ਬਦਲਣ ਦਾ ਫੈਸਲਾ ਕੀਤਾ ਗਿਆ ਸੀ। ਆਜ਼ਾਦ ਹਿੰਦ ਫੌਜ ਬਰ੍ਹਮਾ ਦੇ ਜੰਗਲਾਂ ਵਿੱਚ ਦੀ ਅੱਗੇ ਹੀ ਅੱਗੇ ਲੜਾਈ ਕਰਦੀ ਵੱਧ ਰਹੀ ਸੀ। ਲਕਸ਼ਮੀ ਨੇ ਬਰ੍ਹਮਾ ਦੇ 'ਸ਼ਾਨ' ਪ੍ਰਾਂਤ ਵਿੱਚ ਸੰਘਣੇ ਜੰਗਲਾਂ ਵਿੱਚ ਖੋਲੇ ਗਏ ਫੌਜੀ ਸੈਨਿਕਾਂ ਦੇ ਇਲਾਜ ਲਈ ਹਸਪਤਾਲ ਵਿੱਚ ਕੰਮ ਕਰਨ ਦੀ ਜਿੱਦ ਕੀਤੀ। ਇਹ ਹਸਪਤਾਲ ਗੰਭੀਰ ਰੂਪ ਵਿੱਚ ਹੋਏ ਜਖਮੀਆਂ ਅਤੇ ਅਪੰਗ ਹੋਏ ਸੈਨਿਕਾਂ ਦੇ ਇਲਾਜ ਲਈ ਖੋਲਿਆ ਗਿਆ ਸੀ। ਇਸ ਹਸਤਪਤਾਲ ਵਿੱਚ ਬਰ੍ਹਮਾ ਤੋਂ ਨਿਕਲਣ ਤੋਂ ਪਹਿਲਾਂ ਨੇਤਾ ਜੀ ਸੁਭਾਸ਼ ਚੰਦਰ ਬੋਸ ਵੀ ਆਏ ਸਨ। ਉਸ ਤੋਂ ਅਗਲੇ ਦਿਨ ਹੀ ਹਸਪਤਾਲ ਉਤੇ ਭਾਰੀ ਬੰਬਬਾਰੀ ਕੀਤੀ ਗਈ ਤੇ ਹਸਪਤਾਲ ਨੂੰ ਤਬਾਹ ਕਰ ਦਿੱਤਾ ਗਿਆ ਸੀ। ਉਸ ਭਿਆਨਕ ਤਬਾਹੀ ਵਿੱਚੋਂ ਜਿਹੜੇ ਸੈਨਿਕ ਬਚੇ ਸਨ ਉਨ੍ਹਾਂ ਨੂੰ ਬੈਲ-ਗੱਡੀਆਂ ਰਾਹੀਂ ਉਥੋਂ ਨਿਕਾਲਿਆ ਗਿਆ। ਆਖਰਕਾਰ ਰੰਗੂਨ ਦੀਆਂ ਸੜਕਾਂ ਤੇ ਵਧ ਰਹੇ ਬ੍ਰਿਟਿਸ਼ ਸੈਨਿਕਾਂ ਨੇ ਉਨ੍ਹਾਂ ਸਭ ਨੂੰ ਜੂਨ1945 ਵਿੱਚ ਗ੍ਰਿਫਤਾਰ ਕਰ ਲਿਆ ਸੀ। ਲਕਸ਼ਮੀ ਨੂੰ ਆਜ਼ਾਦ ਹਿੰਦ ਫੌਜ ਦੇ ਬਾਕੀ ਸੈਨਿਕਾਂ ਤੋਂ ਅਲੱਗ ਕਰਕੇ ਰੰਗੂਨ, ਪੁੱਛ-ਪੜਤਾਲ ਕਰਨ ਲਈ ਲਿਜਾਇਆ ਗਿਆ ਅਤੇ ਇਕ ਮਹੀਨਾ ਉਸਨੂੰ ਰੰਗੂਨ ਵਿੱਚ ਘਰ ਵਿੱਚ ਹੀ ਨਜ਼ਰਬੰਦ ਕਰਕੇ ਰੱਖਿਆ ਗਿਆਸੀ। ਉਥੇ ਰਹਿੰਦੇ ਹੋਏ ਵੀ ਉਹ ਇਕ ਆਈ. ਐਨ. ਏ ਦੇ ਸਿੱਖ ਪਰਿਵਾਰ ਦੇ ਘਰ ਦੀ ਮੈਡੀਕਲ ਦੂਕਾਨ ਵਿੱਚ ਮਰੀਜ਼ਾਂ ਨੂੰ ਦੇਖਦੀ ਰਹੀ ਸੀ।

ਅੰਗਰੇਜ਼ ਬਹੁਤ ਚੋਕੰਨੇ ਹੋ ਗਏ ਸਨ। ਉਨ੍ਹਾਂ ਦੀ ਤੇਜ ਨਜ਼ਰ ਲਕਸ਼ਮੀ ਨੂੰ ਹਰ ਸਮੇਂ ਘੇਰੇ ਰੱਖਦੀ ਸੀ। ਉਸਨੂੰ ਬਰ੍ਹਮਾ ਦੇ ਜ਼ੰਗਲਾ ਵਿੱਚ ਨਜ਼ਰਬੰਦ ਕਰਕੇ ਭਾਰਤ ਭੇਜਣ ਤੱਕ ਰੱਖਿਆ ਗਿਆ। ਇਸ ਮਗਰੋਂ ਮਾਰਚ, 1946 ਵਿੱਚ ਬ੍ਰਿਟਿਸ਼ ਫੌਜ਼ ਵਲੋਂ ਆਈ. ਐਨ. ਏ. ਦੇ ਅਧਿਕਾਰੀਆਂ, ਸੈਨਿਕਾਂ ਨਾਲ ਲਕਸ਼ਮੀ ਨੂੰ 'ਜੰਗੀ ਕੈਦੀ' ਬਣਾ ਕੇ ਭਾਰਤ ਲਿਆਂਦਾ ਗਿਆ ਸੀ। ਦਿੱਲੀ ਵਿੱਚ ਉਸ ਸਮੇਂ ਆਈ. ਐਨ. ਏ. ਦੇ ਤਿੰਨ ਅਫਸਰਾਂ-ਮੇਜਰ ਜਨਰਲ ਸ਼ਾਹ ਨਵਾਜ਼ ਖਾਂ, ਕਰਨਲ ਗੁਰਬਖਸ਼ ਸਿੰਘ ਢਿੱਲੋਂ ਅਤੇ ਕਰਨਲਲ ਪ੍ਰੇਮ ਕੁਮਾਰ ਸਹਿਗਲ 'ਤੇ ਮੁਕੱਦਮਾ ਚੱਲ ਰਿਹਾ ਸੀ। ਦੇਸ਼ ਦੀ ਸਾਰੀ ਜਨਤਾ ਦਾ ਧਿਆਨ ਉਸ ਮੁਕੱਦਮੇ ਵੱਲ ਸੀ। ਲਕਸ਼ਮੀ ਕੱਲਕੱਤੇ ਵਲੋਂ ਹੋ ਕੇ ਦਿੱਲੀ ਪਹੁੰਚੀ ਸੀ ਅਤੇ ਇਥੇ ਹੀ ਉਸਨੂੰ ਨੇਤਾ ਜੀ ਦੀ ਮੌਤ ਦੀ ਪੱਕੀ ਖਬਰ ਵੀ ਮਿਲੀ ਸੀ। ਉਹ ਜਿਸ ਜਿਸ ਪਾਸੇ ਦੀ ਲੰਘ ਕੇ ਆਏ ਸੀ ਓਧਰ ਹੀ ਉਨ੍ਹਾਂ ਦਾ ਦੇਸ਼ ਦੇ ਲੋਕਾਂ ਵਲੋਂ ਸੂਰਬੀਰਾਂ ਵਾਲਾ ਸੁਆਗਤ ਕੀਤਾ ਗਿਆ ਸੀ। ਲੋਕਾਂ ਵਲੋਂ ਉਨ੍ਹਾਂ ਨੂੰ ਆਜ਼ਾਦੀ ਦਿਵਾਉਣ ਵਾਲੇ ਬਹਾਦਰ, ਹੌਸਲੇ ਵਾਲੇ ਅਤੇ ਨਿਡਰਤਾ ਭਰਪੂਰ ਜੋਧਿਆਂ ਦੇ ਰੂਪ ਵਿੱਚ ਦੇਖਿਆ ਗਿਆ ਸੀ। ਆਖਰ ਮਾਰਚ 1946 ਵਿੱਚ ਲਕਸ਼ਮੀ ਨੂੰ ਰਿਹਾ ਕਰ ਦਿੱਤਾ ਗਿਆ ਸੀ।

ਕੈਪਟਨ ਲਕਸ਼ਮੀ ਦਾ ਜੰਗ ਦਾ ਤਜੱਰਬਾ ਬਹੁਤ ਕਠਿਨਾਈਆਂ ਭਰਪੂਰ ਸੀ। ਇਹ ਖਿੱਤਾ ਯੁੱਧ ਦੀ ਹਫੜਾ-ਦਫੜੀ ਦਾ ਸ਼ਿਕਾਰ ਸੀ। ਬਰਤਾਨਵੀ ਕਮਾਂਡਰ ਵਲੋਂ ਜੰਗ ਦੇ ਕੈਦੀਆਂ ਨੂੰ ਅਤੇ ਉਜੜੇ ਲੋਕਾਂ ਨੂੰ 'ਤੂੰਗੋ' ਤੱਕ, 100 ਮੀਲ ਦਾ ਸਫਰ ਪੈਦਲ ਚੱਲਕੇ ਭੇਜਣ ਦਾ ਫੈਸਲਾ ਕੀਤਾ ਗਿਆ। ਇਸ ਨੂੰ ਪੂਰਾ ਕਰਨ ਵਿੱਚ 10 ਦਿਨ ਲੱਗੇ ਸਨ। ਇਹ ਬਹੁਤ ਕਠਿਨਾਈਆਂ ਭਰਪੂਰ ਸਫਰ ਸੀ। ਗਰਮੀਆਂ ਦੇ ਦਿਨ ਸਨ, ਪਾਣੀ ਦੀ ਕਿੱਲ੍ਹਤ ਸੀ ਉਪਰੋਂ ਮੱਛਰ ਵੀ ਬਹੁਤ, ਗੱਲ ਕੀ ਹਰ ਤਰ੍ਹਾਂ ਨਾਲ

ਜ਼ਿੰਦਗੀ ਦਾ ਹਰ ਪਲ ਬਿਤਾਉਣਾ ਦੁੱਭਰ ਬਣ ਗਿਆ ਸੀ। 10 ਦਿਨਾਂ ਤੱਕ ਬਿਨਾ ਨਹਾਤੇ ਅਤੇ ਬਿਨਾ ਕੱਪੜੇ ਬਦਲੇ ਸਫਰ ਕਰਨਾ, ਕਠਿਨ ਰਸਤਿਆਂ ਤੇ ਪੈਦਲ ਚੱਲਦਿਆਂ ਪੈਰਾਂ ਵਿੱਚ ਛਾਲੇ ਪੈ ਗਏ ਸਨ। ਉਸ ਹਾਲਤ ਵਿੱਚ ਤੁਰਨ ਨਾਲ ਪੈਰਾਂ ਦਾ ਜਖਮੀ ਹੋਣਾ ਅਤੇ ਸੋਜਸ਼ ਆਉਣੀ, ਕਿੰਨਾ ਭਿਆਨਕ ਸੀ? ਜਦ ਕਦੇ ਵੀ ਉਹ ਆਪਣੇ ਉਸ ਵਕਤ ਦੀਆਂ ਗੱਲਾਂ ਨੂੰ ਕਿਸੇ ਨਾ ਕਿਸੇ ਸਾਥੀ ਨਾਲ ਸਾਂਝਿਆਂ ਕਰਦੀ ਸੀ, ਇੰਝ ਲਗਦਾ ਸੀ ਕਿ ਜਿਵੇਂ ਉਹ ਮੁੜ ਕੇ ਉਸੇ ਹਾਲਾਤ ਵਿੱਚ ਪਹੁੰਚ ਗਈ ਹੋਵੇ ਜਿਸ ਦੀ ਝੱਲਕ ਸਾਫ ਸਾਫ ਦਿਖਾਈ ਦਿੰਦੀ ਸੀ।

ਆਜ਼ਾਦੀ ਪ੍ਰਾਪਤੀ ਤੋਂ ਪਹਿਲਾਂ ਮਾਰਚ 1947 ਵਿੱਚ ਰਿਹਾ ਹੋਣ ਮਗਰੋਂ ਲਹੌਰ ਵਿਖੇ ਕੈਪਟਨ ਲਕਸ਼ਮੀ ਸਵਾਮੀਨਾਥਨ ਦਾ ਵਿਆਹ ਆਜ਼ਾਦ ਹਿੰਦ ਫੌਜ ਦੇ ਕਰਨਲ ਪ੍ਰੇਮ ਕੁਮਾਰ ਸਹਿਗਲ ਨਾਲ ਹੋ ਗਿਆ ਤੇ ਉਹ ਕੈਪਟਨ ਲਕਸ਼ਮੀ ਸਹਿਗਲ ਬਣ ਗਈ। ਕੈਪਟਨ ਲਕਸ਼ਮੀ ਅਤੇ ਪ੍ਰੇਮ ਕੁਮਾਰ ਸਹਿਗਲ ਸਿੰਘਾਪੁਰ ਵਿੱਚ ਮਿਲੇ ਅਤੇ ਇਕੱਠਿਆਂ ਆਜ਼ਾਦੀ ਦੀ ਜੰਗ ਲੜਦੇ ਰਹੇ ਸਨ। ਉਥੇ ਉਨ੍ਹਾਂ ਦੇ ਜ਼ਖਮਾਂ ਦਾ ਇਲਾਜ਼ ਕਰਦੇ ਸਮੇਂ ਡਾਕਟਰ ਲਕਸ਼ਮੀ ਅਤੇ ਪ੍ਰੇਮ ਕੁਮਾਰ ਇੱਕ ਦੂਸਰੇ ਤੋਂ ਬਹੁਤ ਪ੍ਰਭਾਵਤ ਹੋਏ ਸਨ। ਉਨ੍ਹਾਂ ਦਾ ਮਕਸਦ ਵੀ " ਭਾਰਤ ਦੇਸ਼ ਨੂੰ ਅੰਗਰੇਜ਼ੀ ਸਾਮਰਾਜ ਤੋਂ ਮੁਕਤੀ ਦਿਵਾਉਣੀ" ਇੱਕ ਹੀ ਹੋ ਗਿਆ ਸੀ।

ਭਾਰਤ ਨੂੰ ਆਜ਼ਾਦੀ ਮਿਲਣ ਪਿੱਛੋਂ ਆਜ਼ਾਦ ਭਾਰਤ ਦੀ ਵਾਗਡੋਰ ਕਾਂਗਰਸੀ ਨੇਤਾਵਾਂ ਦੇ ਹੱਥ ਫੜਾਈ ਗਈ ਸੀ ਜਿਨ੍ਹਾਂ ਨੇ ਜੋੜ-ਤੋੜ ਅਤੇ ਸਮਝੌਤਿਆਂ ਵਾਲੀਆਂ ਵਾਰਤਾਵਾਂ ਨਾਲ ਆਜ਼ਾਦੀ ਦੇ ਅਸਲੀ ਮਕਸਦ ਨੂੰ ਦੂਸ਼ਿਤ ਕਰ ਦਿੱਤਾ ਸੀ। ਲਕਸ਼ਮੀ ਲਈ ਇਸ ਨੂੰ ਅਪਨਾਉਣਾ ਸੰਭਵ ਨਹੀਂ ਸੀ ਕਿਉਂਕਿ ਇਹ ਆਜ਼ਾਦੀ ਦੇਸ਼ ਦੀ ਵੰਡ 'ਤੇ ਅਧਾਰਤ, ਲੋਕਾਂ ਦੀ ਫਿਰਕੂ ਨਫਰਤ ਅਤੇ ਉਨ੍ਹਾਂ ਦੇ 'ਨਰਸੰਹਾਰ' ਦੇ ਸਹਾਰੇ ਲਈ ਗਈ ਸੀ। ਉਨ੍ਹਾਂ ਨੇ ਕਦੇ ਅਜਿਹੀ ਆਜ਼ਾਦੀ ਵਾਰੇ ਸੋਚਿਆ ਵੀ ਨਹੀਂ ਸੀ। ਇਸ ਮੰਦਭਾਗੀ ਦੁਰਘਟਨਾ ਕਾਰਨ ਉਸ ਨੇ ਆਪਣੇ ਡਾਕਟਰੀ ਦੇ ਪੇਸ਼ੇ ਰਾਹੀਂ ਬੇਸਹਾਰਾ ਅਤੇ ਪੀੜ੍ਹਤਾਂ ਦੀ ਸੇਵਾ ਕਰਨ ਦਾ ਫੈਸਲਾ ਕਰ ਲਿਆ ਅਤੇ ਉਹ ਉਸ ਵਿੱਚ ਜੁਟ ਗਈ ਸੀ।

ਵਿਆਹ ਪਿੱਛੋਂ ਲਕਸ਼ਮੀ ਸਹਿਗਲ ਅਤੇ ਪ੍ਰੇਮ ਕੁਮਾਰ ਸਹਿਗਲ ਕਾਨ੍ਹਪੁਰ ਚਲੇ ਗਏ ਸਨ। ਉਥੇ ਜਾ ਕੇ ਉਨ੍ਹਾਂ ਨੇ ਲੋਕਾਂ ਦੀ ਸੇਵਾ ਲਈ ਆਪਣਾ ਡਾਕਟਰੀ ਦਾ ਕੰਮ ਸ਼ੁਰੂ ਕਰ ਦਿੱਤਾ ਸੀ। ਉਸੇ ਸਮੇਂ ਭਾਰਤ ਦੀ ਵੰਡ ਕਾਰਨ ਪਾਕਿਸਤਾਨ ਤੋਂ ਉਜੜ ਕੇ ਆਏ ਲੋਕਾਂ ਦੇ ਪੁਨਰ-ਵਾਸ ਲਈ ਉਨ੍ਹਾਂ ਨੇ ਦਿਨ-ਰਾਤ ਇੱਕ ਕਰਕੇ ਉਨ੍ਹਾਂ ਦੀ ਸਹਾਇਤਾ ਕੀਤੀ। ਬਹੁਤ ਸਾਰੇ ਲੋਕ ਪੱਛਮੀ ਪੰਜਾਬ ਵਿੱਚੋਂ ਬੇਘਰ ਹੋ ਕੇ ਕਾਨ੍ਹਪੁਰ ਆ ਕੇ ਨਵੀਂ ਥਾਂ ਤੇ ਵਸੇ ਸਨ। ਲਕਸ਼ਮੀ ਨੇ ਉਨ੍ਹਾਂ ਨੂੰ ਮੁਫਤ ਡਾਕਟਰੀ ਸੇਵਾ ਰਾਹੀਂ ਰਾਹਤ ਦੇਣ ਦਾ ਕੰਮ ਕੀਤਾ। ਉਸ ਸਮੇਂ ਮੁਸਲਿਮ ਔਰਤਾਂ ਜਿਨ੍ਹਾਂ ਮੁਹੱਲਿਆਂ ਵਿੱਚ ਰਹਿੰਦੀਆਂ ਸਨ ਉਨ੍ਹਾਂ ਨੂੰ ਦੂਸਰੇ ਲੋਕਾਂ ਦੀ ਤਰ੍ਹਾਂ ਹੀ ਮਦਦ ਦੀ ਬਹੁਤ ਲੋੜ ਸੀ। ਉਹ ਹਮਲਿਆਂ ਦੇ ਡਰ ਕਾਰਨ ਆਪਣੇ ਇਲਾਕਿਆਂ ਤੋਂ ਬਾਹਰ ਨਹੀਂ ਨਿੱਕਲਦੀਆਂ ਸਨ। ਆਸ-ਪਾਸ ਦੇ ਲੋਕ ਵੀ ਉਨ੍ਹਾਂ ਤੋਂ ਪਾਸਾ ਹੀ ਵੱਟੀ ਰੱਖਦੇ ਸਨ। ਡਾਕਟਰ ਵੀ ਡਰ ਦੇ ਮਾਰੇ ਉਨ੍ਹਾਂ ਦੀ ਮਦਦ ਕਰਨ ਤੋਂ ਇਨਕਾਰ ਕਰ ਦਿੰਦੇ ਸਨ ਪ੍ਰੰਤੂ ਡਾਕਟਰ ਲਕਸ਼ਮੀ ਦੇ ਇੱਕ ਨਿਡਰ ਅਤੇ ਹੌਸਲੇ ਵਾਲੀ ਹੋਣ ਕਾਰਨ ਫਿਰਕੂ ਕੱਟੜਵਾਦੀ ਲੋਕਾਂ

ਵਿੱਚ ਉਸਦਾ ਵਿਰੋਧ ਕਰਨ ਦੀ ਹਿੰਮਤ ਨਹੀਂ ਸੀ ਪੈਂਦੀ। ਉਸ ਨੂੰ ਇਨ੍ਹਾਂ ਅਤਿਅੰਤ ਖਤਰਨਾਕ ਇਲਾਕਿਆਂ ਵਿੱਚ ਅੱਧੀ ਅੱਧੀ ਰਾਤ ਨੂੰ ਵੀ ਜਾਣ ਵਿੱਚ ਕੋਈ ਹਿਚਕਚਾਹਟ ਨਹੀਂ ਸੀ ਹੁੰਦੀ। ਉਹ ਉਨ੍ਹਾਂ ਦੇ ਘਰਾਂ ਵਿੱਚ ਆਪ ਪਹੁੰਚ ਕਰਕੇ ਉਨ੍ਹਾਂ ਦਾ ਹਾਲ-ਚਾਲ ਪੁੱਛਣ ਜਾਂਦੀ ਅਤੇ ਜਿਸ ਵੀ ਮਦਦ ਦੀ ਉਨ੍ਹਾਂ ਨੂੰ ਲੋੜ ਹੁੰਦੀ ਉਹ ਕਰਦੀ ਰਹਿੰਦੀ ਸੀ। ਇਸ ਤਰ੍ਹਾਂ ਕਾਨ੍ਹਪੁਰ ਵਿੱਚ ਉਹ ਗਰੀਬਾਂ ਦੀ ਮਸੀਹਾ ਡਾਕਟਰ ਬਣ ਗਈ ਸੀ।

ਲਕਸ਼ਮੀ ਸਹਿਗਲ ਵਿੱਚ ਇਹ ਬਹੁਤ ਵੱਡੀ ਖਾਸੀਅਤ ਸੀ ਕਿ ਜਿਸ ਕੰਮ ਨੂੰ ਕਰਨ ਦੀ ਠਾਣ ਲੈਂਦੀ, ਫਿਰ ਭਾਵੇਂ ਉਹ ਕੰਮ ਕਿਨਾ ਹੀ ਮੁਸ਼ਕਲ ਕਿਉਂ ਨਾ ਹੋਵੇ ਕਰ ਕੇ ਹਟਦੀ। ਉਸ ਦਾ ਆਪਣੇ ਉਪਰ ਅਥਾਹ ਵਿਸ਼ਵਾਸ਼, ਬੇਸ਼ੁਮਾਰ ਹੌਸਲਾ ਅਤੇ ਔਕੜਾਂ ਨਾਲ ਟਕਰਾਉਣ ਦਾ ਜਜ਼ਬਾ ਕੁੱਟ ਕੁੱਟ ਕੇ ਭਰਿਆ ਹੋਇਆ ਸੀ। ਇਸੇ ਹੌਸਲੇ ਦੇ ਚੱਲਦੇ ਉਸ ਨੇ ਇੱਕ ਵਾਰ ਨੈਨੀਤਾਲ ਦੀਆਂ ਅਰਧ-ਪਹਾੜੀਆਂ ਦੀ ਜ਼ਮੀਨ ਵਿੱਚ ਖੇਤੀ ਕਰਨੀ ਵੀ ਸ਼ੁਰੂ ਕੀਤੀ। ਖੇਤੀ ਦੀ ਆਪ ਹੀ ਦੇਖਭਾਲ ਕਰਦੇ ਅਤੇ ਨਿਪੁੰਨ ਟਰੈਕਟਰ ਚਾਲਕ ਦੀ ਡਿਊਟੀ ਵੀ ਨਿਭਾਉਂਦੇ ਸਨ।

ਕੈਪਟਨ ਲਕਸ਼ਮੀ ਸਹਿਗਲ ਨੇ ਆਪਣੀ ਚੜ੍ਹਦੀ ਜਵਾਨੀ ਸਮੇਂ ਹੀ ਈਗਰ ਸਨੋ ਦੀ ਪੁਸਤਕ " ਰੈਡ ਸਟਾਰ ਓਵਰ ਚਾਈਨਾ" ਨੂੰ ਪੜ੍ਹਨ ਕਾਰਨ ਸਮਾਜਵਾਦ ਦੇ ਅਸਲ ਅਰਥਾਂ ਨੂੰ ਸਮਝ ਲਿਆ ਸੀ। ਇਸ ਤੋਂ ਇਲਾਵਾ ਹੋਰ ਜਿਨ੍ਹਾਂ ਲੋਕਾਂ ਨੇ ਉਸਨੂੰ ਪ੍ਰਭਾਵਤ ਕੀਤਾ ਉਨ੍ਹਾਂ ਵਿੱਚ ਇੱਕ " ਸਰੋਜਨੀ ਨਾਈਡੋ" ਦੀ ਛੋਟੀ ਭੈਣ "ਕਾਮਰੇਡ ਸੁਹਾਸ਼ਨੀ ਚਟੋਪਾਧਿਆਏ" ਵੀ ਸੀ। ਉਹ ਭਾਰਤ ਦੀ ਪਹਿਲੀ ਔਰਤ ਸੀ ਜਿਸ ਨੇ ਕਮਿਊਨਿਸਟ ਪਾਰਟੀ ਵਿੱਚ ਸਮੂਲੀਅਤ ਕੀਤੀ ਸੀ। ਉਨ੍ਹੀਂ ਦਿਨੀ ਕਮਿਊਨਿਸਟਾਂ ਦੀ ਫੜੋ-ਫੜੀ ਚੱਲ ਰਹੀ ਸੀ। ਸੁਹਾਸ਼ਨੀ ਚਟੋਪਾਧਿਆਏ ਦੇ ਵੀ ਵਾਰੰਟ ਨਿਕਲ ਚੁੱਕੇ ਸਨ ਅਤੇ ਕਦੇ ਵੀ ਪੁਲਿਸ ਉਸਨੂੰ ਗ੍ਰਿਫਤਾਰ ਕਰ ਸਕਦੀ ਸੀ। ਗ੍ਰਿਫਤਾਰੀ ਤੋਂ ਬਚਣ ਲਈ ਉਹ ਅੰਡਰਗਰਾਊਂਡ ਹੋ ਗਈ ਅਤੇ ਉਸਨੇ ਆਪਣੇ ਅੰਡਰਗਰਾਊਂਡ ਸਾਲਾਂ ਵਿੱਚੋਂ ਕੁੱਝ ਸਾਲ ਅੰਮੂ ਸਵਾਮੀਨਾਥਨ ਦੇ ਘਰ ਵਿੱਚ ਹੀ ਗੁਜਾਰੇ ਸਨ। ਉਸਨੇ ਲਕਸ਼ਮੀ ਨਾਲ ਹੀ ਕਮਰਾ ਸਾਂਝਾ ਕੀਤਾ ਸੀ। ਇਸ ਲਈ ਘਰ ਦਾ ਕੰਮ ਖਤਮ ਕਰਨ ਪਿੱਛੋਂ ਜਦੋਂ ਬਾਕੀ ਦੇ ਸਾਰੇ ਜੀਅ ਸੌਂ ਜਾਂਦੇ ਤਾਂ ਲਕਸ਼ਮੀ ਹਰ ਰੋਜ ਉਸ ਕੋਲ ਦੇਰ ਰਾਤ ਤੱਕ ਬੈਠਦੀ ਅਤੇ ਉਸਨੂੰ ਸੁਣਦੀ ਰਹਿੰਦੀ ਸੀ। ਇਸ ਨਾਲ ਲਕਸ਼ਮੀ ਸਵਾਮੀਨਾਥਨ ਨੂੰ ਪਤਾ ਹੀ ਨਾ ਲੱਗਿਆ ਕਿ ਕਦੋਂ ਉਹ ਕਮਿਊਨਿਸਟ ਵਿਚਾਰਧਾਰਾ ਵੱਲ ਆਕ੍ਰਸ਼ਤ ਹੋ ਗਈ। ਬਹੁਤ ਹੀ ਅਮੀਰ ਘਰਾਣੇ ਵਿੱਚ ਪਲੀ ਅਤੇ ਵੱਡੀ ਹੋਈ ਲਕਸ਼ਮੀ ਸਵਾਮੀਨਾਥਨ ਦੀ ਇਸੇ ਸੋਚਣੀ ਸਦਕੇ ਉਹ ਆਜ਼ਾਦੀ ਪ੍ਰਾਪਤੀ ਮਗਰੋਂ ਕਿਰਤੀ ਵਰਗ ਦੇ ਗਰੀਬ ਲੋਕਾਂ ਦੀ ਸੇਵਾ ਕਰਨ ਵੱਲ ਨੂੰ ਖਿੱਚੀ ਗਈ।

ਇੱਕ ਵਿਰਾਂਗਣਾ ਅਤੇ ਜੁਝਾਰੂ ਔਰਤ ਹੋਣ ਕਾਰਨ ਉਹ ਆਪਣੇ ਆਜ਼ਾਦ ਭਾਰਤ ਦੇ ਸੁਪਨੇ ਨੂੰ ਸਾਕਾਰ ਕਰਨ ਲਈ ਲੜੇ ਗਏ ਘੋਲਾਂ ਭਰਪੂਰ ਆਪਣੇ ਜੀਵਨ ਦੇ ਪਿਛਲੇ ਸਮੇਂ ਨੂੰ ਯਾਦ ਕਰਦੀ ਮਹਿਸੂਸ ਕਰਦੀ ਹੁੰਦੀ ਸੀ ਕਿ ਇਸ ਪੱਖੋਂ ਆਜ਼ਾਦੀ ਲਈ ਕੀਤਾ ਸਾਰਾ ਘੋਲ ਵਿਅਰਥ ਹੋ ਗਿਆ। ਦੇਸ਼ ਦੀ ਵੰਡ ਇੱਕ ਬਹੁਤ ਵੱਡੀ ਬਰਬਾਦੀ ਸਾਬਤ ਹੋਈ। ਸਰਹੱਦ ਦੇ ਦੋਵੇਂ ਪਾਸੇ ਲੋਕਾਂ ਦੇ ਖੂਨ ਦੀ ਹੋਲੀ ਖੇਡੀ ਗਈ। ਅਣਗਿਣਤ ਮਾਸੂਮ ਜਿੰਦਾ ਨਫਰਤ ਦੀ ਬਲੀ ਚੜ੍ਹਾਈਆਂ ਗਈਆਂ। ਲੱਖਾਂ ਲੋਕ ਘਰੋਂ ਬੇਘਰ ਹੋ

ਗਏ। ਲੁੱਟ-ਖੋਹ, ਗਰੀਬੀ, ਮਹਾਂਮਾਰੀ ਅਤੇ ਭੁੱਖਨੰਗ ਦਾ ਤਾਂਡਵ ਨਾਚ ਹੋਣ ਲੱਗਿਆ। ਅਜੇਕੇ ਪੂੰਜੀਵਾਦੀ ਲੋਕਤੰਤਰ ਵਿਚਲੇ ਭ੍ਰਿਸ਼ਟ ਢਾਂਚੇ ਨੇ ਜੋ ਕੁੱਝ ਬਚਿਆ ਸੀ ਉਹ ਵੀ ਤਬਾਹ ਕਰ ਦਿੱਤਾ।

ਇਥੇ ਹੀ ਬੱਸ ਨਹੀਂ ਸਗੋਂ ਔਰਤ ਜਾਤੀ ਨੂੰ ਆਜ਼ਾਦ ਭਾਰਤ ਦੇ ਸੁਪਨਈ ਆਦਰਸ਼ਾਂ ਤੋਂ ਵਾਂਝਿਆਂ ਕਰ ਦਿੱਤਾ ਗਿਆ ਸੀ ਪ੍ਰੰਤੂ ਫੇਰ ਵੀ ਉਸਦੇ ਬਹੁਤ ਸਾਰੇ ਸੁਪਨੇ ਅਜੇ ਵੀ ਅਧੂਰੇ ਸਨ। ਆਜ਼ਾਦ ਭਾਰਤ ਦੀ ਨੇਤਾ ਜੀ ਦੁਆਰਾ ਗਠਿਤ ਆਰਜੀ ਸਰਕਾਰ ਵਿੱਚ ਕੇਵਲ ਇਕ ਮਾਤਰ ਵਜ਼ੀਰ ਔਰਤ ਹੋਣ ਦੇ ਨਾਤੇ ਉਹ ਬਾਲ-ਵਿਆਹ, ਦਹੇਜ ਅਤੇ ਵਿਧਵਾ-ਵਿਆਹ ਆਦਿ ਉੱਤੇ ਲੱਗੀਆਂ ਗੈਰਮਨੁੱਖੀ ਪਾਬੰਦੀਆਂ ਹਟਾਉਣ ਦੀ ਆਸ ਰੱਖਦੀ ਸੀ। ਉਹ ਚਾਹੁੰਦੀ ਸੀ ਕਿ ਔਰਤਾਂ ਨੂੰ ਉਸਦੀ ਤਰ੍ਹਾਂ ਹੀ ਸਿਖਿਅਤ ਹੋਣ, ਆਤਮ-ਨਿਰਭਰ ਹੋਣ ਦੇ ਮੌਕੇ ਮਿਲਣ ਤਾਂ ਕਿ ਉਹ ਆਪਣੀ ਦੇਖਭਾਲ ਆਪ ਕਰ ਸਕਣ। ਉਨ੍ਹਾਂ ਨੂੰ ਇਸ ਯੋਗ ਬਣਾਇਆ ਜਾਵੇ ਕਿ ਉਹ ਆਪਣੇ ਵਿਆਹ ਸਮੇਂ ਆਪਣੇ ਪਸੰਦ ਦੇ ਸਾਥੀ ਦੀ ਚੋਣ ਕਰ ਸਕਣ। ਇਸ ਤੋਂ ਵੀ ਵੱਧ ਉਹ ਭਾਰਤ ਦੀ ਹਰ ਕਿਸਮ ਦੀ ਵੰਡ ਜਿਵੇਂ-ਅਮੀਰ-ਗਰੀਬ, ਇਸਤਰੀ-ਪੁਰਸ਼, ਜਾਤ ਜਾਂ ਧਰਮ ਦੀ ਵੰਡ ਦਾ ਖਾਤਮਾ ਕਰਨਾ ਚਾਹੁੰਦੀ ਸੀ। ਇਸੇ ਕਾਰਨ ਉਹ ਜਾਤਾਂ ਜਾਂ ਧਰਮਾਂ ਦੇ ਭੇਦ-ਭਾਵ ਤੋਂ ਉਪਰ ਉਠ ਕੇ ਮੁਸੀਬਤ ਵਿੱਚ ਘਿਰੇ ਲੋਕਾਂ ਲਈ ਕੱਪੜੇ ਅਤੇ ਦਵਾਈਆਂ ਲੈ ਕੇ ਮਦਦ ਕਰਨ ਲਈ ਦੌੜਦੀ ਸੀ।

1970 ਦੇ ਸ਼ੁਰੂ ਵਿੱਚ ਕੈਪਟਨ ਲਕਸ਼ਮੀ ਸਹਿਗਲ ਦੀ ਬੇਟੀ ਤੇ ਅਖਿਲ ਭਾਰਤੀ ਜਨਵਾਦੀ ਮਹਿਲਾ ਸਮਿਤੀ ਦੀ ਵਰਤਮਾਨ ਪ੍ਰਧਾਨ ਕਾਮਰੇਡ ਸੁਭਾਸ਼ਨੀ ਅਲੀ ਸੀ. ਪੀ. ਆਈ. ਐਮ ਦੀ ਮੈਂਬਰਸ਼ਿਪ ਲੈ ਕੇ ਪਾਰਟੀ ਵਿੱਚ ਸ਼ਾਮਲ ਹੋ ਚੁੱਕੀ ਸੀ। ਇਸ ਮਗਰੋਂ ਕਾਨਪੁਰ ਵਿੱਚ ਕੈਪਟਨ ਲਕਸ਼ਮੀ ਸਹਿਗਲ ਨੇ ਵੀ ਕਮਿਊਨਿਸਟ ਪਾਰਟੀ ਨਾਲ ਮਿਲਕੇ ਕੱਪੜਾ ਮਜ਼ਦੂਰਾਂ ਲਈ ਕੰਮ ਕਰਨਾ ਸ਼ੁਰੂ ਕਰ ਦਿੱਤਾ। ਸਾਲਾਂ ਬੱਧੀ ਉਸ ਨੇ ਮਜ਼ਦੂਰਾਂ ਦੇ ਪਰਿਵਾਰਾਂ ਦਾ ਮੁਫਤ ਇਲਾਜ ਕੀਤਾ ਅਤੇ ਉਨ੍ਹਾਂ ਦੇ ਅਧਿਕਾਰਾਂ ਲਈ ਕੀਤੇ ਗਏ ਸੰਘਰਸ਼ਾਂ ਦਾ ਹਿਸਾ ਵੀ ਬਣੀ ਰਹੀ। ਉਸ ਸਮੇਂ ਪਾਰਟੀ ਦੇ ਕਈ ਵੱਡੇ ਨੇਤਾ ਜਿਨ੍ਹਾਂ ਵਿੱਚ ਕਾਮਰੇਡ ਈ. ਐਮ. ਐਸ. ਨੰਬੂਦਰੀਪਾਦ ਅਤੇ ਕਾਮਰੇਡ ਜਿਓਤੀ ਬਾਸੂ ਵੀ ਸ਼ਾਮਲ ਸਨ, ਇਨ੍ਹਾਂ ਦੇ ਘਰ ਆਮ ਤੌਰ ਤੇ ਆਉਂਦੇ ਜਾਂਦੇ ਸਨ। ਹਾਲਾਂ ਕਿ ਭਾਰਤ ਦੀ ਸੰਯੁਕਤ ਕਮਿਊਨਿਸਟ ਪਾਰਟੀ ਨੇ ਦੂਜੀ ਸੰਸਾਰ ਜੰਗ ਸਮੇਂ ਸੁਭਾਸ਼ ਚੰਦਰ ਬੋਸ ਦੀਆਂ ਨੀਤੀਆਂ ਦਾ ਵਿਰੋਧ ਵੀ ਕੀਤਾ ਸੀ ਪ੍ਰੰਤੂ ਇਹ ਜਾਣਦੇ ਹੋਏ ਵੀ ਉਹ ਲਕਸ਼ਮੀ ਸਹਿਗਲ ਦੀ ਬਹੁਤ ਇੱਜ਼ਤ ਕਰਦੇ ਸਨ।

ਸੱਤਵੇਂ ਦਹਾਕੇ ਦੇ ਆਰੰਭ ਵਿੱਚ ਸੀ. ਪੀ. ਆਈ. ਐਮ. ਦੁਆਰਾ ਸ਼ੁਰੂ ਕੀਤੇ 'ਪੀਪਲ ਰਿਲੀਫ ਕਮੇਟੀ' ਨੇ, ਬੰਗਲਾ ਦੇਸ਼ ਤੋਂ ਆਏ ਸਰਨਾਰਥੀਆਂ ਦੇ ਕੈਂਪਾਂ ਲਈ ਡਾਕਟਰਾਂ ਨੂੰ ਮੈਡੀਕਲ ਸਪਲਾਈ ਸਬੰਧੀ ਅਪੀਲ ਕੀਤੀ ਸੀ। ਕੈਪਟਨ ਲਕਸ਼ਮੀ ਸਹਿਗਲ ਵੀ ਸਵੈਇੱਛਾ ਨਾਲ ਤੁਰੰਤ ਕੱਪੜੇ ਅਤੇ ਦਵਾਈਆਂ ਇਕੱਠੀਆਂ ਕਰਕੇ ਅਗਲੇ ਪੰਜ ਹਫਤਿਆਂ ਲਈ ਸਰਹੱਦੀ ਇਲਾਕਿਆਂ ਵਿੱਚ ਕੰਮ ਕਰਨ ਲਈ ਕਲਕੱਤੇ ਚਲੇ ਗਏ ਸਨ। ਇਥੇ ਕੰਮ ਕਰਦੇ ਹੋਏ ਬਾਕੀ ਦੇ ਸਵੈਇੱਛਕ ਸੇਵਕਾਂ ਅਤੇ ਡਾਕਟਰਾਂ ਦੀ ਪ੍ਰਤੀਬੱਧਤਾ ਅਤੇ ਲਗਨ ਤੋਂ ਪ੍ਰਭਾਵਤ ਹੋ ਕੇ ਉਸਨੇ ਸੀ. ਪੀ. ਆਈ. ਐਮ ਨਾਲ ਜੁੜਨ ਬਾਰੇ ਸੋਚਿਆ। ਮੈਂਬਰ ਬਨਣ ਤੋਂ ਪਹਿਲਾਂ ਉਹ ਆਪਣੀਆਂ ਕੁੱਝ ਸ਼ਿਕਾਵਾਂ ਨੂੰ ਦੂਰ ਕਰਨਾ

ਚਾਹੁੰਦੀ ਸੀ ਇਸ ਲਈ ਉਹ ਕਲਕੱਤੇ ਜਾ ਕੇ ਕਾਮਰੇਡ ਜਿਓਤੀ ਬਾਸੂ ਨੂੰ ਮਿਲੀ। ਕਾਮਰੇਡ ਬਾਸੂ ਨਾਲ ਉਨ੍ਹਾਂ ਨੇ ਨੇਤਾ ਜੀ ਸੁਭਾਸ਼ ਚੰਦਰ ਵਾਰੇ ਗੱਲਬਾਤ ਕੀਤੀ। ਆਪਣੀ ਵਿਚਾਰ ਚਰਚਾ ਵਿੱਚ ਲਕਸ਼ਮੀ ਨੇ ਸੁਭਾਸ਼ ਦੇ "ਦੁਸ਼ਮਣ ਦੇ ਦੁਸ਼ਮਣ ਨਾਲ ਨੀਤੀਗਤ ਸਮਝੌਤਾ" ਕਰਨ ਦਾ ਸਪੱਸ਼ਟੀਕਰਨ ਵੀ ਲਿਆ। ਉਨ੍ਹਾਂ ਦੀ ਇਹ ਗੱਲ-ਬਾਤ ਸੰਤੋਸ਼ਜਨਕ ਰਹੀ ਅਤੇ ਕੈਪਟਨ ਲਕਸ਼ਮੀ ਸਹਿਗਲ ਨੇ ਪਾਰਟੀ ਮੈਂਬਰਸ਼ਿਪ ਲੈ ਲਈ। 57 ਸਾਲ ਦੀ ਉਮਰ ਵਿੱਚ ਕੈਪਟਨ ਲਕਸ਼ਮੀ ਸਹਿਗਲ ਲਈ ਕਮਿਊਨਿਸਟ ਪਾਰਟੀ ਵਿੱਚ ਸ਼ਾਮਲ ਹੋਣ ਨੂੰ ਉਸਨੇ ਕਿਹਾ "ਇਹ ਮੇਰੀ ਆਪਣੇ ਘਰ ਵਿੱਚ ਵਾਪਸੀ ਹੈ।" ਉਹ ਹਮੇਸ਼ਾ ਕਹਿੰਦੀ ਹੁੰਦੀ ਸੀ ਕਿ " ਮੇਰੀ ਸੋਚ ਪਹਿਲਾਂ ਹੀ ਕਮਿਊਨਿਸਟਾਂ ਵਰਗੀ ਸੀ। ਮੈਂ ਕਦੇ ਵੀ ਬਹੁਤ ਧਨ-ਦੌਲਤ ਜਾਂ ਬਹੁਤ ਸਾਰੀ ਜਾਇਦਾਦ ਇਕੱਠੀ ਕਰਨੀ ਨਹੀਂ ਚਾਹੁੰਦੀ ਸੀ।

ਲਕਸ਼ਮੀ ਦੇ ਇਸ ਫੈਸਲੇ ਨੇ ਉਸਦੇ ਜੀਵਨ ਨੂੰ ਇਕ ਨਵੀਂ ਦਿਸ਼ਾ ਦਿੱਤੀ। ਉਹ ਸਧਾਰਨ ਸਮਾਜ ਸੇਵਕਾ ਦੇ ਘੇਰੇ ਵਿੱਚੋਂ ਨਿਕਲਕੇ ਬਹੁਮੁੱਖੀ ਉਦੇਸ਼ਾਂ ਨੂੰ ਲੈ ਕੇ ਲੋਕਾਂ ਦੀ ਹਰਮਨ ਪਿਆਰੀ ਲੜਾਕੂ ਯੋਧਾ ਦੇ ਰੂਪ ਵਿੱਚ ਸਾਹਮਣੇ ਆਈ। ਭੂਪਾਲ ਗੈਸ ਰਿਸਨ ਦੇ ਘਾਤਕ ਦੁਖਾਂਤ ਵਾਪਰਨ ਪਿੱਛੋਂ ਉਨ੍ਹਾਂ ਨੇ ਸ਼ਹਿਰ ਵਿੱਚ ਰਹਿਕੇ ਇਕ ਡਾਕਟਰੀ ਟੀਮ ਦੀ ਅਗਵਾਈ ਕੀਤੀ। ਡਾਕਟਰੀ ਮਦਦ ਦੇ ਨਾਲ ਨਾਲ ਰਾਹਤ ਦੇ ਤੌਰ ਤੇ ਗੈਸ-ਪੀੜਤਾਂ ਨੂੰ ਕੱਪੜਾ ਅਤੇ ਹੋਰ ਖੁਰਾਕ-ਸਮੱਗਰੀ ਪਹੁੰਚਾਉਣ ਦਾ ਪ੍ਰਬੰਧ ਵੀ ਕੀਤਾ। ਗਰਭਵਤੀ ਔਰਤਾਂ ਉਤੇ ਗੈਸ ਦੇ ਲੰਬੇ ਸਮੇਂ ਲਈ ਪੈਣ ਵਾਲੇ ਦੁਸ਼-ਪ੍ਰਭਾਵਾਂ ਵਾਰੇ ਉਸਨੇ ਇਕ ਰਿਪੋਰਟ ਵੀ ਤਿਆਰ ਕਰਕੇ ਸਰਕਾਰ ਨੂੰ ਦਿੱਤੀ।

ਸਨ 1981 ਵਿੱਚ ਅਖਿਲ ਭਾਰਤੀ ਜਨਵਾਦੀ ਮਹਿਲਾ ਸਮਿਤੀ ਦਾ ਗਠਨ ਕੀਤਾ ਗਿਆ। ਉਹ ਅਖਿਲ ਭਾਰਤੀ ਜਨਵਾਦੀ ਮਹਿਲਾ ਸੰਮਤੀ All India Democratic Women Association ਦੇ ਮੁੱਢਲੇ ਮੈਂਬਰਾਂ-ਕਾਮਰੇਡ ਸੁਸ਼ੀਲਾ ਗੋਪਾਲਨ, ਬਿਮਲ ਰੰਧੀਵੇ, ਅਹੱਲਿਆ ਰੰਗਨੇਕਰ ਅਤੇ ਕਨਕ ਮੁਕਰਜੀ ਆਦਿ ਦੀ ਟੀਮ ਵਿੱਚੋਂ ਇੱਕ ਮੈਂਬਰ ਸੀ। ਕੈਪਟਨ ਲਕਸ਼ਮੀ ਸਹਿਗਲ ਨੂੰ ਉਸ ਮਹਿਲਾ ਸਮਿਤੀ ਦੀ ਮੀਤ ਪ੍ਰਧਾਨ ਬਣਾਇਆ ਗਿਆ। ਉਹ ਜਨਵਾਦੀ ਇਸਤਰੀ ਸਭਾ ਦੇ ਪਰੋਗਰਾਮਾਂ, ਮੁਹਿੰਮਾਂ ਅਤੇ ਸੰਘਰਸ਼ਾਂ ਵਿੱਚ ਸਰਗਰਮੀ ਨਾਲ ਆਪਣੇ ਅੰਤਮ ਸਾਹ ਤੱਕ ਲੱਗੀ ਰਹੀ ਭਾਵੇਂ ਉਹ ਔਰਤਾਂ ਨੂੰ ਸਮਾਨਤਾ ਦਾ ਸਵਾਲ ਹੋਵੇ, ਰਾਜਾਂ ਦੀਆਂ ਵਿਧਾਨ ਸਭਾਵਾਂ ਅਤੇ ਪਾਰਲੀਮੈਂਟ ਦੀਆਂ ਚੋਣਾਂ ਵਿੱਚ ਔਰਤਾਂ ਲਈ 33% ਰਾਖਵਾਂਕਰਨ ਦਾ ਹੋਵੇ, ਔਰਤਾਂ ਉਪਰ ਹੋਣ ਵਾਲੇ ਅਤਿਆਚਾਰਾਂ ਕਾਰਨ ਇਨਸਾਫ ਨੂੰ ਲੈ ਕੇ ਵਿੱਢਿਆ ਸੰਘਰਸ਼ ਹੋਵੇ ਉਹ ਸਭ ਤੋਂ ਅੱਗੇ ਹੋ ਕੇ ਅਗਵਾਈ ਕਰਦੀ ਸੀ। ਇਸੇ ਸਮੇਂ ਦੌਰਾਨ ਬੰਗਾਲ ਅਤੇ ਰਾਜਸਥਾਨ ਵਿੱਚ ਆਏ ਭਿਆਨਕ ਹੜਾਂ ਕਾਰਨ ਹੋਈ ਤਬਾਹੀ ਤੋਂ ਬੇਘਰ ਹੋਏ ਲੱਖਾਂ ਲੋਕਾਂ ਦੇ ਪੁਨਰ-ਵਾਸ ਲਈ ਲਗਾਏ ਗਏ ਰਾਹਤ ਕੈਂਪਾਂ ਵਿੱਚ ਕੱਪੜਾ, ਖੁਰਾਕ ਦਾ ਸਮਾਨ ਅਤੇ ਦਵਾਈਆਂ ਭੇਜਣ ਦਾ ਪ੍ਰਬੰਧ ਕੀਤਾ। ਅਗੱਸਤ 2002 ਵਿੱਚ ਚੀਨ ਦੀ ਕਮਿਊਨਿਸਟ ਪਾਰਟੀ ਦੇ ਸੱਦੇ ਤੇ ਸੀ. ਪੀ. ਆਈ. ਐਮ ਨੇ ਇਕ ਚਾਰ ਮੈਂਬਰਾਂ ਤੇ ਅਧਾਰਤ ਇਸਤਰੀ ਪ੍ਰਤੀਨਿਧੀਮੰਡਲ ਨੂੰ ਸਦਭਾਵਨਾਂ ਸਫਰ ਤੇ ਚੀਨ ਭੇਜਿਆ। ਇਸ ਦਾ ਪ੍ਰਤੀਨਿੱਧਤਵ ਕਰਨ ਵਾਲੇ ਮੈਂਬਰਾਂ ਵਿੱਚ ਪਾਰਟੀ ਦੀ ਕੇਂਦਰੀ ਕਮੇਟੀ ਮੈਂਬਰ ਅਹੱਲਿਆ ਰੰਗਨੇਕਰ, ਆਂਧਰਾ ਪ੍ਰਦੇਸ਼ ਰਾਜ ਕਮੇਟੀ ਮੈਂਬਰ ਐਮ ਸੁਰਿਆਮਤੀ, ਪੱਛਮੀ

ਬੰਗਾਲ ਦੀ ਰਾਜ ਕਮੇਟੀ ਮੈਂਬਰ ਰੇਖਾ ਗੋਸਵਾਮੀ ਅਤੇ ਉਤਰ ਪ੍ਰਦੇਸ਼ ਦੀ ਰਾਜ ਕਮੇਟੀ ਮੈਂਬਰ ਲਕਸ਼ਮੀ ਸਹਿਗਲ ਸਨ।

ਸਨ 1984 ਵਿੱਚ ਇੰਦਰਾ ਗਾਂਧੀ ਦਾ ਉਸਦੇ ਆਪਣੇ ਸੁਰੱਖਿਆ ਗਾਰਡ ਵਲੋਂ ਕਤਲ ਕੀਤਾ ਗਿਆ ਸੀ। ਉਸ ਸਮੇਂ ਉਹ ਸਿੱਖ ਵਿਰੋਧੀ ਦੰਗਿਆਂ ਦੌਰਾਨ ਕਾਨਪੁਰ ਦੀਆਂ ਗਲੀਆਂ ਵਿੱਚ ਦੰਗਈ ਫਿਰਕੂ ਭੀੜਾਂ ਦਾ ਮੁਕਾਬਲਾ ਕਰਨ ਲਈ ਅਤੇ ਇਸ ਗੱਲ ਨੂੰ ਯਕੀਨੀ ਬਨਾਉਣ ਲਈ ਨਿੱਕਲੀ ਕਿ ਸਿੱਖਾਂ ਜਾਂ ਉਨ੍ਹਾਂ ਦੀਆਂ ਜਾਇਦਾਦਾਂ ਦਾ ਕੋਈ ਨੁਕਸਾਨ ਨਹੀਂ ਹੋਣ ਦਿੱਤਾ ਜਾਵੇਗਾ। ਉਸ ਦਾ ਆਪਣਾ ਕਲੀਨਿਕ ਵੀ ਬਹੁਗਿਣਤੀ ਸਿੱਖ ਵਸੋਂ ਦੇ ਏਰੀਏ ਵਿੱਚ ਹੀ ਸੀ। ਉਸਨੂੰ ਉਥੇ ਦੰਗਈਆਂ ਦੀ ਟੋਲੀ ਨੇ ਘੇਰ ਰੱਖਿਆ ਸੀ। ਕੈਪਟਨ ਲਕਸ਼ਮੀ ਸਹਿਗਲ ਦੀ ਅਵਾਜ਼ ਵਿੱਚ ਜੋਸ਼ ਤੇ ਦਮ ਇਨਾ ਸੀ ਕਿ ਸ਼ਰਾਰਤੀ ਭੀੜ ਉਸ ਦੇ ਸਾਹਮਣੇ ਠਹਿਰ ਨਹੀਂ ਸਕੀ ਸੀ। ਉਹ ਹਰ ਵਕਤ ਆਪਣੇ ਹੱਥ ਵਿੱਚ ਚੱਪਲ ਲਈਂ ਆਪਣੇ ਹਸਤਪਤਾਲ ਦੇ ਸਾਹਮਣੇ ਖੜੀ ਰਹਿੰਦੀ ਸੀ। ਸ਼ਰਾਰਤੀ ਅਨਸਰਾਂ ਵਿੱਚ ਕਦੇ ਇਹ ਹੌਸਲਾ ਨਹੀਂ ਹੋਇਆ ਕਿ ਉਹ ਲਕਸ਼ਮੀ ਦਾ ਵਿਰੋਧ ਕਰਕੇ ਸਿੱਖ ਵਸੋਂ ਦਾ ਕਿਸੇ ਕਿਸਮ ਦਾ ਨੁਕਸਾਨ ਕਰ ਸਕਣ। ਉਨ੍ਹਾਂ ਦੇ ਵਿਅਕਤਿੱਤਵ ਦਾ ਪ੍ਰਭਾਵ ਹੀ ਅਜਿਹਾ ਸੀ ਕਿ ਦੰਗਈ-ਲੋਕ ਸਿੱਖ ਪਰਿਵਾਰਾਂ ਦਾ ਕੋਈ ਨੁਕਸਾਨ ਨਹੀਂ ਕਰ ਸਕੇ। ਇਸੇ ਤਰ੍ਹਾਂ ਜਦੋਂ ਸਨ 1992 ਵਿੱਚ ਅਯੁੱਧਿਆ ਵਿੱਚ ਬਾਬਰੀ ਮੱਸਜਿਦ ਨੂੰ ਤਬਾਹ ਕੀਤਾ ਗਿਆ, ਉਸਨੇ ਆਪਣੇ ਗਵਾਂਢੀਆਂ ਨੂੰ ਜਿਹੜੇ ਬਰਬਾਦੀ ਦੀ ਖੁਸ਼ੀ ਦਾ ਜਸ਼ਨ ਮਨਾਉਣ ਲਈ ਨੱਚ-ਗਾ ਰਹੇ ਸਨ, ਖੂਬ ਫਿਟਕਾਰਾਂ ਪਾਈਆਂ ਅਤੇ ਆਪਸੀ ਏਕਤਾ ਦਾ ਸਬਕ ਸਿਖਾਇਆ।

ਸਨ 2002 ਵਿੱਚ, 87 ਸਾਲ ਦੀ ਉਮਰ ਵਿੱਚ ਉਹ ਚਾਰੇ ਖੱਬੀਆਂ ਧਰਮ ਨਿਰਪੱਖ ਅਤੇ ਜਮਹੂਰੀ ਪਾਰਟੀਆਂ ਵਲੋਂ ਭਾਰਤ ਦੇ ਰਾਸ਼ਟਰਪਤੀ ਦੀ ਚੋਣ ਲਈ ਉਮੀਦਵਾਰ ਬਣਾਈ ਗਈ। ਇਸ ਦੇ ਪਿੱਛੇ ਉਸਦਾ ਇਕ ਹੀ ਉਦੇਸ਼ ਸੀ, "ਦੇਸ਼ ਦੀ ਏਕਤਾ ਅਤੇ ਅਖੰਡਤਾ ਦੀ ਰਾਖੀ ਕਰਨਾ।" ਉਹ ਗੁਜਰਾਤ ਦੇ ਫਿਰਕੂ ਦੰਗਾ ਪੀੜਤਾਂ ਲਈ ਸੇਵਾ ਸੰਗਠਨਾਂ ਦੇ ਰਾਹਤ ਕੈਂਪਾਂ ਵਿੱਚ ਗਈ ਅਤੇ ਉਥੋਂ ਹੀ ਆਪਣੀ ਪ੍ਰਚਾਰ ਮੁਹਿਮ ਸ਼ੁਰੂ ਕੀਤੀ। ਉਸ ਪਿੱਛੋਂ ਫਿਰ ਅਲੱਗ ਅਲੱਗ ਪ੍ਰਾਂਤਾਂ ਵਿੱਚ ਗਈ, ਲੋਕਾਂ ਨੂੰ ਮਿਲੀ ਅਤੇ ਰਾਸ਼ਟਰੀ ਅੰਦੋਲਨ ਦੀਆਂ ਯਾਦਾਂ ਨੂੰ ਤਾਜ਼ਾ ਕਰਦੇ ਹੋਏ ਉਨ੍ਹਾਂ ਨੂੰ ਪ੍ਰੇਰਿਤ ਕੀਤਾ।

ਇਸ ਤਰ੍ਹਾਂ ਕੈਪਟਨ ਲਕਸ਼ਮੀ ਸਹਿਗਲ, ਪਹਿਲੀ ਭਾਰਤੀ ਡਾਕਟਰ, ਫੌਜ਼ ਦੀ ਪਹਿਲੀ ਇਸਤਰੀ ਕੈਪਟਨ ਅਤੇ ਰਾਸ਼ਟਰਪਤੀ ਦੇ ਅਹੁਦੇ ਦੀ ਪਹਿਲੀ ਦਾਅਵੇਦਾਰ ਹੋਣ ਕਾਰਨ ਕਈ 'ਪਹਿਲਾਂ' ਦੀ ਮਾਲਕ ਸੀ। ਭਾਰਤ ਸਰਕਾਰ ਨੇ 1998 ਵਿੱਚ ਕੈਪਟਨ ਲਕਸ਼ਮੀ ਸਹਿਗਲ ਨੂੰ, ਉਨ੍ਹਾਂ ਦੀਆਂ ਆਪਣੀ ਕੌਮ ਪ੍ਰਤੀ ਕੀਤੀਆ ਸੇਵਾਵਾਂ ਦੀ ਮਾਨਤਾ ਕਰਦੇ ਹੋਏ "ਪਦਮ ਵਿਭੂਸ਼ਨ" ਅਵਾਰਡ ਦੇ ਕੇ ਸਨਮਾਨਤ ਕੀਤਾ ਸੀ।

ਕੈਪਟਨ ਲਕਸ਼ਮੀ ਸਹਿਗਲ, ਭਾਵੇਂ ਪਾਰਟੀ ਕਾਨਫਰੰਸਾਂ ਹੋਣ ਜਾਂ ਮਹਿਲਾ ਸਮਿਤੀ (AIDWA) ਦੀਆਂ ਕਾਨਫਰੰਸਾਂ ਹੋਣ, ਸਭ ਪਾਸੇ ਆਪਣੀ ਭੂਮਿਕਾ ਬਾਖੂਬੀ ਨਿਭਾਉਂਦੀ ਰਹੀ। ਇਸ ਦੇ ਨਾਲ ਨਾਲ ਉਸਨੇ ਕਦੇ ਵੀ ਆਪਣੇ ਮਰੀਜਾਂ ਪ੍ਰਤੀ ਫਰਜ਼ ਨੂੰ ਅਣਗੌਲਿਆ ਨਹੀਂ ਕੀਤਾ। ਉਹ ਹਮੇਸ਼ਾ ਸਵੇਰੇ 9 ਵਜੇ ਤਿਆਰ ਹੋ ਕੇ ਆਪਣੇ ਕਲੀਨਿਕ ਤੇ ਪਹੁੰਚ ਜਾਂਦੀ ਜਿਥੇ ਪਹਿਲਾਂ ਹੀ ਲਾਈਨਾਂ ਵਿੱਚ ਖੜੇ ਉਸਦੇ ਮਰੀਜ਼

ਉਡੀਕਦੇ ਹੁੰਦੇ ਸਨ। ਕਲੀਨਿਕ ਵੀ ਉਸਨੇ ਕੋਈ ਧਨ ਕਮਾਉਣ ਲਈ ਨਹੀਂ ਸੀ ਖੋਲਿਆ ਬਲਕਿ ਗਰੀਬ, ਬੇਬਸ ਲੋਕਾਂ ਦੀ ਸੇਵਾ ਕਰ ਸਕਣ ਲਈ ਖੋਲਿਆ ਸੀ ਜਿਸ ਲਈ ਉਹ ਤਨੋ, ਮਨੋ ਆਪਣੇ ਜੀਵਨ ਦੇ ਸ਼ੁਰੂ ਸਫਰ ਤੋਂ ਹੀ ਪ੍ਰਤੀਬੱਧ ਸੀ। ਉਹ ਜਾਣ ਬੁੱਝ ਕੇ ਬਹੁਤ ਹੀ ਘੱਟ (ਨਾਮ-ਮਾਤਰ) ਪੈਸਿਆਂ ਨਾਲ ਮਰੀਜਾਂ ਦਾ ਨਿਰੀਖਣ ਕਰਦੀ ਤੇ ਦਵਾਈ ਵੀ ਵਧੀਆ ਤੇ ਘੱਟ ਕੀਮਤ ਵਿੱਚ ਦਿੰਦੀ ਤਾਂ ਕਿ ਵੱਧ ਤੋਂ ਵੱਧ ਗਰੀਬ ਔਰਤਾਂ ਆਪਣਾ ਇਲਾਜ਼ ਕਰਵਾ ਸਕਣ। ਇਸ ਨੂੰ ਉਹ ਕੌਮੀ ਸੇਵਾ ਸਮਝ ਕੇ ਆਪਣੇ ਆਖਰੀ ਸਾਹ ਤੱਕ ਨਿਪੁੰਨਤਾ ਪੂਰਬਕ ਨਿਭਾਉਂਦੀ ਰਹੀ। ਕਾਨਪੁਰ ਵਿੱਚ ਉਸ ਦੇ ਹੱਥਾਂ ਨੇ ਹਜਾਰਾਂ ਹੀ ਬੱਚਿਆਂ ਨੂੰ ਜਨਮ ਦਿੱਤਾ। ਲਕਸਮੀ ਸਹਿਗਲ ਨੇ ਗਰੀਬ ਲੋਕਾਂ ਨੂੰ ਇਨਾ ਪਿਆਰ ਵੰਡਿਆ ਕਿ ਉਹ ਸਭ ਉਸਨੂੰ ਆਪਣੀ 'ਫਰਿਸ਼ਤਾ' ਮੰਨਦੇ ਸਨ। ਕਾਨਪੁਰ ਸ਼ਹਿਰ ਦੇ ਮੁਹੱਲਿਆਂ, ਬਸਤੀਆਂ, ਕਲੋਨੀਆਂ ਆਦਿ ਵਿੱਚ ਲੋਕ ਉਸਨੂੰ "ਮੰਮੀ ਜੀ' ਕਹਿ ਕੇ ਬੁਲਾਉਂਦੇ ਸਨ। ਉਹ ਆਪਣੇ ਕੰਮ ਲਈ ਇੰਨੀ ਪ੍ਰਤੀਬੱਧ ਸੀ ਕਿ ਹਸਤਪਤਾਲ ਜਾਣ ਤੋਂ ਇੱਕ ਦਿਨ ਪਹਿਲਾਂ ਤੱਕ ਵੀ ਆਪਣੇ ਕਨੀਨਿਕ ਵਿੱਚ ਆਪਣੇ ਮਰੀਜਾਂ ਨੂੰ ਦੇਖਣ ਗਈ ਸੀ।

ਡਾਕਟਰ ਲਕਸ਼ਮੀ ਸਹਿਗਲ ਆਪਣੇ ਜੀਵਨ ਕਾਲ ਵਿੱਚ ਵੀ ਲੋਕਾਂ ਲਈ ਇੱਕ ਆਦਰਸ਼ ਮਾਡਲ ਬਣੀ ਹੋਈ ਸੀ ਅਤੇ ਉਨ੍ਹਾਂ ਨੇ ਆਪਣੇ ਅੰਤਮ ਸਮੇ ਵੀ ਅਜਿਹਾ ਹੀ ਅਨੋਖਾ ਕੰਮ ਕੀਤਾ ਜਿਸ ਨਾਲ ਉਹ ਆਪਣੀ ਮੌਤ ਪਿੱਛੋਂ ਵੀ ਸਭ ਨੂੰ ਆਪਣੀਆਂ ਨਜ਼ਰਾਂ ਨਾਲ ਦੇਖਦੀ ਆ ਰਹੀ ਹੈ। ਹਾਂ, ਉਸਨੇ ਦੁਨੀਆਂ ਛੱਡਣ ਤੋਂ ਪਹਿਲਾਂ ਹੀ ਆਪਣੀਆਂ ਅੱਖਾਂ ਦੀਆਂ ਕੌਰਨੀਆਂ ਦਾਨ ਕਰ ਦਿੱਤੀਆਂ ਸਨ। ਜਿਸ ਡਾਕਟਰ ਨੇ ਉਹ ਕੋਰਨੀਆਂ ਜਿਨ੍ਹਾਂ ਨੂੰ ਲਗਾਈਆਂ " ਬਬਲੀ 16 ਸਾਲ ਅਤੇ ਰਾਮ ਪਿਆਰੀ 55 ਸਾਲ" ਨੇ ਦੱਸਿਆ ਕਿ " ਇਸ ਮਹਾਨ ਵੀਰਾਂਗਣਾਂ ਦੀਆਂ ਕੌਰਨੀਆਂ ਵੀ ਉਸੇ ਦੀ ਤਰ੍ਹਾਂ ਹੀ 'ਸਾਫ ਅਤੇ ਬੇਦਾਗ' ਸਨ ਜਿਸ ਤਰ੍ਹਾਂ ਇੱਕ ਬੱਚੇ ਦੀਆਂ ਹੁੰਦੀਆਂ ਹਨ, ਬਿਲਕੁੱਲ ਉਸੇ ਤਰ੍ਹਾਂ! ਉਨ੍ਹਾਂ ਦੇ ਜੀਵਨ ਵਾਂਗ ਹੀ ਅਤੇ ਉਨ੍ਹਾਂ ਦੀ ਮੁਸਕਾਨ ਦੀ ਤਰ੍ਹਾਂ ਹੀ ਸਵੱਛ ਅਤੇ ਪਵਿੱਤਰ।"

ਸੱਚ ਕਿੰਨੀ ਮਹਾਨ ਸੀ ਉਹ! ਕਿੰਨੇ ਲੋਕਪੱਖੀ ਵਿਚਾਰ ਸਨ ਉਸਦੇ!! ਆਪਣੇ ਦੇਸ਼ ਪ੍ਰਤੀ ਅਥਾਹ ਪਿਆਰ ਭਰਿਆ ਹੋਇਆ ਸੀ ਉਸ ਵਿੱਚ! ਉਸਦੀ ਅਵਾਜ਼ ਵਿੱਚ ਉਹ ਜਾਦੂਈ ਤਾਕਤ ਸੀ ਜਿਹੜੀ ਉਸਦੇ ਵਿਸ਼ਵਾਸ਼, ਵਿਚਾਰਧਾਰਾ ਅਤੇ ਹੌਸਲੇ ਵਿੱਚੋਂ ਨਿਕਲਦੀ ਸੀ, ਜਿਸਨੇ ਉਸਨੂੰ ਉਸ ਦੀ ਸਾਰੇ ਜੀਵਨ ਵਿੱਚ ਨਿਰਣੇ ਲੈਣ ਵਿੱਚ ਅਗਵਾਈ ਕੀਤੀ ਸੀ।



ਅੰਤਿਕਾ

1. ਇਤਿਹਾਸਕ ਨਾਵਲ-ਗਦਰੀ ਗੁਲਾਬ ਕੌਰ/ਕੇਸਰ ਸਿੰਘ

2. ਗਦਰੀ ਬੀਬੀ ਗੁਲਾਬ ਕੌਰ/ਮਿਲਖਾ ਸਿੰਘ ਸਨੇਹੀ

3. ਸੰਗਰੂਰ ਜਿਲ੍ਹੇ ਦੇ ਦੇਸ਼ ਭਗਤ ਅਤੇ ਸ਼ਹੀਦ/ਬਲਬੀਰ ਚੰਦ ਲੌਂਗੋਵਾਲ

4. ਗਦਰ ਲਹਿਰ ਦਾ ਇਤਿਹਾਸ/ਸੋਹਣ ਸਿੰਘ ਜੋਸ਼

5. ਗਦਰ ਲਹਿਰ ਦੀ ਕਵਿਤਾ/ਕੇਸਰ ਸਿੰਘ ਨਾਵਲਕਾਰ

6. ਜੀਵਨ ਸੰਗਰਾਮ ਅਤੇ ਹੋਰ ਲਿਖਤਾਂ/ਬਾਬਾ ਸੋਹਣ ਸਿੰਘ ਭਕਨਾ

7. ਇਨਕਲਾਬੀ ਯੋਧਾ ਮੈਡਮ ਕਾਮਾ/ਬੁੱਲੂ ਰਾਏ ਚੌਧਰੀ (ਅਨੁਵਾਦਕ ਸੂਫੀ ਅਮਰਜੀਤ)

8. The-clever-munni/M.S.NarasimhaMurthy

9. Proclamation of AAzad Hind Govt./Haryana Archieves, Panchkula

10. Samya magazine/AIDWA New Delhi







ਪੁਸਤਕ ਦੀ ਲੇਖਿਕਾ ਤਾਰਾ ਸ਼ਰਮਾ ਕਾਮਰੇਡ ਅਹਲਿਆ ਰੰਗਨੇਕਰ ਅਤੇ
ਕੈਪਟਨ ਲਕਸ਼ਮੀ ਸਹਿਗਲ ਨਾਲ ਸੀ.ਪੀ.ਐਮ. ਦੀ ਆਲ ਇੰਡੀਆ ਪਾਰਟੀ ਕਾਂਗਰਸ ਮੌਕੇ
ਅਪ੍ਰੈਲ 2003 ਵਿੱਚ ਦਿੱਲੀ ਵਿਖੇ

ਤਾਰਾ ਸ਼ਰਮਾਂ ਸਮਾਜਕ ਕਾਰਕੁਨ ਵਜੋਂ ਵੱਖ ਵੱਖ ਹਲਕਿਆਂ ਵਿਚ ਜਾਣਿਆ ਜਾਣ ਵਾਲਾ ਨਾਮ ਹੈ। ਇਹ ਨਾਮ ਜੇ ਇਹ ਕਹਿ ਲਿਆ ਜਾਵੇ ਤਾਂ ਪੰਜਾਬ ਵਿਚ ਕਿਸੇ ਵੀ ਜਾਣਕਾਰੀ ਦਾ ਮੁਥਾਜ ਨਹੀਂ ਹੈ। ਉਸ ਨੇ ਹੁਣ ਤਕ ਸਮਾਜ ਵਿਚ ਆਪਣੀ ਪਹਿਚਾਣ ਇਕ ਖੱਬੇ ਪੱਖੀ ਵਿਚਾਰਾਂ ਵਾਲੀ ਦਲੇਰ ਔਰਤ ਵਜੋਂ ਬਣਾਈ ਹੈ। ਇਸ ਲਈ ਉਸ ਨੇ ਲੰਮੇਂ ਸੰਘਰਸ਼ ਕੀਤੇ ਤੇ ਸ਼ਾਨਾਮੱਤੀਆਂ ਪ੍ਰਾਪਤੀਆਂ ਵੀ ਕੀਤੀਆਂ। ਸਮਾਜ ਦੇ ਵੱਖ ਵੱਖ ਵਰਗਾਂ ਵਿਚ ਕੀਤਾ ਉਨ੍ਹਾਂ ਦਾ ਕੰਮ ਉਨਾਂ ਦੇ ਨਾਮ ਨੂੰ ਵੱਖਰਤਾ ਪ੍ਰਦਾਨ ਕਰਦਾ ਹੈ। ਮੇਰੇ ਲਈ ਉਹ ਇਸ ਮਹਾਨ ਤੇ ਕਠਨ ਕਾਰਜ ਕਰਕੇ ਸਦਾ ਹੀ ਪੂਜਨੀਕ ਤੇ ਰਾਹ ਦਿਖਾਵੇ ਰਹੇ ਹਨ। 1992 ਵਿਚ ਮੈਂ ਜਦੋਂ ਉਨ੍ਹਾਂ ਨੂੰ ਪਹਿਲੀ ਵਾਰ ਮੁਲਾਜਮ ਲਹਿਰ ਦੇ ਦਫਤਰ ਵਿਚ ਮਿਲਿਆ ਸੀ ਤਾਂ ਉਨ੍ਹਾਂ ਦਾ ਜਿਹੜਾ ਪ੍ਰਭਾਵ ਮੇਰੀ ਸ਼ਕਸ਼ੀਅਤ ਉਪਰ ਪਿਆ ਸੀ ਉਹ ਅਜੇ ਤੱਕ ਕਾਇਮ ਹੈ। ਇਹ ਬਹੁਤ ਘੱਟ ਲੋਕਾਂ ਨੂੰ ਹੀ ਨਸੀਬ ਹੁੰਦਾ ਹੈ ਕਿ ਉਹ ਲੋਕ ਘੋਲਾਂ ਵਿਚ ਨਾਇਕ ਵਾਂਗ ਆਉਣ ਤੇ ਆਪਣੇ ਦਰਿੜ ਇਰਾਦੇ ਤੇ ਸਿਰੜ ਨਾਲ ਜ਼ਿੰਦਗੀ ਦਾ ਲੰਮਾਂ ਸਮਾਂ ਤਹਿ ਕਰਨ। ਤਾਰਾ ਸ਼ਰਮਾਂ ਨੇ ਇਹ ਸਭ ਕੁਝ ਕਰ ਦਿਖਾਇਆ ਹੈ ਤੇ ਇਸ ਤੋਂ ਵੀ ਵਧਕੇ ਹੁਣ ਇਸ ਕਿਤਾਬ ਰਾਹੀ ਉਨ੍ਹਾਂ ਨੇ ਆਪਣੀ ਸਖਸ਼ੀਅਤ ਦਾ ਦੂਸਰਾ ਤੇ ਅਹਿਮ ਪੱਖ ਪੇਸ਼ ਕੀਤਾ ਹੈ ਕਿ ਉਹ ਵਧੀਆ ਲੇਖਕਾ ਵਜੋਂ ਵੀ ਲੋਕਾਂ ਦੀ ਕਚਿਹਰੀ ਵਿਚ ਆਪਣੀ ਹਥਲੀ ਪੁਸਤਕ ਲੈ ਕੇ ਹਾਜ਼ਰ ਹੋਣ ਵਾਲੇ ਹਨ। ਮੈਂ! ਜਦੋਂ ਭੂਮਿਕਾ ਦੇ ਚੰਦ ਲਫਜ਼ ਲਿਖਣ ਲਈ ਕਾਮਰੇਡ ਤਾਰਾ ਸ਼ਰਮਾਂ ਦੇ ਹਥਲੇ ਖਰੜੇ ਨੂੰ ਪੜ੍ਹ ਰਿਹਾ ਸਾਂ ਤਾਂ ਮੇਰੀ ਅਜੀਬ ਕਿਸਮ ਦੀ ਮਾਨਸਿਕਤਾ ਬਣ ਗਈ ਕਿ ਸਾਡੇ ਨਾਲ ਜਿੰਦਗੀ ਦੇ ਹਰ ਪੱਖ ਚਿ ਮੋਢੇ ਨਾਲ ਮੋਢਾ ਲਾ ਕੇ ਚੱਲਣ ਵਾਲੀਆਂ ਔਰਤਾਂ ਜਿੰਦਗੀ ਦੇ ਹਰ ਪੱਖ ਵਿਚ ਹੀ ਸਾਡੇ ਨਾਲੋਂ ਵਧ ਮਿਹਨਤ ਕਰਕੇ ਵੀ ਸਾਡੇ ਮਰਦਾਂ ਦੇ ਮੁਕਾਬਲੇ ਬਹੁਤ ਹੀ ਪਿੱਛੇ ਰਹਿ ਜਾਂਦੀਆਂ ਹਨ। ਭਾਂਵੇ ਉਹ ਮੈਡਮ ਕਾਮਾਂ ਹੋਣ ਜਾਂ ਬੀਬੀ ਗਲਾਬ ਕੌਰ, ਦੁਰਗਾ ਭਾਬੀ ਜਾਂ ਕੋਈ ਹੋਰ। ਇਨਕਲਾਬ ਵਰਗੇ ਕਠਨ ਕਾਰਜ ਵਿਚ ਔਰਤਾਂ ਦੀ ਕੁਰਬਾਨੀ ਦਾ ਜ਼ਿਕਰ ਜੇ ਘੱਟ ਹੋਇਆ ਹੈ ਤਾਂ ਸ਼ਾਇਦ ਇਸ ਦਾ ਇਕ ਕਾਰਨ ਇਹ ਵੀ ਹੈ ਕਿ ਅਸੀ ਅਜੇ ਔਰਤ ਨੂੰ ਉਹ ਸਥਾਨ ਦੇ ਹੀ ਨਹੀਂ ਰਹੇ ਜਿਹੜਾ ਮਿਲਣਾ ਚਾਹੀਦਾ ਹੈ। ਮੈਂ ਇਸ ਮਹਾਨ ਰਚਨਾ ਨੂੰ ਪਾਠਕਾਂ ਦੇ ਰੂ ਬ ਰੂ ਕਰਦਾ ਹੋਇਆ ਖੁਸ਼ੀ ਮਹਿਸੂਸ ਕਰ ਰਿਹਾ ਹਾਂ।

-ਡਾ. ਤੇਜਿੰਦਰ ਵਿਰਲੀ

TARK BHARTI PARKASHAN
Purani Sabji Mandi, K. C. Road,
Barnala-148101 (Pb.)
Ph. 01679-241744, 233244
Email : tarksheel@gmail.com





₹ 50/-
$ 5.00